18-MAY-PAGE-1.qxd 5/17/2025 9:22 PM Page 1

ਐਤਵਾਰ, 18 ਮਈ, 2025
5 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 347

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 18 MAY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਭਾਰਤ-ਪਾਕਿਸਤਾਨ ਨੂੰ ਲੜਨੋਂ ਹਟਾਇਆ, ਪਰ ਸ਼ਾਇਦ ਸਿਹਰਾ ਨਾ ਮਿਲੇ : ਟਰੰਪ



**ਨਿਊ ਯਾਰਕ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਨਾਲ ਗੱਲਬਾਤ ਕਰਨਾ ਤੇ ਉਨ੍ਹਾਂ ਨੂੰ ਤਣਾਅ ਦੇ ਮੁਹਾਣੇ ਤੋਂ ਵਾਪਸ ਲਿਆਉਣਾ ਉਨ੍ਹਾ ਦੀ ਵੱਡੀ ਸਫਲਤਾ ਹੈ, ਜਿਸ ਦਾ ਸਿਹਰਾ ਉਨ੍ਹਾ ਨੂੰ ਕਦੇ ਨਹੀਂ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਬਹੁਤ ਨਫਰਤ ਹੈ ਤੇ ਤਣਾਅ ਉਸ ਸਿਖਰ 'ਤੇ ਪਹੁੰਚ ਗਿਆ ਸੀ, ਜਿਸ ਦਾ ਅਗਲਾ ਪੜਾਅ ਸੰਭਾਵੀ ਤੌਰ 'ਤੇ 'ਪ੍ਰਮਾਣੂ' ਸੀ।

ਟਰੰਪ ਨੇ ਫੌਕਸ ਨਿਊਜ਼ ਨੂੰ ਇੱਕ ਇੰਟਰਵਿਊ 'ਚ ਕਿਹਾ, 'ਇਹ ਬਹੁਤ ਵੱਡੀ ਸਫਲਤਾ ਹੈ, ਜਿਸ ਦਾ ਸਿਹਰਾ ਸ਼ਾਇਦ ਕਦੇ ਮੇਰੇ ਸਿਰ ਨਾ ਬੱਝੇ। ਇਹ ਦੋਵੇਂ ਪ੍ਰਮੁੱਖ ਪ੍ਰਮਾਣੂ ਤਾਕਤਾਂ ਹਨ। ਉਹ ਕੋਈ ਛੋਟੇ-ਮੋਟੇ ਨਹੀਂ, ਉਹ ਬਹੁਤ ਗੁੱਸੇ ਵਿਚ ਸਨ।' ਟਰੰਪ ਨੂੰ ਮੱਧ-ਪੂਰਬ ਦੀ ਆਪਣੀ ਯਾਤਰਾ ਤੋਂ ਪਹਿਲਾਂ 'ਵਿਦੇਸ਼ ਨੀਤੀ ਦੀਆਂ ਕੁਝ ਸਫਲਤਾਵਾਂ' ਬਾਰੇ ਪੁੱਛਿਆ ਗਿਆ ਸੀ।

ਟਰੰਪ ਨੇ ਕਿਹਾ, 'ਮੈਂ ਵਪਾਰ ਦੀ ਵਰਤੋਂ ਦੋਵਾਂ ਧਿਰਾਂ ਵਿਚਾਲੇ ਸ਼ਾਂਤੀ ਬਣਾਉਣ ਲਈ ਕਰ ਰਿਹਾ ਹਾਂ। ਭਾਰਤ ਵਿਸ਼ਵ ਦੇ ਸਭ ਤੋਂ ਉੱਚੇ ਟੈਰਿਫ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਕੀ ਤੁਸੀਂ ਜਾਣਦੇ ਹੋ ਕਿ ਉਹ ਅਮਰੀਕਾ ਲਈ ਆਪਣੇ ਟੈਰਿਫਾਂ ਵਿੱਚ 100 ਫੀਸਦੀ ਕਟੌਤੀ ਕਰਨ ਲਈ ਤਿਆਰ ਹਨ?' ਭਾਰਤ ਵੱਲੋਂ ਹਾਲਾਂਕਿ ਇਸ ਮੁੱਦੇ 'ਤੇ ਅਜੇ ਤੱਕ ਅਧਿਕਾਰਤ ਤੌਰ 'ਤੇ ਕੋਈ ਐਲਾਨ ਨਹੀਂ ਕੀਤਾ ਗਿਆ।

ਟਰੰਪ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਭਾਰਤ ਨਾਲ ਟੈਰਿਫ ਨੂੰ ਲੈ ਕੇ ਵਪਾਰ ਸਮਝੌਤਾ ਜਲਦੀ ਸਿਰੇ ਚੜ੍ਹ ਰਿਹਾ ਹੈ ਤਾਂ ਟਰੰਪ ਨੇ ਕਿਹਾ, 'ਹਾਂ, ਇਹ ਜਲਦੀ ਆਵੇਗਾ। ਮੈਨੂੰ ਕੋਈ ਜਲਦੀ ਨਹੀਂ ਹੈ। ਦੇਖੋ, ਹਰ ਕੋਈ ਸਾਡੇ ਨਾਲ ਸੌਦਾ (ਕਰਾਰ) ਕਰਨਾ ਚਾਹੁੰਦਾ ਹੈ। ਦੱਖਣੀ ਕੋਰੀਆ ਇੱਕ ਸੌਦਾ ਕਰਨਾ ਚਾਹੁੰਦਾ ਹੈ, ਪਰ ਮੈਂ ਹਰ ਕਿਸੇ ਨਾਲ ਸੌਦਾ ਨਹੀਂ ਕਰਨ ਜਾ ਰਿਹਾ। ਮੈਂ ਸਿਰਫ (ਟੈਰਿਫ) ਸੀਮਾ ਨਿਰਧਾਰਤ ਕਰਨ ਜਾ ਰਿਹਾ ਹਾਂ। ਮੇਰੇ ਕੋਲ 150 ਦੇਸ਼ ਹਨ, ਜੋ ਸੌਦਾ ਕਰਨਾ ਚਾਹੁੰਦੇ ਹਨ।'

ਇਸੇ ਦੌਰਾਨ ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੱਧੀ ਗੱਲਬਾਤ ਨੂੰ ਉਤਸ਼ਾਹਤ ਕਰਨਾ ਚਾਹੁੰਦਾ ਹੈ। ਇਹ ਰੁਖ਼ ਰਾਸ਼ਟਰਪਤੀ ਟਰੰਪ ਦੇ ਪਹਿਲਾਂ ਦੇ ਬਿਆਨਾਂ ਤੋਂ ਵੱਖਰਾ ਹੈ, ਜਿਸ ਵਿੱਚ ਉਨ੍ਹਾ ਕਸ਼ਮੀਰ ਮੁੱਦੇ 'ਤੇ ਦੋਵਾਂ ਦੇਸ਼ਾਂ ਨਾਲ ਮਿਲ ਕੇ ਕੰਮ ਕਰਨ ਦੀ ਗੱਲ ਕੀਤੀ ਸੀ। ਵਿਦੇਸ਼ ਵਿਭਾਗ ਦੇ ਪ੍ਰਮੁੱਖ ਉਪ ਬੁਲਾਰੇ ਟੌਮੀ ਪਿਗੌਟ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ, 'ਦੇਖੋ, ਅਸੀਂ ਜੰਗਬੰਦੀ ਨੂੰ ਦੇਖ ਕੇ ਖੁਸ਼ ਹਾਂ। ਅਸੀਂ ਪਿਛਲੇ ਕੁਝ ਦਿਨਾਂ ਤੋਂ ਇਹੀ ਗੱਲ ਕਹਿ ਰਹੇ ਹਾਂ। ਅਸੀਂ ਦੋਵਾਂ ਧਿਰਾਂ ਵਿਚਕਾਰ ਸਿੱਧੀ ਗੱਲਬਾਤ ਨੂੰ ਉਤਸ਼ਾਹਤ ਕਰਨਾ ਚਾਹੁੰਦੇ ਹਾਂ। ਇਸ ਬਾਰੇ ਸਾਡਾ ਸਟੈਂਡ ਸਪੱਸ਼ਟ ਹੈ।'

## ਅਸਲ ਵਿਕਾਸ ਦੀ ਵਾਧਾ ਦਰ ਤਾਂ ਹੀ ਸੰਭਵ, ਜਦੋਂ ਬੇਰੁਜ਼ਗਾਰੀ ਖ਼ਤਮ ਹੋਵੇਗੀ : ਵੈਂਕਟਾਚਲਮ

**ਕਾਮਰੇਡ ਕਨਮ ਰਾਜਿੰਦਰਾ ਹਾਲ (ਤਿਰੁਪਤੀ)**
**(ਚਰਨਜੀਤ ਛਾਂਗਾ ਰਾਏ)**






ਤਿਰੁਪਤੀ ਦੇ ਇੰਦਰਾ ਮੈਦਾਨ ਨੇੜੇ ਸਥਿਤ ਕਾਮਰੇਡ ਕਨਮ ਰਾਜਿੰਦਰਨ ਕਾਨਫਰੰਸ ਹਾਲ ਵਿਖੇ ਸਰਬ ਭਾਰਤ ਨੌਜਵਾਨ ਸਭਾ ਦੇ 17ਵੇਂ ਕੌਮੀ ਡੈਲੀਗੇਟ ਅਜਲਾਸ ਦੇ ਤੀਜੇ ਦਿਨ ਸ਼ਨੀਵਾਰ ਕੌਮੀ ਜਨਰਲ ਸਕੱਤਰ ਵੱਲੋਂ ਪੇਸ਼ ਕੀਤੀ ਰਿਪੋਰਟ 'ਤੇ ਗੰਭੀਰ ਵਿਚਾਰ ਦੇ ਨਾਲ-ਨਾਲ ਵੱਖ-ਵੱਖ ਸੈਸ਼ਨਾਂ ਦਾ ਦੌਰ ਚਲਦਾ ਰਿਹਾ। ਨੌਜਵਾਨਾਂ ਦੇ ਵੱਖ-ਵੱਖ ਮੁੱਦਿਆਂ 'ਤੇ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੀ ਪ੍ਰਧਾਨਗੀ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਜਨਰਲ ਸਕੱਤਰ ਸਾਥੀ ਥਿਰਮਲਾਈ ਨੇ ਕੀਤੀ। ਪਹਿਲੇ ਸੈਮੀਨਾਰ ਵਿੱਚ ਆਲ ਇੰਡੀਆ ਬੈਂਕ ਮੁਲਾਜ਼ਮ ਯੂਨੀਅਨ ਦੇ ਜਨਰਲ ਸਕੱਤਰ ਸੀ ਐੱਚ ਵੈਂਕਟਾਚਲਮ ਨੇ 'ਰੁਜ਼ਗਾਰ ਤੋਂ ਬਿਨਾਂ ਵਿਕਾਸ ਅਤੇ ਬੇਰੁਜ਼ਗਾਰੀ' ਵਿਸ਼ੇ 'ਤੇ ਵਿਸ਼ੇਸ਼ ਤੌਰ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾਂ ਡੈਲੀਗੇਟ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਇਹ ਡੀਂਗਾਂ ਮਾਰੀਆਂ ਜਾ ਰਹੀਆਂ ਹਨ ਕਿ ਭਾਰਤ ਵਿਕਾਸ ਕਰ ਰਿਹਾ ਹੈ, ਪਰ ਬਿਨਾਂ ਨਵਾਂ ਕੰਮ ਪੈਦਾ ਕੀਤੀਆਂ ਵਿਕਾਸ ਦੀ ਵਾਧਾ ਦਰ ਕਿਵੇਂ ਵਧ ਸਕਦੀ ਹੈ। ਉਹਨਾ ਕਿਹਾ ਕਿ ਇਹ ਵਾਧਾ ਦਰ ਸਿਰਫ ਤੇ ਸਿਰਫ ਦੇਸ਼ ਦੇ ਪੂੰਜੀਪਤੀਆਂ ਲਈ ਹੀ ਹੋ ਰਹੀ ਹੈ, ਜਿਸ ਦਾ ਆਮ ਲੋਕਾਂ ਨਾਲ ਕੋਈ ਲੈਣ-ਦੇਣ ਨਹੀਂ। ਦੇਸ਼ ਦੀ ਅਸਲ ਵਿਕਾਸ ਦੀ ਵਾਧਾ ਦਰ ਵਿੱਚ ਉਦੋਂ ਹੀ ਵਾਧਾ ਹੋ ਸਕਦਾ ਹੈ, ਜਦੋਂ ਬੇਰੁਜਗਾਰੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਲਿਆ ਜਾਵੇਗਾ। ਦੂਜੇ ਸੈਮੀਨਾਰ ਵਿੱਚ ਸੰਬੋਧਨ ਕਰਦਿਆਂ ਆਲ ਇੰਡੀਆ ਲਾਇਰ ਐਸੋਸੀਏਸ਼ਨ ਦੇ ਕੌਮੀ ਆਗੂ ਐਡਵੋਕੇਟ ਅਸ਼ਵਨੀ ਬਖਸ਼ੀ ਨੇ ਚੋਣ ਸੁਧਾਰ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾ ਕਿਹਾ ਇਸ ਸਰਮਾਏਦਾਰੀ ਪ੍ਰਬੰਧ ਵਿੱਚ ਚੋਣ ਪ੍ਰਕਿਰਿਆ ਬਹੁਤ ਮਹਿੰਗੀ ਕੀਤੀ ਹੋਈ ਹੈ, ਜਿਸ ਨਾਲ ਲੋਕਾਂ ਦੀ ਅਗਵਾਈ ਕਰਦੀਆਂ ਪਾਰਟੀਆਂ ਨੂੰ ਸੱਤਾ ਤੋਂ ਦੂਰ ਰੱਖਿਆ ਹੋਇਆ ਹੈ ਅਤੇ ਆਮ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ। ਉਹਨਾ ਇਸ ਮਹਿੰਗੇ ਤੇ ਭ੍ਰਿਸ਼ਟ ਚੋਣ ਪ੍ਰਬੰਧ ਵਿੱਚ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੱਤਾ।

ਰਿਪੋਰਟ 'ਤੇ ਬਹਿਸ ਵਾਲੇ ਸੈਸ਼ਨ ਵਿੱਚ ਹੋਰਨਾਂ ਰਾਜਾਂ ਦੇ ਨਾਲ-ਨਾਲ ਪੰਜਾਬ ਦੇ ਸੂਬਾ ਸਕੱਤਰ ਚਰਨਜੀਤ ਛਾਂਗਾ ਰਾਏ ਅਤੇ ਸੂਬਾ ਸਕੱਤਰੇਤ ਦੀ ਮੈਂਬਰ ਗੁਰਜੀਤ ਕੌਰ ਸਰਦੂਲਗੜ੍ਹ ਨੇ ਹਿੱਸਾ ਲਿਆ। ਪੰਜਾਬ ਦੇ ਨੌਜਵਾਨ ਆਗੂਆਂ ਨੇ ਬਹਿਸ ਦੌਰਾਨ ਬਨੇਗਾ ਕਨੂੰਨ ਦੀ ਪ੍ਰਾਪਤੀ ਲਈ ਦੇਸ਼-ਵਿਆਪੀ ਮੁਹਿੰਮ ਚਲਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਸੁਖਵਿੰਦਰ ਕੁਮਾਰ ਮਲੋਟ ਵੱਲੋਂ ਧਰਮ ਨਿਰਪੱਖਤਾ ਅਤੇ ਲੋਕਤੰਤਰਿਕ ਅਧਿਕਾਰਾਂ ਦੀ ਰਾਖੀ 'ਤੇ ਮਤਾ ਪੇਸ਼ ਕੀਤਾ ਗਿਆ। ਹੋਰਨਾਂ ਵੱਖ-ਵੱਖ ਰਾਜਾਂ ਵੱਲੋਂ ਵੱਖ-ਵੱਖ ਮੁੱਦਿਆਂ 'ਤੇ ਮਤੇ ਪੇਸ਼ ਕੀਤੇ ਗਏ, ਜਿਹਨਾਂ ਨੂੰ ਸਰਬਸੰਮਤੀ ਨਾਲ ਪਾਸ ਕਰ ਲਿਆ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਜੰਟ ਸਿੰਘ, ਵਿਸ਼ਾਲ ਵਲਟੋਹਾ, ਹਰਮੇਲ ਉੱਭਾ, ਸਵਰਾਜ ਖੋਸਾ, ਨਵਜੀਤ ਸੰਗਰੂਰ, ਹਰਭਜਨ ਛੱਪੜੀਵਾਲਾ ਅਤੇ ਅਨਮੋਲ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

## ਭਾਰਤ ਗੁਆਂਢੀਆਂ ਵਾਂਗ ਗੱਲ ਕਰੇ : ਸ਼ਾਹਬਾਜ਼



**ਇਸਲਾਮਾਬਾਦ** : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਕਿਹਾ ਹੈ ਕਿ ਪਾਕਿਸਤਾਨ ਤੇ ਭਾਰਤ ਨੂੰ ਅਮਨਪਸੰਦ ਗੁਆਂਢੀਆਂ ਵਾਂਗ ਮੇਜ਼ 'ਤੇ ਬੈਠ ਕੇ ਕਸ਼ਮੀਰ ਸਣੇ ਆਪਣੇ ਸਾਰੇ ਬਕਾਇਆ ਮੁੱਦੇ ਸੁਲਝਾਉਣੇ ਚਾਹੀਦੇ ਹਨ।ਪਾਕਿਸਤਾਨ ਨੇ ਸ਼ੁੱਕਰਵਾਰ ਆਪਣੀ ਫੌਜ ਦੇ ਸਨਮਾਨ ਵਿੱਚ 'ਯੌਮ-ਏ-ਤਸ਼ੱਕੁਰ' (ਧੰਨਵਾਦ ਦਾ ਦਿਨ) ਮਨਾਇਆ। ਇੱਥੇ ਪਾਕਿਸਤਾਨ ਮੈਮੋਰੀਅਲ ਵਿੱਚ ਆਯੋਜਿਤ 'ਯੌਮ-ਏ-ਤਸ਼ੱਕੁਰ' ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸ਼ਾਹਬਾਜ਼ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਨੇ ਤਿੰਨ ਜੰਗਾਂ ਲੜੀਆਂ ਅਤੇ ਉਨ੍ਹਾਂ ਤੋਂ ਕੁਝ ਵੀ ਹਾਸਲ ਨਹੀਂ ਕੀਤਾ। ਸ਼ਾਹਬਾਜ਼ ਨੇ ਕਿਹਾ, 'ਸਬਕ ਇਹ ਹੈ ਕਿ ਸ਼ਾਂਤੀਪੂਰਨ ਗੁਆਂਢੀਆਂ ਵਾਂਗ ਦੋਵਾਂ ਦੇਸ਼ਾਂ ਨੂੰ

### ਤਿੰਨ ਲੜਾਈਆਂ 'ਚ ਕਿਸੇ ਨੇ ਕੁਝ ਨਹੀਂ ਖੱਟਿਆ

ਇਕੱਠੇ ਬੈਠ ਕੇ ਜੰਮੂ-ਕਸ਼ਮੀਰ ਸਮੇਤ ਸਾਰੇ ਹੱਲ ਹੋਣੇ ਰਹਿੰਦੇ ਮੁੱਦਿਆਂ ਨੂੰ ਹੱਲ ਕਰਨਾ ਚਾਹੀਦਾ ਹੈ। ਇਨ੍ਹਾਂ ਮੁੱਦਿਆਂ ਨੂੰ ਹੱਲ ਕੀਤੇ ਬਿਨਾਂ ਅਸੀਂ ਦੁਨੀਆ ਦੇ ਇਸ ਹਿੱਸੇ ਵਿੱਚ ਸ਼ਾਂਤੀ ਨਹੀਂ ਲਿਆ ਸਕਦੇ।'

ਸ਼ਾਹਬਾਜ਼ ਨੇ ਕਿਹਾ, "ਜੇ ਸ਼ਾਂਤੀ ਹੁੰਦੀ ਹੈ, ਤਾਂ ਅਸੀਂ ਦਹਿਸ਼ਤਗਰਦੀ ਵਿਰੁੱਧ ਲੜਾਈ ਵਿੱਚ ਵੀ ਸਹਿਯੋਗ ਕਰ ਸਕਦੇ ਹਾਂ।' ਪ੍ਰਧਾਨ ਮੰਤਰੀ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸਨ, ਜਿਸ ਵਿੱਚ ਉੱਚ ਫੌਜੀ ਅਧਿਕਾਰੀ ਵੀ ਸ਼ਾਮਲ ਹੋਏ। ਉਧਰ, ਭਾਰਤ ਸਪੱਸ਼ਟ ਕਰ ਚੁੱਕਾ ਹੈ ਕਿ ਉਹ ਪਾਕਿਸਤਾਨ ਨਾਲ ਸਿਰਫ ਮਕਬੂਜ਼ਾ ਕਸ਼ਮੀਰ ਦੀ ਵਾਪਸੀ ਅਤੇ ਦਹਿਸ਼ਤਗਰਦੀ ਦੇ ਮੁੱਦੇ 'ਤੇ ਗੱਲਬਾਤ ਕਰੇਗਾ। ਇਸੇ ਦੌਰਾਨ ਭਾਜਪਾ ਆਗੂ ਅਮਿਤ ਮਾਲਵੀਆ ਨੇ ਆਪਣੇ ਐੱਕਸ ਅਕਾਊਂਟ 'ਤੇ ਇੱਕ ਵੀਡੀਓ ਪੋਸਟ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਰੀਫ਼ ਨੇ ਮੰਨਿਆ ਹੈ ਕਿ 10 ਮਈ ਨੂੰ ਤੜਕੇ ਭਾਰਤੀ ਮਿਜ਼ਾਈਲਾਂ ਨੇ ਪਾਕਿਸਤਾਨ ਦੇ ਕਈ ਖੇਤਰਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਇਸਲਾਮਾਬਾਦ ਨੇੜੇ ਸਥਿਤ ਨੂਰ ਖ਼ਾਨ ਏਅਰਬੇਸ ਵੀ ਸ਼ਾਮਲ ਹੈ। ਅਮਿਤ ਮਾਲਵੀਆ ਨੇ ਆਪਣੀ ਪੋਸਟ ਵਿੱਚ ਲਿਖਿਆ, 'ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਖੁਦ ਮੰਨਿਆ ਹੈ ਕਿ ਜਨਰਲ ਆਸਿਮ ਮੁਨੀਰ ਨੇ ਉਨ੍ਹਾ ਨੂੰ ਰਾਤੀਂ 2:30 ਵਜੇ ਫੋਨ ਕੀਤਾ। ਮੁਨੀਰ ਨੇ ਦੱਸਿਆ ਕਿ ਭਾਰਤ ਨੇ ਨੂਰ ਖ਼ਾਨ ਬੇਸ ਤੇ ਕਈ ਹੋਰਨਾਂ ਟਿਕਾਣਿਆਂ 'ਤੇ ਬੰਬਾਰੀ ਕੀਤੀ ਹੈ। ਇਸ ਨੂੰ ਸਮਝੋ : ਪ੍ਰਧਾਨ ਮੰਤਰੀ ਨੂੰ ਅੱਧੀ ਰਾਤ ਨੂੰ ਪਾਕਿਸਤਾਨ ਅੰਦਰ ਹਮਲਿਆਂ ਦੀ ਖਬਰ ਨਾਲ ਜਗਾਇਆ ਗਿਆ।

## ਸਰਕਾਰ ਨੇ ਕਾਂਗਰਸ ਵੱਲੋਂ ਦਿੱਤੇ ਨਾਵਾਂ ਦੀ ਥਾਂ ਆਪਣੇ ਕਾਂਗਰਸੀ ਪਾ ਲਏ

**ਨਵੀਂ ਦਿੱਲੀ** : 'ਅਪ੍ਰੇਸ਼ਨ ਸਿੰਧੂਰ' ਮਗਰੋਂ ਕੂਟਨੀਤਕ ਮੁਹਿੰਮ ਵਜੋਂ ਆਲਮੀ ਮੰਚਾਂ 'ਤੇ ਭਾਰਤ ਦੇ ਪੱਖ ਨੂੰ ਮਜ਼ਬੂਤੀ ਨਾਲ ਰੱਖਣ ਤੇ ਪਾਕਿਸਤਾਨ ਵੱਲੋਂ ਦਹਿਸ਼ਤਗਰਦੀ ਦੀ ਪੁਸ਼ਤਪਨਾਹੀ ਤੋਂ ਪਰਦਾ ਚੁੱਕਣ ਦੇ ਇਰਾਦੇ ਨਾਲ ਅਗਲੇ ਹਫਤੇ ਤੋਂ ਵੱਖ-ਵੱਖ ਮੁਲਕਾਂ ਲਈ ਸਰਬ ਪਾਰਟੀ ਵਫਦ ਭੇਜਣ ਦੇ ਸਰਕਾਰ ਦੇ ਫੈਸਲੇ ਮਗਰੋਂ ਸੰਸਦ ਮੈਂਬਰਾਂ ਦੀ ਚੋਣ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ। ਕਾਂਗਰਸ ਪਾਰਟੀ ਵੱਲੋਂ ਭੇਜੀ ਗਈ ਸੂਚੀ ਵਿੱਚ ਨਾਂਅ ਨਾ ਹੋਣ ਦੇ ਬਾਵਜੂਦ ਸ਼ਸ਼ੀ ਥਰੂਰ ਨੇ ਸਰਕਾਰ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ ਤੇ ਸੱਤ ਵਫਦਾਂ ਵਿੱਚੋਂ ਇਕ ਦੀ ਅਗਵਾਈ ਕਰਨ ਲਈ ਤਿਆਰ ਹੋ ਗਏ ਹਨ। ਉਧਰ ਐੱਨ ਸੀ ਪੀ ਦੀ ਸੰਸਦ ਮੈਂਬਰ ਸੁਪ੍ਰਿਆ ਸੂਲੇ ਨੇ ਵੀ ਸੱਦਾ ਪ੍ਰਵਾਨ ਕਰ ਲਿਆ ਹੈ।

ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਜਿਵੇਂ ਹੀ ਸਰਬ ਪਾਰਟੀ ਪ੍ਰਚਾਰ ਮੁਹਿੰਮ ਦੇ ਖਰੜੇ ਦਾ ਐਲਾਨ ਕੀਤਾ ਤਾਂ ਥਰੂਰ ਨੇ ਫੌਰੀ ਸਰਕਾਰ ਦੇ ਸੱਦੇ ਨੂੰ ਐੱਕਸ 'ਤੇ ਸਵੀਕਾਰ ਕਰਦਿਆਂ ਲਿਖਿਆ, 'ਮੈਨੂੰ ਭਾਰਤ ਸਰਕਾਰ ਵੱਲੋਂ ਪੰਜ ਪ੍ਰਮੁੱਖ ਦੇਸ਼ਾਂ ਵਿੱਚ ਸਰਬ ਪਾਰਟੀ ਵਫਦ ਦੀ ਅਗਵਾਈ ਕਰਨ ਦਾ ਸਨਮਾਨ ਮਿਲਿਆ ਹੈ, ਤਾਂ ਕਿ ਹਾਲੀਆ ਘਟਨਾਵਾਂ 'ਤੇ ਸਾਡੇ ਦੇਸ਼ ਦਾ ਪੱਖ ਰੱਖਿਆ ਜਾ ਸਕੇ। ਜਦੋਂ ਗੱਲ ਦੇਸ਼ ਹਿੱਤ ਦੀ ਹੋਵੇ ਤੇ ਮੇਰੀਆਂ ਸੇਵਾਵਾਂ ਦੀ ਲੋੜ ਹੋਵੇ ਤਾਂ ਮੈਂ ਪਿੱਛੇ ਨਹੀਂ ਹਟਾਂਗਾ। ਜੈ ਹਿੰਦ!'

ਕਾਂਗਰਸ ਵੱਲੋਂ ਸੁਝਾਏ ਗਏ ਚਾਰ ਨਾਵਾਂ 'ਚ ਥਰੂਰ ਦਾ ਨਾਂਅ ਨਹੀਂ ਸੀ। ਕਾਂਗਰਸ ਦੀ ਸੂਚੀ 'ਚ ਆਨੰਦ ਸ਼ਰਮਾ, ਗੌਰਵ ਗੋਗੋਈ, ਸੱਯਦ ਨਾਸਿਰ ਹੁਸੈਨ ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਾਂਅ ਸਨ।

ਸੂਤਰਾਂ ਅਨੁਸਾਰ ਸਰਕਾਰ ਤੇ ਕਾਂਗਰਸ ਦਰਮਿਆਨ ਹੋਈ ਗੱਲਬਾਤ ਤੋਂ ਪਹਿਲਾਂ ਥਰੂਰ, ਮਨੀਸ਼ ਤਿਵਾੜੀ, ਸਲਮਾਨ ਖੁਰਸ਼ੀਦ ਤੇ ਅਮਰ ਸਿੰਘ ਦੇ ਨਾਵਾਂ 'ਤੇ ਚਰਚਾ ਹੋਈ ਸੀ। ਮਨੀਸ਼ ਤਿਵਾੜੀ ਤੇ ਸਲਮਾਨ ਖੁਰਸ਼ੀਦ ਨੇ ਦੋ ਵਫਦਾਂ ਦੀ ਅਗਵਾਈ ਕਰਨੀ ਸੀ, ਪਰ ਕਾਂਗਰਸ ਨੇ ਅੰਤਮ ਸੂਚੀ ਵਿੱਚ ਉਨ੍ਹਾਂ ਨੂੰ ਸ਼ਾਮਲ ਨਹੀਂ

• ਬਾਕੀ ਸਫ਼ਾ 2 'ਤੇ

## ਸਾਰੀਆਂ ਧਿਰਾਂ ਸਿੰਧ ਜਲ ਸੰਧੀ ਦੀ ਪਾਲਣਾ ਕਰਨ : ਯੂ ਕੇ

**ਇਸਲਾਮਾਬਾਦ** : ਬ੍ਰਿਟਿਸ਼ ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਕਿਹਾ ਹੈ ਕਿ ਉਨ੍ਹਾ ਦਾ ਦੇਸ਼ ਭਾਰਤ ਤੇ ਪਾਕਿਸਤਾਨ ਵਿਚਾਲੇ ਗੋਲੀਬੰਦੀ ਨੂੰ ਹੰਢਣਸਾਰ ਬਣਾਉਣ ਅਤੇ ਗੱਲਬਾਤ ਸ਼ੁਰੂ ਕਰਾਉਣ ਤੇ ਵਿਸ਼ਵਾਸ-ਬੰਨ੍ਹਾਊ ਕਦਮਾਂ ਲਈ ਅਮਰੀਕਾ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾ 'ਸਾਰੀਆਂ ਧਿਰਾਂ' ਨੂੰ ਸਿੰਧ ਜਲ ਸਮਝੌਤੇ ਤਹਿਤ ਆਪਣੇ ਇਕਰਾਰਾਂ 'ਤੇ ਪੂਰੇ ਉਤਰਨ 'ਤੇ ਵੀ ਜ਼ੋਰ ਦਿੱਤਾ ਹੈ। ਭਾਰਤ ਨੇ ਪਹਿਲਗਾਮ ਵਿੱਚ ਸੈਲਾਨੀਆਂ ਦੇ ਕਤਲੇਆਮ ਤੋਂ ਬਾਅਦ 1960 ਦੀ ਸਿੰਧ ਜਲ ਸੰਧੀ ਮੁਅੱਤਲ ਕਰ ਦਿੱਤੀ ਸੀ। ਇਸ ਸੰਧੀ ਤਹਿਤ ਮਿਲਣ ਵਾਲੇ ਪਾਣੀ 'ਤੇ ਪਾਕਿਸਤਾਨੀ ਕਿਸਾਨ ਬਹੁਤ ਨਿਰਭਰ ਕਰਦੇ ਹਨ। ਪਾਕਿਸਤਾਨ ਦੇ ਦੋ ਦਿਨਾ ਦੌਰੇ ਦੇ ਅੰਤ 'ਤੇ ਲੈਮੀ ਨੇ ਕਿਹਾ ਕਿ ਉਹ ਦਹਿਸ਼ਤਗਰਦੀ ਦਾ ਟਾਕਰਾ ਕਰਨ ਲਈ ਪਾਕਿਸਤਾਨ ਨਾਲ ਮਿਲ ਕੇ ਚੱਲਣਾ ਜਾਰੀ ਰੱਖਣਗੇ। ਦਹਿਸ਼ਤਗਰਦੀ ਪਾਕਿਸਤਾਨ, ਇਸ ਦੇ ਲੋਕਾਂ ਤੇ ਖਿੱਤੇ 'ਤੇ ਭਿਆਨਕ ਧੱਬਾ ਹੈ। ਉਨ੍ਹਾ ਕਿਹਾ ਕਿ ਪਾਕਿਸਤਾਨ ਤੇ ਭਾਰਤ ਵਿਚਾਲੇ ਗੱਲਬਾਤ ਕਾਫੀ ਚਿਰ ਤੋਂ ਨਹੀਂ ਹੋਈ ਤੇ ਉਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਇਨ੍ਹਾਂ ਵਿਚਾਲੇ ਟਕਰਾਅ ਨਾ ਵਧੇ।

ਲੈਮੀ ਨੇ ਇਹ ਬਿਆਨ ਉਦੋਂ ਦਿੱਤਾ ਹੈ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾ ਦੋਹਾਂ ਦੇਸ਼ਾਂ ਨੂੰ ਅਮਰੀਕਾ ਨਾਲ ਵਪਾਰ ਦੀ ਪੇਸ਼ਕਸ਼ ਕਰਕੇ ਪ੍ਰਮਾਣੂ ਲੜਾਈ ਤੋਂ ਰੋਕਿਆ।

## ਹਮਲੇ ਦੀ ਅਗਾਊਂ ਜਾਣਕਾਰੀ ਦੇ ਕੇ ਕਿੰਨੇ ਜਹਾਜ਼ ਗੁਆਏ : ਰਾਹੁਲ

**ਨਵੀਂ ਦਿੱਲੀ** : ਲੋਕ ਸਭਾ ਵਿੱਚ ਆਪੋਜ਼ੀਸ਼ਨ ਦੇ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਦੀ ਇਸ ਗੱਲੋਂ ਕਰੜੀ ਨਿੰਦਾ ਕੀਤੀ ਹੈ ਕਿ ਉਸ ਨੇ 'ਅਪ੍ਰੇਸ਼ਨ ਸਿੰਧੂਰ' ਦੇ ਹਿੱਸੇ ਵਜੋਂ ਦਹਿਸ਼ਤਗਰਦਾਂ ਦੇ ਢਾਂਚੇ ਢਾਹੁਣ ਬਾਰੇ ਪਾਕਿਸਤਾਨ ਨੂੰ ਅਗਾਊਂ ਜਾਣਕਾਰੀ ਦਿੱਤੀ। ਉਨ੍ਹਾ ਸਨਿੱਚਰਵਾਰ ਇਸ ਨੂੰ ਅਪਰਾਧ ਦੱਸਦਿਆਂ ਪੁੱਛਿਆ ਕਿ ਇਹ ਜਾਣਕਾਰੀ ਦੇਣ ਦਾ ਅਧਿਕਾਰ ਕਿਸ ਨੇ ਦਿੱਤਾ ਸੀ। ਰਾਹੁਲ ਨੇ ਇਸ ਲਈ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਲੰਮੇ ਹੱਥੀਂ ਲਿਆ, ਜਿਨ੍ਹਾ ਜਨਤਕ ਤੌਰ 'ਤੇ ਮੰਨਿਆ ਕਿ ਕੇਂਦਰ ਨੇ ਪਾਕਿਸਤਾਨ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਸੀ। ਉਨ੍ਹਾ ਪੁੱਛਿਆ ਕਿ ਅਜਿਹੀ ਜਾਣਕਾਰੀ ਸਾਂਝੀ ਕਰਨ ਦੇ ਨਤੀਜੇ ਵਜੋਂ ਇੰਡੀਅਨ ਏਅਰ ਫੋਰਸ ਨੇ ਕਿੰਨੇ ਜਹਾਜ਼ ਗੁਆਏ। ਉਨ੍ਹਾ ਕਿਹਾ ਕਿ ਹਮਲੇ ਤੋਂ ਪਹਿਲਾਂ ਪਾਕਿਸਤਾਨ ਨੂੰ ਦੱਸਣਾ ਅਪਰਾਧ ਹੈ।

ਰਾਹੁਲ ਨੇ ਇੱਕ ਵੀਡੀਓ ਵੀ ਸ਼ੇਅਰ ਕੀਤੀ ਹੈ, ਜਿਸ ਵਿੱਚ ਜੈਸ਼ੰਕਰ ਕਹਿ ਰਹੇ ਹਨ ਕਿ ਸਰਕਾਰ ਨੇ ਪਾਕਿਸਤਾਨ ਨੂੰ ਸੁਨੇਹਾ ਘੱਲਿਆ ਸੀ ਕਿ ਹਮਲੇ ਪਾਕਿਸਤਾਨੀ ਫੌਜ 'ਤੇ ਨਹੀਂ, ਸਿਰਫ ਦਹਿਸ਼ਤਗਰਦਾਂ ਦੇ ਅੱਡਿਆਂ 'ਤੇ ਕੀਤੇ ਜਾਣਗੇ। ਇਸੇ ਦੌਰਾਨ ਪ੍ਰੈੱਸ ਇਨਫਰਮੇਸ਼ਨ ਬਿਊਰੋ ਨੇ ਕਿਹਾ ਹੈ ਕਿ ਜੈਸ਼ੰਕਰ ਨੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਸੀ, ਰਾਹੁਲ ਨੇ ਉਨ੍ਹਾ ਦਾ ਗਲਤ ਹਵਾਲਾ ਦਿੱਤਾ ਹੈ।

## ਹਰਿਆਣਾ ਦੀ ਯੂਟਿਊਬਰ ਜਾਸੂਸੀ 'ਚ ਗ੍ਰਿਫ਼ਤਾਰ



**ਹਿਸਾਰ** : ਪੁਲਸ ਨੇ ਇੱਕ ਟਰੈਵਲ ਬਲੌਗਰ ਤੇ ਹਿਸਾਰ ਕਸਬੇ ਦੀ ਰਹਿਣ ਵਾਲੀ ਯੂਟਿਊਬਰ ਜੋਤੀ ਮਲਹੋਤਰਾ ਨੂੰ ਕਥਿਤ ਤੌਰ 'ਤੇ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਕੇਂਦਰੀ ਖੁਫੀਆ ਏਜੰਸੀ ਤੋਂ ਪ੍ਰਾਪਤ ਜਾਣਕਾਰੀ ਅਤੇ ਹਿਸਾਰ ਪੁਲਸ ਦੇ ਸੀ ਆਈ ਏ ਸਟਾਫ ਵੱਲੋਂ ਕੀਤੀ ਗਈ ਪੁੱਛ-ਪੜਤਾਲ ਤੋਂ ਬਾਅਦ ਜੋਤੀ ਨੂੰ ਨਿਊ ਅਗਰਸੈਨ ਐਕਸਟੈਂਸ਼ਨ ਸਥਿਤ ਉਸ ਦੇ ਘਰ ਤੋਂ ਗ੍ਰਿਫਤਾਰ ਕਰ ਲਿਆ ਗਿਆ।

ਹਿਸਾਰ ਸਿਵਲ ਲਾਈਨਜ਼ ਪੁਲਸ ਸਟੇਸ਼ਨ ਵਿੱਚ ਦਰਜ ਐੱਫ ਆਈ ਆਰ ਅਨੁਸਾਰ ਜੋਤੀ 'ਟਰੈਵਲ ਵਿੱਦ ਜੋ' ਨਾਂਅ ਹੇਠ ਇੱਕ ਯੂਟਿਊਬ ਟਰੈਵਲ ਚੈਨਲ ਚਲਾਉਂਦੀ ਹੈ। ਉਸ ਨੇ 2023 ਵਿੱਚ ਪਾਕਿਸਤਾਨ ਦੀ ਆਪਣੀ ਯਾਤਰਾ ਦੌਰਾਨ ਪਾਕਿਸਤਾਨੀ ਨਾਗਰਿਕਾਂ ਅਤੇ ਖੁਫੀਆ ਏਜੰਸੀਆਂ ਨਾਲ ਸੰਪਰਕ ਬਣਾਏ ਸਨ। ਐੱਫ ਆਈ ਆਰ ਅਨੁਸਾਰ ਜੋਤੀ ਮਲਹੋਤਰਾ ਨੇ ਖੁਲਾਸਾ ਕੀਤਾ ਕਿ ਉਹ ਸ਼ੁਰੂ ਵਿੱਚ ਵੀਜ਼ਾ ਲਈ ਅਰਜ਼ੀ ਦੇਣ ਦਿੱਲੀ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਗਈ ਸੀ, ਜਿੱਥੇ ਉਹ ਅਹਿਸਾਨ ਉਰ ਰਹੀਮ ਉਰਫ ਦਾਨਿਸ਼ ਨੂੰ ਮਿਲੀ। ਮੁਲਾਕਾਤ ਮਗਰੋਂ ਉਹ ਉਸ ਦੇ ਸੰਪਰਕ ਵਿੱਚ ਰਹੀ ਅਤੇ ਬਾਅਦ ਵਿੱਚ ਦੋ ਵਾਰ ਪਾਕਿਸਤਾਨ ਗਈ। ਆਪਣੀਆਂ ਪਾਕਿਸਤਾਨੀ ਫੇਰੀਆਂ ਦੌਰਾਨ ਉਹ ਅਲੀ ਅਹਵਾਨ ਨਾਂਅ ਦੇ ਇੱਕ ਵਿਅਕਤੀ ਨੂੰ ਮਿਲੀ, ਜਿਸ ਨੇ ਉਸ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਅਤੇ ਪਾਕਿਸਤਾਨ ਦੀਆਂ ਖੁਫੀਆ ਅਤੇ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕਰਵਾਇਆ। ਐੱਫ ਆਈ ਆਰ ਵਿੱਚ ਕਿਹਾ

• ਬਾਕੀ ਸਫ਼ਾ 2 'ਤੇ

## ਸ਼੍ਰੋਮਣੀ ਕਮੇਟੀ ਨੂੰ ਰਾਜੋਆਣਾ ਸੰਬੰਧੀ ਪਟੀਸ਼ਨ ਵਾਪਸ ਨਾ ਲੈਣ ਦੀ ਸਲਾਹ

**ਚੰਡੀਗੜ੍ਹ** : ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਸੰਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਪਟੀਸ਼ਨ ਦੇ ਮਾਮਲੇ ਵਿੱਚ ਸੀਨੀਅਰ ਵਕੀਲਾਂ ਅਤੇ ਸਾਬਕਾ ਜੱਜਾਂ ਦੀ ਰਾਇ ਲੈਣ ਲਈ ਸਨਿੱਚਰਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਥੇ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਇਕੱਤਰਤਾ ਵਿੱਚ ਪਟੀਸ਼ਨ ਨੂੰ ਲੈ ਕੇ ਲੰਮੀ ਵਿਚਾਰ-ਚਰਚਾ ਹੋਈ। ਚਰਚਾ ਦੌਰਾਨ ਇਹ ਵਿਚਾਰ ਪ੍ਰਮੁੱਖਤਾ ਨਾਲ ਸਾਹਮਣੇ ਆਇਆ ਕਿ ਸਰਕਾਰ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ ਅਤੇ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ, ਸਗੋਂ ਦ੍ਰਿੜ੍ਹਤਾ ਨਾਲ ਅੱਗੇ ਵਧਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਨੇ 2012 'ਚ ਰਾਜੋਆਣਾ, ਜਿਸ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ, ਦੀ ਤਰਫੋਂ ਰਹਿਮ ਦੀ ਪਟੀਸ਼ਨ ਪਾਈ ਸੀ।

ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਸੰਜੀਦਾ ਕੌਮੀ ਮਾਮਲਾ ਹੈ, ਜਿਸ ਲਈ ਕੌਮੀ ਰਾਏ ਬਣਾਉਣੀ ਬੇਹੱਦ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਸੰਬੰਧੀ ਲੰਮੇ ਸਮੇਂ ਤੋਂ ਕਨੂੰਨੀ ਲੜਾਈ ਲੜ ਰਹੀ ਹੈ, ਪਰ ਸਰਕਾਰਾਂ ਦੀ ਅੜੀ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਦੇ ਖ਼ਿਲਾਫ਼ ਭੁਗਤ ਰਹੀ ਹੈ। ਉਨ੍ਹਾ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਮਾਮਲੇ ਬਾਰੇ ਫੈਸਲਾ ਲੈਣ ਲਈ ਕਹਿਣ ਦੇ ਬਾਵਜੂਦ ਸਰਕਾਰ ਦਾ ਰਵੱਈਆ ਬੇਹੱਦ ਦੁਖਦਾਈ ਹੈ। ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਆਪਣੀ ਕਾਰਜਸ਼ੈਲੀ ਵਿਚ ਸਾਰਿਆਂ ਨੂੰ ਇਕ ਸਮਾਨ ਜਾਨਣ, ਪ੍ਰੰਤੂ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਅਹਿਮ ਮਾਮਲੇ ਸੰਬੰਧੀ ਅਪਣਾਈ ਜਾ ਰਹੀ ਪਹੁੰਚ ਸਰਕਾਰ ਦੀ ਮਨਸ਼ਾ 'ਤੇ ਸਵਾਲ ਖੜ੍ਹੇ ਕਰਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਬੀਤੇ ਦਿਨੀਂ ਜਦੋਂ ਰਾਜੋਆਣਾ ਨਾਲ ਮੁਲਾਕਾਤ ਕੀਤੀ ਗਈ ਸੀ ਤਾਂ ਉਨ੍ਹਾ ਸ਼੍ਰੋਮਣੀ ਕਮੇਟੀ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਲਈ ਕਿਹਾ ਸੀ। ਇਸ 'ਤੇ ਵਿਚਾਰ ਲਈ ਪਹਿਲਾਂ ਸਿੱਖ ਜਥੇਬੰਦੀਆਂ, ਸਿੱਖ ਬੁੱਧੀਜੀਵੀਆਂ ਅਤੇ ਫੈਡਰੇਸ਼ਨਾਂ ਨਾਲ ਮੀਟਿੰਗਾਂ ਕਰਕੇ ਵਿਚਾਰ ਲਏ ਗਏ ਹਨ। ਇਸੇ ਤਹਿਤ ਅੱਜ ਦੀ ਮੀਟਿੰਗ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਭਾਵੇਂ ਰਾਜੋਆਣਾ ਦਾ ਪਟੀਸ਼ਨ ਨੂੰ ਲੈ ਕੇ ਰੋਸ ਜਾਇਜ਼ ਹੈ ਅਤੇ ਉਹ ਆਪਣੇ ਅਕੀਦੇ 'ਤੇ ਦ੍ਰਿੜ੍ਹ ਹਨ, ਪ੍ਰੰਤੂ ਇਸ ਮਾਮਲੇ ਵਿਚ ਜਲਦਬਾਜ਼ੀ ਵਿਚ ਫੈਸਲਾ ਲੈਣਾ ਠੀਕ ਨਹੀਂ ਹੋਵੇਗਾ। ਆਉਂਦੇ ਦਿਨਾਂ ਵਿੱਚ ਪੰਥ ਦਾ ਨੁਮਾਇੰਦਾ ਇਕੱਠ ਬੁਲਾ ਕੇ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ।

ਇਕੱਤਰਤਾ ਵਿੱਚ ਧਾਮੀ ਤੋਂ ਇਲਾਵਾ ਜਸਟਿਸ ਮਨਿੰਦਰਮੋਹਨ ਸਿੰਘ ਬੇਦੀ ਸਾਬਕਾ ਜੱਜ, ਸੀਨੀਅਰ ਵਕੀਲ ਐਡਵੋਕੇਟ ਪੂਰਨ ਸਿੰਘ ਹੁੰਦਲ, ਐਡਵੋਕੇਟ ਜੀ ਐੱਸ ਬੱਲ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਕਾਹਨ

• ਬਾਕੀ ਸਫ਼ਾ 2 'ਤੇ

## 20 ਨੂੰ ਹੜਤਾਲ ਦੀ ਥਾਂ ਰੈਲੀਆਂ ਤੇ ਮੁਜ਼ਾਹਰੇ ਕੀਤੇ ਜਾਣਗੇ : ਬਰਾੜ, ਧਾਲੀਵਾਲ

**ਪਟਿਆਲਾ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਵਿੱਚ ਪਹਿਲਗਾਮ ਦੇ ਬਹੁਤ ਹੀ ਮੰਦਭਾਗੇ ਅਤੰਕੀ ਹਮਲੇ ਵਿੱਚ 26 ਸੈਲਾਨੀਆਂ ਦੇ ਕਤਲੇਆਮ ਨੇ ਸਮੁੱਚੇ ਦੇਸ਼ ਵਾਸੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜੰਮੂ-ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਲੋਕਾਂ ਵਿੱਚ ਗੁੱਸੇ ਦੀ ਲਹਿਰ ਸੀ। ਇਸ ਘਟਨਾ ਪਿੱਛੇ ਪਾਕਿਸਤਾਨ ਦੀਆਂ ਦਹਿਸ਼ਤਗਰਦ ਜਥੇਬੰਦੀਆਂ ਦੀ ਸਾਜ਼ਿਸ਼ ਹੋਣ ਦੀ ਚਰਚਾ ਵਿਆਪਕ ਸੀ। ਪਾਕਿਸਤਾਨ ਦੀ ਸਰਕਾਰ ਨੇ ਵੀ ਕੋਈ ਸਹਿਯੋਗ ਅਤੇ ਸਪੱਸ਼ਟੀਕਰਨ ਨਹੀਂ ਸੀ ਦਿੱਤਾ। ਨਤੀਜੇ ਵਜੋਂ ਪਾਕਿਸਤਾਨ ਤੇ ਭਾਰਤ ਦਰਮਿਆਨ ਯੁੱਧ ਦੇ ਹਾਲਾਤ ਪੈਦਾ ਹੋਣੇ ਸ਼ੁਰੂ ਹੋ ਗਏ। ਭਾਰਤ ਭਰ ਵਿੱਚ ਹਰ ਵਿਅਕਤੀ ਦੀ ਜ਼ਬਾਨ 'ਤੇ ਇਸ ਘਿਨਾਉਣੇ ਵਾਕਿਆ ਦੀ ਅਤੇ ਯੁੱਧ ਦੀ ਚਰਚਾ ਜ਼ੋਰਾਂ 'ਤੇ ਸੀ। ਭਾਰਤੀ ਫੌਜਾਂ ਵੱਲੋਂ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ ਗਿਆ।ਬਦਲੇ ਵਿੱਚ ਪਾਕਿਸਤਾਨ ਨੇ ਵੀ ਡਰੋਨਾਂ ਅਤੇ ਹੋਰ ਹਥਿਆਰਾਂ ਨਾਲ ਜਵਾਬੀ ਕਾਰਵਾਈ ਕੀਤੀ, ਜਿਸ ਕਾਰਨ ਦੋਵੇਂ ਪਾਸੇ ਵੱਧ ਜਾਂ ਘੱਟ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਬਾਰਡਰ ਏਰੀਏ ਦੇ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਟਿਕਾਣਿਆਂ ਵੱਲ ਹਿਜਰਤ ਕਰਨੀ ਪਈ। ਭਾਵੇਂ ਜੰਗਬੰਦੀ ਭਾਵ ਸੀਜ਼ ਫਾਇਰ ਹੋ ਗਿਆ, ਪਰ ਅਜੇ ਵੀ ਕਈ ਕਿਸਮ ਦੇ ਪਏ ਪ੍ਰਭਾਵਾਂ ਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਨੂੰ ਨੀਵਾਂ ਵਿਖਾਉਣ ਵਰਗੀਆਂ ਬੇਥਵੀਆਂ ਟਿੱਪਣੀਆਂ ਆਦਿ ਦੀ ਚਰਚਾ ਹਰ ਦਿਨ ਚੱਲ ਰਹੀ ਹੈ। ਅਜਿਹੇ ਹਾਲਾਤ ਵਿੱਚ ਸਮੁੱਚੇ ਦੇਸ਼ ਵਾਸੀਆਂ ਦਾ ਧਿਆਨ ਇਸ ਪਾਸੇ ਜ਼ਿਆਦਾ ਕੇਂਦਰਤ ਹੋਇਆ ਚਲਿਆ ਆ ਰਿਹਾ ਹੈ। ਭਾਰਤ ਦੇ 10 ਕੇਂਦਰੀ ਟਰੇਡ ਯੂਨੀਅਨ ਸੰਗਠਨਾਂ ਤੇ ਸੁਤੰਤਰ ਫੈਡਰੇਸ਼ਨਾਂ ਵੱਲੋਂ 20 ਮਈ ਨੂੰ ਕੀਤੀ ਜਾਣ ਵਾਲੀ ਦੇਸ਼-ਵਿਆਪੀ ਹੜਤਾਲ ਦੀ ਸਰਗਰਮੀ ਵਿੱਚ ਕਾਫੀ ਵਿਘਨ ਪਿਆ, ਜਿਸ ਕਰਕੇ ਸਮੁੱਚੇ ਹਾਲਾਤ ਦਾ ਜਾਇਜ਼ਾ ਲੈਣ ਲਈ ਟਰੇਡ ਯੂਨੀਅਨਾਂ ਦੀ ਕੇਂਦਰੀ ਲੀਡਰਸ਼ਿਪ ਨੇ 15 ਮਈ ਨੂੰ ਮੀਟਿੰਗ ਕਰਕੇ ਜਾਇਜ਼ਾ ਲਿਆ ਅਤੇ ਇਸ ਹੜਤਾਲ ਨੂੰ 9 ਜੁਲਾਈ 'ਤੇ ਅੱਗੇ ਪਾ ਦਿੱਤਾ ਗਿਆ, ਪਰ ਨਾਲ ਹੀ ਅਪੀਲ ਕੀਤੀ ਕਿ ਇਸ ਦਿਨ 20 ਮਈ ਨੂੰ ਟਰੇਡ ਯੂਨੀਅਨਾਂ ਵੱਲੋਂ ਏਕਤਾਬੱਧ ਤਰੀਕੇ ਨਾਲ ਹਰ ਸੰਭਵ ਥਾਂ 'ਤੇ ਰੈਲੀਆਂ, ਮੁਜ਼ਾਹਰੇ, ਧਰਨੇ ਆਦਿ ਦਿੱਤੇ ਜਾਣ ਅਤੇ 9 ਜੁਲਾਈ ਦੀ ਹੜਤਾਲ ਦੀਆਂ ਤਿਆਰੀਆਂ ਦਾ ਸੱਦਾ ਦਿੱਤਾ ਜਾਵੇ।

## ਸਕੂਲਾਂ 'ਚ ਸ਼ੂਗਰ ਬੋਰਡ ਲਾਉਣ ਦੀ ਹਦਾਇਤ

**ਨਵੀਂ ਦਿੱਲੀ** : ਬੱਚਿਆਂ ਵਿੱਚ ਵਧ ਰਹੇ ਟਾਈਪ 2 ਡਾਇਬਟੀਜ਼ ਦੇ ਕੇਸਾਂ ਦਰਮਿਆਨ ਸੀ ਬੀ ਐੱਸ ਈ ਨੇ ਸਕੂਲਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਬੱਚਿਆਂ ਨੂੰ ਜ਼ਿਆਦਾ ਮਿੱਠਾ ਖਾਣ ਨਾਲ ਜੁੜੇ ਜੋਖਮਾਂ ਬਾਰੇ ਜਾਗਰੂਕ ਕਰਨ ਲਈ 'ਸ਼ੂਗਰ ਬੋਰਡ' ਲਗਾਉਣ। ਸੀ ਬੀ ਐੱਸ ਈ ਦੇ ਧਿਆਨ ਵਿਚ ਆਇਆ ਹੈ ਕਿ ਪਿਛਲੇ ਇਕ ਦਹਾਕੇ ਵਿੱਚ ਬੱਚਿਆਂ ਵਿਚ ਟਾਈਪ 2 ਡਾਇਬਟੀਜ਼ (ਸ਼ੱਕਰ ਰੋਗ) ਦੇ ਕੇਸਾਂ ਵਿੱਚ ਤੇਜ਼ੀ ਨਾਲ ਇਜ਼ਾਫਾ ਹੋਇਆ ਹੈ।

ਟਾਈਪ 2 ਡਾਇਬਟੀਜ਼ ਇਕ ਅਜਿਹੀ ਸਥਿਤੀ ਹੈ, ਜੋ ਪਹਿਲਾਂ ਬਾਲਗਾਂ ਵਿੱਚ ਦੇਖੀ ਜਾਂਦੀ ਸੀ।

### ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ਼ਹਿਰ **ਚੌਕੀਮਾਨ** ਤੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ 'ਤੇ 24 ਮਈ ਨੂੰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਇੰਜ. ਬਲਬੀਰ ਸਿੰਘ ਮਾਨ** ਨਾਲ ਮੋਬਾਇਲ 98155-89980, 98147-89980 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

## ਅੱਜ-ਨਾਮਾ

ਦਾਅ ਸਿਆਸਤ ਦਾ ਗਿਆ ਹੈ ਖੇਡ ਮੋਦੀ,
ਜੋੜ ਲਿਆ ਨਾਲ ਆ ਸ਼ਸ਼ੀ ਥਰੂਰ ਬੇਲੀ।
ਡੈਲੀਗੇਸ਼ਨ ਵਿੱਚ ਲਿਆ ਹੈ ਕਰ ਸ਼ਾਮਲ,
ਹੋਰਨਾਂ ਦੇਸ਼ਾਂ ਦਾ ਕਰਨ ਲਈ ਟੂਰ ਬੇਲੀ।
ਭਾਰਤ-ਪਾਕਿ ਦਾ ਜਿਵੇਂ ਟਕਰਾਅ ਸੀਗਾ,
ਜਾਣਾ ਈ ਕਰਨ ਭੁਲੇਖਾ ਸਭ ਦੂਰ ਬੇਲੀ।
ਕਾਂਗਰਸ ਆਗੂ ਜੇ ਖਿਝੇ ਤੇ ਖਿਝਣ ਦੇਵੋ,
ਨਰਿੰਦਰ ਮੋਦੀ ਦਾ ਸ਼ਸ਼ੀ ਮਸ਼ਕੂਰ ਬੇਲੀ।
ਨਾਲੇ ਟੱਕਰ ਦਾ ਪੱਖ ਜਿਹਾ ਪੇਸ਼ ਕਰਨਾ,
ਨਾਲੇ ਆਗੂ ਇੱਕ ਲਿਆ ਈ ਤੋੜ ਬੇਲੀ।
ਫਿਰਦੇ ਬੌਂਦਲੇ ਲੀਡਰ ਆ ਕਾਂਗਰਸ ਦੇ,
ਲਈ ਜਦ ਸ਼ਰੀਕ ਨੇ ਬਾਂਹ ਮਰੋੜ ਬੇਲੀ।

-ਤੀਸ ਮਾਰ ਖਾਂ

## ਮਾਈਕਰੋਸਾਫਟ ਨੇ ਇਜ਼ਰਾਈਲ ਨੂੰ ਜੰਗ 'ਚ ਏ ਆਈ ਸੇਵਾਵਾਂ ਦੇਣਾ ਮੰਨਿਆ

**ਵਾਸ਼ਿੰਗਟਨ** : ਤਕਨਾਲੋਜੀ ਖੇਤਰ ਦੀ ਵਿਸ਼ਾਲ ਕੰਪਨੀ 'ਮਾਈਕਰੋਸਾਫਟ' ਨੇ ਮੰਨਿਆ ਹੈ ਕਿ ਉਸ ਨੇ ਗਾਜ਼ਾ ਵਿਚ ਚੱਲ ਰਹੀ ਜੰਗ ਦੌਰਾਨ ਇਜ਼ਰਾਈਲੀ ਫੌਜ ਨੂੰ ਉੱਨਤ ਮਸਨੂਈ ਬੌਧਿਕਤਾ (ਏ ਆਈ) ਅਤੇ 'ਕਲਾਊਡ ਕੰਪਿਊਟਿੰਗ' ਸੇਵਾਵਾਂ ਵੇਚੀਆਂ ਹਨ। ਇਹ ਸੇਵਾਵਾਂ ਇਜ਼ਰਾਈਲੀ ਬੰਦੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਮਦਦਗਾਰ ਸਾਬਤ ਹੋਈਆਂ। ਹਾਲਾਂਕਿ, ਕੰਪਨੀ ਨੇ ਇਹ ਵੀ ਕਿਹਾ ਕਿ ਉਸ ਨੂੰ ਅਜੇ ਤੱਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਉਸ ਦੇ ਅਜ਼ੂਰ ਪਲੇਟਫਾਰਮ ਜਾਂ ਏ ਆਈ ਤਕਨੀਕਾਂ ਦੀ ਵਰਤੋਂ ਗਾਜ਼ਾ ਵਿੱਚ ਲੋਕਾਂ ਨੂੰ ਨਿਸ਼ਾਨਾ ਬਣਾਉਣ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ ਗਈ ਹੋਵੇ। ਮਾਈਕ੍ਰੋਸਾਫਟ ਨੇ ਆਪਣੀ ਕਾਰਪੋਰੇਟ ਵੈੱਬਸਾਈਟ 'ਤੇ ਪ੍ਰਕਾਸ਼ਤ ਇਕ 'ਬਲੌਗ ਪੋਸਟ' ਵਿੱਚ ਉਪਰੋਕਤ ਗੱਲ ਸਵੀਕਾਰ ਕੀਤੀ ਹੈ। ਹਾਲਾਂਕਿ ਇਸ ਪੋਸਟ ਹੇਠਾਂ ਕਿਸੇ ਵਿਅਕਤੀ ਦੇ ਦਸਤਖਤ ਨਹੀਂ ਹਨ, ਪਰ ਕੰਪਨੀ ਨੇ ਜੰਗ ਵਿੱਚ ਆਪਣੀ ਸ਼ਮੂਲੀਅਤ ਨੂੰ ਜਨਤਕ ਤੌਰ 'ਤੇ ਪਹਿਲੀ ਵਾਰ ਸਵੀਕਾਰ ਕੀਤਾ ਹੈ।

ਖਬਰ ਏਜੰਸੀ 'ਐਸੋਸੀਏਟਡ ਪ੍ਰੈੱਸ' (ਏ ਪੀ) ਵੱਲੋਂ ਤਿੰਨ ਮਹੀਨੇ ਪਹਿਲਾਂ ਕੀਤੀ ਗਈ ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਅਮਰੀਕੀ ਕੰਪਨੀ 'ਮਾਈਕਰੋਸਾਫਟ' ਦੀ ਇਜ਼ਰਾਈਲੀ ਰੱਖਿਆ ਮੰਤਰਾਲੇ ਨਾਲ ਗੂੜ੍ਹੀ ਸਾਂਝ ਹੈ ਅਤੇ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਤੋਂ ਬਾਅਦ ਵਪਾਰਕ ਏ ਆਈ ਉਤਪਾਦਾਂ ਦੀ ਫੌਜੀ ਵਰਤੋਂ ਕਰੀਬ 200 ਗੁਣਾਂ ਵਧੀ ਸੀ।

ਖਬਰ ਏਜੰਸੀ ਨੇ ਦੱਸਿਆ ਸੀ ਕਿ ਇਜ਼ਰਾਈਲੀ ਫੌਜ ਉੱਚ ਪੱਧਰੀ ਨਿਗਰਾਨੀ ਰਾਹੀਂ ਇਕੱਠੀ ਕੀਤੀ ਗਈ ਖੁਫੀਆ ਜਾਣਕਾਰੀ ਨੂੰ ਲਿਖਣ ਅਤੇ ਅਨੁਵਾਦ ਕਰਨ ਲਈ ਅਜ਼ੂਰ ਪਲੇਟਫਾਰਮ ਦੀ ਵਰਤੋਂ ਕਰਦੀ ਹੈ। ਇਹ ਭਾਈਵਾਲੀ ਇਜ਼ਰਾਈਲ, ਯੂਕਰੇਨ ਅਤੇ ਅਮਰੀਕਾ ਸਮੇਤ ਕਈ ਦੇਸ਼ਾਂ ਵਿੱਚ ਫੌਜਾਂ ਨੂੰ ਮਸਨੂਈ ਬੌਧਿਕਤਾ (ਏ ਆਈ) ਉਤਪਾਦ ਵੇਚਣ ਲਈ ਤਕਨਾਲੋਜੀ ਕੰਪਨੀਆਂ ਦੇ ਵਧ ਰਹੇ ਯਤਨਾਂ ਨੂੰ ਦਰਸਾਉਂਦੀ ਹੈ। ਉਧਰ, ਮਨੁੱਖੀ ਅਧਿਕਾਰ ਸੰਗਠਨਾਂ ਨੇ ਫਿਕਰ ਜਤਾਇਆ ਹੈ ਕਿ ਏ ਆਈ ਸਿਸਟਮ ਗਲਤ ਹੋ ਸਕਦੇ ਹਨ, ਪਰ ਇਨ੍ਹਾਂ ਦੀ ਵਰਤੋਂ ਇਹ ਫੈਸਲਾ ਕਰਨ ਲਈ ਕੀਤੀ ਜਾ ਰਹੀ ਹੈ ਕਿ ਕਿਸ ਨੂੰ ਜਾਂ ਕਿਸ ਚੀਜ਼ ਨੂੰ ਨਿਸ਼ਾਨਾ ਬਣਾਇਆ ਜਾਵੇ, ਜਿਸ ਕਰਕੇ ਬੇਕਸੂਰ ਲੋਕਾਂ ਦੀ ਮੌਤ ਹੋ ਰਹੀ ਹੈ।

ਮਾਈਕਰੋਸਾਫਟ ਨੇ ਵੀਰਵਾਰ ਕਿਹਾ ਕਿ ਕਰਮਚਾਰੀਆਂ ਦੇ ਫਿਕਰਾਂ ਅਤੇ ਕਈ ਮੀਡੀਆ ਰਿਪੋਰਟਾਂ ਦੇ ਮੱਦੇਨਜ਼ਰ ਕੰਪਨੀ ਨੇ ਅੰਦਰੂਨੀ ਸਮੀਖਿਆ ਸ਼ੁਰੂ ਕੀਤੀ ਹੈ ਅਤੇ ਹੋਰ ਜਾਂਚ ਲਈ ਇੱਕ ਬਾਹਰੀ ਕੰਪਨੀ ਨਿਯੁਕਤ ਕੀਤੀ ਹੈ। ਹਾਲਾਂਕਿ ਕੰਪਨੀ ਵੱਲੋਂ ਬਿਆਨ ਵਿੱਚ ਇਸ ਬਾਹਰੀ ਕੰਪਨੀ ਦਾ ਨਾਂਅ ਨਹੀਂ ਦੱਸਿਆ ਗਿਆ ਅਤੇ ਨਾ ਹੀ ਰਿਪੋਰਟ ਦੀ ਕੋਈ ਕਾਪੀ ਦਿੱਤੀ ਗਈ ਹੈ। ਕੰਪਨੀ ਨੇ ਬਿਆਨ ਵਿੱਚ ਕਿਹਾ ਕਿ ਉਸ ਨੇ ਇਜ਼ਰਾਈਲੀ ਫੌਜ ਨੂੰ ਸਾਫਟਵੇਅਰ, ਪੇਸ਼ੇਵਰ ਸੇਵਾਵਾਂ, 'ਅਜ਼ੂਰ ਕਲਾਊਡ ਸਟੋਰੇਜ' ਅਤੇ ਭਾਸ਼ਾ ਅਨੁਵਾਦ ਸਮੇਤ ਅਜ਼ੂਰ ਏ ਆਈ ਸੇਵਾਵਾਂ ਪ੍ਰਦਾਨ ਕੀਤੀਆਂ ਅਤੇ ਇਜ਼ਰਾਈਲੀ ਸਰਕਾਰ ਨਾਲ ਮਿਲ ਕੇ ਬਾਹਰੀ ਖਤਰਿਆਂ ਤੋਂ 'ਸਾਈਬਰਸਪੇਸ' ਦੀ ਰੱਖਿਆ ਕਰਨ ਲਈ ਕੰਮ ਕੀਤਾ। ਮਾਈਕਰੋਸਾਫਟ ਨੇ ਕਿਹਾ ਕਿ 7 ਅਕਤੂਬਰ 2023 ਨੂੰ ਹਮਾਸ ਵੱਲੋਂ ਬੰਦੀ ਬਣਾਏ ਗਏ 250 ਤੋਂ ਵੱਧ ਲੋਕਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਤਹਿਤ ਉਸ ਨੇ ਇਜ਼ਰਾਈਲ ਨੂੰ ਵਪਾਰਕ ਸਮਝੌਤਿਆਂ ਦੀਆਂ ਸ਼ਰਤਾਂ ਤੋਂ ਉੱਪਰ ਤਕਨੀਕ ਤੱਕ ਵਿਸ਼ੇਸ਼ ਪਹੁੰਚ ਅਤੇ ਸੀਮਤ ਹੰਗਾਮੀ ਸਹਾਇਤਾ ਵੀ ਦਿੱਤੀ।

ਕੰਪਨੀ ਨੇ ਕਿਹਾ, 'ਸਾਡਾ ਵਿਸ਼ਵਾਸ ਹੈ ਕਿ ਅਸੀਂ ਆਪਣੇ ਸਿਧਾਂਤਾਂ ਦੀ ਸਾਵਧਾਨੀ ਅਤੇ ਸੋਚ-ਵਿਚਾਰ ਨਾਲ ਪਾਲਣਾ ਕੀਤੀ, ਤਾਂ ਜੋ ਬੰਦੀਆਂ ਦੀ ਜ਼ਿੰਦਗੀ ਬਚਾਈ ਜਾ ਸਕੇ ਅਤੇ ਨਾਲ ਹੀ ਗਾਜ਼ਾ ਵਿੱਚ ਆਮ ਨਾਗਰਿਕਾਂ ਦੀ ਨਿੱਜਤਾ ਅਤੇ ਹੋਰ ਅਧਿਕਾਰਾਂ ਦਾ ਆਦਰ ਕੀਤਾ ਜਾ ਸਕੇ।' ਜ਼ਿਕਰਯੋਗ ਹੈ ਕਿ ਮਾਈਕਰੋਸਾਫਟ ਤੋਂ ਇਲਾਵਾ,ਇਜ਼ਰਾਈਲੀ ਫੌਜ ਨੇ ਗੂਗਲ, ਐਮੇਜ਼ੋਨ, ਪੈਲੈਂਟੀਅਰ ਅਤੇ ਹੋਰ ਕਈ ਪ੍ਰਮੁੱਖ ਅਮਰੀਕੀ ਟੈਕਨਾਲੋਜੀ ਕੰਪਨੀਆਂ ਨਾਲ ਕਲਾਊਡ ਜਾਂ ਏ ਆਈ ਸੇਵਾਵਾਂ ਲਈ ਵਿਸ਼ਾਲ ਸਮਝੌਤੇ ਕੀਤੇ ਹਨ।

ਮਾਈਕਰੋਸਾਫਟ ਨੇ ਕਿਹਾ ਕਿ ਇਜ਼ਰਾਈਲੀ ਫੌਜ ਹੋਰ ਗਾਹਕਾਂ ਵਾਂਗ ਕੰਪਨੀ ਦੀ ਮਨਜ਼ੂਰਸ਼ੁਦਾ ਵਰਤੋਂ ਨੀਤੀ ਅਤੇ ਏ ਆਈ ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੈ, ਜੋ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣ ਵਾਲੀ ਉਤਪਾਦ ਵਰਤੋਂ ਨੂੰ ਕਾਨੂੰਨੀ ਤੌਰ 'ਤੇ ਰੋਕਦੀ ਹੈ। ਕੰਪਨੀ ਨੇ ਇਹ ਵੀ ਕਿਹਾ ਹੈ ਕਿ ਉਸ ਨੂੰ ਕੋਈ ਸਬੂਤ ਨਹੀਂ ਮਿਲਿਆ ਕਿ ਇਜ਼ਰਾਈਲੀ ਫੌਜ ਨੇ ਇਹ ਸ਼ਰਤਾਂ ਤੋੜੀਆਂ ਹਨ।

## ਕੁੜੀ ਛੇੜਨ 'ਤੇ ਭਾਰਤੀ ਸੈਲਾਨੀ ਨੂੰ ਤਿੰਨ ਮਹੀਨੇ ਦੀ ਸਜ਼ਾ

**ਸਿੰਗਾਪੁਰ** : ਇੱਥੇ 25 ਸਾਲਾ ਭਾਰਤੀ ਸੈਲਾਨੀ ਪ੍ਰਮੇਂਦਰ ਨੂੰ ਸਵੀਮਿੰਗ ਕੰਪਲੈਕਸ ਵਿੱਚ 12 ਸਾਲ ਦੀ ਕੁੜੀ ਨਾਲ ਛੇੜਛਾੜ ਕਰਨ ਅਤੇ ਇੰਸਟਾਗ੍ਰਾਮ 'ਤੇ ਇਤਰਾਜ਼ਯੋਗ ਸੁਨੇਹੇ ਭੇਜਣ ਦੇ ਦੋਸ਼ 'ਚ ਤਿੰਨ ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

13 ਇਤਰਾਜ਼ਯੋਗ ਸੁਨੇਹੇ ਦੇਖ ਕੇ ਕੁੜੀ ਡਰ ਗਈ ਅਤੇ ਡਿਊਟੀ 'ਤੇ ਮੌਜੂਦ ਲਾਈਫਗਾਰਡ ਨੂੰ ਘਟਨਾ ਦੀ ਜਾਣਕਾਰੀ ਦਿੱਤੀ। ਪੀੜਤਾ ਦੀ ਮਾਂ ਨੇ ਬਾਅਦ ਵਿੱਚ ਪੁਲਸ ਕੋਲ ਸ਼ਿਕਾਇਤ ਕੀਤੀ, ਜਿਸ ਤੋਂ ਬਾਅਦ ਪ੍ਰਮੇਂਦਰ ਨੂੰ 2 ਅਪ੍ਰੈਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਸਿੰਗਾਪੁਰ ਦੇ ਕਾਨੂੰਨ ਦੇ ਅਨੁਸਾਰ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਅਸ਼ਲੀਲ ਹਰਕਤਾਂ ਕਰਨ ਦੀ ਸਜ਼ਾ ਸੱਤ ਸਾਲ ਤੱਕ ਦੀ ਕੈਦ, 10000 ਸਿੰਗਾਪੁਰੀ ਡਾਲਰ ਤੱਕ ਦਾ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

CMYK

## ਡਰੋਨ ਹਮਲੇ 'ਚ ਮਾਰੀ ਗਈ ਮਹਿਲਾ ਸੁਖਵਿੰਦਰ ਕੌਰ ਦੇ ਪਰਵਾਰ ਨਾਲ ਈਮਾਨ ਸਿੰਘ ਨੇ ਕੀਤਾ ਦੁੱਖ ਸਾਂਝਾ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਪਿੰਡ ਖਾਈ ਫਿਰੋਜ਼ਪੁਰ 'ਚ ਹਾਲ ਹੀ ਵਿੱਚ ਮਿਜ਼ਾਈਲ ਦਾ ਮਲਬਾ ਵੱਜਣ ਕਾਰਨ ਹੋਈ ਇੱਕ ਨਿਰਦੋਸ਼ ਨਾਗਰਿਕ ਦੀ ਮੌਤ ਦੇਖ ਕੇ ਸਾਡਾ ਦਿਲ ਦੁਖੀ ਹੈ।ਇਹ ਹਾਦਸਾ ਸਿਰਫ ਇੱਕ ਵਿਅਕਤੀ ਦੀ ਮੌਤ ਨਹੀਂ, ਸਗੋਂ ਪੰਜਾਬ ਦੀ ਜੰਗੀ ਨਾਜ਼ੁਕਤਾ ਅਤੇ ਭਾਰਤ-ਪਾਕਿਸਤਾਨ ਟਕਰਾਅ ਦੀਆਂ ਲਾਈਨਾਂ 'ਤੇ ਬੈਠੇ ਹੋਣ ਦਾ ਸਾਖਸ਼ਾਤ ਸਬੂਤ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਈਮਾਨ ਸਿੰਘ ਕਾਰਜ ਕਮੇਟੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਅੱਜ ਪਿੰਡ ਖਾਈ ਫੇਮੇ ਕੀ ਵਿਖੇ ਡਰੋਨ ਹਮਲੇ ਵਿਚ ਮਾਰੀ ਗਈ ਮਹਿਲਾ ਸੁਖਵਿੰਦਰ ਕੌਰ ਦੇ ਪਰਵਾਰਕ ਮੈਂਬਰਾਂ ਨਾਲ ਕੀਤਾ।ਉਨ੍ਹਾਂ ਆਖਿਆ ਕਿ ਚਾਹੇ 1947 ਹੋਵੇ, 1965, 1971 ਜਾਂ ਅੱਜ ਦਾ ਸਮਾਂ ਹਰ ਵਾਰ ਪੰਜਾਬ ਦੇ ਕਿਸਾਨ, ਮਜ਼ਦੂਰ ਤੇ ਨਿਰਦੋਸ਼ ਲੋਕ ਹੀ ਜੰਗਾਂ ਦੇ ਸਭ ਤੋਂ ਵੱਡੇ ਸ਼ਿਕਾਰ ਬਣੇ ਹਨ।ਪਿੰਡ ਖਾਈ 'ਚ ਹੋਈ ਇਹ ਮੌਤ ਸਾਡੀ ਸੰਵਿਧਾਨਕ ਅਤੇ ਸਿਆਸੀ ਮੁਆਵਜ਼ੇ ਦੀ ਗੰਭੀਰਤਾ ਨੂੰ ਬੇਨਕਾਬ ਕਰਦੀ ਹੈ। ਅਸੀਂ ਮੰਗ ਕਰਦੇ ਹਾਂ ਕਿ ਭਾਰਤ ਸਰਕਾਰ ਤੁਰੰਤ ਇੱਕ ਐਸਾ ਕਾਨੂੰਨ ਲਿਆਵੇ ਜੋ ਜੰਗ ਜਾਂ ਜੰਗ ਨਾਲ ਸੰਬੰਧਤ ਹਾਦਸਿਆਂ ਕਰਕੇ ਮਰਨ ਵਾਲੇ ਆਮ ਨਾਗਰਿਕਾਂ ਦੇ ਪਰਵਾਰਾਂ ਨੂੰ 2.5 ਕਰੋੜ ਦਾ ਮੁਆਵਜ਼ਾ ਦੇਵੇ। ਜ਼ਖ਼ਮੀਆਂ, ਅਪੰਗ ਹੋਣ ਵਾਲਿਆਂ, ਘਰ ਬਰਬਾਦ ਹੋਣ ਵਾਲਿਆਂ ਅਤੇ ਰੋਜ਼ਗਾਰ ਗੁਆਚਣ ਵਾਲਿਆਂ ਨੂੰ ਅਨੁਪਾਤਕ ਮੁਆਵਜ਼ਾ ਦਿੱਤਾ ਜਾਵੇ।ਇਹ ਮੁਆਵਜ਼ਾ ਤੁਰੰਤ ਅਤੇ 90 ਦਿਨਾਂ ਦੇ ਅੰਦਰ ਅੰਦਰ ਦਿੱਤਾ ਜਾਵੇ।ਇਸ ਮੌਕੇ ਗੁਰਚਰਨ ਸਿੰਘ ਭੁੱਲਰ ਪ੍ਰਧਾਨ, ਮੋਹਨ ਸਿੰਘ ਨਿਆਮੀਵਾਲਾ, ਬੋਹੜ ਸਿੰਘ ਬਿੰਦ, ਦਰਸ਼ਨ ਸਿੰਘ ਦਿਉਲ, ਤੇਜਿੰਦਰ ਸਿੰਘ, ਅੰਗਰੇਜ਼ ਸਿੰਘ, ਸੁਰਿੰਦਰ ਸਿੰਘ, ਡਾ. ਜਗਰੂਪ ਸਿੰਘ, ਗੁਰਭੇਜ ਸਿੰਘ ਅਤੇ ਸੁਰਜਨ ਸਿੰਘ ਆਦਿ ਹਾਜ਼ਰ ਸਨ।

## ਪੁਰਾਤੱਤਵ ਵਿਭਾਗ ਨੇ ਮੁਬਾਰਕ ਮੰਜ਼ਿਲ ਮਹਿਲ ਦਾ ਕਬਜ਼ਾ ਲਿਆ

### ਆਖ਼ਰੀ ਬੇਗ਼ਮ ਮਰਹੂਮ ਮੁਨੱਵਰ-ਉਨ-ਨਿਸਾ ਦੀ ਪੋਤੀ ਨੂੰ ਪਰਵਾਰ ਸਮੇਤ ਬਾਹਰ ਕੱਢ ਕੇ ਤਾਲੇ ਲਾਏ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਰਿਆਸਤ ਮਾਲੇਰਕੋਟਲਾ ਮਾਲੇਰਕੋਟਲਾ ਦੇ ਆਖ਼ਰੀ ਸ਼ਾਸਕ ਨਵਾਬ ਇਫ਼ਤਿਖਾਰ ਅਲੀ ਖਾਨ ਦੀ ਆਖ਼ਰੀ ਬੇਗ਼ਮ ਮੁਨੱਵਰ-ਉਨ-ਨਿਸਾ ਦੀ ਰਿਹਾਇਸ਼ਗਾਹ ਰਹੇ ਸ਼ਾਹੀ ਮਹਿਲ ਮੁਬਾਰਕ ਮੰਜ਼ਲ 'ਤੇ ਅੱਜ ਪੰਜਾਬ ਦੇ ਪੁਰਾਤੱਤਵ ਤੇ ਸੱਭਿਆਚਾਰਕ ਮਾਮਲੇ ਵਿਭਾਗ ਨੇ ਮੁਕੰਮਲ ਕਬਜ਼ਾ ਕਰ ਲਿਆ। ਡਿਊਟੀ ਮੈਜਿਸਟਰੇਟ ਰਿਤੂ ਗੁਪਤਾ ਤਹਿਸੀਲਦਾਰ ਮਾਲੇਰਕੋਟਲਾ ਦੀ ਮੌਜੂਦਗੀ ਵਿੱਚ ਵਿਭਾਗ ਦੇ ਅਧਿਕਾਰੀਆਂ ਨੇ ਬੇਗ਼ਮ ਮੁਨੱਵਰ-ਉਨ-ਨਿਸਾ ਦੀ ਰਿਸ਼ਤੇ ਵਿੱਚ ਪੋਤੀ ਤੇ ਇਕਲੌਤੀ ਵਾਰਿਸ ਹੋਣ ਦਾ ਦਾਅਵਾ ਕਰ ਰਹੀ ਮਹਿਰੂ ਨਿਸਾ ਨੂੰ ਉਸ ਦੇ ਪਰਵਾਰ ਸਮੇਤ ਮਹਿਲ ਵਿੱਚੋਂ ਬਾਹਰ ਕੱਢ ਕੇ ਤਾਲੇ ਲਗਾ ਦਿੱਤੇ। ਬੇਗ਼ਮ ਮੁਨੱਵਰ-ਉਨ-ਨਿਸਾ ਦਾ 27 ਅਕਤੂਬਰ 2023 ਨੂੰ 102 ਸਾਲ ਦੀ ਉਮਰ ਵਿੱਚ ਇੰਤਕਾਲ ਹੋ ਗਿਆ ਸੀ। ਤਹਿਸੀਲਦਾਰ ਰਿਤੂ ਗੁਪਤਾ ਨੇ ਦੱਸਿਆ ਕਿ ਮਹਿਲ ਦੇ ਇੱਕ ਹਿੱਸੇ ਵਿੱਚ ਨਾਜਾਇਜ਼ ਬੈਠੇ ਬੰਦਿਆਂ ਨੂੰ ਡੀਸੀ ਦੇ ਹੁਕਮਾਂ ਅਨੁਸਾਰ ਹਟਾਇਆ ਗਿਆ ਹੈ। ਮਹਿਲ ਵਿੱਚੋਂ ਬਾਹਰ ਕੱਢਣ ਤੋਂ ਪਹਿਲਾਂ ਪਰਵਾਰ ਨੂੰ ਕੋਈ ਨੋਟਿਸ ਦੇਣ ਸਬੰਧੀ ਉਹ ਕੋਈ ਸਪੱਸ਼ਟ ਜਵਾਬ ਨਹੀਂ ਦੇ ਸਕੇ। ਮਰਹੂਮ ਬੇਗ਼ਮ ਮੁਨੱਵਰ-ਉਨ-ਨਿਸਾ ਦੀ ਪੋਤੀ ਵਜੋਂ ਇੱਕੋ-ਇੱਕ ਵਾਰਿਸ ਹੋਣ ਦਾ ਦਾਅਵਾ ਕਰ ਰਹੀ ਮਹਿਰੂ ਨਿਸਾ ਨੇ ਦੋਸ਼ ਲਾਇਆ ਕਿ ਅਧਿਕਾਰੀਆਂ ਨੇ ਉਨ੍ਹਾਂ ਨੂੰ ਕੋਈ ਨੋਟਿਸ ਦਿੱਤੇ ਬਗ਼ੈਰ ਹੀ ਅੱਜ ਪੰਜ ਵਜੇ ਪਰਵਾਰ ਸਮੇਤ ਮਹਿਲ ਵਿੱਚੋਂ ਬਾਹਰ ਕੱਢ ਦਿੱਤਾ। ਇਸ ਦੌਰਾਨ ਮਹਿਰੂ ਨਿਸਾ ਨੇ ਬੇਗ਼ਮ ਵੱਲੋਂ 07.02.2023 ਨੂੰ ਕੀਤਾ ਵਸੀਅਤਨਾਮਾ ਪੇਸ਼ ਕਰ ਕੇ ਬੇਗ਼ਮ ਦੀ ਚੱਲ-ਅਚੱਲ ਸੰਪਤੀ ਦੀ ਮਾਲਕ ਹੋਣ ਦਾ ਦਾਅਵਾ ਕਰਦਿਆਂ ਦੱਸਿਆ ਕਿ ਉਸ ਦਾ ਸਾਰਾ ਪਰਵਾਰ ਸੰਨ 1982-83 ਤੋਂ ਬੇਗ਼ਮ ਦੇ ਨਾਲ ਹੀ ਇਸ ਮਹਿਲ ਵਿੱਚ ਰਹਿ ਰਿਹਾ ਹੈ। ਉਸ ਨੇ ਦੋਸ਼ ਲਾਇਆ ਕਿ ਉਸ ਦੀ ਅਧਰੰਗ ਤੋਂ ਪੀੜਤ ਮਾਂ ਨੂੰ ਵੀ ਬਾਹਰ ਕੱਢ ਦਿੱਤਾ ਗਿਆ ਹੈ ਤੇ ਉਸ ਦੀਆਂ ਦਵਾਈਆਂ ਤੇ ਪਰਵਾਰ ਦੇ ਕੱਪੜੇ ਵਗੈਰਾ ਵੀ ਚੁੱਕਣ ਨਹੀਂ ਦਿੱਤੇ ਗਏ।

## ਖੁੱਡੇ ਲਾਈਨ ਲਾਏ 'ਭਮੱਕੜ' ਹੋਰ ਪਾਰਟੀਆਂ ਦਾ ਸਹਾਰਾ ਲੈਣ ਲਈ ਮਜਬੂਰ

**ਬਠਿੰਡਾ (ਰਾਜੀਵ ਗੋਇਲ)**-2014 ਦੀਆਂ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਦੇ ਆਮ ਆਦਮੀ ਪਾਰਟੀ ਅੰਦਰ ਕੰਮ ਕਰ ਰਹੇ ਆਗੂ ਜਿਨ੍ਹਾਂ ਨੂੰ ਆਮ ਤੌਰ 'ਤੇ ਸੂਬੇ ਦੇ ਮੁੱਖ ਮੰਤਰੀ 'ਭਮੱਕੜ' ਨਾਂਅ ਤੋਂ ਨਿਵਾਜਦੇ ਹਨ, ਖੁੱਡੇ ਲਾਇਨ ਲਾ ਦਿੱਤੇ ਗਏ ਹਨ। ਇਨ੍ਹਾਂ ਆਗੂਆਂ ਵਿੱਚੋਂ ਕੁਝ ਕੁ ਆਗੂ ਤਾਂ ਘਰਾਂ ਵਿੱਚ ਹੀ ਬੈਠ ਗਏ ਹਨ ਅਤੇ ਕੁਝ ਆਗੂ ਹੋਰਾਂ ਪਾਰਟੀਆਂ ਦਾ ਸਹਾਰਾ ਲੈਂਦੇ ਦਿਖਾਈ ਦੇ ਰਹੇ ਹਨ ਅਤੇ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਹਲਕਾ ਰਾਮਪੁਰਾ ਫੂਲ ਦੇ ਇੱਕ ਪੁਰਾਣੇ ਆਪ ਆਗੂ ਨੇ ਦੁੱਖੜੇ ਰੋਂਦੇ ਹੋਏ ਕਿਹਾ ਕਿ ਜਿਵੇਂ ਪਾਰਟੀ ਹਾਈਕਮਾਨ ਵੱਲੋਂ ਕਿਹਾ ਗਿਆ ਸੀ ਕਿ ਦਰੀਆਂ ਵਿਛਾਉਣ ਵਾਲੇ ਤੇ ਛੋਲੇ ਭਟੂਰੇ ਖਾਣ ਵਾਲੇ ਮਜ਼ਦੂਰਾਂ ਨੂੰ ਟਿਕਟਾਂ ਦੇ ਕੇ ਨਿਵਾਜਿਆ ਜਾਵੇਗਾ, ਉਹ ਵਾਅਦੇ ਤਾਂ ਸਿਰਫ਼ ਗੱਲਾਂ ਦੇ ਕੜਾਹ ਬਣਾਏ ਜਾਣ ਤੱਕ ਹੀ ਸੀਮਿਤ ਰਹਿ ਗਏ। ਇੱਥੋਂ ਤੱਕ ਪਾਰਟੀ ਲਈ ਦਰੀਆਂ ਵਿਛਾਉਣ ਵਾਲੇ ਆਗੂਆਂ ਨੂੰ ਖੁੱਡੇ ਲਾਈਨ ਲਾ ਕੇ ਘਰ ਬੈਠਨ ਲਈ ਮਜਬੂਰ ਕਰ ਦਿੱਤਾ ਗਿਆ ਹੈ ਤੇ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਮੋਹਰੀ ਬਣਾ ਦਿੱਤਾ ਹੈ।

## ਚੋਰੀਆਂ ਕਰਨ ਵਾਲੇ ਗਰੋਹ ਦੇ 6 ਮੈਂਬਰ ਗ੍ਰਿਫ਼ਤਾਰ

### ਟਰੈਕਟਰ, ਰੋਟਾਵੇਟਰ, 6 ਮੋਟਰਸਾਈਕਲ ਤੇ 6 ਮੋਬਾਇਲ ਬਰਾਮਦ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ੍ਰੀ ਮਨੋਜ ਗੋਰਸੀ ਡੀ.ਐੱਸ.ਪੀ. ਸਿਟੀ-2 ਪਟਿਆਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਟਿਆਲਾ ਪੁਲਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਗਈ ਮੁਹਿੰਮ ਤਹਿਤ ਸੁਖਦੇਵ ਸਿੰਘ ਥਾਣਾ ਮੁਖੀ ਬਖਸ਼ੀਵਾਲਾ ਤੇ ਏ ਐੱਸ ਆਈ ਹਰਬੰਸ ਸਿੰਘ ਇੰਚਾਰਜ ਚੌਕੀ ਸੈਂਚੁਰੀ ਇਨਕਲੇਵ ਪਟਿਆਲਾ ਸਮੇਤ ਪੁਲਸ ਟੀਮ ਵੱਲੋਂ ਪਿੰਡ ਰੱਖੜਾ, ਨਵਾਂ ਰੱਖੜਾ ਤੇ ਕਲਿਆਣ ਦੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਰੋਹ ਦੇ 6 ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਇੱਕ ਟਰੈਕਟਰ ਫਾਰਮਟਰੈਕ 60, 1 ਰੋਟਾਵੇਟਰ, 6 ਮੋਟਰਸਾਈਕਲ, 6 ਮੋਬਾਇਲ ਫੋਨ ਬ੍ਰਾਮਦ ਕਰਕੇ ਮੁਕੱਦਮਾ ਨੰਬਰ 37/25 ਥਾਣਾ ਬਖਸ਼ੀਵਾਲਾ ਦਰਜ ਰਜਿਸਟਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਇੱਕ 6 ਵਿਅਕਤੀਆਂ ਦਾ ਗਰੋਹ ਹੈ, ਜੋ ਇੱਕਠੇ ਹੋ ਕੇ ਵੱਖ ਵੱਖ ਚੋਰੀਆਂ ਕਰਦੇ ਹਨ, ਜਿਸ ਵਿੱਚ ਇਹ ਗਰੁੱਪ ਰਾਹਗੀਰਾਂ ਪਾਸੋਂ ਤੇ ਘਰਾਂ ਦੇ ਬਾਹਰ ਅਤੇ ਹੋਰ ਥਾਵਾਂ 'ਤੇ ਖੜੇ ਵਾਹਨ ਜਿਵੇਂ ਮੋਟਰਸਾਈਕਲ, ਟਰੈਕਟਰ, ਖੇਤੀਬਾੜੀ ਵਾਲੇ ਸਾਧਨ ਚੋਰੀ ਕਰਕੇ ਫਿਰ ਸਾਰਾ ਚੋਰੀ ਕੀਤਾ ਸਾਮਾਨ ਇੱਕਠਾ ਕਰਕੇ ਵੇਚ ਦਿੰਦੇ ਹਨ ਅਤੇ ਪੈਸੇ ਸਾਰੇ ਆਪਸ ਵਿੱਚ ਵੰਡ ਲੈਂਦੇ ਹਨ।ਵਿਕਰਮ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਨਵਾਂ ਰੱਖੜਾ ਥਾਣਾ ਬਖ਼ਸ਼ੀਵਾਲਾ, ਪਰਮਿੰਦਰ ਸਿੰਘ ਉਰਫ ਮੱਖਣ ਪੁੱਤਰ ਹਰਦੇਵ ਸਿੰਘ ਉਰਫ ਵਿੱਕੀ ਵਾਸੀ ਕਲਿਆਣ ਥਾਣਾ ਬਖ਼ਸ਼ੀਵਾਲਾ, ਗਗਨਦੀਪ ਸਿੰਘ ਉਰਫ ਗੱਗੂ ਪੁੱਤਰ ਵਿਕਰਮਜੀਤ ਸਿੰਘ ਵਾਸੀ ਨਵਾਂ ਰੱਖੜਾ ਥਾਣਾ ਬਖ਼ਸ਼ੀਵਾਲਾ, ਸੁਖਵੀਰ ਸਿੰਘ ਉਰਫ ਸੁੱਖੀ ਪੁੱਤਰ ਨਿਰਭੈ ਸਿੰਘ ਵਾਸੀ ਰੱਖੜਾ ਥਾਣਾ ਬਖ਼ਸ਼ੀਵਾਲਾ, ਬੌਬੀ ਸਿੰਘ ਪੁੱਤਰ ਵਿਕਰਮਜੀਤ ਸਿੰਘ ਵਾਸੀ ਰੱਖੜਾ ਥਾਣਾ ਬਖ਼ਸ਼ੀਵਾਲਾ, ਸਤਨਾਮ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਨਵਾਂ ਰੱਖੜਾ ਥਾਣਾ ਬਖ਼ਸ਼ੀਵਾਲਾ ਕੋਲੋਂ ਇੱਕ ਟਰੈਕਟਰ ਫਾਰਮਟਰੈਕ 60,1 ਰੋਟਾਵੇਟਰ, 6 ਮੋਟਰਸਾਈਕਲ, 6 ਮੋਬਾਇਲ ਫੋਨ ਬ੍ਰਾਮਦ ਕੀਤੇ ਗਏ ਹਨ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਫਰੈਸ਼ਰ ਪਾਰਟੀ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਵਿਹੜੇ ਨਿੱਕੇ ਕਦਮੀਂ ਦਾਖਲ ਹੋਏ ਨਰਸਰੀ ਜਮਾਤ ਦੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਦੀ ਇਕ ਫਰੈਸ਼ਰ ਪਾਰਟੀ ਕਰਵਾਈ ਗਈ, ਜਿਸ ਵਿੱਚ ਇਨ੍ਹਾਂ ਵਿਦਿਆਰਥੀਆਂ ਵੱਲੋਂ ਆਪਣੇ ਅੰਦਰ ਦੀ ਤੋਤਲੀ ਜ਼ੁਬਾਨ ਦੀ ਕਲਾ ਨੂੰ ਮੰਚ 'ਤੇ ਸਾਰਿਆਂ ਦੇ ਸਾਹਮਣੇ ਰੱਖਿਆ। ਵਿਦਿਆਰਥੀਆਂ ਨੇ ਪਾਈ ਹੋਈ ਡਰੈਸ ਨਾਲ ਸਭ ਦਾ ਮਨ ਮੋਹ ਲਿਆ। ਇਨ੍ਹਾਂ ਵਿਚਕਾਰ ਰੱਖੇ ਛੋਟੇ ਮੁਕਾਬਲਿਆਂ ਵਿੱਚੋਂ ਮਿਸਟਰ ਫਰੈਸ਼ਰ ਤੇ ਗੁਰਸਾਂਝ ਸਿੰਘ ਅਤੇ ਮਿਸ ਫਰੈਸ਼ਰ ਹਰਸੀਰਤ ਕੌਰ ਨੂੰ ਐਲਾਨਿਆ ਗਿਆ। ਇਸ ਦੇ ਨਾਲ ਹੀ ਫਸਟ ਰਨਰਅੱਪ ਗੁਰਸਾਂਝ ਕੌਰ, ਸੈਕਿੰਡ ਰਨਰਅੱਪ ਮੌਲਿਕ ਕਥੂਰੀਆ ਅਤੇ ਥਰਡ ਰਨਰਅੱਪ ਮਨਰੂਪ ਸਿੰਘ ਥਿੰਦ ਰਹੇ। ਸਕੂਲ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਇਨ੍ਹਾਂ ਛੋਟੇ ਛੋਟੇ ਵਿਦਿਆਰਥੀਆਂ ਨੂੰ ਸਕੂਲ ਦਾ ਹਿੱਸਾ ਬਣਨ 'ਤੇ ਜੀ ਆਇਆਂ ਆਖਿਆ ਅਤੇ ਇਨ੍ਹਾਂ ਦੇ ਅਧਿਆਪਕਾਂ ਨੂੰ ਮਾਪਿਆਂ ਦੇ ਵਿਸ਼ਵਾਸ 'ਤੇ ਪੂਰਾ ਉਤਰਨ ਦੀ ਹਰ ਸੰਭਵ ਕੋਸ਼ਿਸ਼ ਕਰਨ ਦੀ ਨਸੀਹਤ ਦਿੱਤੀ। ਉਨ੍ਹਾਂ ਹੈੱਡ ਮਿਸਟਰਿਸ ਪਰੀਤ ਕਮਲ ਨੂੰ ਇਸ ਕਾਰਜ ਦੀ ਵਾਗਡੋਰ ਸੰਭਾਲੀ। ਇਸ ਮੌਕੇ ਸਕੂਲ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੇ ਵੀ ਇਨ੍ਹਾਂ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਸੈਮੀਨਾਰ



**ਕੋਟ ਈਸੇ ਖਾਂ (ਅਰੋੜਾ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜੋ ਸਕੂਲ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਦੇਣ ਲਈ ਮੋਹਰੀ ਹੈ।ਇਸ ਸੰਸਥਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਕੋਟ ਈਸੇ ਖਾਂ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ 6ਵੀਂ ਤੋਂ 12ਵੀਂ ਜਮਾਤ ਤੱਕ ਦੀਆਂ ਸਾਰੀਆਂ ਵਿਦਿਆਰਥਣਾਂ ਨੇ ਭਾਗ ਲਿਆ।ਸੈਮੀਨਾਰ ਦੌਰਾਨ ਲੈਕਚਰਾਰ ਨਰਿੰਦਰ ਪਾਲ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਰੂ ਹਰਸਹਾਏ ਨੇ ਦੇਸ਼ ਪੱਧਰ 'ਤੇ ਹੋਣ ਵਾਲੀ ਨੈਤਿਕ ਸਿੱਖਿਆ ਇਮਤਿਹਾਨ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਪ੍ਰਿੰਸੀਪਲ ਕਿਰਨਪਾਲ ਕੌਰ, ਲੈਕਚਰਾਰ ਬਲਵੀਰ ਸਿੰਘ, ਕੁਲਦੀਪ ਸਿੰਘ ਕੰਪਿਊਟਰ ਮਾਸਟਰ ਆਦਿ ਹਾਜ਼ਰ ਸਨ।

## ਹੋਲੀ ਹਾਰਟ ਸਕੂਲ ਦਾ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਦਾ ਬਾਰਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ।ਸੀ ਬੀ ਐੱਸ ਈ ਵੱਲੋਂ ਐਲਾਨੇ ਨਤੀਜੇ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਚੰਗੇ ਨੰਬਰ ਪ੍ਰਾਪਤ ਕੀਤੇ।ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਬਾਰਵੀਂ ਜਮਾਤ ਦੇ ਮੈਡੀਕਲ ਸਟਰੀਮ ਵਿੱਚੋਂ ਕਰਨਵੀਰ ਸਿੰਘ 82% ਅੰਕ ਲੈ ਕੇ ਪਹਿਲੇ, ਰਿਸ਼ੀ 71% ਅੰਕਾਂ ਨਾਲ ਦੂਜੇ ਤੇ ਕਮਰਸ ਵਿੱਚੋਂ ਗੁਰਲੀਨ ਸਿੰਘ 86.8% ਅੰਕ ਲੈ ਕੇ ਪਹਿਲੇ ਤੇ ਇੰਜਲ 86.6% ਅੰਕ ਲੈ ਕੇ ਦੂਜੇ ਸਥਾਨ 'ਤੇ ਰਹੀ ਅਤੇ ਆਰਟਸ ਸਟਰੀਮ ਵਿੱਚੋਂ ਸੁੱਖਪ੍ਰੀਤ 83.4% ਅੰਕ ਲੈ ਕੇ ਪਹਿਲੇ ਸਥਾਨ, ਹਰਜਸ 78.6% ਦੂਜੇ ਸਥਾਨ ਤੇ ਵੀਨਜ ਨੇ 78% ਅੰਕ ਲੈ ਕੇ ਤੀਜਾ ਸਥਾਨ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਬੱਚਿਆਂ ਦਾ ਨਤੀਜਾ 100% ਰਿਹਾ ਹੈ। ਬੱਚਿਆਂ ਨੇ ਇੰਨੇ ਵਧੀਆ ਨੰਬਰ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਅਤੇ ਸਕੂਲ ਸਟਾਫ ਵੱਲੋਂ ਅੱਵਲ ਰਹਿਣ ਵਾਲੇ ਸਾਰੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਸਾਰੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

## ਡੀ ਐੱਮ ਸਕੂਲ ਕਰਾੜਵਾਲਾ ਦਾ ਵਿਦਿਆਰਥੀ ਜ਼ਿਲ੍ਹੇ 'ਚੋਂ ਅੱਵਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਤੇ ਬਾਰਵੀਂ ਕਲਾਸ ਦੇ ਨਤੀਜਿਆਂ ਵਿੱਚ ਡੀ. ਐੱਮ. ਗਰੁੱਪ ਕਰਾੜ ਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਪ੍ਰਾਪਤ ਜਾਣਕਾਰੀ ਅਨੁਸਾਰ ਬਾਰਵੀਂ ਕਲਾਸ ਦੇ ਨਤੀਜਿਆਂ ਮੁਤਾਬਿਕ ਵਿਦਿਆਰਥੀ ਕੇਸ਼ਵ ਮਿੱਤਲ ਸਾਇੰਸ ਗਰੁੱਪ ਵਿੱਚੋਂ 98% ਅੰਕ ਹਾਸਲ ਕਰ ਕੇ ਬਠਿੰਡੇ ਜ਼ਿਲ੍ਹੇ ਦਾ ਟਾਪਰ ਰਿਹਾ, ਜਦਕਿ ਜਸਪਾਲ ਸਿੰਘ ਤੇ ਗੁਰਕੀਰਤ ਸਿੰਘ ਨੇ ਸਾਇੰਸ ਗਰੁੱਪ ਵਿੱਚੋਂ 95% ਅੰਕ, ਪਰਮਵੀਰ ਸਿੰਘ ਨੇ 92% ਅੰਕ ਪ੍ਰਾਪਤ ਕੀਤੇ।ਇਸ ਤੋਂ ਇਲਾਵਾਂ ਫਾਈਨ ਆਰਟਸ ਦੇ ਵਿਦਿਆਰਥੀਆਂ ਸਬਜੋਤ ਸਿੰਘ, ਮਨਜੋਤ ਕੌਰ, ਰਮਨਦੀਪ ਕੌਰ ਤੇ ਸਮਰੀਤ ਕੌਰ ਨੇ 100% ਅਤੇ ਸੰਗੀਤ ਵਿਸ਼ੇ ਵਿੱਚੋਂ ਪ੍ਰਭਵੀਰ ਸਿੰਘ ਢਿੱਲੋਂ ਨੇ 96% ਅੰਕ ਹਾਸਲ ਕੀਤੇ ਅਤੇ ਇਸ ਦੇ ਨਾਲ ਹੀ ਦਸਵੀਂ ਕਲਾਸ ਦੇ ਵਿਦਿਆਰਥੀਆਂ ਵਿੱਚੋਂ ਤਨਵੀਰ ਕੌਰ ਨੇ 95%, ਦੀਪਇੰਦਰ ਕੌਰ ਨੇ 92% ਤੇ ਗੁਰਮਨਪ੍ਰੀਤ ਕੌਰ ਨੇ 91% ਅੰਕ ਹਾਸਲ ਕੀਤੇ। ਅਖੀਰ ਵਿੱਚ ਸੰਸਥਾ ਦੇ ਚੇਅਰਮੈਨ ਇੰਜੀ. ਅਵਤਾਰ ਸਿੰਘ ਢਿੱਲੋਂ ਨੇ ਸ਼ਾਨਦਾਰ ਨਤੀਜਿਆਂ ਪ੍ਰਤੀ ਖੁਸ਼ੀ ਜ਼ਾਹਰ ਕਰਦੇ ਹੋਏ ਜਿੱਥੇ ਸੰਸਥਾ ਨੂੰ ਹੁਸ਼ਿਆਰ ਵਿਦਿਆਰਥੀਆਂ ਦੀ ਪਹਿਲੀ ਪਸੰਦ ਦੱਸਿਆ, ਉੱਥੇ ਸਕੂਲ ਦੇ ਪ੍ਰਿੰਸੀਪਲ, ਸੰਬੰਧਤ ਸਟਾਫ ਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੱਤੀ।

## ਸਰਪੰਚ ਰਾਜਾ ਮੱਲਕੇ ਨੇ ਲੋੜਵੰਦ ਪਰਵਾਰ ਨੂੰ ਲੜਕੀ ਦੇ ਵਿਆਹ ਲਈ ਦਿੱਤੀ ਮਦਦ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਅਧੀਨ ਪੈਂਦੇ ਪਿੰਡ ਮੱਲਕੇ ਦੇ ਨੌਜਵਾਨ ਸਰਪੰਚ ਰਾਜਾ ਮੱਲਕੇ ਹਮੇਸ਼ਾ ਹੀ ਸਮਾਜ ਸੇਵਾ ਦੇ ਕਾਰਜ ਕਰਨ ਦੇ ਲਈ ਤਤਪਰ ਰਹਿੰਦੇ ਹਨ।ਸਰਪੰਚ ਰਾਜਾ ਮੱਲਕੇ ਵੱਲੋਂ ਜਦੋਂ ਵੀ ਪਿੰਡ ਵਿਚ ਕਿਸੇ ਵੀ ਗਰੀਬ ਜਾਂ ਲੋੜਵੰਦ ਪਰਵਾਰ ਦੀ ਧੀ ਦਾ ਵਿਆਹ ਹੁੰਦਾ ਹੈ ਤਾਂ ਉਸ ਵੱਲੋਂ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਦਿਆਂ 5100 ਰੁਪਏ ਸ਼ਗਨ ਸਕੀਮ ਦਿੱਤੀ ਜਾਂਦੀ ਹੈ।ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਸਰਪੰਚ ਰਾਜਾ ਨੇ ਦੱਸਿਆ ਕਿ ਉਹ ਆਪਣੇ ਪਿੰਡ ਦੇ ਸਰਬਪੱਖੀ ਵਿਕਾਸ ਕਾਰਜ ਕਰਵਾਉਣ ਦੇ ਨਾਲ-ਨਾਲ ਉਹ ਤੇ ਉਨ੍ਹਾਂ ਦਾ ਪਰਵਾਰ ਹਮੇਸ਼ਾ ਹੀ ਲੋੜਵੰਦ ਲੋਕਾਂ ਦੇ ਨਾਲ ਖੜਦਾ ਹੈ, ਕਿਉਂਕਿ ਉਨ੍ਹਾਂ ਦੇ ਪਿੰਡ ਦੇ ਲੋਕ ਉਨ੍ਹਾਂ ਦੇ ਪਰਵਾਰ ਦਾ ਹੀ ਹਿੱਸਾ ਹਨ ਤੇ ਉਹ ਆਪਣੇ ਪਿੰਡ ਦੇ ਲੋਕਾਂ ਨੂੰ ਆਪਣੇ ਪਰਿਵਾਰਕ ਮੈਂਬਰ ਹੀ ਸਮਝਦੇ ਹਨ।ਇਸ ਮੌਕੇ ਰਾਜਾ ਸਰਪੰਚ ਦੇ ਨਾਲ ਪਿੰਡ ਦੇ ਪੰਚਾਇਤ ਮੈਂਬਰ ਵੀ ਸਨ, ਜਿਨ੍ਹਾਂ ਨੇ ਸਰਪੰਚ ਰਾਜਾ ਦੇ ਸਮਾਜ ਸੇਵਾ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰਾਜਾ ਸਿੰਘ ਬਹੁਤ ਹੀ ਇਮਾਨਦਾਰ ਸਰਪੰਚ ਹਨ ਤੇ ਉਨ੍ਹਾਂ ਵੱਲੋਂ ਹਮੇਸ਼ਾ ਹੀ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪਿੰਡ ਦੇ ਵਿਕਾਸ ਕਾਰਜਾਂ ਨੂੰ ਕਰਵਾਉਣ ਲਈ ਪਹਿਲ ਦਿੱਤੀ ਜਾਂਦੀ ਹੈ।ਅਖੀਰ ਵਿੱਚ ਸਰਪੰਚ ਰਾਜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਮੁਹਿੰਮ ਨਸ਼ਿਆਂ ਵਿਰੁੱਧ ਚਲਾਈ ਗਈ ਹੈ, ਉਹ ਉਸ ਦਾ ਸਮਰਥਨ ਕਰਦੇ ਹਨ।

## ਸੜਕ ਹਾਦਸੇ 'ਚ ਮਹਿਲਾ ਪੁਲਸ ਮੁਲਾਜ਼ਮ ਦੀ ਮੌਤ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼ਹਿਰ ਰਾਮਪੁਰਾ ਤੋਂ ਮੌੜ ਮੰਡੀ ਨੂੰ ਜਾਂਦੀ ਲਿੰਕ ਸੜਕ 'ਤੇ ਸਥਿਤ ਪਿੰਡ ਰਾਮਪੁਰਾ ਨਜ਼ਦੀਕ ਗੋਰਾ ਟਾਇਲ ਦੇ ਸਾਹਮਣੇ ਮਹਿਲਾ ਪੁਲਸ ਮੁਲਾਜ਼ਮ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਕਿ ਸਵੇਰੇ 5:10 ਦੇ ਕਰੀਬ ਸਹਾਰਾ ਦੇ ਕੰਟਰੋਲ ਰੂਮ 'ਤੇ ਇਤਲਾਹ ਮਿਲੀ ਕਿ ਇੱਕ ਮਹਿਲਾ ਪੁਲਸ ਮੁਲਾਜ਼ਮ ਦਾ ਐਕਸੀਡੈਂਟ ਹੋ ਗਿਆ ਹੈ ਤਾਂ ਬਿਨਾਂ ਕਿਸੇ ਦੇਰੀ ਤੋਂ ਸਹਾਰਾ ਟੀਮ ਘਟਨਾ ਸਥਾਨ 'ਤੇ ਪਹੁੰਚੀ ਤਾਂ ਉਥੇ ਥਾਣਾ ਸਿਟੀ ਦੇ ਐੱਸ ਐੱਚ ਓ ਬੂਟਾ ਸਿੰਘ ਤੇ ਥਾਣਾ ਸਦਰ ਰਾਮਪੁਰਾ ਦੇ ਐੱਸ ਐੱਚ ਓ ਹਰਬੰਸ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਹਾਜ਼ਰ ਸਨ। ਪੁਲਸ ਦੀ ਮੌਜੂਦਗੀ ਵਿੱਚ ਲਾਸ਼ ਨੂੰ ਸਹਾਰਾ ਵਰਕਰਾਂ ਨੇ ਸੰਸਥਾ ਦੀ ਐਂਬੂਲੈਂਸ ਰਾਹੀਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ। ਇਸ ਸਬੰਧੀ ਥਾਣਾ ਸਿਟੀ ਦੇ ਐੱਸ ਐੱਚ ਓ ਬੂਟਾ ਸਿੰਘ ਨੇ ਦੱਸਿਆ ਕਿ ਰਮਨਦੀਪ ਕੌਰ ਪਤਨੀ ਗੁਰਦਿੱਤਾ ਸਿੰਘ ਭਰਤੀ ਬਠਿੰਡਾ ਵਾਸੀ ਮੰਡੀ ਕਲਾਂ ਜੋ ਕਿ ਡੀ ਐੱਸ ਪੀ ਫੂਲ ਦਫ਼ਤਰ ਵਿਖੇ ਤੈਨਾਤ ਸੀ, ਅੱਜ ਸਵੇਰੇ 5:10 ਦੇ ਕਰੀਬ ਡਿਊਟੀ ਦੌਰਾਨ ਲਾਅ ਐਂਡ ਆਰਡਰ ਸਬੰਧੀ ਰਾਮਪੁਰਾ ਆ ਰਹੀ ਤਾਂ ਇੱਕ ਬਲੈਰੋ ਪਿੱਕ ਅਪ ਗੱਡੀ ਜੋ ਕਿ ਅਣਗਹਿਲੀ, ਤੇਜ਼ ਰਫਤਾਰ ਨਾਲ ਐਕਸੀਡੈਂਟ ਕਰਨ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋ ਗਿਆ। ਉਨ੍ਹਾਂ ਕਿਹਾ ਕਿ ਮ੍ਰਿਤਕਾ ਦੇ ਘਰ ਵਾਲੇ ਗੁਰਦਿੱਤਾ ਸਿੰਘ ਦੇ ਬਿਆਨਾਂ 'ਤੇ ਵੱਖ ਵੱਖ ਧਾਰਾਵਾਂ ਤਹਿਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਅੰਤਿਮ ਸੰਸਕਾਰ ਕਰਨ ਲਈ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

## ਮਾਤਾ ਸੁੰਦਰੀ ਗਰੁੱਪ ਆਫ ਇੰਸ. ਢੱਡੇ ਦਾ 12ਵੀਂ ਦਾ ਨਤੀਜਾ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਸੀਨੀਅਰ ਸੈਕੰਡਰੀ ਵਿੰਗ ਦਾ ਬਾਰਵੀਂ ਜਮਾਤ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਚੇਅਰਮੈਨ ਕੁਲਵੰਤ ਸਿੰਘ ਸਿੱਧੂ ਨੇ ਇਸ ਸ਼ਾਨਦਾਰ ਨਤੀਜੇ ਉੱਪਰ ਖੁਸ਼ੀ ਪ੍ਰਗਟ ਕਰਦੇ ਹੋਏ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਬੱਲੀ ਨੇ ਸ਼ਾਨਦਾਰ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਹਮੇਸ਼ਾ ਤੋਂ ਧੀਆਂ ਦੇ ਉਜਵਲ ਭਵਿੱਖ ਲਈ ਵਚਨਬੱਧ ਰਹੇਗੀ।ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਅਨੁਸਾਰ ਜਿੱਥੇ ਸੰਸਥਾ ਸਹਿ ਵਿਦਿਅਕ ਗਤੀਵਿਧੀਆਂ ਨੂੰ ਤਰਜੀਹ ਦਿੰਦੀ ਹੈ, ਉਥੇ ਇਸ ਸ਼ਾਨਦਾਰ ਨਤੀਜੇ ਨੇ ਇਸ ਗੱਲ ਉੱਪਰ ਮੋਹਰ ਲਗਾ ਦਿੱਤੀ ਹੈ ਕਿ ਅਕਾਦਮਿਕ ਪੱਖੋਂ ਵੀ ਇਸ ਸੰਸਥਾ ਦਾ ਕੋਈ ਸਾਨੀ ਨਹੀਂ।ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਸੰਸਥਾ ਦਾ ਨਤੀਜਾ ਸੌ ਫ਼ੀਸਦੀ ਰਿਹਾ ਹੈ। ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਹਰਸ਼ ਰਾਣੀ ਨੇ ਦੱਸਿਆ ਕਿ ਨਰਿੰਦਰਪਾਲ ਕੌਰ ਪਿੰਡ ਮਾੜੀ ਨੇ 96.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਮਨਵੀਰ ਕੌਰ ਬੋਪਾਰਾਏ ਪਿੰਡ ਡਿੱਖ 95.8 ਪ੍ਰਤੀਸ਼ਤ ਨੇ ਦੂਜਾ ਅਤੇ ਜੈਸਮੀਨ ਕੌਰ ਪਿੰਡ ਮੌੜ ਖੁਰਦ 95.4 ਪ੍ਰਤੀਸ਼ਤ ਨੇ ਤੀਸਰਾ ਸਥਾਨ ਹਾਸਲ ਕੀਤਾ ਹੈ।ਬਾਰਵੀਂ ਸਾਇੰਸ ਦੀ ਅਮਨਪ੍ਰੀਤ ਕੌਰ ਪਿੰਡ ਸੂਚ ਨੇ 93.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਅਰਸ਼ਪ੍ਰੀਤ ਕੌਰ ਪਿੰਡ ਰਾਏ ਖਾਨਾ 92.2 ਪ੍ਰਤੀਸ਼ਤ ਨੇ ਦੂਜਾ ਤੇ ਨੂਰਪਿੰਦਰ ਕੌਰ ਪਿੰਡ ਭਾਈਰੂਪਾ 91.8 ਪ੍ਰਤੀਸ਼ਤ ਤੇ ਪ੍ਰਭਜੋਤ ਕੌਰ ਪਿੰਡ ਚਾਉਕੇ ਨੇ ਸਾਂਝੇ ਰੂਪ ਵਿੱਚ ਤੀਸਰਾ ਸਥਾਨ ਹਾਸਲ ਕੀਤਾ ਹੈ।ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਖਜ਼ਾਨਚੀ ਪ੍ਰਸ਼ੋਤਮ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਨੂੰ ਇਸ ਸ਼ਾਨਦਾਰ ਕਾਰਗੁਜ਼ਾਰੀ 'ਤੇ ਮੁਬਾਰਕਬਾਦ ਦਿੱਤੀ।ਇਸ ਮੌਕੇ ਪ੍ਰੋ. ਜਸਵਿੰਦਰ ਸਿੰਘ, ਪ੍ਰੋ. ਰਬਿੰਦਰ ਸ਼ਰਮਾ, ਪ੍ਰੋ. ਰਾਜਵਿੰਦਰ ਸਿੰਘ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਅਮਨਦੀਪ ਸ਼ਰਮਾ, ਪ੍ਰੋ. ਵੀਰਇੰਦਰ ਕੌਰ, ਪ੍ਰੋ. ਜਗਜੀਤ ਸਿੰਘ, ਪ੍ਰੋ. ਕਰਨਵੀਰ ਸਿੰਘ, ਪ੍ਰੋ. ਗਗਨਦੀਪ ਕੌਰ, ਪ੍ਰੋ. ਰੁਪਿੰਦਰ ਕੌਰ, ਪ੍ਰੋ. ਮਨਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਹਰਮਨ ਕੌਰ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਅਮਨਦੀਪ ਕੌਰ ਫੈਸ਼ਨ ਡਿਜ਼ਾਇਨਿੰਗ, ਪ੍ਰੋ. ਜਸਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ ਕੰਪਿਊਟਰ ਸਾਇੰਸ ਆਦਿ ਹਾਜ਼ਰ ਸਨ। ਐਡਮਿਨ ਬਲਾਕ ਦੇ ਸਵਰਾਜਦੀਪ ਕੌਰ, ਹਰਦੀਪ ਸਿੰਘ ਡਿੱਖ, ਹਰਵਿੰਦਰ ਸਿੰਘ ਸੂਚ ਤੇ ਜਸਵੀਰ ਸਿੰਘ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਇਸਤਰੀ ਵਿੰਗ 'ਚ ਨਿਯੁਕਤੀਆਂ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਸੰਗਰੂਰ ਵਿੱਚ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਦੀ ਅਗਵਾਈ ਬੀਬੀ ਰਜਿੰਦਰ ਕੌਰ ਜੈਤੋਂ, ਇਸਤਰੀ ਵਿੰਗ ਪੰਜਾਬ ਪ੍ਰਧਾਨ ਜਥੇਦਾਰ ਬਹਾਦਰ ਸਿੰਘ ਭਸੌੜ (ਪੀ.ਏ.ਸੀ ਮੈਂਬਰ), ਜਥੇਦਾਰ ਗੁਰਨੈਬ ਸਿੰਘ ਰਾਮਪੁਰਾ (ਜ਼ਿਲ੍ਹਾ ਪ੍ਰਧਾਨ ਸੰਗਰੂਰ), ਜਥੇਦਾਰ ਹਰਜੀਤ ਸਿੰਘ ਸਜੂਮਾ (ਸ਼੍ਰੋਮਣੀ ਕਮੇਟੀ ਬੋਰਡ ਮੈਂਬਰ), ਸਤਿਨਾਮ ਸਿੰਘ ਰੱਤੋਕੇ (ਜ਼ਿਲ੍ਹਾ ਯੂਥ ਪ੍ਰਧਾਨ ਸੰਗਰੂਰ) ਅਤੇ ਪਾਰਲੀਮੈਂਟ ਹਲਕਾ ਇੰਚਾਰਜ ਬੀਬੀ ਹਰਪਾਲ ਕੌਰ ਸੰਗਰੂਰ ਨੇ ਕੀਤੀ।ਇਸ ਮੀਟਿੰਗ ਦੌਰਾਨ ਇਸਤਰੀ ਵਿੰਗ ਦੀ ਨਵੀਂ ਟੀਮ ਦੀ ਘੋਸ਼ਣਾ ਕੀਤੀ ਗਈ ਅਤੇ ਵੱਖ-ਵੱਖ ਆਹੁਦਿਆਂ 'ਤੇ ਨਿਯੁਕਤੀਆਂ ਕੀਤੀਆਂ ਗਈਆਂ। ਬੀਬੀ ਰਜਿੰਦਰ ਕੌਰ ਜੈਤੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਵਿੱਚ ਔਰਤਾਂ ਦੀ ਭੂਮਿਕਾ ਨਿਰਣਾਇਕ ਹੈ ਅਤੇ ਇਸਤਰੀ ਵਿੰਗ ਨੂੰ ਹੋਰ ਮਜ਼ਬੂਤ ਬਣਾਉਣ ਲਈ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ। ਯੂਥ ਪ੍ਰਧਾਨ ਸਤਿਨਾਮ ਸਿੰਘ ਰੱਤੋਕੇ ਨੇ ਕਿਹਾ ਕਿ ਉਹ ਨੌਜਵਾਨ ਪੀੜ੍ਹੀ ਨੂੰ ਅਕਾਲੀ ਦਲ ਅੰਮ੍ਰਿਤਸਰ ਦੀ ਇਤਿਹਾਸਕ ਮੁਹਿੰਮ ਅਤੇ ਅਸੂਲਾਂ ਨਾਲ ਜੋੜਨ ਲਈ ਉਨ੍ਹਾਂ ਦੀ ਟੀਮ ਪੂਰੀ ਤਰ੍ਹਾਂ ਸੰਕਲਪਤ ਹੈ। ਮੀਟਿੰਗ ਦੌਰਾਨ ਵਿਅਕਤ ਕੀਤਾ ਗਿਆ ਕਿ ਪਾਰਟੀ ਆਗੂਆਂ ਵੱਲੋਂ ਜੋ ਨਿਯੁਕਤੀਆਂ ਕੀਤੀਆਂ ਗਈਆਂ ਹਨ, ਉਹ ਨਿਰਪੱਖਤਾ ਤੇ ਯੋਗਤਾ ਦੇ ਅਧਾਰ 'ਤੇ ਹਨ। ਬੀਬੀ ਕਰਮਜੀਤ ਕੌਰ ਪਾਪੜਾ ਨੂੰ ਜਰਨਲ ਸਕੱਤਰ ਪੰਜਾਬ (ਇਸਤਰੀ ਵਿੰਗ), ਬੀਬੀ ਬਲਜੀਤ ਕੌਰ ਜਖੇਪਲ ਨੂੰ ਜ਼ਿਲ੍ਹਾ ਪ੍ਰਧਾਨ ਸੰਗਰੂਰ (ਇਸਤਰੀ ਵਿੰਗ) ਨਿਯਕੁਤ ਕੀਤਾ ਗਿਆ। ਆਖ਼ਰ 'ਤੇ ਸਾਰੇ ਆਗੂਆਂ ਨੇ ਇੱਕਜੁਟ ਹੋ ਕੇ ਪਾਰਟੀ ਨੂੰ ਨਵੀਂ ਰਾਹ 'ਤੇ ਲੈ ਕੇ ਜਾਣ ਦਾ ਸੰਕਲਪ ਲਿਆ ਅਤੇ ਕਿਹਾ ਕਿ ਪੰਥਕ ਅਸੂਲਾਂ 'ਤੇ ਚਲਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੰਜਾਬ ਦੀ ਆਵਾਜ਼ ਬਣੇਗਾ।

## ਸਿੱਖਿਆ ਦੀ ਬੁਨਿਆਦ ਮਜ਼ਬੂਤ ਕਰਨ ਲਈ ਸਕੂਲਾਂ ਦੇ ਬੁਨਿਆਦੀ ਢਾਂਚੇ 'ਚ ਸੁਧਾਰ ਜ਼ਰੂਰੀ : ਵਿਧਾਇਕ ਬੁੱਧ ਰਾਮ



**ਬੋਹਾ (ਨਿਰੰਜਣ ਬੋਹਾ)**-ਸਿੱਖਿਆ ਦੀ ਬੁਨਿਆਦ ਮਜ਼ਬੂਤ ਕਰਨ ਲਈ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਬਹੁਤ ਜ਼ਰੂਰੀ ਹੈ, ਇਸੇ ਲਈ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣ ਲਈ ਆਧੁਨਿਕ ਸਾਇੰਸ ਲੈਬ, ਆਧੁਨਿਕ ਲਾਇਬ੍ਰੇਰੀਆਂ ਤੇ ਹੋਰ ਵੀ ਕਈ ਸਹੂਲਤਾਂ ਸਕੂਲਾਂ ਵਿੱਚ ਮੁਹੱਈਆ ਕਰਵਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਬੁਢਲਾਡਾ ਹਲਕੇ ਦੇ ਪਿੰਡਾਂ ਉਡਤ ਸੈਦੇਵਾਲਾ ਤੇ ਮਲਕਪੁਰ ਭੀਮੜਾ ਵਿਖੇ ਸਕੂਲਾਂ ਦੇ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦੇ ਉਦਘਾਟਨ ਕਰਦਿਆਂ ਕੀਤਾ।

ਵਿਧਾਇਕ ਨੇ ਕਿਹਾ ਕਿ ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ, ਜੋ ਇਨਸਾਨ ਨੂੰ ਰੋਸ਼ਨੀ ਦਾ ਰਸਤਾ ਦਿਖਾਉਂਦਾ ਹੈ ਅਤੇ ਚੰਗੇਰੀ ਵਿੱਦਿਆ ਹਾਸਲ ਕਰਕੇ ਵਿਅਕਤੀ ਆਪਣੇ ਮੁਕਾਮ ਨੂੰ ਹਾਸਲ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀ ਨੂੰ ਇੱਕ ਵਿੱਦਿਆ ਗ੍ਰਹਿਣ ਕਰਨ ਲਈ ਚੰਗਾ ਮਾਹੌਲ ਮਿਲੇਗਾ ਤਾਂ ਉਹ ਹੋਰ ਵੀ ਲਗਨ ਨਾਲ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਮਿਹਨਤ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹੀ ਮੰਤਵ ਹੈ ਕਿ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਤੇ ਗੁਣਵੱਤਾ ਭਰਪੂਰ ਸਿੱਖਿਆ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਕਿਸੇ ਵੀ ਖੇਤਰ ਵਿੱਚ ਆਪਣਾ ਨਾਮਣਾ ਖੱਟ ਸਕਣ।

ਉਦਘਾਟਨ ਸਮਾਰੋਹਾਂ ਦੌਰਾਨ ਵਿਧਾਇਕ ਬੁੱਧ ਰਾਮ ਵੱਲੋਂ ਸਰਕਾਰੀ ਸਕੂਲਾਂ 'ਚ ਕੁੱਲ 31 ਲੱਖ 47 ਹਜ਼ਾਰ ਦੀ ਲਾਗਤ ਨਾਲ ਮੁਕੰਮਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ, ਜਿਸ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਉੱਡਤ ਸੈਦੇਵਾਲਾ ਵਿਖੇ 4 ਲੱਖ 27 ਹਜ਼ਾਰ, ਸਰਕਾਰੀ ਮਿਡਲ ਸਕੂਲ ਉਡਤ ਸੈਦੇਵਾਲਾ ਵਿਖੇ 18 ਲੱਖ 31 ਹਜ਼ਾਰ ਤੇ ਸਰਕਾਰੀ ਮਿਡਲ ਸਕੂਲ ਮਲਕਪੁਰ ਭੀਮੜਾ ਵਿਖੇ 8 ਲੱਖ 89 ਹਜ਼ਾਰ ਦੀ ਲਾਗਤ ਨਾਲ ਵੱਖ-ਵੱਖ ਕਾਰਜਾਂ ਦੇ ਉਦਘਾਟਨ ਕੀਤੇ।ਇਸ ਮੌਕੇ ਹਲਕਾ ਕੋਆਰਡੀਨੇਟਰ ਸੁਭਾਸ਼ ਨਾਗਪਾਲ, ਪ੍ਰਧਾਨ ਪੰਚਾਇਤ ਯੂਨੀਅਨ ਰਜਿੰਦਰ ਸਿੰਘ, ਚੇਅਰਮੈਨ ਸਪਸ ਉੱਡਤ ਸੈਦੇਵਾਲਾ ਜਗਸੀਰ ਸਿੰਘ, ਸਕੂਲ ਮੁਖੀ ਗੁਰਜੀਤ ਸਿੰਘ, ਚੇਅਰਮੈਨ ਸਮਿਸ ਸੈਦੇਵਾਲਾ ਸਰਬਜੀਤ ਸਿੰਘ, ਸਕੂਲ ਮੁਖੀ ਧਰਮਿੰਦਰ ਸਿੰਘ ਤੇ ਚੇਅਰਮੈਨ ਸਮਿਸ ਮਲਕਪੁਰ ਭੀਮੜਾ ਮਨਜੀਤ ਕੌਰ, ਮੀਡੀਆ ਕੋਆਰਡੀਨੇਟਰ ਪਿਆਰਾ ਸਿੰਘ ਤੇ ਸਕੂਲ ਮੁਖੀ ਗੁਰਵਿੰਦਰ ਸਿੰਘ, ਸਰਪੰਚ ਮੱਖਣ ਸਿੰਘ, ਪ੍ਰਿੰ. ਹਰਿੰਦਰ ਭੁੱਲਰ ਤੇ ਪ੍ਰਿੰ. ਮੇਘਾ ਸਿੰਘ ਤੋਂ ਇਲਾਵਾ ਪਿੰਡ ਦੇ ਮੋਹਤਵਰ ਵਿਅਕਤੀ, ਸਕੂਲ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

## ਬੱਸ ਕੰਡਕਟਰ ਦੀ ਕੁੱਟਮਾਰ ਦੇ ਮਾਮਲੇ 'ਚ ਤਿੰਨ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਸੀ ਪਠਾਣਾਂ ਦੀ ਮੋਰਿੰਡਾ ਰੋਡ 'ਤੇ ਸਥਿਤ ਉਦਯੋਗਿਕ ਸਿਖਲਾਈ ਸੰਸਥਾ ਨੇੜਲੇ ਬੱਸ ਅੱਡੇ 'ਤੇ ਬੱਸਾਂ ਨਾ ਰੁਕਣ ਤੋਂ ਤੈਸ਼ 'ਚ ਆਏ ਕੁਝ ਨੌਜਵਾਨਾਂ ਵੱਲੋਂ ਇੱਕ ਬੱਸ ਕੰਡਕਟਰ ਦੀ ਕੁੱਟਮਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਤਰਸੇਮ ਸਿੰਘ ਵਾਸੀ ਪਿੰਡ ਲੁਹਾਰਮਾਜਰਾ (ਪਟਿਆਲਾ) ਨੇ ਦੱਸਿਆ ਕਿ ਉਹ ਨੰਗਲ ਤੋਂ ਪਟਿਆਲਾ ਰੂਟ 'ਤੇ ਚੱਲਦੀ ਇੱਕ ਨਿੱਜੀ ਕੰਪਨੀ ਦੀ ਬੱਸ 'ਤੇ ਕੰਡਕਟਰ ਵਜੋਂ ਨੌਕਰੀ ਕਰਦਾ ਹੈ।ਬੀਤੀ 13 ਮਈ ਨੂੰ ਦੁਪਹਿਰ ਕਰੀਬ 1 ਵਜੇ ਜਦੋਂ ਉਹ ਬੱਸ ਲੈ ਕੇ ਬਸੀ ਪਠਾਣਾਂ ਤੋਂ ਲੰਘ ਰਿਹਾ ਸੀ ਤਾਂ ਬਸੀ ਪਠਾਣਾਂ ਦੇ ਬੱਸ ਅੱਡੇ ਨਜ਼ਦੀਕ ਕੁਝ ਨੌਜਵਾਨਾਂ ਨੇ ਇਸ ਰੰਜਿਸ਼ ਵਜੋਂ ਉਸ ਦੀ ਘੇਰ ਕੇ ਕੁੱਟਮਾਰ ਕਰ ਦਿੱਤੀ ਕਿ ਉਸ ਵੱਲੋਂ ਬਸੀ ਪਠਾਣਾਂ ਦੇ ਆਈ.ਟੀ.ਆਈ. ਵਾਲੇ ਅੱਡੇ 'ਤੇ ਬੱਸ ਕਿਉਂ ਨਹੀਂ ਰੋਕੀ ਗਈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਜਸਪ੍ਰੀਤ ਸਿੰਘ ਉਰਫ ਜਸ਼ਨ, ਪੰਕਜਪ੍ਰੀਤ ਸਿੰਘ ਉਰਫ ਪ੍ਰੀਤ ਤੇ ਗੁਰਜੋਤ ਸਿੰਘ ਉਰਫ ਬੱਬੂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਵਾ ਕੇ ਬਸੀ ਪਠਾਣਾਂ ਸਿਟੀ ਚੌਕੀ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਮਾਤਾ ਗੁਰਦੀਪ ਕੌਰ ਗਿੱਲ ਦੀ ਮੌਤ 'ਤੇ ਦੁੱਖ ਪ੍ਰਗਟ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਾਤਾ ਗੁਰਦੀਪ ਕੌਰ ਗਿੱਲ ਬੀਤੇ ਦਿਨ ਸਵਰਗ ਸਿਧਾਰ ਗਏ।ਇਸ ਦੁੱਖ ਦੀ ਘੜੀ ਵਿੱਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ, ਗੁਰਮੇਲ ਸਿੰਘ ਸੋਹਣ ਆੜ੍ਹਤੀ ਤੇ ਲਖਵੀਰ ਸਿੰਘ ਬਾਜ ਨਾਲ ਜਿੱਥੇ ਵੱਖ ਵੱਖ ਰਾਜਨੀਤਕ ਆਗੂਆਂ ਵੱਲੋਂ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ, ਉਥੇ ਹੀ ਧਾਰਮਿਕ ਤੇ ਸਮਾਜਿਕ ਆਗੂ ਵੀ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਦੁੱਖ ਵੰਡਾ ਰਹੇ ਹਨ।ਸ਼ਸ਼ੀ ਗਰਗ ਸਾਬਕਾ ਕੌਂਸਲਰ, ਦੀਪਕ ਤਲਵਾੜ, ਕਾਂਗਰਸੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਦੀਪਾ ਅਰੋੜਾ, ਦਵਿੰਦਰ ਲਵਲੀ, ਕਾਂਗਰਸ ਪਾਰਟੀ ਦੇ ਯੂਥ ਆਗੂ ਸੁੱਖਾ ਲੰਗੇਆਣਾ, ਕਾਕਾ ਬਰਾੜ ਆਲਮਵਾਲਾ, ਸੀਪਾ ਰਾਜਿਆਣਾ, ਗਗਨ ਨਿਗਾਹਾ, ਸਾਬਕਾ ਕੌਂਸਲਰ ਜਗਸੀਰ ਸਿੰਘ ਜੱਗਾ, ਸਾਬਕਾ ਕੌਂਸਲਰ ਨਰ ਸਿੰਘ ਬਰਾੜ, ਗੁਰਮੁੱਖ ਸਿੰਘ ਦੇ ਇਲਾਵਾ ਹਲਕਾ ਬਾਘਾ ਪੁਰਾਣਾ ਦੇ ਪਿੰਡਾਂ ਦੇ ਪੰਚਾਂ, ਸਰਪੰਚਾਂ ਵੱਲੋਂ ਜਗਸੀਰ ਸਿੰਘ ਕਾਲੇਕੇ ਦੀ ਸਤਿਕਾਰਯੋਗ ਚਾਚੀ ਮਾਤਾ ਗੁਰਦੀਪ ਕੌਰ ਗਿੱਲ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਪਰਵਾਰ ਨੂੰ ਪ੍ਰਮਾਤਮਾ ਦਾ ਭਾਣਾ ਮੰਨਣ ਤੇ ਵਿੱਛੜੀ ਰੂਹ ਨੂੰ ਪ੍ਰਮਾਤਮਾ ਦੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਦੀ ਕਾਮਨਾ ਕੀਤੀ।

## ...ਸਫ਼ਾ 1 ਦੇ ਬਾਕੀ

### ਹਰਿਆਣਾ ਦੀ ਯੂਟਿਊਬਰ...

ਗਿਆ ਹੈ ਕਿ ਮੁਲਜ਼ਮ ਜੋਤੀ ਦੋ ਹੋਰ ਵਿਅਕਤੀਆਂ ਨੂੰ ਵੀ ਮਿਲੀ, ਜਿਨ੍ਹਾਂ ਦੀ ਪਛਾਣ ਸ਼ਾਕਿਰ ਅਤੇ ਰਾਣਾ ਸ਼ਾਹਬਾਜ਼ ਵਜੋਂ ਕੀਤੀ ਗਈ ਹੈ। ਭਾਰਤ ਵਾਪਸ ਆਉਣ 'ਤੇ ਉਹ ਵ੍ਹਟਸਐਪ, ਸਨੈਪਚੈਟ ਤੇ ਟੈਲੀਗਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਉਨ੍ਹਾਂ ਦੇ ਸੰਪਰਕ ਵਿੱਚ ਰਹੀ। ਜੋਤੀ ਵਿਰੁੱਧ ਉਨ੍ਹਾਂ ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦਾ ਦੋਸ਼ ਹੈ, ਜਿਸ ਨਾਲ ਦੇਸ਼ ਦੀ ਅਖੰਡਤਾ ਅਤੇ ਸੁਰੱਖਿਆ ਲਈ ਖਤਰਾ ਪੈਦਾ ਹੋਇਆ। ਐੱਫ ਆਈ ਆਰ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਅਹਿਸਾਨ ਉਰ ਰਹੀਮ, ਜਿਸ ਨਾਲ ਜੋਤੀ ਨੇ ਲੰਮੇ ਸਮੇਂ ਤੱਕ ਸੰਪਰਕ ਬਣਾਈ ਰੱਖਿਆ ਸੀ, ਨੂੰ ਭਾਰਤ ਸਰਕਾਰ ਨੇ 13 ਮਈ 2025 ਨੂੰ ਜਾਸੂਸੀ ਨਾਲ ਸੰਬੰਧਤ ਗਤੀਵਿਧੀਆਂ ਲਈ ਨਾਪਸੰਦੀਦਾ ਵਿਅਕਤੀ ਐਲਾਨਿਆ ਸੀ। ਪੁਲਸ ਨੇ ਜੋਤੀ ਖਿਲਾਫ ਭਾਰਤੀ ਨਿਆਂ ਸੰਹਿਤਾ ਦੀ ਧਾਰਾ 152, ਸਰਕਾਰੀ ਭੇਦਾਂ ਬਾਰੇ ਕਾਨੂੰਨ 1923 ਦੀ ਧਾਰਾ 3, 4 ਅਤੇ 5 ਤਹਿਤ ਕੇਸ ਦਰਜ ਕੀਤਾ ਹੈ। ਮਾਮਲੇ ਦੀ ਜਾਂਚ ਇੰਸਪੈਕਟਰ ਨਿਰਮਲਾ ਨੂੰ ਸੌਂਪੀ ਗਈ ਹੈ।

### ਸਰਕਾਰ ਨੇ ਕਾਂਗਰਸ...

ਕੀਤਾ। ਸਰਕਾਰ ਨੇ ਕਾਂਗਰਸ ਵੱਲੋਂ ਸੁਝਾਏ ਨਾਵਾਂ ਵਿੱਚੋਂ ਕਿਸੇ ਨੂੰ ਨਹੀਂ ਪਾਇਆ, ਸਗੋਂ ਕਾਂਗਰਸ ਤਰਫੋਂ ਥਰੂਰ, ਤਿਵਾੜੀ, ਖੁਰਸ਼ੀਦ ਤੇ ਅਮਰ ਸਿੰਘ ਦੇ ਨਾਂਅ ਪਾਏ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ, 'ਜਦੋਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਨੇ ਸਾਨੂੰ ਸੱਦਿਆ ਸੀ ਤਾਂ ਉਦੋਂ ਸਾਨੂੰ ਇਹ ਨਹੀਂ ਪਤਾ ਸੀ ਕਿ ਸਰਕਾਰ ਨਾਮਜ਼ਦ ਮੈਂਬਰਾਂ ਦੀ ਆਪਣੀ ਹੀ ਸੂਚੀ ਜਾਰੀ ਕਰ ਦੇਵੇਗੀ। ਸਾਡੇ ਕੋਲੋਂ ਚਾਰ ਨਾਂਅ ਮੰਗੇ ਗਏ ਸਨ, ਜੋ ਅਸੀਂ ਦੇ ਦਿੱਤੇ। ਇਨ੍ਹਾਂ ਨਾਵਾਂ 'ਚੋਂ ਬਾਹਰਲੇ ਨਾਂਅ ਐਲਾਨਣੇ ਸਰਾਸਰ ਬੇਈਮਾਨੀ ਤੇ ਧਿਆਨ ਭਟਕਾਉਣ ਵਾਲੀ ਗੱਲ ਹੈ।' ਰਮੇਸ਼ ਨੇ ਕਿਹਾ ਕਿ ਪਾਰਟੀ ਆਪਣੇ ਵੱਲੋਂ ਦਿੱਤੇ ਨਾਵਾਂ ਨੂੰ ਨਹੀਂ ਬਦਲੇਗੀ। ਥਰੂਰ ਵੱਲੋਂ ਸੱਦਾ ਸਵੀਕਾਰ ਕੀਤੇ ਜਾਣ ਮਗਰੋਂ ਬਣੇ ਹਾਲਾਤ ਬਾਰੇ ਪੁੱਛੇ ਜਾਣ 'ਤੇ ਜੈਰਾਮ ਨੇ ਕਿਹਾ, 'ਸਾਨੂੰ ਨਹੀਂ ਪਤਾ ਕਿ ਹੁਣ ਕੀ ਹੋਵੇਗਾ। ਇਹ ਸਰਕਾਰ 'ਤੇ ਨਿਰਭਰ ਕਰਦਾ ਹੈ ਕਿ ਉਹ ਫੈਸਲਾ ਕਰੇ। ਅਸੀਂ ਕੀ ਕਰ ਸਕਦੇ ਹਾਂ ? ਅਸੀਂ ਆਪਣੇ ਧਰਮ ਦੀ ਪਾਲਣਾ ਕੀਤੀ। ਸਰਕਾਰ ਦੇ ਇਰਾਦੇ ਬੇਈਮਾਨ ਹਨ।' ਥਰੂਰ ਦੀ ਕਾਰਵਾਈ ਨੂੰ ਅਨੁਸ਼ਾਸਨਹੀਣਤਾ ਵਜੋਂ ਲੈਣ ਬਾਰੇ ਸਵਾਲ ਦੇ ਜਵਾਬ ਵਿਚ ਜੈਰਾਮ ਨੇ ਕਿਹਾ, 'ਮੈਂ ਸਿਰਫ ਇਹੀ ਕਹਾਂਗਾ ਕਿ ਕਾਂਗਰਸ ਵਿੱਚ ਹੋਣ ਅਤੇ ਕਾਂਗਰਸ ਦਾ ਹੋਣ ਵਿੱਚ ਫਰਕ ਹੈ।' ਵਫਦਾਂ ਦੀ ਅਗਵਾਈ ਜਿਨ੍ਹਾਂ ਨੂੰ ਸੌਂਪੀ ਗਈ ਹੈ, ਉਨ੍ਹਾਂ ਵਿੱਚ ਸ਼ਸ਼ੀ ਥਰੂਰ (ਕਾਂਗਰਸ), ਰਵੀ ਸ਼ੰਕਰ ਪ੍ਰਸਾਦ (ਭਾਜਪਾ), ਸੰਜੈ ਕੁਮਾਰ ਝਾਅ (ਜੇ ਡੀ ਯੂ), ਬੈਜਯੰਤ ਪਾਂਡਾ (ਭਾਜਪਾ), ਕਨੀਮੋਈ ਕਰੁਣਾਨਿਧੀ (ਡੀ ਐੱਮ ਕੇ), ਸੁਪ੍ਰਿਆ ਸੂਲੇ (ਐੱਨ ਸੀ ਪੀ) ਤੇ ਸ੍ਰੀਕਾਂਤ ਏਕਨਾਥ ਸ਼ਿੰਦੇ (ਸ਼ਿਵ ਸੈਨਾ) ਸ਼ਾਮਲ ਹਨ।

### ਸ਼੍ਰੋਮਣੀ ਕਮੇਟੀ ਨੂੰ ਰਾਜੋਆਣਾ...

ਸਿੰਘ ਪੰਨੂੰ ਸਾਬਕਾ ਆਈ ਏ ਐੱਸ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੀਨੀਅਰ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਐਡਵੋਕੇਟ ਪਰਮਜੀਤ ਸਿੰਘ ਬਰਾੜ, ਐਡਵੋਕੇਟ ਬਲਤੇਜ ਸਿੰਘ ਸਾਬਕਾ ਡੀ ਏ, ਐਡਵੋਕੇਟ ਬਲਵੰਤ ਸਿੰਘ ਗੁਲਿਆਨੀ, ਡਾ. ਪੁਨੀਤ ਕੌਰ ਸੇਖੋਂ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ ਬਲਵਿੰਦਰ ਸਿੰਘ ਸੂਦਨ, ਐਡਵੋਕੇਟ ਹਰਭਜਨ ਸਿੰਘ ਥਾਂਦੀ, ਐਡਵੋਕੇਟ ਰਾਜੇਸ਼ਵਰ ਸਿੰਘ ਸੂਲਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਇੰਜੀ. ਸੁਖਮਿੰਦਰ ਸਿੰਘ, ਮੀਤ ਸਕੱਤਰ ਲਖਬੀਰ ਸਿੰਘ, ਇੰਚਾਰਜ ਅਜ਼ਾਦਦੀਪ ਸਿੰਘ ਤੇ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਆਦਿ ਮੌਜੂਦ ਸਨ।


# ANMOL INDIA LIMITED

CIN: L51909PB1998PLC050300
Registered Office: 2nd Floor, 2/43, B- Block, Aggar Nagar, Ludhiana, Punjab- 141001, Tel.: 0161-4503400,
Website: www.anmolindialtd.com, Email: csprabhjot@anmolindialtd.com

**Extract of Audited Standalone Financial Results for the Quarter and Financial Year Ended 31st March, 2024**
(Amount in Crores except EPS)

| Particulars | Quarter Ended | | | Year Ended | |
|---|---|---|---|---|---|
| | 31.03.2025 (Audited) | 31.12.2024 (Un-audited) | 31.03.2024 (Audited) | 31.03.2025 (Audited) | 31.03.2024 (Audited) |
| Total Income from Operations | 315.57 | 255.89 | 407.60 | 1284.05 | 1514.26 |
| Net Profit/(Loss) for the period (before Tax, Exceptional and/or Extraordinary items#) | 2.35 | 0.51 | 5.54 | 9.55 | 28.25 |
| Net Profit/ (Loss) for the period before tax (after Exceptional and / or Extraordinary items#) | 2.35 | 0.51 | 5.54 | 9.55 | 28.25 |
| Net Profit/ (Loss) for the period after tax (after Exceptional and / or Extraordinary items#) | 1.60 | 0.38 | 3.91 | 6.99 | 20.90 |
| Total Comprehensive Income for the period [Comprising Profit/ (Loss) for the period (after tax) and Other Comprehensive Income (after tax)] | 1.79 | 0.38 | 4.09 | 7.18 | 21.08 |
| Paid Up Equity Share Capital | 56.91 | 56.91 | 56.91 | 56.91 | 56.91 |
| Reserves (excluding Revaluation Reserve) | 50.56 | 48.75 | 43.36 | 50.56 | 43.36 |
| Securities Premium Account | - | - | - | - | - |
| Net Worth | 107.47 | 105.66 | 100.27 | 107.47 | 100.27 |
| Debt Equity Ratio | 0.38 | 0.38 | 0.41 | 0.38 | 0.41 |
| Interest Service Coverage Ratio | 1.78 | 1.15 | 4.82 | 1.64 | 3.17 |
| Earnings Per Share (of Rs.10/-each) (for continuing and discontinued operations)- | | | | | |
| 1.Basic: | 0.28 | 0.07 | 0.69 | 1.23 | 3.67 |
| 2.Diluted: | 0.28 | 0.07 | 0.69 | 1.23 | 3.67 |

**Notes :** The above is an extract of the detailed format of Quarterly and Year-end Financial Results filed with the Stock Exchanges under Regulation 33 of the SEBI (Listing and Other Disclosure Requirements) Regulations, 2015. The full format of the said results are available on the websites of the Stock Exchanges websites at www.bseindia.com, www.nseindia.com and also on website of the Company at www.anmolindialtd.com. The figures for the last quarter ended 31st March, 2025, as reported in these Annual Financial Results, are the balancing figures between audited figures in respect of the full financial year and the published year to date figures upto the end of third quarter of the relevant financial year. Also, the figures upto the end of third quarter of had only been reviewed and not subject to audit. For the other line items referred in Regulation 52(4) of the Listing Regulations, pertinent disclosures have been made to the stock exchanges i.e. BSE Limited and National Stock Exchange of India Limited and can be assessed on Company's website i.e. www.anmolindialtd.com and on the website of stock exchanges i.e. www.bseindia.com and www.nseindia.com. The Standalone Financial Results have been prepared in accordance with principles of Indian Accounting Standards (Ind AS) as prescribed under Section 133 of the Companies Act, 2013 read with relevant rules issued thereunder.

**For & On behalf of Anmol India Limited**
Sd/-
Vijay Kumar
Managing Director & CFO
(DIN: 00574900)

Place : Ludhiana
Date : 18.05.2025



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

18 May Page-3.qxd 5/17/2025 10:48 PM Page 1



# ਪੁੰਛ 'ਚ ਹਮਲੇ ਦੌਰਾਨ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਮਿਲਣ ਪੁੱਜੇ ਐਡਵੋਕੇਟ ਧਾਮੀ

● ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦੇ ਦਿੱਤੇ ਚੈੱਕ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਭਾਰਤ ਪਾਕਿਸਤਾਨ ਵਿੱਚ ਬਣੇ ਤਣਾਅ ਵਾਲੇ ਹਾਲਾਤ ਦੌਰਾਨ ਬੀਤੇ ਦਿਨੀਂ ਜੰਮੂ-ਕਸ਼ਮੀਰ ਦੇ ਪੁੰਛ ਵਿੱਚ ਹੋਏ ਹਮਲਿਆਂ 'ਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਮਿਲਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪੁੰਛ ਪਹੁੰਚੇ ਅਤੇ ਉਨ੍ਹਾਂ ਨੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਦਿੱਤੇ।ਉਨ੍ਹਾਂ ਸਮੂਹ ਪੀੜਤ ਪਰਿਵਾਰਾਂ ਦੇ ਘਰਾਂ ਵਿੱਚ ਜਾ ਕੇ ਹਮਦਰਦੀ ਪ੍ਰਗਟ ਕੀਤੀ ਅਤੇ ਰਾਗੀ ਭਾਈ ਅਮਰੀਕ ਸਿੰਘ ਨਮਿਤ ਅੰਤਿਮ ਅਰਦਾਸ ਵਿੱਚ ਸ਼ਮੂਲੀਅਤ ਵੀ ਕੀਤੀ।ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਮਹੰਤ ਮਨਜੀਤ ਸਿੰਘ, ਮੀਤ ਸਕੱਤਰ ਸ ਹਰਭਜਨ ਸਿੰਘ ਵਕਤਾ ਵੀ ਮੌਜੂਦ ਸਨ।ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ. ਰਣਜੀਤ ਸਿੰਘ, ਰਾਗੀ ਭਾਈ ਅਮਰੀਕ ਸਿੰਘ, ਸਾਬਕਾ ਫ਼ੌਜੀ ਸ. ਅਮਰਜੀਤ ਸਿੰਘ ਅਤੇ ਬੀਬੀ ਬਲਵਿੰਦਰ ਕੌਰ (ਚਾਰੇ ਵਾਸੀ ਪੁੰਛ) ਦੀ ਹਮਲਿਆਂ ਦੌਰਾਨ ਮੌਤ ਹੋ ਗਈ ਸੀ।ਪੁੰਛ ਪੁੱਜੇ ਐਡਵੋਕੇਟ ਧਾਮੀ ਨੇ ਕਿਹਾ ਜੰਗ ਦੇ ਨਤੀਜੇ ਕਦੇ ਵੀ ਮਾਨਵਤਾ ਦੇ ਹੱਕ ਵਿਚ ਨਹੀਂ ਹੋ ਸਕਦੇ ਬਲਕਿ ਇਸ ਤੇ ਮਾਰੂ ਪ੍ਰਭਾਵ ਚਿਰਸਦੀਵ ਮਾਨਵਤਾ ਨੂੰ ਸਹਿਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੇ ਜੀ ਤੁਰ ਗਏ ਹਨ ਉਨ੍ਹਾਂ ਦਾ ਦੁੱਖ ਬਹੁਤ ਵੱਡਾ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਵੰਡਾਉਣ ਦਾ ਇੱਕ ਨਿਮਾਣਾ ਯਤਨ ਕੀਤਾ ਹੈ।ਉਨ੍ਹਾਂ ਆਖਿਆ ਕਿ ਇਹ ਕੋਈ ਅਹਿਸਾਨ ਨਹੀਂ ਹੈ ਸਗੋਂ ਇਹ ਸਿੱਖ ਸੰਸਥਾ ਸਭ ਦੀ ਸਾਂਝੀ ਹੈ ਅਤੇ ਇਸੇ ਭਾਵਨਾ ਨਾਲ ਹੀ ਆਪਣਾ ਫਰਜ਼ ਨਿਭਾ ਰਹੀ ਹੈ।ਇਸ ਦੌਰਾਨ ਮਹੰਤ ਮਨਜੀਤ ਸਿੰਘ ਨੇ ਐਲਾਨ ਕੀਤਾ ਕਿ ਉਹ ਪੀੜਤ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣਗੇ। ਇਸ ਮੌਕੇ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਅੰਮ੍ਰਿਤਪਾਲ ਸਿੰਘ ਕੁਲਾਰ, ਮਹੰਤ ਮਨਜੀਤ ਸਿੰਘ ਮੁਖੀ ਸ਼੍ਰੋਮਣੀ ਡੇਰਾ ਨੰਗਲੀ ਸਾਹਿਬ ਪੁੰਛ, ਭਾਈ ਹਰਬਿੰਦਰ ਸਿੰਘ ਇੰਚਾਰਜ ਸਿੱਖ ਮਿਸ਼ਨ, ਭਾਈ ਜਗਤਾਰ ਸਿੰਘ ਸਲਾਹਕਾਰ/ਕੋਆਰਡੀਨੇਟਰ (ਜੰਮੂ ਕਸ਼ਮੀਰ) ਧਰਮ ਪ੍ਰਚਾਰ ਕਮੇਟੀ, ਪਰਵਿੰਦਰ ਸਿੰਘ ਚੇਅਰਮੈਨ ਗੁਰੂ ਨਾਨਕ ਸੇਵਾ ਚੈਰੀਟੇਬਲ ਟਰੱਸਟ (ਜੰਮੂ ਕਸ਼ਮੀਰ), ਨਰਿੰਦਰ ਸਿੰਘ ਪ੍ਰਧਾਨ ਡਿਸਟ੍ਰਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਪੁੰਛ, ਰਣਜੀਤ ਸਿੰਘ ਟੌਹੜਾ ਪ੍ਰਧਾਨ ਜੰਮੂ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਚਰਨ ਸਿੰਘ ਖ਼ਾਲਸਾ, ਹਰਦਿਆਲ ਸਿੰਘ, ਚਰਨਜੀਤ ਸਿੰਘ ਖਾਲਸਾ ਸਾਬਕਾ ਐਮਐਲਸੀ ਅਤੇ ਹੋਰ ਮੌਜੂਦ ਸਨ।

# ਨਸ਼ਾ ਮੁਕਤੀ ਯਾਤਰਾ ਦੀ ਹਰਦੋਵਾਲ ਖੁਰਦ, ਹਰਦੋਵਾਲ ਕਲਾਂ ਤੇ ਸਮਰਾਏ ਕਲਾਂ 'ਚ ਦਸਤਕ

● ਰੰਧਾਵਾ ਨੇ ਤਿੰਨਾਂ ਪਿੰਡਾਂ ਦੇ ਵਸਨੀਕਾਂ ਨੂੰ ਨਸ਼ੇ ਦੀ ਰੋਕਥਾਮ 'ਚ ਯੋਗਦਾਨ ਪਾਉਣ ਲਈ ਸਹੁੰ ਚੁਕਾਈ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਨਸ਼ਾ ਮੁਕਤੀ ਯਾਤਰਾ ਦੀ ਆਰੰਭਤਾ ਕੀਤੀ ਗਈ।ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਵਿੱਚ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਨਸ਼ਿਆਂ ਖਿਲਾਫ਼ ਅਲਖ ਜਗਾਉਂਦੀ ਇਹ ਯਾਤਰਾ ਹਲਕੇ ਦੇ ਪਿੰਡ ਹਰਦੋਵਾਲ ਖੁਰਦ, ਹਰਦੋਵਾਲ ਕਲਾਂ ਅਤੇ ਸਮਰਾਏ ਵਿਖੇ ਪਹੁੰਚੀ।ਇਸ ਮੌਕੇ ਉਨ੍ਹਾਂ ਦੇ ਨਾਲ ਐੱਸਡੀਐੱਮ. ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਡੀਐਸਪੀ ਜੋਗਾ ਸਿੰਘ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਮਨਦੀਪ ਕੌਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।ਇਸ ਦੌਰਾਨ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਖਤਮ ਕਰ ਰਹੀ ਹੈ ਪਰ ਇਸ ਵਿੱਚ ਲੋਕਾਂ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਜੇਕਰ ਤੁਹਾਡੇ ਨਜ਼ਦੀਕ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਜੇਕਰ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ, ਸਰਕਾਰ ਵੱਲੋਂ ਉਸਦਾ ਨਸ਼ਾ ਛੁਡਾਉਣ ਲਈ ਮੁਫ਼ਤ ਇਲਾਜ ਕੀਤਾ ਜਾਵੇਗਾ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਦੇ ਸਰਬਪੱਖੀ ਵਿਕਾਸ ਲਈ ਯਤਨ ਅਰੰਭੇ ਗਏ ਹਨ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਦਿੱਤੇ ਜਾ ਰਹੇ ਹਨ ਅਤੇ ਹੁਣ ਤੱਕ 56 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਮੈਰਿਟ ਦੇ ਅਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਨਵੇਂ ਖੇਡ ਮੈਦਾਨ ਵੀ ਤਿਆਰ ਕੀਤੇ ਜਾਣਗੇ।ਇਸ ਮੌਕੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵੱਲੋਂ ਤਿੰਨਾਂ ਪਿੰਡਾਂ ਦੇ ਵਸਨੀਕਾਂ ਨੂੰ ਨਸ਼ੇ ਦੀ ਰੋਕਥਾਮ ਵਿੱਚ ਯੋਗਦਾਨ ਪਾਉਣ ਲਈ ਸਹੁੰ ਵੀ ਚੁਕਾਈ।ਇਸ ਮੌਕੇ ਪਿੰਡ ਹਰਦੋਵਾਲ ਖੁਰਦ, ਹਰਦੋਵਾਲ ਕਲਾਂ ਅਤੇ ਸਮਰਾਏ ਦੇ ਵਸਨੀਕਾਂ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਰਾਜ ਸਰਕਾਰ ਦੇ ਨਾਲ ਹਨ ਅਤੇ ਉਹ ਸਾਰੇ ਮਿਲ ਇਸ ਯੁੱਧ ਨੂੰ ਫ਼ਤਿਹ ਕਰਨਗੇ।

# ਰਾਸ਼ਟਰੀ ਸੁਰੱਖਿਆ ਨਾਗਰਿਕ ਮੰਚ ਨੇ ਕੱਢੀ ਤਿਰੰਗਾ ਯਾਤਰਾ

**ਬਟਾਲਾ (ਤਰਲੋਕ ਬੱਗਾ)**- ਡਿਪਟੀ ਕਮਾਂਡੈਂਟ ਸੰਦੀਪ ਆਜ਼ਾਦ ਅਤੇ ਰੋਸ਼ਨ ਲਾਲ ਦੀ ਅਗਵਾਈ ਹੇਠ ਰਾਸ਼ਟਰੀ ਸੁਰੱਖਿਆ ਨਾਗਰਿਕ ਮੰਚ ਨੇ ਭਾਰਤੀ ਫੌਜ ਪ੍ਰਤੀ ਧੰਨਵਾਦ ਅਤੇ ਪ੍ਰਸ਼ੰਸਾ ਪ੍ਰਗਟ ਕਰਨ ਲਈ ਇੱਕ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ। ਇਹ ਯਾਤਰਾ ਸੁੱਖਾ ਸਿੰਘ ਚੌਕ ਤੋਂ ਸ਼ੁਰੂ ਹੋਈ ਅਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਲੰਘੀ, ਜਿਸ ਵਿੱਚ ਭਾਗੀਦਾਰਾਂ ਨੇ



ਰਾਸ਼ਟਰੀ ਝੰਡਾ ਚੁੱਕਿਆ ਹੋਇਆ ਸੀ ਅਤੇ ਹਥਿਆਰਬੰਦ ਬਲਾਂ ਦੀ ਪ੍ਰਸ਼ੰਸਾ ਵਿੱਚ ਨਾਅਰੇ ਲਗਾਏ।ਇਸ ਸਮਾਗਮ ਦਾ ਉਦੇਸ਼ ਭਾਰਤੀ ਫੌਜ ਨਾਲ ਦੇਸ਼ ਭਗਤੀ ਅਤੇ ਏਕਤਾ ਦਾ ਪ੍ਰਦਰਸ਼ਨ ਕਰਨਾ ਸੀ, ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਰਾਸ਼ਟਰੀ ਸੁਰੱਖਿਆ ਪ੍ਰਤੀ ਸਮਰਪਣ ਨੂੰ ਉਜਾਗਰ ਕਰਨਾ ਸੀ।ਇਸ ਦੌਰਾਨ ਤਿਰੰਗਾ ਯਾਤਰਾ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲ੍ਹਾ ਪ੍ਰਧਾਨ ਭਾਜਪਾ ਹਰਸਿਮਰਨ ਸਿੰਘ ਹੀਰਾ ਵਾਲਿਆ, ਮੀਤ ਪ੍ਰਧਾਨ ਫਤਹਿਜੰਗ ਸਿੰਘ ਬਾਜਵਾ, ਰਵੀ ਕਰਨ ਸਿੰਘ ਕਾਹਲੋਂ, ਸਾਬਕਾ ਵਿਧਾਇਕ ਅਸ਼ਵਨੀ ਸੇਖੜੀ, ਬਲਵਿੰਦਰ ਸਿੰਘ ਲਾਡੀ, ਅੰਬਿਕਾ ਖੰਨਾ ਨੇ ਸੰਬੋਧਨ ਦੌਰਾਨ ਸਾਂਝੇ ਤੌਰ 'ਤੇ ਕਿਹਾ ਕਿ ਦੇਸ਼ ਨੂੰ ਨਰਿੰਦਰ ਮੋਦੀ ਦੇ ਮਜ਼ਬੂਤ ਨੇਤਰਤੱਵ ਅਤੇ ਬਹਾਦਰ ਸੈਨਿਕਾਂ ਦੀ ਅਗਵਾਈ ਵਿੱਚ ਅੱਜ ਦੇਸ਼ ਦਾ ਹਰ ਨਾਗਰਿਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਫੌਜ ਤੇ ਮਾਣ ਹੈ।

# ਸਵਿਫਟ ਤੇ ਮੋਪਿਡ ਵਿਚਾਲੇ ਹਾਦਸੇ ਦੌਰਾਨ ਔਰਤ ਗੰਭੀਰ ਜ਼ਖ਼ਮੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਿੰਡ ਭੁੰਬਲੀ ਵਿਖੇ ਸਵਿਫਟ ਕਾਰ-ਮੋਪਿਡ ਹਾਦਸੇ ਦੌਰਾਨ ਮੋਪਿਡ ਚਾਲਕ ਵਿਧਵਾ ਔਰਤ ਗੰਭੀਰ ਜ਼ਖ਼ਮੀ ਹੋ ਗਈ ਜਿਸਦੀ ਪਛਾਣ ਅੰਮ੍ਰਿਤਪਾਲ ਕੌਰ (45) ਪਤਨੀ ਲੇਟ ਬਲਜਿੰਦਰ ਸਿੰਘ ਵਾਸੀ ਭੁੰਬਲੀ ਵਜੋਂ ਹੋਈ। ਪਿੰਡ ਵਾਸੀਆਂ ਨੇ ਦੱਸਿਆ ਕਿ ਵਿਧਵਾ ਅੰਮ੍ਰਿਤਪਾਲ ਕੌਰ ਆਪਣੀ ਐਕਟਿਵਾ ਸਕੂਟਰੀ ਤੇ ਸਵਾਰ ਹੋ ਕੇ ਪਿੰਡ ਭੁੰਬਲੀ ਵੱਲ ਨੂੰ ਆ ਰਹੀ ਸੀ ਕਿ ਅੱਗੋਂ ਤੇਜ਼ ਰਫਤਾਰ ਸਵਿਫਟ ਕਾਰ ਨੰਬਰ ਪੀਬੀ 07 ਏਏ 0050 ਜਿਸ ਨੂੰ ਇਕ ਵਰਦੀਧਾਰੀ ਪੁਲਸ ਮੁਲਾਜ਼ਮ ਚਲਾ ਰਿਹਾ ਸੀ, ਨੇ ਸੜਕ ਦੇ ਦੂਜੇ ਪਾਸੇ ਜਾ ਕੇ ਉਸਦੀ ਸਕੂਟਰੀ ਵਿੱਚ ਮਾਰੀ। ਹਾਦਸੇ ਦੌਰਾਨ ਵਿਧਵਾ ਅੰਮ੍ਰਿਤਪਾਲ ਕੌਰ ਗੰਭੀਰ ਜ਼ਖ਼ਮੀ ਹੋ ਗਈ। ਪਿੰਡ ਵਾਸੀਆਂ ਨੇ ਦੱਸਿਆ ਕਿ ਵਿਧਵਾ ਅੰਮ੍ਰਿਤਪਾਲ ਕੌਰ ਦੀਆਂ ਦੋ ਬੇਟੀਆਂ ਅਤੇ ਇਕ ਬੇਟਾ ਹੈ, ਜਿਨ੍ਹਾਂ ਦਾ ਪਾਲਣ ਪੋਸ਼ਣ ਉਹ ਮਿਹਨਤ ਮਜ਼ਦੂਰੀ ਕਰਕੇ ਕਰ ਰਹੀ ਹੈ। ਉਸਦਾ ਪਤੀ, ਸੱਸ ਤੇ ਸਹੁਰਾ ਪਹਿਲਾਂ ਹੀ ਮਰ ਚੁੱਕੇ ਹਨ। ਹੁਣ ਉਸਦੇ ਬੱਚਿਆਂ ਦਾ ਗੁਜ਼ਾਰਾ ਹੋਣਾ ਔਖਾ ਹੈ। ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਅੰਮ੍ਰਿਤਪਾਲ ਕੌਰ ਦੀ ਆਰਥਿਕ/ਮਾਲੀ ਸਹਾਇਤਾ ਕੀਤੀ ਜਾਵੇ ਅਤੇ ਕਾਰ ਚਾਲਕ ਖਿਲਾਫ ਸਖਤ ਕਾਰਵਾਈ ਕਰਕੇ ਗਰੀਬ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇ। ਘਟਨਾ ਸਥਾਨ ਨਾਲ ਸੰਬੰਧਿਤ ਪੁਲੀਸ ਥਾਣਾ ਤਿੱਬੜ ਦੇ ਐੱਸਐੱਚਓ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਹਾਦਸੇ ਦੌਰਾਨ ਜ਼ਖ਼ਮੀ ਹੋਈ ਔਰਤ ਦੇ ਬਿਆਨ ਲੈਣ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ।



# ਹਿਤੇਸ਼ ਮਹਾਜਨ ਤੇ ਰਘੁਬੀਰ ਸਿੰਘ ਨੇ ਨਗਰ ਸੁਧਾਰ ਟਰੱਸਟ ਦੇ ਟਰੱਸਟੀ ਵਜੋਂ ਅਹੁਦਾ ਸੰਭਾਲਿਆ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਿਤੇਸ਼ ਮਹਾਜਨ ਅਤੇ ਰਘੁਬੀਰ ਸਿੰਘ ਨੇ ਅੱਜ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਟਰੱਸਟੀ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਅਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਸਮੇਤ ਪਾਰਟੀ ਦੇ ਸੀਨੀਅਰ ਆਗੂਆਂ ਨੇ ਨਵ-ਨਿਯੁਕਤ ਟਰੱਸਟੀਆਂ ਨੂੰ ਅਹੁਦਾ ਸੰਭਾਲਣ ਮੌਕੇ ਵਧਾਈ ਦਿੱਤੀ।ਰਮਨ ਬਹਿਲ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਮਾਨ ਸਰਕਾਰ ਨੇ ਇਹ ਨਿਯੁਕਤੀਆਂ ਕਰਕੇ ਪਾਰਟੀ ਦੇ ਮਿਹਨਤੀ ਤੇ ਇਮਾਨਦਾਰ ਆਗੂਆਂ ਨੂੰ ਮਾਣ ਦਿੱਤਾ ਹੈ।ਉਨ੍ਹਾਂ ਕਿਹਾ ਕਿ ਨਗਰ ਸੁਧਾਰ ਗੁਰਦਾਸਪੁਰ ਦੇ ਨਵ-ਨਿਯੁਕਤ ਇਹ ਟਰੱਸਟੀ ਗੁਰਦਾਸਪੁਰ ਸ਼ਹਿਰ ਨੂੰ ਆਪਣੀਆਂ ਸ਼ਾਨਦਾਰ ਸੇਵਾਵਾਂ ਦੇਣਗੇ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਕਰਜ਼ਾ ਚੁੱਕਣ ਵਾਲੀ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਵੱਲੋਂ ਹੁਣ 3.50 ਕਰੋੜ ਰੁਪਏ ਦਾ ਕਰਜ਼ਾ ਨਗਰ ਸੁਧਾਰ ਟਰੱਸਟ ਬਟਾਲਾ ਨੂੰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਨਗਰ ਕੌਂਸਲ ਵੱਲੋਂ ਗੁਰਦਾਸਪੁਰ ਸ਼ਹਿਰ ਦੇ ਵਿਕਾਸ ਵਿੱਚ ਰੋੜੇ ਅਟਕਾਏ ਜਾ ਰਹੇ ਹਨ ਅਤੇ ਨਗਰ ਸੁਧਾਰ ਟਰੱਸਟ ਵੱਲੋਂ ਜੋ ਸ਼ਹਿਰ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਲਈ 4 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਉਨ੍ਹਾਂ ਪ੍ਰੋਜੈਕਟਾਂ ਵਿੱਚ ਅੜਚਨ ਪਾਈ ਜਾ ਰਹੀ ਹੈ।ਓਧਰ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਨਿਯੁਕਤੀ ਲਈ ਟਰੱਸਟੀ ਹਿਤੇਸ਼ ਮਹਾਜਨ ਅਤੇ ਰਘੁਬੀਰ ਸਿੰਘ ਨੇ ਧੰਨਵਾਦ ਪ੍ਰਗਟਾਇਆ।



# ਪੀਰ ਬਾਬਾ ਲੱਖ ਦਾਤਾ ਧੌੜਾ ਸਾਹਿਬ ਦਾ ਸਾਲਾਨਾ ਜੋੜ ਮੇਲਾ ਮਨਾਇਆ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪੀਰ ਬਾਬਾ ਲੱਖ ਦਾਤਾ ਧੌੜਾ ਸਾਹਿਬ ਪਿੰਡ ਠੱਠਗੜ੍ਹ ਵਿਖੇ ਸਾਲਾਨਾ ਜੋੜ ਮੇਲਾ ਮਨਾਇਆ ਗਿਆ। ਇਸ ਸਬੰਧੀ ਮੁੱਖ ਸੇਵਾਦਾਰ ਬਾਬਾ ਲਾਡੀ ਸ਼ਾਹ ਨੇ ਦੱਸਿਆ ਕਿ ਅੱਜ ਬਾਬਾ ਲੱਖ ਦਾਤਾ ਧੌੜਾ ਸਾਹਿਬ ਦੇ ਦਰਬਾਰ 'ਤੇ ਚਾਦਰ ਚੜ੍ਹਾਈ ਗਈ। ਉਪਰੰਤ ਇਲਾਕੇ ਤੋਂ ਪ੍ਰਮੁੱਖ ਕਬੱਡੀ ਦੀਆਂ ਟੀਮਾਂ ਸਾਂਘਣਾ ਤੇ ਪਿੰਡ ਵਰਨਾਲੇ ਦੀਆਂ ਟੀਮਾਂ ਦਰਮਿਆਨ ਮੈਚ ਖੇਡੇ ਗਏ ਜਿਸ ਵਿਚ ਵਰਨਾਲੇ ਦੀ ਟੀਮ ਜੇਤੂ ਰਹੀ। ਇਸ ਮੌਕੇ ਮੁੱਖ ਮਹਿਮਾਨ ਵਜੋਂ ਤਰਨਤਾਰਨ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ ਪੁੱਜੇ ਜਿਨ੍ਹਾਂ ਖਿਡਾਰੀਆਂ ਨੂੰ ਨਗਦ ਇਨਾਮ ਦੇ ਕੇ ਉਤਸ਼ਾਹਿਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਕਰਨਬੀਰ ਸਿੰਘ ਬੁਰਜ ਨੇ ਕਿਹਾ ਕਿ ਖੇਡਾਂ ਹੋਣੀਆਂ ਓਨੀਆਂ ਹੀ ਜ਼ਰੂਰੀ ਹਨ ਜਿੰਨਾ ਸਰੀਰ ਲਈ ਭੋਜਨ। ਉਨ੍ਹਾਂ ਕਿਹਾ ਕਿ ਕਈ ਨੌਜਵਾਨ ਖੇਡਾਂ ਤੋਂ ਮੂੰਹ ਮੋੜ ਕੇ ਨਸ਼ਿਆਂ ਵਰਗੀਆਂ ਭੈੜੀਆਂ ਬਿਮਾਰੀਆਂ ਸਹੇੜ ਬੈਠੇ ਹਨ। ਉਹ ਵੀ ਇਲਾਜ ਕਰਵਾ ਕੇ ਖੇਡਾਂ ਵੱਲ ਮੁੜਨ, ਉਨ੍ਹਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਹਰ ਇੱਕ ਜਾਫੀ ਤੇ ਰੇਡਰ ਨੂੰ 500-500 ਰੁਪਏ ਦੇ ਇਨਾਮ ਦਿੱਤੇ। ਇਸ ਮੌਕੇ ਪਿੰਡ ਵਾਸੀਆਂ ਅਤੇ ਪ੍ਰਬੰਧਕਾਂ ਨੇ ਕਰਨਬੀਰ ਸਿੰਘ ਬੁਰਜ ਤੇ ਹੋਰਨਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਗੁਰਮੇਜ ਸਿੰਘ, ਦਿਲਬਾਗ ਸਿੰਘ ਠੱਠਗੜ੍ਹ, ਨਰਿੰਦਰ ਸਿੰਘ ਆੜ੍ਹਤੀ, ਅਵਤਾਰ ਸਿੰਘ ਮਾਣਕਪੁਰ, ਝਿਰਮਲ ਸਿੰਘ, ਹਰਵਿੰਦਰ ਸਿੰਘ, ਸੁਖਚੈਨ ਸਿੰਘ, ਕਾਬਲ ਸਿੰਘ, ਅਵਤਾਰ ਸਿੰਘ, ਟਹਿਲ ਸਿੰਘ, ਨਿਸ਼ਾਨ ਸਿੰਘ ਮੈਂਬਰ, ਸਰਵਣ ਸਿੰਘ, ਸੋਨੂੰ ਖੈਰਦੀਨ ਕੇ, ਜੱਜ ਖੈਰਦੀਨ ਕੇ, ਬਾਊ ਪਹਿਲਵਾਨ, ਸਾਬਕਾ ਸਰਪੰਚ ਸੁੱਚਾ ਸਿੰਘ ਖੈਰਦੀਨ ਕੇ, ਹਰਜੀਤ ਸਿੰਘ ਝਬਾਲ ਜਗਤਾਰ ਸਿੰਘ ਆਦਿ ਹਾਜ਼ਰ ਸਨ।

# ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ ਕਰਵਾਇਆ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**- ਗੁਰਦੁਆਰਾ ਸਾਹਿਬ ਪੱਤੀ ਕਿਲੇ ਵਾਲੀ, ਰਤਨਗੜ੍ਹ ਵਿਖੇ ਸਰਬੱਤ ਦੇ ਭਲੇ ਲਈ ਗੁਰਮਤਿ ਸਮਾਗਮ ਕਰਵਾਇਆ ਗਿਆ ।ਇਸ ਮੌਕੇ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਮੁਖੀ ਸਿੰਘ ਸਾਹਿਬ ਜਃ ਬਾਬਾ ਜੋਗਾ ਸਿੰਘ ਵੱਲੋਂ ਭੇਜੇ ਸਿੰਘਾਂ ਨੇ ਮਨੋਹਰ ਕੀਰਤਨ ਕੀਤਾ।ਇਸ ਮੌਕੇ ਹਰਪਾਲ ਸਿੰਘ ਰਤਨਗੜ੍ਹ ਸਮਾਜ ਸੇਵਕ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਦੇ ਭੋਗ ਪਾਏ ਗਏ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਗਿਆ ।ਇਸ ਮੌਕੇ ਸੰਤ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਸ੍ਰੀ ਆਨੰਦਪੁਰ ਸਾਹਿਬ ਨੇ ਪੁੱਜੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਅਤੇ ਹਰਪਾਲ ਸਿੰਘ ਰਤਨਗੜ੍ਹ ਪਰਿਵਾਰ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ।ਇਸ ਮੌਕੇ ਹਰਕ੍ਰਿਸ਼ਨ ਸਿੰਘ ਸਾਬਕਾ ਡੀਐਸਪੀ., ਬਾਬਾ ਲਵਪ੍ਰੀਤ ਸਿੰਘ ਮੀਆਂਵਿੰਡ, ਜਃ ਕੁਲਦੀਪ ਸਿੰਘ ਨਾਹਰਾ ਭਿੰਡਰ ਦਾ ਪਰਿਵਾਰ, ਚੇਅਰਮੈਨ ਵਰਿੰਦਰ ਸਿੰਘ ਵਿੱਕੀ ਭਿੰਡਰ, ਜਸਪ੍ਰੀਤ ਸਿੰਘ ਭਿੰਡਰ, ਸਾਃ ਸਰਪੰਚ ਸਰਮੁੱਖ ਸਿੰਘ, ਸੁਖਦੇਵ ਸਿੰਘ ਸਾਃ ਸਰਪੰਚ, ਹੈੱਡ ਗ੍ਰੰਥੀ ਭਾਈ ਹਰਜੀਤ ਸਿੰਘ, ਪਟਵਾਰੀ ਸਰਦੂਲ ਸਿੰਘ, ਰਾਜਪਾਲ ਸਿੰਘ ਉੱਪਲ, ਅਵਤਾਰ ਸਿੰਘ ਖਿਲਚੀਆਂ, ਪ੍ਰਧਾਨ ਗੁਰਦੇਵ ਸਿੰਘ, ਸਰਪੰਚ ਬਲਵਿੰਦਰ ਸਿੰਘ ਸਕਿਆਂਵਾਲੀ, ਪੰਚ ਚੈਂਚਲ ਸਿੰਘ, ਬੀਬੀ ਸੁਰਿੰਦਰਪਾਲ ਕੌਰ, ਗੁਰਭੇਜ ਸਿੰਘ ਵੈਰੋਵਾਲ, ਬੀਬੀ ਕੰਵਲਜੀਤ ਕੌਰ,ਮਾਤਾ ਮਹਿੰਦਰ ਕੌਰ, ਅਵਤਾਰ ਸਿੰਘ, ਰਣਜੀਤ ਸਿੰਘ, ਵਿਰਸਾ ਸਿੰਘ, ਨਰਿੰਦਰ ਸਿੰਘ, ਬਿਕਮਰਜੀਤ ਸਿੰਘ, ਪ੍ਰਭਜੀਤ ਸਿੰਘ ਯੂ. ਕੇ. ਰਛਪਾਲ ਸਿੰਘ, ਅਮਰੀਕ ਸਿੰਘ ਸ਼ਾਹ, ਪੂਰਨ ਸਿੰਘ ਅਤੇ ਹੋਰ ਸੰਗਤਾਂ ਨੇ ਹਾਜਰੀ ਭਰੀ ।

# ਸ੍ਰੀ ਬਾਵਾ ਲਾਲ ਦੁਆਰ ਵਿਖੇ ਸਾਲਾਨਾ ਮੂਰਤੀ ਸਥਾਪਨਾ ਤੇ ਭੂਮੀ ਪੂਜਨ ਸਬੰਧੀ ਸਮਾਗਮ

**ਮਜੀਠਾ (ਸੋਇਮ ਆਨੰਦ)**- ਸ੍ਰੀ ਬਾਵਾ ਲਾਲ ਦਿਆਲ ਦੀ ਮੰਦਰ ਮਜੀਠਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੂਰਤੀ ਸਥਾਪਨਾ ਦਿਵਸ ਅਤੇ ਭੂਮੀ ਪੂਜਨ ਮੌਕੇ ਸ੍ਰੀ ਭਗਵਤ ਕਥਾ ਸਮਾਗਮ ਕਰਵਾਇਆ ਗਿਆ।ਇਹ ਸਮਾਗਮ ਸ੍ਰੀ ਬਾਵਾ ਲਾਲ ਦੁਆਰ ਧਿਆਨਪੁਰ ਜੀ ਦੇ ਗੱਦੀਨਸ਼ੀਨ ਰਾਮ ਸੁੰਦਰ ਦਾਸ ਜੀ ਦੇ ਅਸ਼ੀਰਵਾਦ ਲੈ ਕੇ ਹਫਤਾਵਾਰੀ ਸਮਾਗਮ ਕਰਵਾਇਆ ਗਿਆ ਜੋ।ਇਸ ਸਮਾਗਮ ਵਿੱਚ ਕਥਾਵਾਚਕ ਲਲਿਤ ਕਿਸ਼ੋਰ ਵਰਿੰਦਾਵਨ ਵਾਲਿਆਂ ਸੰਗਤਾਂ ਨੂੰ ਸ੍ਰੀ ਕ੍ਰਿਸ਼ਨ ਜਨਮ, ਗਵਰਧਨ ਪੂਜਾ, ਰੁਕਮਣੀ ਵਿਆਹ, ਸੁਦਾਮਾ ਮਿਲਣ ਅਤੇ ਹੋਰ ਕਥਾ ਵਿਚਾਰਾਂ ਰਾਹੀਂ ਨਿਹਾਲ ਕੀਤਾ ਜਿਸ ਸਬੰਧੀ ਪ੍ਰਬੰਧਕ ਚੇਅਰਮੈਨ ਕੁਲਦੀਪ ਕੁਮਾਰ ਅਤੇ ਕਮੇਟੀ ਪ੍ਰਧਾਨ ਨਰਿੰਦਰ ਕੁਮਾਰ ਪਟਵਾਰੀ ਤੇ ਐੱਨ. ਕੇ. ਬੱਬਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਬਾਵਾ ਲਾਲ ਦੁਆਰ ਧਿਆਨਪੁਰ ਦੇ ਗੱਦੀਨਸ਼ੀਨ ਮਹਾਰਾਜ ਸ੍ਰੀ ਰਾਮ ਸੁੰਦਰ ਦਾਸ ਜੀ ਦੇ ਅਸ਼ੀਰਵਾਦ ਸਦਕਾ ਭਾਰਤ ਪਾਕਿ ਤਨਾਅ ਕਰਕੇ ਜਗਰਾਤੇ ਦਾ ਪ੍ਰੋਗਰਾਮ ਬੰਦ ਕਰ ਦਿੱਤਾ ਸੀ।ਇਸ ਮੌਕੇ ਮੰਦਿਰ ਦੇ ਪੁਜਾਰੀ ਪੰਡਿਤ ਮਨੋਜ ਕੁਮਾਰ, ਪ੍ਰਧਾਨ ਨਰਿੰਦਰ ਕੁਮਾਰ ਪਟਵਾਰੀ, ਚੇਅਰਮੈਨ ਕੁਲਦੀਪ ਕੁਮਾਰ, ਰਵਿੰਦਰ ਕਪਾਹੀ, ਨਰਿੰਦਰ ਬੱਬਰ, ਰਾਜਕਿਰਨ ਰਾਜੂ, ਇੰਦਰਜੀਤ ਸ਼ਰਮਾ, ਅਸ਼ਵਨੀ ਕੁਮਾਰ ਨੀਟਾ, ਰਕੇਸ਼ ਕੁਮਾਰ ਮਿੰਕੂ, ਡਾ ਬਲਰਾਜ ਸ਼ਰਮਾ, ਬਿਮਲ ਸ਼ਰਮਾ, ਰਮੇਸ਼ ਪੁਰੀ, ਜੈ ਕੁਮਾਰ ਸਮੇਤ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ।



# 21 ਨੂੰ ਕਰਵਾਏ ਜਾਣ ਵਾਲੇ ਸੱਭਿਆਚਾਰਕ ਮੇਲੇ ਦਾ ਪੋਸਟਰ ਜਾਰੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪੀਰ ਬਾਬਾ ਸਖੀ ਸੁਲਤਾਨ ਦੀ ਯਾਦ ਵਿੱਚ ਕਰਵਾਏ ਜਾਣ ਵਾਲੇ ਸਾਲਾਨਾ ਸੱਭਿਆਚਾਰਕ ਮੇਲੇ ਸਬੰਧੀ ਮੇਲਾ ਪ੍ਰਬੰਧਕ ਕਮੇਟੀ ਦੀ ਬੀਤੇ ਦਿਨ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਖੈੜਾ ਬੇਟ ਵਿਖੇ ਪੀਰ ਬਾਬਾ ਸਖੀ ਸੁਲਤਾਨ ਯਾਦਗਾਰੀ ਮੇਲਾ ਇਸ ਵਾਰ 21 ਮਈ ਨੂੰ ਕਰਵਾਇਆ ਜਾਵੇਗਾ।ਇਸ ਸਮੇਂ ਮੇਲਾ ਕਮੇਟੀ ਵੱਲੋਂ ਜਿਸ ਵਿੱਚ ਸਤਨਾਮ ਧੰਜਲ, ਬੱਬੂ ਖੈੜਾ, ਜੋਗਿੰਦਰ ਜਾਤੀ ਕੇ, ਜਤਿੰਦਰ ਸਿੰਘ ਫੌਜੀ, ਲਖਵਿੰਦਰ ਕੋਟੀਆ ਅਤੇ ਅਰਸ਼ ਆਦਿ ਹਾਜ਼ਰ ਸਨ, ਵੱਲੋਂ ਮੇਲੇ ਸਬੰਧੀ ਇੱਕ ਪੋਸਟਰ ਵੀ ਜਾਰੀ ਕੀਤਾ ਗਿਆ।ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਬੱਬੂ ਖੈੜਾ ਨੇ ਦੱਸਿਆ ਕਿ ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਉਸ ਦਿਨ ਸਵੇਰੇ 10.30 ਵਜੇ ਝੰਡੇ ਦੀ ਰਸਮ ਹੋਵੇਗੀ, ਉਪਰੰਤ 11 ਵਜੇ ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਕਰ ਦਿੱਤੀ ਜਾਵੇਗੀ।ਇਸ ਸਮੇਂ ਕਰਵਾਏ ਜਾਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਸਮੇਂ ਪੰਜਾਬ ਦੀ ਉੱਘੀ ਲੋਕ ਗਾਇਕਾ ਜਸਵਿੰਦਰ ਬਰਾੜ, ਪ੍ਰਸਿੱਧ ਦੋਗਾਣਾ ਜੋੜੀ ਹਰਪਾਲ ਠੱਠੇ ਵਾਲਾ ਬੀਬਾ ਕੰਵਲਜੀਤ ਕੰਵਲ, ਸ਼ਮੀ ਖਾਨ-ਕਿਰਨ ਰੰਧਾਵਾ, ਕਸ਼ਮੀਰ ਬੱਲ ਬੀਬਾ ਬਲਜੀਤ ਕਮਲ, ਹੁਸਨ ਪ੍ਰੀਤ ਹੰਸ, ਸਤਨਾਮ ਧੰਜਲ, ਲਖਵਿੰਦਰ ਕੋਟੀਆ ਤੋਂ ਇਲਾਵਾ ਕਮੇਡੀ ਕਲਾਕਾਰ ਕਾਂਸ਼ੀ ਰਾਮ ਚੰਨ ਵੱਲੋਂ ਹਾਜ਼ਰ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ ਜਾਵੇਗਾ।



# ਸੀ ਐੱਚ ਸੀ ਸਰਹਾਲੀ ਵਿਖੇ ਹਾਈਪਰਟੈਨਸ਼ਨ ਬਾਰੇ ਜਾਗਰੂਕ ਕਰਨ ਲਈ ਕੈਂਪ ਲਗਾਇਆ



**ਚੋਹਲਾ ਸਾਹਿਬ (ਰਮਨ ਚੱਢਾ)** ਅਜਕਲ ਮਨੁੱਖ ਹਾਈਪਰਟੈਨਸ਼ਨ ਤੇ ਡਿਪ੍ਰੈਸ਼ਨ ਵਰਗੀਆਂ ਗੰਭੀਰ ਬੀਮਾਰੀਆਂ ਦਾ ਸ਼ਿਕਾਰ ਜ਼ਿਆਦਾ ਹੋ ਰਿਹਾ ਹੈ, ਜੋ ਇਕ ਗੰਭੀਰ ਵਿਸ਼ਾ ਹੈ। ਇਸ ਸਬੰਧੀ ਅੱਜ ਕਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਵਿਖੇ ਆਏ ਲੋਕਾਂ ਨੂੰ ਸਿਹਤ ਪ੍ਰਤੀ ਸੁਹਿਰਦ ਹੋਣ ਦਾ ਹੋਕਾ ਦਿੱਤਾ ਗਿਆ। ਸਿਵਲ ਸਰਜਨ ਡਾਗੁਰਪ੍ਰੀਤ ਸਿੰਘ ਰਾਏ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਜਤਿੰਦਰ ਸਿੰਘ ਗਿੱਲ ਐੱਸਐੱਮਓ ਸਰਹਾਲੀ ਕਲਾਂ ਦੀ ਅਗਵਾਈ ਹੇਠ ਲਗਾਏ ਗਏ ਇਸ ਸੈਮੀਨਾਰ ਵਿੱਚ ਡਾਃ ਗਿੱਲ ਕਿਹਾ ਨੇ ਕਿਹਾ ਕਿ ਅਜੋਕੇ ਦੌਰ ਵਿਚ ਬਹੁਤੇ ਲੋਕ ਹਾਈਪਰਟੈਨਸ਼ਨ ਅਤੇ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਆਤਮ ਹੱਤਿਆ ਜਿਹਾ ਰਸਤਾ ਵੀ ਅਪਣਾ ਲਿਆ ਜਾਂਦਾ ਹੈ, ਜਿਸ ਨਾਲ ਪਿਛੇ ਰਹਿੰਦੇ ਪਰਿਵਾਰ ਨੂੰ ਕਾਫੀ ਪ੍ਰੇਸ਼ਾਨੀ ਵਿਚ ਪਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮੂਹ ਸਿਹਤ ਕੇਂਦਰਾਂ ਵਿਚ ਮਾਹਿਰ ਡਾਕਟਰਾਂ ਵੱਲੋਂ ਆਧੁਨਿਕ ਕਿਸਮ ਦੀਆਂ ਮਸ਼ੀਨਾਂ ਨਾਲ ਮਰੀਜਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ। ਬੀ ਈ ਈ ਬਲਰਾਜ ਸਿੰਘ ਨੇ ਕਿਹਾ ਕਿ ਹਾਇਪਰਟੈਂਸ਼ਨ ਤੋਂ ਬਚਣ ਲਈ ਮਨੁਖ ਨੂੰ ਚੰਗਾ ਖਾਣ-ਪਾਣ ਅਤੇ ਕਸਰਤ ਬਹੁਤ ਜ਼ਰੂਰੀ ਹੈ। ਇਸ ਮੌਕੇ ਰੁਪਿੰਦਰ ਕੌਰ, ਪਰਮਜੀਤ ਕਰ, ਕਸ਼ਮੀਰ ਕੌਰ, ਰਾਜਵਿੰਦਰ ਕੌਰ, ਸੁਖਵਿੰਦਰ ਕੌਰ, ਅਪਥਾਲਮਿਕ ਅਫਸਰ ਜਸਵਿੰਦਰ ਸਿੰਘ, ਸਤਨਾਮ ਸਿੰਘ, ਬਿਕਰਮਜੀਤ ਸਿੰਘ, ਕਵਲਜੀਤ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਸਰਕਾਰ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਵਚਨਬੱਧ : ਈ ਟੀ ਓ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਮੁੱਖ ਮੰਤਰੀ ਪੰਜਾਬ ਸਃ ਭਗਵੰਤ ਸਿੰਘ ਮਾਨ ਦੀ ਸੁਚੱਜੀ ਅਗਵਾਈ ਵਿਚ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਸਰਕਾਰ ਸਕੂਲਾਂ ਦੀ ਨੁਹਾਰ ਬਦਲਣ ਲਈ ਵੱਚਨਬੱਧ ਹੈ ਅਤੇ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਇਮਾਰਤਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਤੇ ਸਕੂਲਾਂ ਦੀ ਚਾਰਦੀਵਾਰੀ ਕੀਤੀ ਜਾ ਰਹੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਵਿਧਾਨਸਭਾ ਹਲਕੇ ਅਤੇ ਬਲਾਕ ਤਰਸਿੱਕਾ ਦੇ ਪੰਜ ਸਕੂਲਾਂ ਵਿਚ ਨਵੀਂ ਚਾਰਦੀਵਾਰੀ, ਨਵੇਂ ਕਲਾਸ ਰੂਮ, ਆਰਟ ਤੇ ਕਰਾਫਟ ਰੂਮ ਆਦਿ ਦਾ ਉਦਘਾਟਨ ਕਰਨ ਉਪਰੰਤ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ ਦੇ ਖੇਤਰ ਵਿਚ ਸੂਬੇ ਨੂੰ ਮੋਹਰੀ ਸੂਬਾ ਬਣਾਉਣ ਲਈ ਸਾਰਥਕ ਕਦਮ ਚੁੱਕੇ ਜਾ ਰਹੇ ਹਨ।ਈ. ਟੀ. ਓ. ਨੇ ਸਰਕਾਰੀ ਹਾਈ ਸਕੂਲ ਸੈਦੋਲੇਹਲ ਵਿਚ 19.55 ਲੱਖ ਰੁਪਏ ਦੀ ਲਾਗਤ ਨਾਲ, ਸਰਕਾਰੀ ਐਲੀਮੈਂਟਰੀ ਸਕੂਲ ਤਰਸਿੱਕਾ ਵਿਚ 4.08 ਲੱਖ ਰੁਪਏ ਦੀ ਲਾਗਤ ਨਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਸਿੱਕਾ ਵਿਖੇ 24.14 ਲੱਖ ਰੁਪਏ ਦੀ ਲਾਗਤ ਨਾਲ, ਸਰਕਾਰੀ ਐਲੀਮੈਂਟਰੀ ਸਕੂਲ ਮਹਿਸਮਪੁਰ ਕਲਾਂ ਵਿਖੇ 7.50 ਲੱਖ ਰੁਪਏ ਦੀ ਲਾਗਤ ਨਾਲ ਅਤੇ ਸਰਕਾਰੀ ਮਿਡਲ ਸਕੂਲ ਮਹਿਸਮਪੁਰ ਕਲਾਂ ਵਿਖੇ 11.51 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਕਲਾਸ ਰੂਮ, ਨਵੀਂ ਚਾਰਦੀਵਾਰੀ ਅਤੇ ਆਰਟ ਐਂਡ ਕਰਾਫਟ ਰੂਮ ਆਦਿ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਿੰਡਾਂ ਵਿਚ 5.46 ਕਰੋੜ ਰੁਪਏ ਦੀ ਲਾਗਤ ਨਾਲ ਨਵੀਆਂ ਸੜਕਾਂ ਦੀ ਉਸਾਰੀ ਵੀ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਜੰਡਿਆਲਾ ਹਲਕੇ ਦੀ ਕੋਈ ਵੀ ਸੜਕ ਕੱਚੀ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਹਲਕਾ ਕੋਆਡੀਨੇਟਰ ਜੁਗਰਾਜ ਸਿੰਘ, ਸਕੂਲ ਮੁੱਖੀ ਮੈਡਮ ਵਿੰਮੀ ਭਾਟਿਆ, ਜਗਵਿੰਦਰ ਸਿੰਘ, ਦੀਪਕ ਕੁਮਾਰ, ਸੁਖਪਾਲ ਸਿੰਘ, ਸੁਖਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਕੂਲੀ ਬੱਚੇ, ਉਨ੍ਹਾਂ ਦੇ ਮਾਪੇ ਅਤੇ ਪਿੰਡਾਂ ਦੇ ਮੋਹਤਬਰ ਹਾਜ਼ਰ ਸਨ।



# ਅੱਡਾ ਝਬਾਲ ਦੀਆਂ ਵੱਖ-ਵੱਖ ਥਾਵਾਂ 'ਤੇ ਰਾਸ਼ਟਰੀ ਡੇਂਗੂ ਦਿਵਸ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਵਲੀਨ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਮਨਜੀਤ ਸਿੰਘ ਰਟੌਲ ਸੀਨੀਅਰ ਮੈਡੀਕਲ ਅਫ਼ਸਰ ਸੀਐੱਚਸੀ ਝਬਾਲ, ਏਐੱਮਓ ਕੰਵਲ ਬਲਰਾਜ ਸਿੰਘ ਦੀ ਰਹਿਨੁਮਾਈ ਹੇਠ ਅੱਡਾ ਝਬਾਲ ਦੇ ਵੱਖ-ਵੱਖ ਥਾਵਾਂ ਤੇ ਰਾਸ਼ਟਰੀ ਡੇਂਗੂ ਦਿਵਸ ਮਨਾਇਆ ਗਿਆ ਅਤੇ ਲੋਕਾਂ ਨੂੰ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ।ਇਸ ਮੌਕੇ ਸਿਹਤ ਟੀਮ ਵੱਲੋਂ ਦੱਸਿਆ ਗਿਆ ਕਿ ਮੌਸਮ ਦੇ ਬਦਲਾਅ ਕਾਰਨ ਮੱਛਰਾਂ ਦੀ ਤਾਦਾਦ ਕਾਫੀ ਵੱਧ ਰਹੀ ਹੈ।ਸੋ ਸਾਨੂੰ ਇਨ੍ਹਾਂ ਤੋਂ ਬਚਣ ਲਈ ਆਪਣੇ ਆਲੇ ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ, ਜੇਕਰ ਪਾਣੀ ਜਮ੍ਹਾਂ ਹੈ, ਉਸ ਨੂੰ ਸਾਫ ਕਰ ਦੇਵੋ ਜਾਂ ਮਿੱਟੀ ਪਾ ਕੇ ਪੂਰ ਦੇਵੋ ਜਾਂ ਫਿਰ ਕਾਲਾ ਤੇਲ ਪਾ ਕੇ ਮੱਛਰਾਂ ਤੋਂ ਬਚਿਆ ਜਾ ਸਕਦਾ ਹੈ। ਰਾਤ ਨੂੰ ਸੌਣ ਵੇਲੇ ਪੂਰੀ ਬਾਂਹ ਵਾਲੇ ਕੱਪੜੇ ਪਹਿਨ ਕੇ ਜਾਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੇ ਵਸਤਾਂ ਦਾ ਇਸਤੇਮਾਲ ਕਰਨਾ ਚਾਹੀਦੀ।



# ਨੇਤਰਹੀਣ ਵਿਦਿਆਰਥੀ ਵੱਲੋਂ 94.6 ਪ੍ਰਤੀਸ਼ਤ ਅੰਕ ਪ੍ਰਾਪਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਦੇ ਨੇਤਰਹੀਣ ਵਿਦਿਆਰਥੀ ਲਖਵਿੰਦਰ ਸਿੰਘ ਨੇ ਪੰਜਾਬ ਸਕੂਲ ਸਿੱਖਿਆ ਬੋਰਡ 12ਵੀਂ ਜਮਾਤ ਦੀ ਪ੍ਰੀਖਿਆ ਵਿਚ 94.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਯਤੀਮਖ਼ਾਨਾ ਦੇ ਮੈਂਬਰ ਇੰਚਾਰਜ ਡਾ. ਆਤਮਜੀਤ ਸਿੰਘ ਬਸਰਾ, ਲਖਵਿੰਦਰ ਸਿੰਘ ਢਿੱਲੋਂ, ਮੋਹਨਜੀਤ ਸਿੰਘ ਭੱਲਾ ਨੇ ਹੋਣਹਾਰ ਵਿਦਿਆਰਥੀ ਦੀ ਸਫਲਤਾ ਲਈ ਉਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਦਿਆਂ ਕਿਹਾ ਕਿ ਪਿਛਲੇ 11 ਸਾਲ ਤੋਂ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਵਿਖੇ ਸਿੱਖਿਆ ਪ੍ਰਾਪਤ ਕਰ ਰਹੇ ਇਸ ਵਿਦਿਆਰਥੀ ਨੂੰ ਯਤੀਮਖ਼ਾਨਾ ਦੇ ਖਰਚੇ 'ਤੇ ਉਚੇਰੀ ਪੜ੍ਹਾਈ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਭੇਜਿਆ ਜਾਵੇਗਾ ਅਤੇ ਅੱਗੋਂ ਵੀ ਯਤੀਮਖ਼ਾਨਾ ਇਸ ਵਿਦਿਆਰਥੀ ਦੇ ਰਹਿਣ-ਸਹਿਣ ਅਤੇ ਹੋਰ ਖਰਚੇ ਦਾ ਪ੍ਰਬੰਧ ਕਰਦਾ ਰਹੇਗਾ।ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਸਮੇਤ ਸਮੂਹ ਅਹੁਦੇਦਾਰਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਫਲਤਾ ਦਾ ਸਿਹਰਾ ਵਿਦਿਆਰਥੀ ਦੇ ਦ੍ਰਿੜ ਨਿਸ਼ਚੇ, ਮਿਹਨਤ ਅਤੇ ਯਤੀਮਖਾਨਾ ਮੈਨੇਜਮੈਂਟ ਅਤੇ ਸਕੂਲ ਸਟਾਫ ਨੂੰ ਬੰਨ੍ਹਿਆ। ਇਸ ਮੌਕੇ ਲਖਵਿੰਦਰ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ।

# ਪੰਜਾਬ ਦੇ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ : ਖਹਿਰਾ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਦੁਨੀਆ ਵਿੱਚ ਪਾਣੀਆਂ ਲਈ ਇੱਕੋ-ਇੱਕ ਰਿਪੇਰੀਆਨ ਕਨੂੰਨ ਤਹਿਤ ਹੀ ਫੈਸਲੇ ਕੀਤੇ ਜਾਂਦੇ ਹਨ, ਜਿਸ ਤਹਿਤ ਇਹ ਪੱਕਾ ਕੁਦਰਤੀ ਨਿਯਮ ਹੈ ਕਿ ਜਿਸ ਧਰਤੀ ਤੋਂ ਦਰਿਆ ਵਗਦੇ ਹੋਣ ਉਸੇ ਰਾਜ ਜਾਂ ਦੇਸ਼ ਦਾ ਉਨ੍ਹਾਂ ਦਰਿਆਵਾਂ ਦੇ ਪਾਣੀਆਂ 'ਤੇ ਮਾਲਕੀ ਹੱਕ ਹੁੰਦਾ ਹੈ ਪਰ ਪੰਜਾਬ ਨਾਲ਼ ਜੋ ਕਾਂਗਰਸ ਦੀਆਂ ਕੇਂਦਰ ਸਰਕਾਰਾਂ ਨੇ ਜੱਗੋਂ ਤੇਰਵੀਆਂ ਧੱਕੇਸ਼ਾਹੀਆਂ ਕਰਕੇ ਪੰਜਾਬ ਦੇ ਪਾਣੀਆਂ ਦੀ ਲੁੱਟ ਕੀਤੀ ਹੈ ਉਹ ਅੱਜ ਵੀ ਜਾਰੀ ਹੈ ਜਦਕਿ ਪੰਜਾਬ ਦੇ ਪਾਣੀਆਂ ਤੇ ਸਿਰਫ ਤੇ ਸਿਰਫ ਪੰਜਾਬ ਦਾ ਹੱਕ ਹੈ। ਪੰਜਾਬ ਆਪਣੀਆਂ ਲੋੜਾਂ ਪੂਰੀਆਂ ਕਰਕੇ ਵਾਧੂ ਪਾਣੀ ਜੇਕਰ ਰਾਜਸਥਾਨ ਅਤੇ ਹਰਿਆਣੇ ਨੂੰ ਦਿੰਦਾ ਵੀ ਹੈ ਤਾਂ ਇਸ ਲਈ ਪੰਜਾਬ ਨੂੰ ਪੂਰੀ ਕੀਮਤ ਮਿਲਣੀ ਚਾਹੀਦੀ ਹੈ। ਹਰਿਆਣੇ ਜਾਂ ਰਾਜਸਥਾਨ ਦਾ ਪੰਜਾਬ ਦੇ ਪਾਣੀਆਂ ਤੇ ਕਿਸੇ ਵੀ ਤਰ੍ਹਾਂ ਕੋਈ ਹੱਕ ਨਹੀਂ ਹੈ। ਇਹ ਸ਼ਬਦ ਭਾਜਪਾ ਦੇ ਜ਼ਿਲਾ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਅਮਰਪਾਲ ਸਿੰਘ ਖਹਿਰਾ ਨੇ ਸਾਥੀਆਂ ਸਮੇਤ ਪੱਤਰਕਾਰਾਂ ਨਾਲ਼ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵੰਡ ਵੇਲੇ ਕਾਂਗਰਸ ਸਰਕਾਰ ਨੇ ਪੰਜਾਬ ਦੇ ਪਾਣੀਆਂ ਅਤੇ ਡੈਮਾਂ ਦਾ ਕੰਟਰੋਲ ਗ਼ੈਰ-ਕਾਨੂੰਨੀ ਤੌਰ ਤੇ ਆਪਣੇ ਕੋਲ ਰੱਖ ਕੇ ਪੰਜਾਬ ਦੇ ਪਾਣੀਆਂ ਦੀ ਲੁੱਟ ਸ਼ੁਰੂ ਕਰਵਾਈ। ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਰਾਜਸਥਾਨ ਨੂੰ ਅੱਧਾ ਪਾਣੀ ਦੇ ਕੇ ਪਾਣੀ ਦਾ ਮੁੱਲ ਤਹਿ ਕਰਨ ਲਈ ਬਾਅਦ ਵਿੱਚ ਮੀਟਿੰਗ ਕਰਨ ਦਾ ਲਿਖਤੀ ਇਕਰਾਰ ਕੀਤਾ ਜੋ 75 ਸਾਲ ਬਾਅਦ ਵੀ ਨਹੀਂ ਸੱਦੀ ਗਈ? ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਫੋਕੇ ਡਰਾਮੇ ਕਰ ਰਹੀ ਹੈ ਪਰ ਅਜੇ ਤੱਕ ਪੰਜਾਬ ਦੇ ਪਾਣੀ ਦੂਜੇ ਰਾਜਾਂ ਨੂੰ ਮੁਫ਼ਤ ਦੇਣੇ ਬੰਦ ਕਰਨ ਦਾ ਇੱਕ ਵੀ ਮਤਾ ਨਹੀਂ ਪਾਸ ਕਰ ਸਕੀ ਨਾ ਇਨ੍ਹਾਂ ਰਾਜਾਂ ਨੂੰ ਪਾਣੀਆਂ ਦੇ ਬਿੱਲ ਬਣਾ ਕੇ ਹੀ ਭੇਜ ਸਕੀ ਹੈ। ਸ. ਖਹਿਰਾ ਨੇ ਪੰਜਾਬ ਦੇ ਪਾਣੀਆਂ ਤੇ ਰਿਪੇਰੀਅਨ ਕਨੂੰਨ ਤਹਿਤ ਇੱਕ ਟ੍ਰਿਬਿਊਨਲ ਬਣਾਉਣ ਅਤੇ ਪੰਜਾਬ ਦੇ ਪਾਣੀਆਂ ਲਈ ਇਨਸਾਫ਼ ਦੀ ਮੰਗ ਵੀ ਕੀਤੀ। ਉਨ੍ਹਾਂ ਹੋਰ ਕਿਹਾ ਕਿ ਪਾਣੀਆਂ ਦੇ ਮੁੱਦੇ ਤੇ ਉਹ ਪੰਜਾਬ ਅਤੇ ਪੰਜਾਬੀਆਂ ਨਾਲ਼ ਮਿਲਕੇ ਸੰਘਰਸ਼ ਕਰਨ ਲਈ ਤਿਆਰ ਹਨ। ਇਸ ਮੌਕੇ ਅਮਰਪਾਲ ਸਿੰਘ ਖਹਿਰਾ ਨਾਲ਼ ਜ਼ਿਲਾ ਮੀਤ ਪ੍ਰਧਾਨ ਅਤੁੱਲ ਜੈਨ ਪੱਟੀ, ਕਿਸਾਨ ਮੋਰਚੇ ਦੇ ਜ਼ਿਲਾ ਪ੍ਰਧਾਨ ਗੁਰਸਾਹਿਬ ਸਿੰਘ, ਕਿਸਾਨ ਮੋਰਚੇ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਭੈਲ, ਜ਼ਿਲਾ ਸਕੱਤਰ ਸੁਖਵੰਤ ਸਿੰਘ ਅਤੇ ਹੋਰ ਆਗੂ ਮੌਜੂਦ ਸਨ।

# ਸੁਖਮਨੀ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ 100 ਫੀਸਦੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸੁਖਮਨੀ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਮੱਲਾਂ ਮਾਰੀਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੁਖਮਨੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ। ਮੈਡੀਕਲ ਗਰੁੱਪ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ 500 ਵਿੱਚੋਂ 448 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਬਰੇਨ ਸਿੰਘ ਨੇ 500 ਵਿੱਚੋਂ 424 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਪਰਵਿੰਦਰ ਸਿੰਘ ਨੇ 500 ਵਿੱਚੋਂ 423 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਨਾਨ ਮੈਡੀਕਲ ਗਰੁੱਪ ਵਿੱਚੋਂ ਪਲਕਪ੍ਰੀਤ ਕੌਰ ਨੇ 500 ਵਿੱਚੋਂ 473 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਰਵਨੀਤ ਕੌਰ ਨੇ 500 ਵਿੱਚੋਂ 472 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਤੇ ਸਹਿਜਪ੍ਰੀਤ ਕੌਰ 500 ਵਿੱਚੋਂ 468 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਇੱਕ ਕਮਰਸ ਗਰੁੱਪ ਵਿੱਚੋਂ ਅਰਸ਼ਦੀਪ ਕੌਰ ਨੇ 500 ਵਿੱਚੋਂ 430 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਖੁਸ਼ਵੀਰ ਸਿੰਘ ਨੇ 500 ਵਿੱਚੋਂ 428 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਤੇ ਮਨੀਸ਼ਾ ਸ਼ਰਮਾ ਨੇ 500 ਵਿੱਚੋਂ 420 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਆਰਟਸ ਗਰੁੱਪ ਵਿੱਚੋਂ ਸ਼ਰਨਜੀਤ ਕੌਰ ਨੇ 500 ਵਿੱਚੋਂ 440 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਕੋਮਲਪ੍ਰੀਤ ਕੌਰ ਨੇ 500 ਵਿੱਚੋਂ 430 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਤੇ ਅਮਰਿੰਦਰ ਸਿੰਘ ਨੇ 500 ਵਿੱਚੋਂ 410 ਅੰਕ ਪ੍ਰਾਪਤ ਤੀਸਰਾ ਸਥਾਨ ਹਾਸਿਲ ਕੀਤਾ। ਸਕੂਲ ਦੇ ਬਾਰ੍ਹਵੀਂ ਜਮਾਤ ਦੇ ਬਾਕੀ ਵਿਦਿਆਰਥੀਆਂ ਵੀ ਬਹੁਤ ਹੀ ਚੰਗੇ ਅੰਕ ਲੈ ਕੇ ਪਾਸ ਹੋਏ।

# ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸੌ ਫੀਸਦੀ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਂਰਵੀਂ ਕਲਾਸ ਦੇ ਨਤੀਜਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਇਲਾਕੇ ਦੀ ਨਾਮਵਾਰ ਵਿੱਦਿਅਕ ਸੰਸਥਾ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੇ ਆਰਟਸ ਗਰੁੱਪ ਵਿੱਚੋ ਮਨਦੀਪ ਕੌਰ (90.8%), ਸਮਰਿਤੀ ਕੌਰ (87.8%), ਜੈਸਮੀਨ ਕੌਰ (87.2%) ਅਤੇ ਸਾਇੰਸ ਗਰੁੱਪ ਵਿੱਚੋਂ ਸਿਮਰਨਦੀਪ ਕੌਰ (88.8%), ਸਿਮਰਨਜੀਤ ਕੌਰ (88.6%), ਸਰਤਾਜ ਸਿੰਘ (88.2%) ਅਤੇ ਕਾਮਰਸ ਗਰੁੱਪ ਵਿੱਚੋ ਸੁਮਨਪ੍ਰੀਤ ਕੌਰ (77.6%), ਰਾਜਬੀਰ ਕੌਰ (76%), ਨਾਜਦੀਪ ਕੌਰ (75.2%) ਨੰਬਰ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ। ਸਕੂਲ ਪ੍ਰਿੰਸੀਪਲ ਡਾ. ਤਰਨਜੀਤ ਸਿੰਘ ਨੇ ਅਵੱਲ ਰਹੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੀ ਹੋਣਹਾਰ ਵਿਦਿਆਰਥਣ ਸਿਮਰਨਜੀਤ ਕੌਰ ਨੇ ਕਮਿਸਟਰੀ ਵਿਸ਼ੇ 'ਚ 100 ਵਿੱਚੋ 100 ਅੰਕ ਪ੍ਰਾਪਤ ਕੀਤਾ ਹੈ, ਜੋ ਦੂਸਰੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹੈ। ਇਸ ਮੌਕੇ ਡੀਪੀਈ ਗੁਰਮੀਤ ਸਿੰਘ, ਮਨਿੰਦਰ ਸਿੰਘ ਦਵਿੰਦਰਪਾਲ ਕੌਰ, ਧਾਰਮਿਕ ਟੀਚਰ ਰਜਿੰਦਰ ਕੌਰ, ਰੁਪਿੰਦਰਬੀਰ ਕੌਰ, ਅਕਵਿੰਦਰ ਕੌਰ, ਜਸਵਿੰਦਰ ਕੌਰ, ਸਰੋਜ ਕੁਮਾਰੀ ਆਦਿ ਹਾਜ਼ਰ ਸਨ।



# ਸੁਖਮਨੀ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸੁਖਮਨੀ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ (ਡੇਰਾ ਬਾਬਾ ਨਾਨਕ) ਦਾ ਦਸਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਖੁਸ਼ਮੀਨ ਕੌਰ ਨੇ 650 ਅੰਕਾਂ ਵਿੱਚੋਂ 566 ਅੰਕ ਪ੍ਰਾਪਤ ਕਰਕੇ ਪਹਿਲਾ ਦਰਜਾ ਤੇ ਕੋਮਲਪ੍ਰੀਤ ਕੌਰ ਨੇ 650 ਅੰਕਾਂ ਵਿੱਚੋਂ 564 ਅੰਕ ਪ੍ਰਾਪਤ ਕਰਕੇ ਦੂਸਰਾ ਦਰਜਾ ਅਰਸਪ੍ਰੀਤ ਕੌਰ ਨੇ 650 ਅੰਕਾਂ ਵਿੱਚੋਂ 536 ਅੰਕ ਪ੍ਰਾਪਤ ਕਰਕੇ ਤੀਸਰਾ ਦਰਜਾ, ਪ੍ਰਭਜੋਤ ਕੌਰ ਨੇ 650 ਅੰਕਾਂ ਵਿੱਚੋਂ 536 ਅੰਕ ਪ੍ਰਾਪਤ ਕਰਕੇ ਤੀਸਰਾ ਦਰਜਾ,ਗੁਰਸਰਨ ਸਿੰਘ ਨੇ 650 ਅੰਕਾਂ ਵਿੱਚੋਂ 530 ਅੰਕ ਪ੍ਰਾਪਤ ਕਰਕੇ ਚੌਥਾ ਦਰਜਾ ਹਾਸਲ ਕੀਤਾ ਹੈ ।ਸਕੂਲ ਦੇ ਬਾਕੀ ਵਿਦਿਆਰਥੀਆਂ ਦਾ ਨਤੀਜਾ ਵੀ ਸ਼ਾਨਦਰ ਰਿਹਾ ਸਾਰੇ ਵਿਦਿਆਰਥੀਆਂ ਨੇ ਵਧੀਆ ਅੰਕ ਪ੍ਰਾਪਤ ਕਰਕੇ ਜਿੱਥੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ ਉਥੇ ਹੀ ਆਪਣੇ ਅਧਿਆਪਕਾਂ ਅਤੇ ਆਪਣੇ ਮਾਪਿਆਂ ਦਾ ਵੀ ਨਾਮ ਰੋਸ਼ਨ ਕੀਤਾ ਹੈ।ਇਸ ਨਤੀਜੇ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਰਜਨੀ ਬਾਲਾ ਨੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਇਆ ਬੱਚਿਆਂ ਦੇ ਮਾਪਿਆਂ ਤੇ ਸਕੂਲ ਦੇ ਸਮੂਹ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

# ਦਸਵੀਂ ਤੇ ਬਾਰ੍ਹਵੀਂ ਜਮਾਤਾਂ ਦਾ ਨਤੀਜਾ ਸੌ ਫੀਸਦੀ

**ਮਜੀਠਾ (ਸੋਇਮ ਆਨੰਦ)**- ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ ਦਾ ਦਸਵੀਂ ਅਤੇ ਬਾਰ੍ਹਵੀਂ ਕਲਾਸ ਦਾ ਨਤੀਜਾ ਸੌ ਫੀਸਦੀ ਆਇਆ।ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੌਰ ਥਿੰਦ ਨੇ ਦੱਸਿਆ ਕਿ ਦਸਵੀ ਕਲਾਸ ਦੇ 11 ਵਿਦਿਆਰਥੀਆਂ ਨੇ 73 ਫੀਸਦੀ ਤੋ 89 ਫੀਸਦੀ ਅੰਕ ਲੈਕੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ, ਬਾਹਰਵੀ ਕਲਾਸ ਦੇ ਮੈਡੀਕਲ ਗਰੁੱਪ ਵਿਚ 9 ਵਿਦਿਆਰਥੀਆਂ ਨੇ 72 ਫੀਸਦੀ ਤੋ 92 ਫੀਸਦੀ ਅੰਕ ਲੈਕੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਇਸੇ ਤਰਾਂ ਬਾਹਰਵੀ ਕਲਾਸ ਦੇ ਕਾਮਰਸ ਗਰੁੱਪ ਦੇ 8 ਵਿਦਿਆਰਥੀਆਂ ਨੇ 70 ਫੀਸਦੀ ਤੋ 91 ਫੀਸਦੀ ਅੰਕ ਲੈ ਕੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ।ਵਿਦਿਆਰਥੀਆਂ ਵਲੋ ਦਿਖਾਈ ਗਈ ਇਸ ਕਾਰਗੁਜ਼ਾਰੀ ਤੇ ਸਕੂਲ ਮੈਨੇਜਿੰਗ ਡਾਇਰੈਕਟਰ ਡਾਃ ਮੰਗਲ ਸਿੰਘ ਕਿਸ਼ਨਪੁਰੀ, ਸਕੂਲ ਕਮੇਟੀ ਚੇਅਰਮੈਨ ਜ਼ਸਪਿੰਦਰ ਸਿੰਘ ਕਾਹਲੋ ਡਾਇਰੈਕਟਰ ਹਰਜਿੰਦਰਪਾਲ ਕੌਰ ਨੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੋਰ, ਪ੍ਰਿੰਸੀਪਲ ਲਕਸ਼ਿਤਾ ਵਰਮਾ ਅਤੇ ਸਕੂਲ ਦੇ ਮਿਹਨਤੀ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਚੰਗੇ ਭਵਿਖ ਦੀ ਕਾਮਨਾ ਕੀਤੀ।



# ਦੀਵਾਨੀਵਾਲ ਖੁਰਦ ਤੇ ਦੀਵਾਨੀਵਾਲ ਕਲਾਂ ਤੋਂ ਨਸ਼ਾ ਮੁਕਤੀ ਯਾਤਰਾ ਸ਼ੁਰੂ



**ਬਟਾਲਾ (ਤਰਲੋਕ ਬੱਗਾ)**- ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵੱਲੋਂ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਨਸ਼ਾ ਮੁਕਤੀ ਯਾਤਰਾ ਦੀ ਆਰੰਭਤਾ ਕੀਤੀ ਗਈ ਹੈ।ਵਿਧਾਨ ਸਭਾ ਹਲਕਾ ਬਟਾਲਾ ਵਿੱਚ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਨਸ਼ਿਆਂ ਖਿਲਾਫ ਅਲਖ ਜਗਾਉਂਦੀ ਇਹ ਯਾਤਰਾ ਪਿੰਡ ਦੀਵਾਨੀਵਾਲ ਖੁਰਦ ਅਤੇ ਦੀਵਾਨੀਵਾਲ ਕਲਾਂ ਵਿਖੇ ਪਹੁੰਚੀ।ਇਸ ਮੌਕੇ ਡਾ. ਕੁਸੁਮ ਅਗਰਵਾਲ, ਡੀਡੀਪੀਓ ਗੁਰਦਾਸਪੁਰ, ਨਾਇਬ ਤਹਿਸੀਲਦਾਰ ਨਿਤਿਨ, ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਬਲਜੀਤ ਸਿੰਘ ਬੀਡੀਪੀਓ ਬਟਾਲਾ, ਐੱਸਐੱਚਓ ਬਲਦੇਵ ਰਾਜ, ਮਨਜੀਤ ਸਿੰਘ ਕੁਆਰਡੀਨੇਟਰ ਬਟਾਲਾ, ਹਲਕਾ, ਸ਼ਰਨਜੀਤ ਸਿੰਘ ਸੈਕਰਟਰੀ, ਸਰਪੰਚ ਮੇਜਰ ਸਿੰਘ, ਸਰਪੰਚ ਸੁਖਵਿੰਦਰ ਸਿੰਘ ਕਾਲਾ, ਜੋਬਨਪਰੀਤ ਸਿੰਘ, ਕਰਨ ਸੰਧੂ ਆਦਿ ਹਾਜ਼ਰ ਸਨ।

# ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਦਾ 12ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਂਕ ਦਾ 12ਵਾਂ ਦਾ ਨਤੀਜਾ 100% ਰਿਹਾ।ਕੁੱਲ 136 ਵਿਦਿਆਰਥੀਆਂ ਵਿੱਚ ਮੈਡੀਕਲ-34, ਕਾਮਰਸ 53 ਅਤੇ ਆਰਟਸ ਸਟਰੀਮ 49 ਵਿਦਿਆਰਥੀਆਂ ਦੁਆਰਾ ਪ੍ਰੀਖਿਆ ਦਿੱਤੀ ਗਈ ।ਮੈਡੀਕਲ ਸਟਰੀਮ ਦੀ ਸੁਖਮਨਪ੍ਰੀਤ ਕੌਰ ਨੇ 96.80% ਨੰਬਰ ਹਾਸਿਲ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ ।ਗੁਰਲੀਨ ਕੌਰ, ਗੁਲਸ਼ਰਨਜੀਤ ਕੌਰ ਨੇ 96.40% ਹਾਸਿਲ ਕਰਕੇ ਦੂਸਰਾ ਅਤੇ ਪਵਨਦੀਪ ਕੌਰ ਨੇ 95.80% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ।ਕਾਮਰਸ ਗਰੁੱਪ ਵਿੱਚ ਸੁਪਰੀਤ ਕੌਰ, ਕਿਰਨਪ੍ਰੀਤ ਕੌਰ 94% ਪਹਿਲਾ ਸਥਾਨ ਜਸਨੀਤ ਕੌਰ 93.60% ਦੂਸਰਾ ਅਤੇ ਸੁਖਮਨਪ੍ਰੀਤ ਕੌਰ 93% ਨੇ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਆਰਟਸ ਗਰੁੱਪ ਵਿੱਚ ਨਵਦੀਪ ਕੌਰ, ਸਿਮਰਨਪ੍ਰੀਤ ਕੌਰ, ਕੋਮਲਪ੍ਰੀਤ ਕੌਰ, ਗੁਰਮੀਤ ਕੌਰ ਨੇ 93.60%, 92.20%, 89.60% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।ਸਾਇੰਸ ਸਟਰੀਮ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 15 ਵਿਦਿਆਰਥੀ, 80% ਤੋਂ ਵੱਧ ਅੰਕ ਪ੍ਰਾਪਤ 17 ਵਿਦਿਆਰਥੀ, 70% ਤੋਂ ਵੱਧ ਅੰਕ ਪ੍ਰਾਪਤ 1 ਵਿਦਿਆਰਥੀ , ਕਾਮਰਸ ਸਟਰੀਮ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 06 ਵਿਦਿਆਰਥੀ,80% ਤੋਂ ਵੱਧ ਅੰਕ ਪ੍ਰਾਪਤ 37 ਵਿਦਿਆਰਥੀ, 70% ਤੋਂ ਵੱਧ ਅੰਕ ਪ੍ਰਾਪਤ 07 ਵਿਦਿਆਰਥੀ, 60% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 03 ਵਿਦਿਆਰਥੀ ਰਹੇ।ਆਰਟਸ ਸਟਰੀਮ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 04 ਵਿਦਿਆਰਥੀ,80% ਤੋਂ ਵੱਧ ਅੰਕ ਪ੍ਰਾਪਤ 19 ਵਿਦਿਆਰਥੀ, 70% ਤੋਂ ਵੱਧ ਅੰਕ ਪ੍ਰਾਪਤ 16 ਵਿਦਿਆਰਥੀ, 60% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 10 ਵਿਦਿਆਰਥੀ ਰਹੇ। ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਬਾਰ੍ਹਵੀਂ ਜਮਾਤ ਦਾ ਸ਼ਾਨਦਾਰ ਨਤੀਜਾ ਆਉਣ ਤੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਸੰਸਥਾ ਦੇ ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਵੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਗੁਰਬੀਰ ਕੌਰ, ਮਨਪ੍ਰੀਤ ਸਿੰਘ ਟੱਕਰ (ਡਾਇਰੈਕਟਰ), ਰਵਿੰਦਰ ਕੌਰ (ਕੋਆਰਡੀਨੇਟਰ), ਬਲਜੀਤ ਕੌਰ ਆਦਿ ਹਾਜ਼ਰ ਸਨ।

# ਜੀ ਆਰ ਡੀ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ 12ਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਜੀ. ਆਰ. ਡੀ. ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ 100% ਰਿਹਾ।ਮੈਡੀਕਲ ਸਟਰੀਮ ਵਿੱਚ ਖੁਸ਼ਨੂਰ ਕੌਰ ਨੇ 93% ਨੰਬਰ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ।ਸੁਖਮਨ ਸਿੰਘ ਅਤੇ ਰਜਨੀ ਨੇ 92% ਨੰਬਰ ਲੈ ਕੇ ਦੂਜਾ ਸਥਾਨ ਹਾਸਲ ਕੀਤਾ।ਪ੍ਰਭਨੂਰ ਸਿੰਘ ਗਿੱਲ, ਅੰਜਲੀ ਅਕਾਂਕਸ਼ਾ, ਹਰਮਨਦੀਪ ਸਿੰਘ, ਜਪਜੀਤ ਕੌਰ, ਮਹਿਕਪ੍ਰੀਤ ਕੌਰ ਤੇ ਗੁਰਅਸ਼ੀਸ਼ ਕੌਰ ਨੇ 90% ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤਾ।ਨਾਨ ਮੈਡੀਕਲ ਸਟਰੀਮ ਵਿੱਚ ਮਨਮੀਤ ਕੌਰ ਨੇ 93% ਨੰਬਰਾਂ ਨਾਲ ਪਹਿਲਾ, ਅਮਨਦੀਪ ਕੌਰ ਨੇ 92% ਨੰਬਰ ਲੈ ਕੇ ਦੂਜਾ ਤੇ ਸੰਦੀਪ ਕੌਰ ਨੇ 91% ਨੰਬਰ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ।ਸਾਇੰਸ ਸਟਰੀਮ ਵਿੱਚ 70 ਵਿਦਿਆਰਥੀਆਂ ਨੇ 80% ਤੋਂ ਵੱਧ ਨੰਬਰ ਲੈ ਕੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ।ਕਾਮਰਸ ਸਟਰੀਮ ਵਿੱਚ ਕਿਰਨਜੋਤ ਕੌਰ ਨੇ 93% ਨੰਬਰ ਲੈ ਕੇ ਪਹਿਲਾ, ਜਸਕਿਰਨ ਕੌਰ ਨੇ 91% ਨੰਬਰ ਲੈ ਕੇ ਦੂਜਾ ਤੇ ਪਵਨਦੀਪ ਕੌਰ ਤੇ ਕੰਚਨ ਨੇ 90% ਨੰਬਰ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ। ਕਾਮਰਸ ਸਟਰੀਮ ਵਿੱਚ 45 ਬੱਚਿਆਂ ਨੇ 80% ਤੋਂ ਵੱਧ ਅੰਕ ਲਏ।ਆਰਟਸ ਸਟਰੀਮ ਵਿੱਚ ਲਵਪ੍ਰੀਤ ਕੌਰ ਨੇ 85% ਨੰਬਰ ਲੈ ਕੇ ਪਹਿਲਾ, ਗੁਰਤਾਜ ਸਿੰਘ ਨੇ 84% ਨੰਬਰ ਲੈ ਕੇ ਦੂਜਾ ਅਤੇ ਜਸ਼ਨਦੀਪ ਸਿੰਘ ਨੇ 83% ਨੰਬਰ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਗੁਰਦਰਸ਼ਨ ਬਜਾਜ ਅਤੇ ਐੱਮ. ਡੀ. ਸੰਤੋਸ਼ ਬਜਾਜ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਆ।ਇਸ ਮੌਕੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ, ਐੱਮਡੀ ਸੰਤੋਸ਼ ਬਜਾਜ, ਰਜਿੰਦਰ ਕੌਰ ਗੰਥਗੜ੍ਹ, ਰਾਜਿੰਦਰ ਕੌਰ ਧੂਰੀਆਂ, ਜਸਦੀਪ ਕੌਰ, ਹਰਜੋਤ ਕੌਰ, ਭਾਵਨਾ, ਮਨਪ੍ਰੀਤ ਕੌਰ, ਸੁਖਰਾਜ ਕੌਰ, ਗੁਰਜਿੰਦਰ ਸਿੰਘ, ਲਵਪ੍ਰੀਤ ਕੌਰ, ਰਵਿੰਦਰ ਕੌਰ, ਬਲਜਿੰਦਰ ਕੌਰ, ਆਰਤੀ, ਜੋਤੀ, ਦਿਲਪ੍ਰੀਤ ਕੌਰ, ਰੇਨੂੰ, ਕਵਿਤਾ, ਆਰਤੀ, ਮਨਪ੍ਰੀਤ ਇਬਰਾਹਿਮਪੁਰਾ ਆਦਿ ਅਧਿਆਪਕ ਸ਼ਾਮਿਲ ਸਨ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਮਜ਼ਦੂਰਾਂ ਦੇ ਸਾਂਝੇ ਪ੍ਰਦਰਸ਼ਨ ਤੇ ਦੇਸ਼ ਵਿਆਪੀ ਹੜਤਾਲ 'ਚ ਸ਼ਾਮਲ ਹੋਣ ਦਾ ਅਹਿਦ




**ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)**- ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਦੀ ਇੱਕ ਭਰਵੀਂ ਮੀਟਿੰਗ ਸੁਖਦੇਵ ਸਿੰਘ ਭਾਗੋਕਾਵਾਂ ਦੀ ਪ੍ਰਧਾਨਗੀ ਹੇਠ ਸ਼ਹੀਦ ਬਲਜੀਤ ਸਿੰਘ ਭਵਨ ਗੁਰਦਾਸਪੁਰ ਵਿਖੇ ਹੋਈ। ਮੀਟਿੰਗ ਨੂੰ ਗੁਲਜਾਰ ਸਿੰਘ ਬਸੰਤਕੋਟ, ਗੁਰਵਿੰਦਰ ਸਿੰਘ ਜੀਵਨ ਚੱਕ, ਮੱਖਣ ਸਿੰਘ ਕੁਹਾੜ, ਗੁਰਮੁਖ ਸਿੰਘ ਖਹਿਰਾ, ਮੇਜਰ ਸਿੰਘ ਰੋੜਾਂਵਾਲੀ, ਗੁਰਦੀਪ ਸਿੰਘ ਮੁਸਤਫਾਬਾਦ, ਰਘਬੀਰ ਸਿੰਘ ਚਾਹਲ ,ਅਜੀਤ ਸਿੰਘ ਠੱਕਰ ਸੰਧੂ ਮੰਗਤ ਸਿੰਘ ਜੀਵਨਚੱਕ ਬਲਬਿਰ ਸਿੰਘ ਬੈਸ ਆਦਿ ਨੇ ਸੰਬੋਧਨ ਕੀਤਾ।ਮੀਟਿੰਗ ਵਿੱਚ 9 ਜੁਲਾਈ 2025 ਦੀ ਸਮੂਹ ਟਰੇਡ ਯੂਨੀਅਨਾ ਵੱਲੋਂ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਵਿੱਚ ਬਕਾਇਦਾ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ।ਇਸ ਹੜਤਾਲ ਦੀ ਤਿਆਰੀ ਲਈ 20 ਮਈ ਨੂੰ ਜੋ ਪ੍ਰਦਰਸ਼ਨ ਕੀਤੇ ਜਾਣੇ ਹਨ ਉਸ ਵਿੱਚ ਡੀਸੀ ਦਫਤਰ ਗੁਰਦਾਸਪੁਰ ਵਿਖੇ ਮਜ਼ਦੂਰਾਂ ਕਿਸਾਨਾਂ ਮੁਲਾਜ਼ਮਾਂ ਲੇਖਕਾਂ ਵੱਲੋਂ ਜੋ ਵਿਸ਼ਾਲ ਧਰਨਾ ਦਿੱਤਾ ਜਾਣਾ ਹੈ ਉਸ ਵਿੱਚ ਸ਼ਾਮਿਲ ਹੋਇਆ ਜਾਵੇਗਾ ।20 ਮਈ ਨੂੰ 10:30 ਵਜੇ ਪਹਿਲਾਂ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਇਕੱਤਰ ਹੋਇਆ ਜਾਵੇਗਾ।ਆਗੂਆਂ ਦੱਸਿਆ ਕਿ ਹੜਤਾਲ 20 ਮਈ ਨੂੰ ਸੀ ਪਰੰਤੂ ਦੇਸ਼ ਵਿੱਚਲੇ ਅਣਸੁਖਾਵੇਂ ਹਾਲਾਤ ਕਾਰਨ ਇਹ ਨੌ ਜੁਲਾਈ ਨੂੰ ਅੱਗੇ ਪਈ ਗਈ ਹੈ ।ਸਮੂਹ ਕਿਸਾਨਾਂ ਨੂੰ 20 ਮਈ ਨੂੰ ਡੀਸੀ ਦਫਤਰ ਧਰਨੇ ਵਿੱਚ ਸ਼ਾਮਿਲ ਹੋਣ ਲਈ ਸਵੇ ਦਸ ਵਜੇ ਗੁਰੂ ਨਾਨਕ ਪਾਰਕ ਪੁੱਜਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਬਾਠਾਂਵਾਲਾ, ਕੈਪਟਨ ਜਸਵੰਤ ਸਿੰਘ , ਕਪੂਰ ਸਿੰਘ ਘੁੰਮਣ, ਤਰਲੋਕ ਸਿੰਘ ਰਾਊਵਾਲ, ਬਲਦੇਵ ਸਿੰਘ, ਹੀਰਾ ਸਿੰਘ ਸੈਣੀ ,ਤਰਸੇਮ ਸਿੰਘ ਬਾਗੋਵਾਨੀ, ਸਰਵਣ ਸਿੰਘ, ਪ੍ਰਗਟ ਸਿੰਘ ਠੱਕਰ ਸੰਧੂ ਆਦਿ ਬਹੁਤ ਸਾਰੇ ਆਗੂ ਵੀ ਹਾਜ਼ਰ ਸਨ।

18-MAY-PAGE-4.qxd 5/17/2025 9:27 PM Page 1



## ਸ਼ਿਵਾਲਿਕ ਪਬਲਿਕ ਸਕੂਲ ਨੇ 10ਵੀਂ ਤੇ 12ਵੀਂ 'ਚ ਮਾਰੀਆਂ ਮੱਲਾਂ



ਜੈਤੋ (ਸਤੀਸ਼ ਕੁਮਾਰ ਭੀਤੀ)-ਸ਼ਿਵਾਲਿਕ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸੀ ਬੀ ਐਸ ਈ ਬੋਰਡ ਦੇ ਨਤੀਜਿਆਂ ਵਿੱਚ ਆਪਣੇ ਚੰਗੇ ਪ੍ਰਦਰਸ਼ਨ ਨਾਲ ਨਾ ਕੇਵਲ ਮਾਪਿਆਂ ਬਲਕਿ ਸ਼ਹਿਰ ਤੇ ਸ਼ਿਵਾਲਿਕ ਪਬਲਿਕ ਸਕੂਲ ਦੀ ਤੂਤੀ ਬੋਲਣ ਲਾ ਦਿੱਤੀ।ਪ੍ਰਿੰਸੀਪਲ ਸਰਬਜੀਤ ਸਿੰਘ ਨੇ ਦੱਸਿਆ ਕਿ ਸਾਡੇ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਦਸਵੀਂ 95.6% ਨੇ ਪਹਿਲਾ ਸਥਾਨ ਦੀਕਸ਼ਾ 95.2% ਨਾਲ ਦੂਜਾ ਤੇ ਗੁਰਸਿਮਰਨ ਕੌਰ 93.8% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਇਸਦੇ ਨਾਲ ਹੀ ਅਨੇਕਾਂ ਹੋਰ ਵਿਦਿਆਰਥੀਆਂ ਨੇ ਵੀ ਸ਼ਿਵਾਲਿਕ ਪਬਲਿਕ ਸਕੂਲ ਦੇ ਰਿਜ਼ਲਟ ਨੂੰ 100% ਕਰਨ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਆਗੂ ਗੌਰਵ ਗਰਗ ਲੱਕੀ ਨੇ ਕਿਹਾ ਕਿ ਬੱਚਿਆਂ ਦੀ ਮਿਹਨਤ ਲਈ ਉਨ੍ਹਾਂ ਦੇ ਮਾਪੇ, ਸਕੂਲ ਦਾ ਅਨੁਸ਼ਾਸਨ ਤੇ ਪ੍ਰਿੰਸੀਪਲ ਸਰਬਜੀਤ ਸਿੰਘ ਦੇ ਅਣਥੱਕ ਯਤਨਾਂ ਨਾਲ ਹੀ ਵਿਦਿਆਰਥੀ ਇਹ ਮੁਕਾਮ ਹਾਸਲ ਕਰ ਸਕੇ। ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ, ਅਸ਼ੋਕ ਕੁਮਾਰ ਗਰਗ, ਜਗਮੇਲ ਸਿੰਘ,ਗੌਰਵ ਗਰਗ ਲੱਕੀ, ਦੀਪੀ ਗਰਗ, ਅੰਕੁਰ ਗਰਗ ਅਤੇ ਪ੍ਰਿੰਸੀਪਲ ਸਰਬਜੀਤ ਸਿੰਘ ਨੇ ਬੱਚਿਆਂ ਦੇ ਮਾਪਿਆਂ ਦਾ ਸਕੂਲ ਪ੍ਰਤੀ ਵਿਸ਼ਵਾਸ ਬਰਕਰਾਰ ਰੱਖਣ ਤੇ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਵਧਾਈ ਦਿੱਤੀ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਦਾ ਨਤੀਜਾ 100% ਰਿਹਾ



ਕੋਟਕਪੂਰਾ (ਗੁਰਮੀਤ ਭੁੱਲਰ)-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ 100% ਰਿਹਾ।ਸਕੂਲ ਵਿੱਚ ਆਰਟਸ, ਕਮਰਸ ਅਤੇ ਸਾਇੰਸ ਗਰੁੱਪਾਂ ਵਿੱਚ ਕੁੱਲ 72 ਵਿਦਿਆਰਥੀ ਅਪੀਅਰ ਹੋਏ।ਆਰਟਸ ਗਰੁੱਪ ਵਿੱਚ ਅਮਨਦੀਪ ਸਿੰਘ ਪੁੱਤਰ ਗੁਰਮੀਤ ਸਿੰਘ ਨੇ 84.2 % ਅੰਕ ਪ੍ਰਾਪਤ ਕਰਕੇ ਪਹਿਲਾ, ਮਨਜਿੰਦਰ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ 83.6% ਅੰਕ ਪ੍ਰਾਪਤ ਕਰਕੇ ਦੂਜਾ ਤੇ ਹਰਮਨਜੀਤ ਸਿੰਘ ਪੁੱਤਰ ਗੁਰਜੀਵਨ ਸਿੰਘ ਨੇ 83.6 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਕਾਮਰਸ ਗਰੁੱਪ ਵਿੱਚ ਰੁਬਿਕਾ ਪੁੱਤਰੀ ਨਵੀਨ ਸਿੰਗਲਾ ਨੇ 96.2% ਅੰਕ ਪ੍ਰਾਪਤ ਕਰਕੇ ਪਹਿਲਾ, ਸੁਖਮਨਦੀਪ ਕੌਰ ਪੁੱਤਰੀ ਪਰਮਪਾਲ ਸਿੰਘ ਨੇ 92.6 % ਅੰਕ ਪ੍ਰਾਪਤ ਕਰਕੇ ਦੂਜਾ ਤੇ ਸੁਖਪ੍ਰੀਤ ਕੌਰ ਪੁੱਤਰੀ ਇੱਕਬਾਲ ਸਿੰਘ ਨੇ 91.4 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਾਇੰਸ ਗਰੁੱਪ ਵਿੱਚ ਨਵਰੂਪ ਕੌਰ ਪੁੱਤਰੀ ਸੁਖਪਾਲ ਸਿੰਘ ਨੇ 95.8% ਅੰਕ ਪ੍ਰਾਪਤ ਕਰਕੇ ਪਹਿਲਾ, ਨੈਨਸੀ ਸ਼ਰਮਾ ਪੁੱਤਰੀ ਜਗਜੀਵਨ ਰਾਮ ਨੇ 94.8% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਯਾਸ਼ਿਕਾ ਪੁੱਤਰੀ ਦੀਪਕ ਨੇ 93.8% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਸਕੂਲ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਨੇ ਦੱਸਿਆ ਕਿ ਕੁੱਲ 72 ਵਿਦਿਆਰਥੀਆਂ ਵਿੱਚੋਂ 7 ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ ਹਾਸਲ ਕੀਤੇ ਅਤੇ 21 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਹਾਸਲ ਕੀਤੇ ਹਨ।ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਸ਼ਾਨਦਾਰ ਨਤੀਜਾ ਦਾ ਸਿਹਰਾ ਮਿਹਨਤੀ ਤੇ ਕਾਬਲ ਸਟਾਫ਼ ਨੂੰ ਜਾਂਦਾ ਹੈ ਅਤੇ ਉਨ੍ਹਾਂ ਨੇ ਪੁਜੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

## ਜਗਮੋਹਨ ਸ਼ਰਮਾ ਨੇ ਜ਼ਿਲ੍ਹੇ 'ਚੋਂ ਦੂਜਾ ਸਥਾਨ ਕੀਤਾ ਹਾਸਲ



ਮਾਨਸਾ (ਆਤਮਾ ਸਿੰਘ ਪਮਾਰ)-ਸੀ ਬੀ ਐਸ ਈ ਵੱਲੋਂ ਐਲਾਨੇ ਗਏ ਦਸਵੀਂ ਸ਼੍ਰੇਣੀ ਦੇ ਨਤੀਜਿਆਂ 'ਚ ਸਿੰਘਲ ਸਟਾਰਜ਼ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਜਗਮੋਹਨ ਸ਼ਰਮਾ ਪੁੱਤਰ ਗੀਤਜਤਿੰਦਰ ਮੋਹਨ ਮਾਤਾ ਨੀਤੂ ਰਾਣੀ ਨੇ 98 ਫ਼ੀਸਦੀ ਅੰਕ ਲੈ ਕੇ ਮਾਨਸਾ ਜ਼ਿਲ੍ਹੇ 'ਚੋਂ ਦੂਜਾ ਸਥਾਨ ਹਾਸਲ ਕੀਤਾ ਹੈ।ਇਹ ਸਕੂਲ ਦੇ ਮਿਹਨਤੀ ਸਟਾਫ਼ ਲਈ ਮਾਣ ਵਾਲੀ ਗੱਲ ਹੈ ਕਿ ਜਗਮੋਹਨ ਨੇ ਕੋਈ ਟਿਊਸ਼ਨ ਨਹੀਂ ਰੱਖੀ ਤੇ ਖ਼ੁਦ ਸਕੂਲ ਸਮੇਂ ਤੋਂ ਬਾਅਦ ਘਰ 'ਚ ਹੀ ਚਾਰ, ਪੰਜ ਘੰਟੇ ਪੜ੍ਹਾਈ ਕਰਕੇ ਵਧੀਆ ਨੰਬਰ ਲਏ ਹਨ।ਜਗਮੋਹਨ ਨੇ ਜਿੱਥੇ ਆਪਣੀ ਮਿਹਨਤ ਦਾ ਸਿਹਰਾ ਆਪਣੇ ਪਰਵਾਰ ਨੂੰ ਦਿੱਤਾ ਹੈ, ਉੱਥੇ ਉਸ ਨੇ ਸਕੂਲ ਸਟਾਫ਼ ਵੱਲੋਂ ਕਰਵਾਈ ਸਖ਼ਤ ਮਿਹਨਤ ਲਈ ਉਨ੍ਹਾਂ ਦਾ ਸ਼ੁਕਰਗੁਜ਼ਾਰ ਵੀ ਹੈ। ਉਹ ਮੈਡੀਕਲ ਦੀ ਪੜ੍ਹਾਈ ਕਰ ਰਿਹਾ ਤੇ ਡਾ. ਬਣਨ ਦਾ ਇੱਛਕ ਹੈ।

## ਗੁਰਲੀਨ ਦੋਰਾਹਾ ਪਬਲਿਕ ਸਕੂਲ 'ਚੋਂ ਆਈ ਪਹਿਲੇ ਸਥਾਨ 'ਤੇ



ਦੋਰਾਹਾ (ਹਰਮਿੰਦਰ ਸੇਠ)-ਉੱਘੇ ਸਮਾਜ ਸੇਵੀ ਨਰਿੰਦਰ ਠੁਕਰਾਲ ਦੀ ਪੁੱਤਰੀ ਗੁਰਲੀਨ ਕੌਰ ਸੀ ਬੀ ਐਸ ਈ ਬੋਰਡ +2 ਕਲਾਸ ਕਾਮਰਸ ਗਰੁੱਪ ਵਿੱਚੋਂ 95.2% ਨੰਬਰ ਪ੍ਰਾਪਤ ਕਰਕੇ ਦੋਰਾਹਾ ਪਬਲਿਕ ਸਕੂਲ ਦੋਰਾਹਾ ਦੀ ਵਿਦਿਆਰਥਣ ਵਜੋਂ ਪਹਿਲੇ ਸਥਾਨ 'ਤੇ ਰਹੀ। ਗੁਰਲੀਨ ਕੌਰ ਨੇ ਸਕੂਲ, ਸ਼ਹਿਰ ਤੇ ਪਰਵਾਰ ਦਾ ਨਾਂ ਰੌਸ਼ਨ ਕੀਤਾ। ਅੱਜ ਓਹਨਾਂ ਦੇ ਗ੍ਰਹਿ ਵਿਖੇ ਵਧਾਈਆਂ ਦੇਣ ਵਾਲਿਆਂ ਦਾ ਇਕੱਠ ਲੱਗਿਆ ਰਿਹਾ। ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਗੁਰਲੀਨ ਦੇ ਪਿਤਾ ਨਰਿੰਦਰ ਠੁਕਰਾਲ ਨੇ ਕਿਹਾ ਕਿ ਗੁਰਲੀਨ ਦੀ ਕਾਮਯਾਬੀ ਦੇ ਪਿੱਛੇ ਸਕੂਲ ਦੇ ਅਧਿਆਪਕਾਂ ਦਾ ਬਹੁਤ ਵੱਡਾ ਹੱਥ ਹੈ। ਓਹਨਾਂ ਦੀ ਬਦੌਲਤ ਹੀ ਗੁਰਲੀਨ ਇੰਨੇ ਵਧੀਆ ਅੰਕ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਈ ਹੈ।ਗੁਰਲੀਨ ਕੌਰ ਪੜ੍ਹ ਕੇ ਆਈ ਪੀ ਐਸ ਅਫਸਰ ਬਣਨਾ ਚਾਹੁੰਦੀ ਹੈ।

## ਝਾੜ ਸਾਹਿਬ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ



ਮਾਛੀਵਾੜਾ ਸਾਹਿਬ/ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਰਜੀਤ ਸਿੰਘ)-ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੱਲੋਂ ਐਲਾਨੇ ਗਏ 10+2 ਕਲਾਸ ਦੇ ਨਤੀਜੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦੀਆਂ ਵਿਦਿਆਰਥਣਾਂ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ। ਕਾਮਰਸ ਗਰੁੱਪ ਦੀ ਵਿਦਿਆਰਥਣ ਸਿਮਰਨ ਕੌਰ ਨੇ 95.6 ਫ਼ੀਸਦੀ, ਭਵਲੀਨ ਕੌਰ ਨੇ 91.8 ਫੀਸਦੀ ਤੇ ਜਸਪ੍ਰੀਤ ਕੌਰ ਨੇ 87.4 ਫ਼ੀਸਦੀ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਆਰਟਸ ਗਰੁੱਪ ਦੀ ਜਸਪ੍ਰੀਤ ਕੌਰ ਨੇ 92.4 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਸੰਦੀਪ ਕੌਰ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਜਸਲੀਨ ਕੌਰ ਨੇ 88.6 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਾਇੰਸ ਗਰੁੱਪ ਦੀ ਪ੍ਰਭਜੋਤ ਕੌਰ ਨੇ 86.4 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਮਨਜੋਤ ਕੌਰ ਨੇ 85 ਫ਼ੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਡੌਲੀ ਸ਼ਰਮਾ ਨੇ 83.8 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਤੇ ਕਾਲਜ ਦੇ ਲੋਕਲ ਕਮੇਟੀ ਮੈਂਬਰ ਨੇ ਇਸ ਪ੍ਰਾਪਤੀ 'ਤੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸ਼ੁਭਇਛਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥਣਾਂ ਭਵਿੱਖ ਵਿਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਆਪਣੀ ਸੰਸਥਾ ਦਾ ਨਾਂਅ ਰੌਸ਼ਨ ਕਰਨਗੀਆਂ।

## ਯਸ਼ਪ੍ਰੀਤ ਕੌਰ ਨੇ ਸੂਬੇ 'ਚੋਂ 13ਵਾਂ ਸਥਾਨ ਪ੍ਰਾਪਤ ਕੀਤਾ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿਚ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੁਰਜ ਕੱਚਾ (ਮਾਛੀਵਾੜਾ ਸਾਹਿਬ) ਦੇ ਵਿਦਿਆਰਥੀਆਂ ਦਾ ਵਧੀਆ ਪ੍ਰਦਰਸ਼ਨ ਰਿਹਾ, ਜਿਸ ਤਹਿਤ ਵਿਦਿਆਰਥਣ ਯਸ਼ਪ੍ਰੀਤ ਕੌਰ ਨੇ 500 'ਚੋਂ 487 ਅੰਕਾਂ ਦੇ ਨਾਲ ਸੂਬੇ 'ਚੋਂ 13ਵਾਂ ਅਤੇ ਸਕੂਲ 'ਚੋਂ ਪਹਿਲਾ ਸਥਾਨ ਹਾਸਲ ਕਰਕੇ ਮੈਰਿਟ ਸੂਚੀ ਵਿਚ ਆਪਣਾ ਨਾਂਅ ਦਰਜ ਕਰਾਇਆ। ਇਸ ਦੇ ਨਾਲ ਹੀ ਅਨੀਕਾ ਨੇ 484 ਅੰਕਾਂ ਦੇ ਨਾਲ ਸਕੂਲ 'ਚੋਂ ਦੂਜਾ ਅਤੇ ਜਗਦੀਪ ਕੌਰ ਨੇ 480 ਅੰਕਾਂ ਦੇ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਮੈਡਮ ਹਰਿੰਦਰ ਪਾਲ ਕੌਰ ਤੂਰ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਾਮਯਾਬੀ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਕਾਮਯਾਬੀ ਵਿਦਿਆਰਥੀਆਂ, ਮਿਹਨਤੀ ਸਟਾਫ਼ ਅਤੇ ਸੁਚੱਜੀ ਮੈਨੇਜਮੈਂਟ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ। ਸਕੂਲ ਦੇ ਮੁੱਖ ਪ੍ਰਬੰਧਕ ਬਲਜਿੰਦਰ ਸਿੰਘ ਤੂਰ ਨੇ ਕਿਹਾ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਵੱਡਾ ਮੁਕਾਮ ਹਾਸਲ ਕੀਤਾ ਹੈ ਅਤੇ ਨਾਲ ਹੀ ਉਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਬੱਚਿਆਂ ਤੇ ਸਟਾਫ਼ ਨੂੰ ਹੋਰ ਮਿਹਨਤ ਕਰਨ ਦੇ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਈਸ ਪ੍ਰਿੰਸੀਪਲ ਰੀਨਾ ਮਲਹੋਤਰਾ, ਸਕੂਲ ਕੋਆਰਡੀਨੇਟਰ ਸੁਖਦੇਵ ਸਿੰਘ, ਅਮਰਿੰਦਰ ਸਿੰਘ, ਮੈਡਮ ਨਵਦੀਪ ਕੌਰ ਅਤੇ ਮੈਡਮ ਨਿਸ਼ਾ ਰਾਣੀ ਮੌਜੂਦ ਸਨ।

## ਵਿਦਿਆਰਥਣਾਂ ਨੇ ਮੈਰਿਟ ਲਿਸਟ 'ਚ ਸਥਾਨ ਬਣਾਇਆ



ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਬਾਰ੍ਹਵੀਂ ਜਮਾਤ ਦੀ ਐਲਾਨੀ ਸੂਚੀ ਵਿੱਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੀਆਂ ਦੋ ਵਿਦਿਆਰਥਣਾਂ ਨੇ ਸ਼ਾਨਦਾਰ ਨੰਬਰ ਪ੍ਰਾਪਤ ਕਰਕੇ ਆਪਣਾ ਨਾਂਅ ਮੈਰਿਟ ਸੂਚੀ ਵਿੱਚ ਦਰਜ ਕਰਾ ਕੇ ਮਾਪਿਆਂ, ਸਕੂਲ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਮੈਡਮ ਗੁਰਮੀਤ ਕੌਰ ਨੇ ਦੱਸਿਆ ਕਿ ਸਕੂਲ ਵਿਦਿਆਰਥਣ ਕੋਮਲ ਪੁੱਤਰੀ ਰਾਜ ਕੁਮਾਰ ਨੇ (ਕਾਮਰਸ ਗਰੁੱਪ) ਕੁੱਲ 500 ਅੰਕਾਂ 'ਚੋਂ 488 ਅੰਕ ਪ੍ਰਾਪਤ ਕਰਕੇ ਮੈਰਿਟ ਲਿਸਟ ਵਿੱਚ 12ਵਾਂ ਰੈਂਕ ਪ੍ਰਾਪਤ ਕੀਤਾ।ਇਸੇ ਤਰ੍ਹਾਂ ਵਿਦਿਆਰਥਣ ਲਾਇਬਾ ਨੂਰ ਪੁੱਤਰੀ ਆਸਿਫ਼ ਖਾਨ ਨੇ (ਸਾਇੰਸ ਗਰੁੱਪ) ਕੁੱਲ 500 ਅੰਕਾਂ ਵਿੱਚੋਂ 487 ਅੰਕ ਲੈ ਕੇ 13ਵਾਂ ਰੈਂਕ ਹਾਸਲ ਕੀਤਾ ਹੈ।ਇਨ੍ਹਾਂ ਹੋਣਹਾਰ ਵਿਦਿਆਰਥਣਾਂ ਨੂੰ ਪ੍ਰਿੰਸੀਪਲ ਗੁਰਮੀਤ ਕੌਰ, ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ (ਸਕੂਲ ਲੜਕੇ),ਸਕੂਲ ਪ੍ਰਬੰਧਕ ਕਮੇਟੀ ਪ੍ਰਧਾਨ ਛੋਟਾ ਸਿੰਘ, ਮੈਨੇਜਰ ਰਣਜੀਤ ਸਿੰਘ ਮਲਕਾਣਾ, ਸਮੂਹ ਪ੍ਰਬੰਧਕ ਕਮੇਟੀ ਅਹੁਦੇਦਾਰ ਤੇ ਮੈਂਬਰਾਂ ਨੇ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਸਫਲਤਾ ਲਈ ਕਾਮਨਾ ਕੀਤੀ।


# ਪ੍ਰਵਾਸੀ ਮਜ਼ਦੂਰਾਂ ਦੇ 7 ਆਸ਼ਿਆਨੇ ਸੜ ਕੇ ਸੁਆਹ

### ਲੜਕੀ ਦੇ ਵਿਆਹ ਦਾ ਸਾਮਾਨ ਤੇ ਰਾਸ਼ੀ ਵੀ ਅੱਗ ਦੀ ਭੇਟ ਚੜ੍ਹੇ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਕੁਹਾੜਾ ਰੋਡ 'ਤੇ ਪੈਂਦੇ ਪਿੰਡ ਪ੍ਰਤਾਪਗੜ੍ਹ ਨੇੜੇ ਸੜਕ ਕਿਨਾਰੇ ਪ੍ਰਵਾਸੀ ਮਜ਼ਦੂਰਾਂ ਦੀਆਂ ਝੁੱਗੀਆਂ ਕੱਲ੍ਹ ਰਾਤ ਅੱਗ ਦੀ ਲਪੇਟ ਵਿੱਚ ਆ ਕੇ ਸੁਆਹ ਹੋ ਗਈਆਂ, ਜਿਸ ਕਾਰਨ ਜਿੱਥੇ ਇੱਕ ਮਜ਼ਦੂਰ ਦੀ ਲੜਕੀ ਦੇ ਵਿਆਹ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ, ਉੱਥੇ ਲੱਖਾਂ ਰੁਪਏ ਦੀ ਨਕਦੀ ਵੀ ਜਲ ਗਈ। ਝੁੱਗੀ ਦੇ ਮਾਲਕ ਮੁਹੰਮਦ ਆਸ਼ਿਦ ਨੇ ਦੱਸਿਆ ਕਿ ਬੀਤੀ ਰਾਤ ਸੜਕ ਦੇ ਦੂਸਰੇ ਪਾਸੇ ਕਿਸੇ ਕਿਸਾਨ ਨੇ ਖੇਤਾਂ ਵਿੱਚ ਕਣਕ ਦੇ ਨਾੜ ਨੂੰ ਅੱਗ ਲਗਾਈ ਹੋਈ ਸੀ ਤੇ ਕਰੀਬ 9 ਵਜੇ ਤੇਜ਼ ਹਨੇਰੀ ਚੱਲੀ, ਜਿਸ ਕਾਰਨ ਅੱਗ ਸੜਕ ਤੋਂ ਪਾਰ ਝੁੱਗੀਆਂ ਨੂੰ ਜਾ ਲੱਗੀ। ਅੱਗ ਬੜੀ ਤੇਜ਼ੀ ਨਾਲ ਫੈਲੀ, ਜਿਸ ਕਾਰਨ ਉਹ ਆਪਣੇ ਪਰਿਵਾਰਾਂ ਤੇ ਪਸ਼ੂਆਂ ਨੂੰ ਬੜੀ ਮੁਸ਼ਕਲ ਨਾਲ ਝੁੱਗੀਆਂ 'ਚੋਂ ਕੱਢ ਸਕੇ, ਪਰ ਉਨ੍ਹਾਂ ਦਾ ਰਾਸ਼ਨ, ਕੱਪੜੇ, ਕੀਮਤੀ ਸਾਮਾਨ ਸਾਰਾ ਕੁਝ ਸੜ ਕੇ ਸੁਆਹ ਹੋ ਗਿਆ। ਮੁਹੰਮਦ ਆਸ਼ਿਦ ਨੇ ਦੱਸਿਆ ਕਿ ਉਸ ਦੇ 5 ਧੀਆਂ ਤੇ 4 ਪੁੱਤਰ ਹਨ, ਜਿਨ੍ਹਾਂ 'ਚੋਂ ਵੱਡੀ ਲੜਕੀ ਸਮੇਰਾ ਖਾਤਿਮ ਦਾ ਵਿਆਹ 21 ਮਈ ਨੂੰ ਰੱਖਿਆ ਹੋਇਆ ਹੈ, ਜਿਸ ਲਈ ਉਸ ਨੇ ਦਾਜ ਦਾ ਸਾਮਾਨ ਜੋੜਿਆ ਹੋਇਆ। ਉਸ ਨੇ ਦੱਸਿਆ ਕਿ ਲੜਕੀ ਦੇ ਵਿਆਹ ਲਈ ਉਸ ਨੇ ਝੁੱਗੀ ਵਿੱਚ 1 ਲੱਖ 2 ਹਜ਼ਾਰ ਰੁਪਏ ਨਕਦ, ਇੱਕ ਫਰਿੱਜ, ਇੱਕ ਪੱਖਾ, ਸਾਈਕਲ, ਮਿਕਸਰ ਤੇ ਕੁਝ ਚਾਂਦੀ ਦੇ ਗਹਿਣੇ ਰੱਖੇ ਸਨ, ਪਰ ਅੱਗ ਦੀ ਚਪੇਟ ਵਿੱਚ ਆਉਣ ਕਾਰਨ ਇਹ ਸਾਰੇ ਸੜ ਕੇ ਸੁਆਹ ਹੋ ਗਏ ਅਤੇ ਡੰਗਰਾਂ ਲਈ ਇਕੱਠੀ ਕੀਤੀ ਤੂੜੀ ਦਾ ਬਣਾਇਆ ਕੁੱਪ ਵੀ ਸੜ ਗਿਆ। ਇਸ ਤੋਂ ਇਲਾਵਾ ਝੁੱਗੀਆਂ ਵਿਚ ਰਹਿਣ ਵਾਲੇ ਪਰਿਵਾਰਾਂ ਕੋਲ ਨਾ ਤਾਂ ਹੁਣ ਪਹਿਨਣ ਲਈ ਕੱਪੜੇ ਸਨ, ਨਾ ਖਾਣ ਲਈ ਰਾਸ਼ਨ, ਨਾ ਪਸ਼ੂਆਂ ਲਈ ਚਾਰਾ ਤੇ ਨਾ ਹੀ ਸਿਰ 'ਤੇ ਛੱਤ ਬਚੀ ਸੀ। ਇੱਕ ਹੋਰ ਝੁੱਗੀ ਵਾਲੇ ਨੇ ਦੱਸਿਆ ਕਿ ਉਸ ਦੀ ਧੀ ਨੌਕਰੀ ਕਰਦੀ ਹੈ, ਜਿਸ ਨੂੰ 15 ਹਜ਼ਾਰ ਰੁਪਏ ਤਨਖਾਹ ਮਿਲੀ ਸੀ, ਪਰ ਉਹ ਵੀ ਅੱਗ ਦੀ ਚਪੇਟ ਵਿੱਚ ਸੁਆਹ ਹੋ ਗਈ। ਸੜਕ ਕਿਨਾਰੇ ਝੁੱਗੀਆਂ ਬਣਾ ਕੇ ਰਹਿੰਦੇ ਮੁਹੰਮਦ ਆਸ਼ਿਦ ਤੋਂ ਇਲਾਵਾ ਅਕਬਰੀ ਖਾਤਿਮ, ਸਹਿਨਾਜ਼ਮ ਖਾਤਿਮ, ਮੁੰਨੀ ਖਾਤਿਮ, ਜੁਨੈਸ਼ਾ ਖਾਤਿਮ, ਮੁਹੰਮਦ ਮੋਬਿਲ, ਨਰੇਸ਼ ਖਾਤਿਮ ਦਾ ਸਭ ਕੁਝ ਸੜ ਕੇ ਸੁਆਹ ਹੋ ਗਿਆ। ਇਨ੍ਹਾਂ ਬੇਘਰ ਹੋਏ ਗਰੀਬ ਪਰਿਵਾਰਕ ਮੈਂਬਰਾਂ ਨੇ ਸਰਕਾਰ ਅੱਗੇ ਗੁਹਾਰ ਲਗਾਈ ਕਿ ਅੱਗ ਨਾਲ ਉਨ੍ਹਾਂ ਦਾ ਬਹੁਤ ਵੱਡਾ ਆਰਥਿਕ ਨੁਕਸਾਨ ਹੋਇਆ ਹੈ, ਜਿਸ ਲਈ ਪ੍ਰਸ਼ਾਸਨ ਬਣਦਾ ਮੁਆਵਜ਼ਾ ਦੇਵੇ।

## ਸਿਫਤ ਅਰੋੜਾ ਕਾਲਜ 'ਚੋਂ ਅੱਵਲ



ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਸਥਾਨਕ ਸੇਂਟ ਸਹਾਰਾ ਕਾਲਜ ਆਫ ਐਜੂਕੇਸ਼ਨ ਦਾ ਬੀ.ਐੱਡ. ਸੈਸ਼ਨ 2024-26 ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ।ਇਹ ਨਤੀਜਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ 15 ਮਈ 2025 ਨੂੰ ਐਲਾਨਿਆ ਗਿਆ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਮੈਡਮ ਸੁਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਨਤੀਜੇ ਵਿੱਚ ਸਾਰੇ ਵਿਦਿਆਰਥੀ ਪਹਿਲੇ ਦਰਜੇ ਨਾਲ ਪਾਸ ਹੋਏ ਹਨ।ਮੈਡਮ ਸੁਮਨਪ੍ਰੀਤ ਕੌਰ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਫਤ ਅਰੋੜਾ ਨੇ 82.66 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਈਸ਼ਾਂਕਾ ਕੰਬੋਜ ਨੇ 82 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਰਾਧਿਕਾ ਗਰਗ ਤੇ ਨਵਕੀਰਨ ਕੌਰ 79.56 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ।ਮੈਡਮ ਸੁਮਨਪ੍ਰੀਤ ਕੌਰ ਨੇ ਇਸ ਨਤੀਜੇ ਲਈ ਸਾਰੇ ਸਟਾਫ ਦੀ ਮਿਹਨਤ ਤੇ ਲਗਨ ਦੀ ਸ਼ਲਾਘਾ ਕੀਤੀ। ਕਾਲਜ ਦੇ ਚੇਅਰਮੈਨ ਡਾ. ਨਰੇਸ਼ ਪਰੂਥੀ, ਡਾਇਰੈਕਟਰ ਮੈਡਮ ਡਾ. ਸਪਨਾ ਪਰੂਥੀ ਤੇ ਜਰਨਲ ਸਕੱਤਰ ਸ੍ਰੀ ਰਾਕੇਸ਼ ਪਰੂਥੀ ਨੇ ਕਾਰਜਕਾਰੀ ਪ੍ਰਿੰਸੀਪਲ ਮੈਡਮ ਸੁਮਨਪ੍ਰੀਤ ਕੌਰ, ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਾਲਜ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

## ਵਾਈ ਐੱਸ ਪਬਲਿਕ ਸਕੂਲ ਥਾਂਦੇਵਾਲਾ ਦਾ ਨਤੀਜਾ ਸ਼ਾਨਦਾਰ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਫਰਵਰੀ-ਮਾਰਚ 2025 ਦਾ ਨਤੀਜਾ ਸ਼ਾਨਦਾਰ ਰਿਹਾ। ਨਵਜੋਤ ਸਿੰਘ ਨੇ ਪਹਿਲਾ ਸਥਾਨ, ਕਮਲਦੀਪ ਕੌਰ, ਨਵਜੋਤ ਕੌਰ ਨੇ ਦੂਜਾ ਸਥਾਨ, ਸੁਮਨਜੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਬਾਕੀ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਆਪਣੇ ਮਾਪਿਆਂ ਅਤੇ ਆਪਣੀ ਸੰਸਥਾ ਦਾ ਨਾਮ ਇਲਾਕੇ ਵਿੱਚ ਰੌਸ਼ਨ ਕੀਤਾ।ਇਨ੍ਹਾਂ ਮੋਹਰੀ ਵਿਦਿਆਰਥੀਆਂ ਨੂੰ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਟਰਾਫ਼ੀ ਦੇ ਕੇ ਸਨਮਾਨਤ ਕੀਤਾ ਅਤੇ ਮੂੰਹ ਮਿੱਠਾ ਕਰਵਾਇਆ। ਸਕੂਲ ਪ੍ਰਿੰਸੀਪਲ ਸ਼ੀਫਾਲੀ ਨੇ ਚੰਗੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਸ਼ੁਭ ਇੱਛਾਵਾਂ ਦਿਵਾਇਆ ਕਿ ਅੱਗੇ ਤੋਂ ਵੀ ਇਸ ਸੰਸਥਾ ਦਾ ਨਤੀਜਾ ਸ਼ਾਨਦਾਰ ਹੀ ਰਹੇਗਾ।ਇਸ ਮੌਕੇ ਸਕੂਲ ਦਾ ਸਟਾਫ਼ ਵੀ ਹਾਜ਼ਰ ਸੀ।

## ਦਯਾਨੰਦ ਮਾਡਲ ਹਾਈ ਸਕੂਲ ਦਾ ਨਤੀਜਾ 100 ਫੀਸਦੀ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੇ ਗਏ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਦਯਾਨੰਦ ਮਾਡਲ ਹਾਈ ਸਕੂਲ ਨੇ ਇਸ ਵਾਰ ਵੀ 100% ਨਤੀਜਾ ਹਾਸਲ ਕੀਤਾ।ਸਕੂਲ ਪ੍ਰਧਾਨ ਯਸ਼ਪਾਲ ਸਿੰਗਲਾ ਅਤੇ ਪ੍ਰਿੰਸੀਪਲ ਅੰਜੂ ਨੇ ਦੱਸਿਆ ਕਿ ਸਕੂਲ ਦੇ 70 ਵਿਦਿਆਰਥੀਆਂ ਨੇ ਦਸਵੀਂ ਦੀ ਬੋਰਡ ਪ੍ਰੀਖਿਆ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚੋਂ 12 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਵਿਦਿਆਰਥਣ ਜਸਨੂਰ ਕੌਰ ਨੇ 650 ਵਿੱਚੋਂ 618 ਅੰਕ (95%) ਲੈ ਕੇ ਪਹਿਲਾ ਸਥਾਨ ਹਾਸਲ ਕੀਤਾ, ਨਮਨਜੋਤ ਪੁੱਤਰ (93%),ਰਵਨੀਤ ਕੌਰ (92%),ਜਸਦੀਪ ਕੌਰ (92%),ਪੁਸ਼ਪਿੰਦਰ ਕੌਰ (92%), ਹਰਮਨਜੋਤ ਕੌਰ (91%), ਧਵਜਾ ਰਾਣੀ (91%), ਸਨੇਹਾ ਰਾਣੀ (90%), ਹਰਸ਼ਦੀਪ (90%) ਟਵਿੰਕਲ ਰਾਣੀ (90%), ਰਵਨੀਤ ਕੌਰ (90%), ਕਸ਼ਿਸ਼ ਰਾਣੀ (90%) ਨੰਬਰ ਪ੍ਰਾਪਤ ਕੀਤੇ। ਸਕੂਲ ਪ੍ਰਬੰਧਨ ਅਤੇ ਸਟਾਫ ਵੱਲੋਂ ਇਨ੍ਹਾਂ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਯਸ਼ਪਾਲ ਸਿੰਗਲਾ ਅਤੇ ਮੈਡਮ ਅੰਜੂ ਨੇ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੀ ਲਗਨ ਅਤੇ ਮਾਪਿਆਂ ਦੇ ਸਹਿਯੋਗ ਨਾਲ ਸੰਭਵ ਹੋਈ ਹੈ।ਇਸ ਮੌਕੇ ਸਕੂਲ ਦੇ ਮੰਤਰੀ ਨਰਾਇਣ ਦਾਸ, ਰਜਿੰਦਰ ਗੁਪਤਾ ਅਤੇ ਵਿਦਿਆਰਥੀਆਂ ਦੇ ਮਾਪੇ ਵੀ ਮੌਜੂਦ ਸਨ।


## ਸਮੇਂ ਸਿਰ ਟੈਕਸ ਵਾਲੇ ਲੋਕਾਂ ਨੂੰ ਸਰਕਾਰ ਪਾਸੋਂ ਸਹੂਲਤ ਮਿਲਣੀ ਚਾਹੀਦੀ : ਨਛੱਤਰ ਸਿੱਧੂ



ਬਠਿੰਡਾ (ਰਾਜੀਵ ਗੋਇਲ)-ਸੂਬਾ ਸਰਕਾਰ ਵੱਲੋਂ ਸ਼ਹਿਰ ਵਾਸੀਆਂ ਨੂੰ ਟੈਕਸ ਭਰਨ ਲਈ ਜੁਰਮਾਨੇ ਤੋਂ ਦਿੱਤੀ ਗਈ ਰਾਹਤ ਨੂੰ ਲੈ ਕੇ ਗੱਲਬਾਤ ਕਰਦੇ ਹੋਏ ਸਮਾਜ ਸੇਵੀ ਨਛੱਤਰ ਸਿੰਘ ਸਿੱਧੂ ਵੱਲੋਂ ਮੰਗ ਕੀਤੀ ਗਈ ਹੈ ਕਿ ਜੇਕਰ ਸਰਕਾਰ ਵੱਲੋਂ ਸਮੇਂ ਸਿਰ ਨਾ ਟੈਕਸ ਭਰਨ ਵਾਲੇ ਲੋਕਾਂ ਨੂੰ ਜੁਰਮਾਨੇ ਤੋਂ ਛੋਟ ਦਿੱਤੀ ਗਈ ਹੈ ਤਾਂ ਜਿਹੜੇ ਲੋਕਾਂ ਵੱਲੋਂ ਛੋਟ ਹੋਣ ਤੋਂ ਕੁਝ ਦਿਨ ਪਹਿਲਾਂ ਜਾਂ ਫਿਰ ਸਮੇਂ ਮੁਤਾਬਕ ਟੈਕਸ ਭਰਿਆ ਗਿਆ ਹੈ, ਉਨ੍ਹਾਂ ਲੋਕਾਂ ਨੂੰ ਵੀ ਕੋਈ ਨਾ ਕੋਈ ਛੋਟ ਦੇਣੀ ਜ਼ਰੂਰ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਸਿਰ ਟੈਕਸ ਭਰਨ ਵਾਲੇ ਲੋਕਾਂ ਨੂੰ ਤਾਂ ਕੋਈ ਫਾਇਦਾ ਮਿਲਦਾ ਨਹੀਂ, ਪਰ ਜਿਹੜੇ ਲੋਕ ਟੈਕਸ ਨਹੀਂ ਭਰਦੇ ਉਹਨਾਂ ਨੂੰ ਮੁਆਫੀ ਦੇ ਦਿੱਤੀ ਜਾਂਦੀ ਹੈ।

ਉਹਨਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਹੜੇ ਲੋਕਾਂ ਨੇ ਜੁਰਮਾਨੇ ਸਹਿਤ ਟੈਕਸ ਭਰਿਆ ਹੈ, ਉਨ੍ਹਾਂ ਦਾ ਜੁਰਮਾਨਾ ਮੁਆਫ ਕਰਕੇ ਅਗਾਂਹ ਵਾਲੇ ਟੈਕਸ ਵਿੱਚ ਜਮ੍ਹਾਂ ਕੀਤਾ ਜਾਵੇ ਤਾਂ ਜੁ ਉਹ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਨਾ ਕਰਨ।


## ਅਲਾਇੰਸ ਇੰਟਰਨੈਸ਼ਨਲ ਸਕੂਲ ਦਾ 10ਵੀਂ ਤੇ 12ਵੀਂ ਦਾ ਨਤੀਜਾ ਸੌ ਫੀਸਦੀ




ਰਾਜਪੁਰਾ (ਰਮੇਸ਼ ਕਟਾਰੀਆ)-ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਇੱਕ ਵਾਰ ਫਿਰ ਅਕਾਦਮਿਕ ਉੱਤਮਤਾ ਦੇ ਇੱਕ ਪ੍ਰਕਾਸ਼ ਵਜੋਂ ਆਪਣੀ ਸਥਿਤੀ ਦੀ ਪੁਸ਼ਟੀ ਕੀਤੀ ਹੈ, ਮਾਣ ਨਾਲ 2024-25 ਦੇ ਅਕਾਦਮਿਕ ਸੈਸ਼ਨ ਲਈ ਸੀ.ਬੀ.ਐੱਸ.ਈ. ਕਲਾਸ 10ਵੀਂ ਤੇ 12ਵੀਂ ਦੀ ਬੋਰਡ ਪ੍ਰੀਖਿਆਵਾਂ ਵਿੱਚ 100% ਪਾਸ ਦਰ ਦਾ ਐਲਾਨ ਕੀਤਾ ਹੈ।ਕੁੱਲ ਜਮਾਤ ਦਸਵੀਂ ਦੇ 57, ਬਾਰਵੀਂ ਦੇ 160 ਵਿਦਿਆਰਥੀਆਂ ਨੇ ਪ੍ਰੀਖਿਆਵਾਂ ਦਿੱਤੀਆਂ, ਜਿਨ੍ਹਾਂ ਵਿੱਚੋਂ ਸ਼ਾਨਦਾਰ ਅੰਕ ਪ੍ਰਾਪਤ ਕੀਤੇ।ਦਸਵੀਂ ਜਮਾਤ 'ਚੋਂ ਸਿਮਰਨਜੀਤ ਕੌਰ (91.8%), ਸਿਮਰਪ੍ਰੀਤ ਕੌਰ (89.2%), ਏਕਲਵਯ ਯਾਦਵ (88%) ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ।

ਬਾਰਵੀਂ ਜਮਾਤ ਦੇ ਕਾਮਰਸ ਸਟ੍ਰੀਮ 'ਚ ਵੰਸ਼ਿਕਾ (96.2%), ਖੁਸ਼ਪ੍ਰੀਤ (94.6%), ਇਸ਼ਲੀਨ ਕੌਰ (92%) ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਹਿਊਮੈਨਿਟੀਜ਼ ਸਟ੍ਰੀਮ 'ਚ ਜਸਕੀਰਤ ਕੌਰ (95.6%), ਹੰਸਪ੍ਰੀਤ (92.2%), ਕਰਨਜੋਤ ਸਿੰਘ (90.4%), ਹਰਸਿਮਰਤ (90.2%) ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਸਾਇੰਸ ਸਟ੍ਰੀਮ 'ਚ ਯੁਵਿਸ਼ ਬਾਂਸਲ (87.6%), ਤਾਸ਼ਿਕਾ (84.6%) ਤੇ ਸਿਮਰਨ ਕੌਰ (83%) ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਇਸ ਮੌਕੇ ਅਲਾਇੰਸ ਇੰਟਰਨੈਸ਼ਨਲ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਾਹਿਲ ਗਰਗ ਨੇ ਸਾਰੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਿਲੋਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਸਕੂਲ ਇਸ ਸ਼ਾਨਦਾਰ ਸਫ਼ਲਤਾ ਦਾ ਸਿਹਰਾ ਨਾ ਸਿਰਫ਼ ਸਖ਼ਤ ਅਕਾਦਮਿਕ ਤਿਆਰੀ ਨੂੰ ਦਿੰਦਾ ਹੈ, ਸਗੋਂ ਇਸਦੇ ਸੰਪੂਰਨ ਵਿਦਿਅਕ ਪਹੁੰਚ ਨੂੰ ਵੀ ਦਿੰਦਾ ਹੈ, ਜੋ ਸਹਿ-ਪਾਠਕ੍ਰਮ ਦੀ ਸ਼ਮੂਲੀਅਤ, ਸਲਾਹ-ਮਸ਼ਵਰਾ ਤੇ ਇੱਕ ਪਾਲਣ-ਪੋਸ਼ਣ ਵਾਲੇ ਵਾਤਾਵਰਨ 'ਤੇ ਜ਼ੋਰ ਦਿੰਦਾ ਹੈ, ਜੋ ਵਿਦਿਆਰਥੀਆਂ ਨੂੰ ਜੀਵਨ ਦੇ ਸਾਰੇ ਖੇਤਰਾਂ ਵਿੱਚ ਵਧਣ-ਫੁੱਲਣ ਲਈ ਸ਼ਕਤੀ ਪ੍ਰਦਾਨ ਕਰਦਾ ਹੈ।

## ਸਰਵਹਿਤਕਾਰੀ ਸਕੂਲ ਦਾ 12ਵੀਂ ਦਾ ਨਤੀਜਾ ਸ਼ਾਨਦਾਰ



ਜਗਰਾਉਂ (ਅਮਿਤ ਖੰਨਾ)-ਸ਼੍ਰੀਮਤੀ ਸਤੀਸ਼ ਗੁਪਤਾ ਸਰਵਹਿਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦਾ 12ਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ।ਪ੍ਰਿੰਸੀਪਲ ਸ਼੍ਰੀਮਤੀ ਨੀਲੂ ਨਰੂਲਾ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਆਰਟਸ ਗਰੁੱਪ ਦੀ ਨਵਜੋਤ ਕੌਰ ਨੇ 479/500 ਅੰਕਾਂ ਨਾਲ ਨਾ ਸਿਰਫ਼ ਆਪਣੇ ਸਕੂਲ ਵਿੱਚ, ਸਗੋਂ ਜਗਰਾਉਂ ਵਿੱਚੋਂ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪ੍ਰਭਲੀਨ ਕੌਰ ਨੇ ਆਰਟਸ ਗਰੁੱਪ ਵਿੱਚ 462/500 ਅੰਕਾਂ ਨਾਲ ਦੂਜਾ ਸਥਾਨ ਤੇ ਖੁਸ਼ਨੁਮਾ ਨੇ 417/500 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਕਾਮਰਸ ਗਰੁੱਪ ਵਿੱਚ ਨਵਦੀਪ ਕੌਰ ਨੇ 432/500 ਅੰਕਾਂ ਨਾਲ ਪਹਿਲਾ, ਅਰਸ਼ਦੀਪ ਕੌਰ ਨੇ 375/500 ਅੰਕਾਂ ਨਾਲ ਦੂਜਾ ਤੇ ਲਕਸ਼ਮੀ ਨੇ 374/500 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੁਖੀ ਸ੍ਰੀ ਵਿਨੈ ਸਿੰਗਲਾ, ਮੈਨੇਜਰ ਸ੍ਰੀ ਪ੍ਰਦੀਪ, ਵਾਈਸ ਹੈੱਡ ਸ੍ਰੀ ਸ਼ਿਆਮ ਸੁੰਦਰ ਤੇ ਪ੍ਰਿੰਸੀਪਲ ਨੀਲੂ ਨਰੂਲਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਲਾਸ ਵਿੱਚ ਉੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਹਲਕੇ ਦੇ ਰਜਬਾਹੇ ਤੇ ਮੋਘੇ ਹੋਣਗੇ ਪੱਕੇ : ਵਿਧਾਇਕਾ ਮਾਣੂੰਕੇ



ਜਗਰਾਉਂ (ਸੰਜੀਵ ਅਰੋੜਾ/ਨਛੱਤਰ ਸੰਧੂ)-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਭੂਮੀ ਰੱਖਿਆ, ਨਹਿਰੀ ਅਤੇ ਡਰੇਨ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਗਈ ਅਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਕਾਸੀ ਪਾਣੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰੋਫੈਸਰ ਸੁਖਵਿੰਦਰ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਮੀਟਿੰਗ ਦੌਰਾਨ ਭੂਮੀ ਰੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਜਾਣੂੰ ਕਰਵਾਇਆ ਕਿ ਹਲਕੇ ਦੇ ਪਿੰਡਾਂ ਵਿੱਚੋਂ ਲੰਘ ਰਹੀਆਂ ਡਰੇਨਾਂ ਦੀ ਵੱਡੀ ਸਮੱਸਿਆ ਇਹ ਹੈ ਕਿ ਨਿਕਾਸੀ ਵਾਲੇ ਪਾਸੇ ਵੱਲ ਨੂੰ ਡਰੇਨਾਂ ਦੀ ਢਲਾਨ ਉਚੀ ਹੋ ਚੁੱਕੀ ਹੈ, ਜਿਸ ਕਾਰਨ ਨਿਕਾਸੀ ਪਾਣੀ ਦਾ ਵਹਾਅ ਉਲਟ ਪਾਸੇ ਹੁੰਦਾ ਹੈ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਪਾਣੀ ਜ਼ਿਆਦਾ ਆਉਣ ਕਾਰਨ ਓਵਰ ਫਲੋਅ ਹੋ ਕੇ ਨਾਲ ਲੱਗਦੇ ਖੇਤਾਂ ਦੀਆਂ ਫ਼ਸਲਾਂ ਨੂੰ ਪ੍ਰਭਾਵਿਤ ਕਰਦਾ ਹੈ। ਸ਼ਹਿਰ ਦੇ ਕਮਲ ਚੌਕ, ਪੁਰਾਣੀ ਦਾਣਾ ਮੰਡੀ, ਪੁਰਾਣੀ ਸਬਜ਼ੀ ਮੰਡੀ ਅਤੇ ਕਈ ਮੁਹੱਲਿਆਂ ਵਿੱਚ ਬਰਸਾਤੀ ਪਾਣੀ ਦੀ ਵੱਡੀ ਸਮੱਸਿਆ ਹੋ ਜਾਂਦੀ ਹੈ ਅਤੇ ਕਈ ਭਿਆਨਕ ਬਿਮਾਰੀਆਂ ਦੇ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ। ਅਧਿਕਾਰੀਆਂ ਨੇ ਹੋਰ ਦੱਸਿਆ ਕਿ ਡਰੇਨਾਂ ਦੇ ਬੰਨ੍ਹ ਅਤੇ ਕਈ ਥਾਵਾਂ ਤੋਂ ਪੁਲ ਵੀ ਨੀਵੇਂ ਹੋ ਚੁੱਕੇ ਹਨ ਅਤੇ ਕਈ ਥਾਵਾਂ 'ਤੇ ਲੋਕਾਂ ਵੱਲੋਂ ਡਰੇਨ ਦੀ ਜਗ੍ਹਾ ਉਪਰ ਨਜਾਇਜ਼ ਕਬਜ਼ੇ ਵੀ ਕੀਤੇ ਹੋਏ ਹਨ, ਜੋ ਕਿ ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਵੱਡਾ ਅੜਿੱਕਾ ਹਨ।

ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਿਧਾਇਕਾ ਮਾਣੂੰਕੇ ਨੇ ਤੁਰੰਤ ਸਬੰਧਤ ਵਿਭਾਗ ਦੇ ਮੰਤਰੀ ਵਰਿੰਦਰ ਗੋਇਲ ਨੂੰ ਫੋਨ 'ਤੇ ਗੱਲਬਾਤ ਕਰਕੇ ਮਾਮਲੇ ਨੂੰ ਵਿਚਾਰਿਆ ਅਤੇ ਡਰੇਨਾਂ ਵਿੱਚੋਂ ਮਿੱਟੀ ਕੱਢਣ ਲਈ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਤਾਂ ਮੰਤਰੀ ਵੱਲੋਂ ਭਰੋਸਾ ਦਿੱਤਾ ਗਿਆ ਕਿ ਇਸ ਸਬੰਧੀ ਕੇਸ ਪ੍ਰਾਪਤ ਹੋਣ ਤੇ ਮਨਜ਼ੂਰੀ ਜਾਰੀ ਕਰ ਦਿੱਤੀ ਜਾਵੇਗੀ। ਨਹਿਰੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਵਿਧਾਇਕਾ ਮਾਣੂੰਕੇ ਦੇ ਯਤਨਾਂ ਸਦਕਾ ਜੋ ਗ੍ਰਾਂਟਾਂ ਆਈਆਂ ਹਨ, ਉਨ੍ਹਾਂ 'ਚੋਂ ਹਲਕਾ ਜਗਰਾਉਂ ਅਧੀਨ ਸਿੱਧਵਾਂ ਖੁਰਦ ਤੋਂ ਲੈ ਕੇ ਗਾਲਿਬ ਕਲਾਂ ਤੱਕ ਕੋਕਰੀ ਰਜਬਾਹੇ ਨੂੰ 13 ਕਰੋੜ 62 ਲੱਖ ਦੀ ਲਾਗਤ ਨਾਲ ਪੱਕਾ ਕੀਤਾ ਜਾ ਰਿਹਾ ਹੈ ਅਤੇ ਇਹ ਰਜਬਾਹਾ ਪੱਕਾ ਕਰਨ ਵੇਲੇ ਸੂਏ ਦੇ ਬੈਡ ਨੂੰ ਕੱਚਾ ਰੱਖਿਆ ਜਾ ਰਿਹਾ ਤਾਂ ਜੋ ਧਰਤੀ ਹੇਠਲਾ ਪਾਣੀ ਵੀ ਰਿਚਾਰਜ ਹੁੰਦਾ ਰਹੇਗਾ। ਇਸ ਤੋਂ ਇਲਾਵਾ ਸਿੱਧਵਾਂ ਕਲਾਂ ਅਤੇ ਸਿੱਧਵਾਂ ਖੁਰਦ ਦੇ ਮੋਘੇ ਦੇ ਖਾਲਾਂ ਨੂੰ ਪੱਕਾ ਕਰਨ ਲਈ ਇੱਕ ਕਰੋੜ 92 ਲੱਖ ਰੁਪਏ, ਮਲਸੀਹਾਂ ਤੇ ਚੀਮਨਾਂ ਦੇ ਮੋਘੇ ਨੂੰ ਇੱਕ ਕਰੋੜ 60 ਲੱਖ ਰੁਪਏ, ਰਾਮਗੜ੍ਹ ਭੁੱਲਰ ਦੇ ਮੋਘੇ ਨੂੰ ਇੱਕ ਕਰੋੜ 9 ਲੱਖ ਰੁਪਏ ਅਤੇ ਗਾਲਿਬ ਕਲਾਂ ਦੇ ਮੋਘੇ ਨੂੰ ਇੱਕ ਕਰੋੜ 84 ਲੱਖ ਰੁਪਏ ਦੀ ਗਰਾਂਟ ਨਾਲ ਪੱਕਾ ਕੀਤਾ ਜਾ ਰਿਹਾ ਹੈ। ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਕਿਸਾਨਾਂ ਨੂੰ ਖੇਤਾਂ ਵਿੱਚੋਂ ਰੇਤ ਚੁਕਵਾਉਣ ਲਈ ਹਦਾਇਤਾਂ ਤੋਂ ਜਾਣੂੰ ਕਰਵਾਇਆ ਜਾਵੇ ਅਤੇ ਡਰੇਨੇਜ ਦੀ ਸਫਾਈ ਲਈ ਉਪਰਾਲੇ ਕੀਤੇ ਜਾਣ।

## ਲਾਰੈਂਸ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਦਾ ਦਸਵੀਂ ਤੇ ਬਾਰਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ।ਪ੍ਰਿੰਸੀਪਲ ਜੀਨਮ ਗਰਗ ਤੇ ਮਨੋਜ ਕੁਮਾਰ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ ਹੈ।10ਵੀਂ ਜਮਾਤ ਵਿੱਚ ਸਨੇਹਪ੍ਰੀਤ ਕੌਰ ਨੇ 90 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ, ਗੁਰਮੀਤ ਕੌਰ ਨੇ 87 ਪ੍ਰਤੀਸ਼ਤ ਅੰਕਾਂ ਨਾਲ ਦੂਜਾ, ਰਾਜਦੀਪ ਕੌਰ ਨੇ 84 ਪ੍ਰਤੀਸ਼ਤ ਅੰਕਾਂ ਨਾਲ ਤੀਜਾ, ਕਿਰਤਾਜ ਸਿੰਘ ਨੇ 83% ਅੰਕਾਂ ਨਾਲ ਚੌਥਾ, ਤਨੀਸ਼ਾ ਨੇ 82% ਅੰਕਾਂ ਨਾਲ ਪੰਜਵਾਂ, ਖੁਸ਼ਪ੍ਰੀਤ ਕੌਰ ਨੇ 81% ਅੰਕਾਂ ਨਾਲ ਛੇਵਾਂ ਦਰਜਾ ਹਾਸਲ ਕੀਤਾ। ਪ੍ਰਿੰਸੀਪਲ, ਸਕੂਲ ਮੈਨੇਜਮੈਂਟ ਤੇ ਟੀਚਰਸ ਨੇ ਸਾਰੇ ਮਾਤਾ-ਪਿਤਾ ਨੂੰ ਬਹੁਤ ਵਧਾਈ ਦਿੱਤੀ।ਪ੍ਰਿੰਸੀਪਲ ਨੇ ਸ਼ਾਨਦਾਰ ਨਤੀਜੇ ਲਈ ਬੱਚਿਆਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਕਾਰ ਗੈਰੇਜ 'ਚ ਅੱਗ ਲੱਗਣ ਨਾਲ ਲੱਖਾਂ ਦਾ ਨੁਕਸਾਨ

### 2 ਕਾਰਾਂ ਸਮੇਤ ਹੋਰ ਸਾਮਾਨ ਵੀ ਸੜਿਆ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬੀਤੇ ਕੱਲ੍ਹ ਰਾਤ ਇੱਥੇ ਸਮਰਾਲਾ ਰੋਡ 'ਤੇ ਸਥਿਤ ਇੱਕ ਕਾਰ ਗੈਰੇਜ ਵਿੱਚ ਲੱਗੀ ਭਿਆਨਕ ਅੱਗ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਣ ਦੀ ਖ਼ਬਰ ਹੈ, ਜਿਸ ਵਿੱਚ 2 ਕਾਰਾਂ ਸਮੇਤ ਹੋਰ ਕਈ ਤਰ੍ਹਾਂ ਦਾ ਕੀਮਤੀ ਸਾਮਾਨ ਸੜਿਆ ਦੱਸਿਆ ਜਾ ਰਿਹਾ ਹੈ। ਕਾਰ ਗੈਰੇਜ ਦੇ ਮਾਲਕ ਕੁਲਵੰਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦਾ ਗੱਡੀਆਂ ਦੀ ਡੈਂਟਿੰਗ, ਪੇਂਟਿੰਗ ਦੇ ਨਾਲ ਨਾਲ ਕਾਰ ਬਜ਼ਾਰ ਦਾ ਕੰਮ ਵੀ ਹੈ ਅਤੇ ਬੀਤੀ ਰਾਤ ਉਨ੍ਹਾਂ ਨੂੰ ਗੁਆਂਢੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਗੈਰੇਜ 'ਚੋਂ ਅੱਗ ਦੀਆਂ ਲਪਟਾਂ ਨਿੱਕਲ ਰਹੀਆਂ ਹਨ। ਕੁਲਵੰਤ ਸਿੰਘ ਨੇ ਦੱਸਿਆ ਕਿ ਉਹ ਮੌਕੇ 'ਤੇ ਪਹੁੰਚੇ, ਜਿਨ੍ਹਾਂ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਫਾਇਰ ਬ੍ਰਿਗੇਡ ਦੇ ਕਰਮਚਾਰੀ ਸੋਹਣ ਸਿੰਘ ਨੇ ਦੱਸਿਆ ਕਿ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ ਤੇ ਇਸ ਦੇ ਕਾਰਨਾਂ ਬਾਰੇ ਅਜੇ ਪਤਾ ਨਹੀਂ ਲੱਗ ਸਕਿਆ। ਗੈਰੇਜ ਮਾਲਕ ਕੁਲਵੰਤ ਸਿੰਘ ਗਿੱਲ ਅਨੁਸਾਰ ਉਸ ਦੇ ਗੈਰੇਜ ਵਿੱਚ ਖੜੀਆਂ 2 ਕਾਰਾਂ ਤਾਂ ਅੱਗ ਲੱਗਣ ਨਾਲ ਬੁਰੀ ਤਰ੍ਹਾਂ ਖਤਮ ਹੋ ਗਈਆਂ, ਜਦਕਿ ਕੁਝ ਕੁ ਨੂੰ ਨੁਕਸਾਨ ਪਹੁੰਚਿਆ। ਉਨ੍ਹਾਂ ਕਿਹਾ ਕਿ ਅੱਗ ਨਾਲ ਗੈਰੇਜ ਵਿੱਚ ਪਿਆ ਹੋਰ ਸਾਮਾਨ ਵੀ ਸੜ ਕੇ ਸੁਆਹ ਹੋ ਗਿਆ, ਜਿਸ ਕਾਰਨ ਉਸ ਦਾ ਕਰੀਬ 10 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ। ਗੈਰੇਜ ਮਾਲਕ ਨੇ ਦੱਸਿਆ ਕਿ ਇਹ ਅੱਗ ਕਿਵੇਂ ਲੱਗੀ, ਇਸ ਸਬੰਧੀ ਕੋਈ ਸਪੱਸ਼ਟ ਜਾਣਕਾਰੀ ਨਹੀਂ ਹੈ।

## ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਵੱਲੋਂ 20 ਦੇ ਧਰਨੇ, ਮੁਜ਼ਾਹਰੇ ਦਾ ਸਮਰਥਨ : ਸਰਕਲ ਆਗੂ



ਸਮਰਾਲਾ (ਸੁਰਜੀਤ ਸਿੰਘ)-ਕੇਂਦਰ ਸਰਕਾਰ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮਾਂ, ਨੌਜਵਾਨਾਂ ਤੇ ਪੈਨਸ਼ਨਰਜ਼ ਵਿਰੋਧੀ ਨੀਤੀਆਂ ਖ਼ਿਲਾਫ਼ 20 ਮਈ ਨੂੰ ਕੀਤੇ ਜਾ ਰਹੇ ਧਰਨੇ-ਮੁਜ਼ਾਹਰਿਆਂ ਦਾ ਪਾਵਰਕਾਮ ਦੀ ਪੈਨਸ਼ਨਰਜ਼ ਐਸੋਸੀਏਸ਼ਨ ਸਰਕਲ ਖੰਨਾ ਨੇ ਜ਼ੋਰਦਾਰ ਸਮਰਥਨ ਕੀਤਾ ਹੈ।ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਸਰਕਲ ਖੰਨਾ ਦੇ ਪ੍ਰਧਾਨ ਹਰਬੰਸ ਸਿੰਘ ਦਬੁਰਜੀ ਤੇ ਸਰਕਲ ਸਕੱਤਰ ਇੰਦਰਜੀਤ ਸਿੰਘ ਅਕਾਲ ਸਰਕਲ ਪ੍ਰੈੱਸ ਸਕੱਤਰ ਪ੍ਰਦੀਪ ਕੁਮਾਰ ਐੱਸ ਡੀ ਓ ਨੇ ਜਾਰੀ ਪ੍ਰੈੱਸ ਨੋਟ ਵਿੱਚ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਦੇਸ਼ ਵਿਆਪੀ ਹੜਤਾਲ ਵਿੱਚ ਖੰਨਾ ਸਰਕਲ ਵੱਲੋਂ ਭਰਪੂਰ ਯੋਗਦਾਨ ਪਾਇਆ ਜਾਵੇਗਾ।ਆਗੂਆਂ ਨੇ ਦੱਸਿਆ ਕਿ ਪਾਵਰਕਾਮ ਦੀ ਮੈਨੇਜਮੈਂਟ ਨੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਸਰਕਾਰ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰਦਿਆਂ 6ਵੇਂ ਤਨਖਾਹ ਕਮਿਸ਼ਨ ਅਨੁਸਾਰ 01-01-2016 ਤੋਂ 30-06-2021 ਤੱਕ ਦੇ ਪੈਨਸ਼ਨਰਾਂ ਦਾ ਏਰੀਅਰ, ਜਿਸ ਦੀ ਪਹਿਲੀ ਕਿਸ਼ਤ ਅਪ੍ਰੈਲ ਮਹੀਨੇ ਦੀ ਪੈਨਸ਼ਨ ਨਾਲ ਜਾਰੀ ਕਰਨੀ ਸੀ, ਜੋਂਕਿ ਨਹੀਂ ਕੀਤੀ ਗਈ, ਜਦੋਂ ਕਿ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਨੂੰ ਅਪ੍ਰੈਲ ਮਹੀਨੇ ਦੀ ਪੈਨਸ਼ਨ ਨਾਲ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਗਈ ਹੈ।ਉਕਤ ਆਗੂਆਂ ਨੇ ਮੈਨੇਜਮੈਂਟ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਸੋਧੀ ਹੋਈ ਪੈਨਸ਼ਨ ਦਾ ਬਕਾਇਆ, ਲੀਵ ਇਨਕੈਸ਼ਮੈਂਟ ਦਾ ਏਰੀਅਰ ਤੁਰੰਤ ਦੇਣ ਤੇ 200 ਰੁਪਏ ਪ੍ਰਤੀ ਮਹੀਨਾ ਪੰਜਾਬ ਵਿਕਾਸ ਟੈਕਸ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਗਈ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੂਬਾ ਕਮੇਟੀ ਵੱਲੋਂ ਜੋ ਸੰਘਰਸ਼ ਦਾ ਪ੍ਰੋਗਰਾਮ ਜਾਰੀ ਕੀਤਾ ਜਾਵੇਗਾ, ਖੰਨਾ ਸਰਕਲ ਦੇ ਸਮੂਹ ਪੈਨਸ਼ਨਰਜ਼ ਉਸ ਵਿੱਚ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ, ਜਿਸ ਦੀ ਜ਼ਿੰਮੇਵਾਰੀ ਪਾਵਰਕਾਮ ਮੈਨੇਜਮੈਂਟ ਦੀ ਹੋਵੇਗੀ।

## ਬਾਬਾ ਫ਼ਰੀਦ ਸਕੂਲ ਛੱਤੇਆਣਾ ਦਾ ਨਤੀਜਾ ਰਿਹਾ ਸ਼ਾਨਦਾਰ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਛੱਤੇਆਣਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਸਕੂਲ ਦੀਆਂ ਦੋ ਵਿਦਿਅਰਥਣਾਂ ਨੇ ਮੈਰਿਟ ਸੂਚੀ ਵਿੱਚ ਜਗ੍ਹਾ ਬਣਾ ਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਨੇ ਦੱਸਿਆ ਕਿ ਸਕੂਲ ਵਿਦਿਆਰਥਣ ਨਵਰੀਤ ਕੌਰ ਨੇ 492/500 ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ ਅੱਠਵਾਂ ਤੇ ਜ਼ਿਲ੍ਹੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ, ਜਦਕਿ ਖੁਸ਼ਪ੍ਰੀਤ ਕੌਰ ਨੇ 486/500 ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 14ਵਾਂ ਸਥਾਨ ਪ੍ਰਾਪਤ ਕੀਤਾ ਹੈ।ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਨੇ ਦੱਸਿਆ ਕਿ ਸਕੂਲ ਦੇ ਕੁੱਲ 160 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ ਸੀ, ਜਿਸ ਵਿੱਚੋਂ 50 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਤੇ 50 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।ਉਨ੍ਹਾਂ ਦੱਸਿਆ ਕਿ ਸਾਇੰਸ ਗਰੁੱਪ ਵਿੱਚ ਨਵਰੀਤ ਕੌਰ ਨੇ ਪਹਿਲਾ, ਖੁਸ਼ਪ੍ਰੀਤ ਕੌਰ ਨੇ ਦੂਜਾ ਤੇ ਨੂਰਦੀਪ ਕੌਰ ਨੇ ਤੀਜਾ ਸਥਾਨ ਅਤੇ ਕਮਰਸ ਗਰੁੱਪ ਵਿੱਚ ਮਨਵੀਰ ਕੌਰ ਨੇ ਪਹਿਲਾ, ਹਰਦੀਪ ਸਿੰਘ ਨੇ ਦੂਜਾ ਤੇ ਨਵਪ੍ਰੀਤ ਕੌਰ ਨੇ ਤੀਜਾ ਸਥਾਨ, ਜਦਕਿ ਆਰਟਸ ਗਰੁੱਪ ਵਿੱਚ ਰਮਨਜੋਤ ਕੌਰ ਨੇ ਪਹਿਲਾ, ਗੁਰਜਿੰਦਰ ਕੌਰ ਨੇ ਦੂਜਾ ਤੇ ਗਗਨਦੀਪ ਨੇ ਤੀਜੇ ਸਥਾਨ 'ਤੇ ਕਬਜ਼ਾ ਕੀਤਾ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ, ਪ੍ਰਿੰਸੀਪਲ ਪਰਮਜੀਤ ਕੌਰ ਤੇ ਸਟਾਫ਼ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ ਹੈ।

## ਅਕਾਲ ਅਕੈਡਮੀ ਚੀਮਾ ਸਾਹਿਬ ਦਾ ਬਾਰ੍ਹਵੀਂ ਤੇ ਦਸਵੀਂ ਦਾ ਨਤੀਜਾ ਸੌ ਫੀਸਦੀ ਰਿਹਾ



ਚੀਮਾ ਮੰਡੀ (ਰਵਿੰਦਰ ਚੀਮਾ)-ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸੰਚਾਲਿਤ ਅਕੈਡਮੀਆਂ ਵਿੱਚੋਂ ਅਕਾਲ ਅਕੈਡਮੀ ਚੀਮਾ ਸਾਹਿਬ (ਸੀ.ਬੀ.ਐੱਸ.ਈ.) ਦਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਰਵੀਂ ਤੇ ਦਸਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ, ਜਿਸ ਨਾਲ ਵਿਦਿਆਰਥੀਆਂ ਨੇ ਆਪਣੇ ਮਾਤਾ-ਪਿਤਾ ਤੇ ਅਕਾਲ ਅਕੈਡਮੀ ਦਾ ਮਾਣ ਵਧਾਇਆ ਹੈ।ਬਾਰਵੀਂ ਜਮਾਤ ਦੇ ਕਾਮਰਸ ਗਰੁੱਪ ਵਿੱਚੋਂ ਸੁਮਨਦੀਪ ਕੌਰ, ਕਰਨਵੀਰ ਸਿੰਘ ਤੇ ਪ੍ਰਦੀਪ ਸਿੰਘ ਨੇ ਸਾਂਝੇ ਤੌਰ 'ਤੇ 91% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਜਸ਼ਨਦੀਪ ਸਿੰਘ 90% ਅੰਕਾਂ ਨਾਲ ਦੂਸਰਾ, ਐਸ਼ਪ੍ਰੀਤ ਕੌਰ ਸੰਧੂ ਨੇ 89% ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਾਇੰਸ ਗਰੁੱਪ ਵਿੱਚੋਂ ਪ੍ਰਭਜੋਤ ਸਿੰਘ 88% ਅੰਕਾਂ ਨਾਲ ਪਹਿਲੇ, ਹਰਸੀਰਤ ਕੌਰ 84% ਅੰਕਾਂ ਨਾਲ ਦੂਸਰੇ ਅਤੇ ਅਮਰਿੰਦਰ ਸਿੰਘ ਤੇ ਪ੍ਰਨੀਤ ਕੌਰ ਨੇ 79% ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ।ਆਰਟਸ ਗਰੁੱਪ ਵਿੱਚੋਂ ਵਤਨਪ੍ਰੀਤ ਸਿੰਘ ਨੇ 80% ਅੰਕ ਲੈ ਕੇ ਪਹਿਲਾ, ਸਿਮਰਨਦੀਪ ਸਿੰਘ ਤੇ ਨੂਰਦੀਪ 73% ਅੰਕਾਂ ਨਾਲ ਦੂਸਰਾ ਤੇ ਜਸ਼ਨਪ੍ਰੀਤ ਕੌਰ ਨੇ 72% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਦਸਵੀਂ ਜਮਾਤ ਵਿੱਚੋਂ ਇਸ਼ਮੀਤ ਸਿੰਘ ਨੇ 97% ਅੰਕ ਪ੍ਰਾਪਤ ਕੀਤੇ, ਜਦਕਿ ਏਕਮਜੋਤ ਕੌਰ ਨੇ 96% ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਸ਼ਾਮ ਕੌਰ, ਸਿਮਰਨ ਕੌਰ, ਹਰਸਿਮਰਨਜੋਤ ਸਿੰਘ, ਪ੍ਰਦੀਪ ਕੌਰ, ਜੈਸਮੀਨ ਕੌਰ, ਮੁਸਕਾਨ, ਸਨਵੀਰ ਕੌਰ, ਹਰਨੂਰ ਕੌਰ ਤੇ ਜੈਸਮੀਨ ਕੌਰ ਨੇ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਮੌਕੇ ਪ੍ਰਿੰਸੀਪਲ ਮੈਡਮ ਤੇ ਸਟਾਫ ਮੈਂਬਰਾਂ ਨੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਨ੍ਹਾਂ ਦੀਆਂ ਸਫਲਤਾਵਾਂ ਨੂੰ ਹੋਰ ਉੱਚਾਈਆਂ ਤੱਕ ਲੈ ਜਾਣ ਦੀ ਕਾਮਨਾ ਕੀਤੀ।ਇਸ ਮੌਕੇ ਅਕਾਲ ਅਕੈਡਮੀ ਚੀਮਾ ਸਾਹਿਬ (ਸੀ.ਬੀ.ਐਸ.ਈ.) ਦੇ ਪ੍ਰਿੰਸੀਪਲ ਮੈਡਮ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

# ਵੱਖ-ਵੱਖ ਸਮਾਜ ਸੇਵੀ ਤੇ ਖ਼ੂਨਦਾਨੀ ਸੰਸਥਾਵਾਂ ਦਾ ਸਨਮਾਨ



ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਖ਼ੂਨਦਾਨ ਖੇਤਰ ਦੇ ਵਿੱਚ ਮੋਹਰੀ ਸਥਾਨ ਰੱਖਣ ਵਾਲੀ ਬਾਬਾ ਫਰੀਦ ਬਲੱਡ ਸੇਵਾ ਸੋਸਾਇਟੀ ਰਜਿ ਫਰੀਦਕੋਟ ਵਲੋਂ ਟਿੱਲਾ ਬਾਬਾ ਫ਼ਰੀਦ ਜੀ ਦੇ ਨਜ਼ਦੀਕ ਇਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਕੈਂਪ ਵਿੱਚ ਇਕ ਸੌ ਦੇ ਕਰੀਬ ਸਵੈ ਇੱਛੁਕ ਤੌਰ 'ਤੇ ਦਾਨੀ ਸੱਜਣਾਂ ਨੇ ਆਪਣਾ ਖ਼ੂਨ ਦਾਨ ਕੀਤਾ ਅਤੇ ਇਸ ਮੌਕੇ ਸੁਸਾਇਟੀ ਮੈਂਬਰ ਅਤੇ ਮਹਾਂ ਕਾਲ ਸਵਰਗ ਧਾਮ ਸੇਵਾ ਸੋਸਾਇਟੀ ਰਜਿ ਫਰੀਦਕੋਟ ਦੇ ਪ੍ਰਧਾਨ ਡਾ. ਬਲਜੀਤ ਸ਼ਰਮਾ ਗੋਲੇਵਾਲਾ, ਚੇਅਰਮੈਨ ਅਸ਼ੋਕ ਭਟਨਾਗਰ, ਇੰਦਰਜੀਤ ਸਿੰਘ ਬਰਾੜ ਹੋਰਾਂ ਮਹਾਂ ਕਾਲ ਸਵਰਗ ਧਾਮ ਸੇਵਾ ਸੋਸਾਇਟੀ ਵੱਲੋਂ ਫਰੀਦਕੋਟ ਇਲਾਕੇ ਦੀਆਂ ਵੱਖ ਵੱਖ ਸਮਾਜ ਸੇਵੀ ਅਤੇ ਖ਼ੂਨਦਾਨੀ ਸੰਸਥਾਵਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿੱਚ ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਜਨਰਲ ਸਕੱਤਰ ਸੁਖਬੀਰ ਸਿੰਘ ਰੱਤੀ ਰੋੜੀ, ਲੰਗਰ ਮਾਤਾ ਖੀਵੀ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੈਪਟਨ ਧਰਮ ਸਿੰਘ ਗਿੱਲ, ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫੇਅਰ ਸੋਸਾਇਟੀ ਦੇ ਮੈਨੇਜਿੰਗ ਡਾਇਰੈਕਟਰ ਗੁਰਜੀਤ ਸਿੰਘ ਢਿੱਲੋਂ, ਸਾਂਝ ਬਲੱਡ ਵੈਲਫੇਅਰ ਕਲੱਬ ਦੇ ਪ੍ਰਧਾਨ ਰਮਨ ਦੂਆ, ਮੁਸਲਿਮ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਦਿਲਾਵਰ ਹੁਸੈਨ, ਬਾਬਾ ਸ੍ਰੀ ਚੰਦ ਸੇਵਾ ਸੋਸਾਇਟੀ ਦੇ ਪ੍ਰਧਾਨ ਰਜਿੰਦਰ ਦਾਸ ਰਿੰਕੂ, ਕਰ ਭਲਾ ਕਲੱਬ ਦੇ ਪ੍ਰਧਾਨ ਜਗਮੀਤ ਸਿੰਘ ਸੰਧੂ, ਭਾਈ ਘਨੱਈਆ ਯੂਥ ਕਲੱਬ ਫਰੀਦਕੋਟ ਦੇ ਪ੍ਰਧਾਨ ਸੁਖਵਿੰਦਰ ਸਿੰਘ ਰਿੰਕੂ, ਸਹਾਰਾ ਸੇਵਾ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਭਟਨਾਗਰ ਅਤੇ ਚੇਅਰਮੈਨ ਪ੍ਰਵੀਨ ਕਾਲਾ, ਮਹਾਂ ਕਾਲ ਸਵਰਗ ਧਾਮ ਸੇਵਾ ਸੋਸਾਇਟੀ ਦੇ ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਅਤੇ ਇੰਦਰਜੀਤ ਸਿੰਘ ਬਰਾੜ, ਉੱਘੇ ਸਮਾਜ ਸੇਵੀ ਰਿਟਾਇਰਡ ਰਿਸਪੈਕਟਰ ਹਰੀਸ਼ ਵਰਮਾ, ਕਰਨ ਵਿਜੇ ਸਿੰਘ ਅਤੇ ਸਮੂਹ ਖ਼ੂਨਦਾਨੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਬੋਲਦਿਆਂ ਕੈਪਟਨ ਧਰਮ ਸਿੰਘ ਨੇ ਕਿਹਾ ਕਿ ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਵੱਲੋਂ ਜੋ ਲਗਾਤਾਰ ਖ਼ੂਨਦਾਨ ਕੈਂਪ ਲਗਾ ਕੇ ਲੋੜਵੰਦ ਲੋਕਾਂ ਦੀ ਕੀਤੀ ਜਾ ਰਹੀ ਮਦਦ ਬਹੁਤ ਹੀ ਸ਼ਲਾਘਾਯੋਗ ਕਦਮ ਤੇ ਉੱਤਮ ਸੇਵਾ ਹੈ। ਉਹਨਾਂ ਇੱਥੇ ਇਹ ਵੀ ਦੱਸਿਆ ਕਿ ਇਸ ਸੋਸਾਇਟੀ ਵੱਲੋਂ ਆਯੋਜਿਤ ਕੀਤੇ ਜਾਂਦੇ ਖ਼ੂਨਦਾਨ ਕੈਂਪਾਂ ਵਿੱਚ ਪੂਰੇ ਪੰਜਾਬ ਵਿਚ ਸਿਰਫ ਸਰਕਾਰੀ ਬਲੱਡ ਬੈਂਕਾਂ ਨੂੰ ਹੀ ਖ਼ੂਨ ਦਿੱਤਾ ਜਾਂਦਾ ਹੈ। ਇਸ ਮੌਕੇ ਤੇ ਸਿਵਲ ਹਸਪਤਾਲ ਕੋਟਕਪੂਰਾ ਦੇ ਬਲੱਡ ਬੈਂਕ ਦੀ ਟੀਮ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਬਲੱਡ ਬੈਂਕ ਦੀ ਟੀਮ ਡਾ. ਰਿਚਾ, ਡਾ. ਰਜਤ, ਕੌਂਸਲਰ ਵਿਜੇਤਾ ਰਾਣੀ, ਐਲ ਟੀ ਵਿਜੇ ਕੁਮਾਰ ਅਤੇ ਭੁਪਿੰਦਰ ਸਿੰਘ, ਨਰਸਿੰਗ ਅਫਸਰ ਤਲਵੰਤ ਸਿੰਘ ਅਤੇ ਹਰਵਿੰਦਰ ਸਿੰਘ, ਪ੍ਰਤਾਪ ਸਿੰਘ ਅਤੇ ਹੈਲਪਰ ਮਨਪ੍ਰੀਤ ਸਿੰਘ ਨੇ ਆਪਣੀ ਟੀਮ ਨਾਲ ਖ਼ੂਨ ਇਕੱਤਰ ਕਰਨ ਵਿੱਚ ਸ਼ਾਨਦਾਰ ਸੇਵਾਵਾਂ ਦਿੱਤੀਆਂ।ਇਸ ਕੈਂਪ ਦੀ ਸਫਲਤਾ 'ਚ ਅਲੈਗਜ਼ੈਂਡਰ ਡਿਸੂਜਾ, ਅਮਨਦੀਪ ਸਿੰਘ ਭੁੱਚੋ, ਡਾ. ਦਲਜੀਤ ਸਿੰਘ, ਗੁਰਨੂਰ ਸਿੰਘ, ਸਵਰਾਜ ਸਿੰਘ, ਕਾਕਾ ਖਾਰਾ, ਗੁਰਦੇਵ ਸਿੰਘ ਗੋਲੇਵਾਲਾ, ਸਤਨਾਮ ਸਿੰਘ ਕੋਟ ਕਪੂਰਾ, ਸੁਖਬੀਰ ਸਿੰਘ ਫਿਰੋਜਪੁਰ, ਓਮਕਾਰ ਸਿੰਘ, ਅਰਸ਼ ਕੋਠੇ ਧਾਲੀਵਾਲ, ਕਾਲਾ ਡੋਡ, ਮਾਸਟਰ ਹਰਜੀਤ ਸਿੰਘ ਢੀਮਾਂ ਵਾਲੀ, ਸਾਗਰ, ਬਿੱਲਾ, ਪਾਲਾ ਰੋਮਾਣਾ ਗੁਰਪਾਲ ਸਿੰਘ ਭੰਡਾਰੀ, ਮਨਜੀਤ ਸਿੰਘ ਕਾਹਨ ਸਿੰਘ ਵਾਲਾ, ਗੁਰਪ੍ਰੀਤ ਸਿੰਘ, ਡਾ ਭਲਿੰਦਰ ਸਿੰਘ, ਸਵਰਾਜ ਸਿੰਘ, ਕਾਲਾ ਡੋਡ, ਹਰਪ੍ਰੀਤ ਢਿੱਲਵਾਂ, ਸਤਨਾਮ ,ਜੈਦੀਪ ਨਵਾਂ ਕਿਲਾ, ਬੇਅੰਤ ਰੱਤੀ ਰੋੜੀ, ਅਮਨ ਨਵਾਂ ਕਿਲਾ, ਮੋਗਾ, ਫਰੀਦਕੋਟ, ਸ਼ਰਮਾ ਫਰੀਦਕੋਟ, ਗੁਰਸੇਵਕ ਸਿੰਘ ਥਾੜਾ, ਸਤਨਾਮ ਸਿੰਘ, ਸ਼ਿਵਨਾਥ ਦਰਦੀ, ਔਲਖ ਮੁਦਕੀ, ਵਿਸ਼ਾਲ ਆਦਿ ਮੈਂਬਰਾਂ ਨੇ ਅਹਿਮ ਯੋਗਦਾਨ ਪਾਇਆ।

# ਡਰੋਨ ਰਾਹੀਂ ਮੁਰੱਬੇਬੰਦੀ ਕਰਨ ਗਿਆ ਪ੍ਰਸ਼ਾਸਨ ਕਿਸਾਨਾਂ ਦੇ ਵਿਰੋਧ ਕਾਰਨ ਵਾਪਸ ਪਰਤਿਆ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪਿੰਡ ਜਿਉਂਦ ਵਿਖੇ ਸ਼ਨੀਵਾਰ ਦੂਜੇ ਦਿਨ ਵੀ ਮੁਰੱਬੇਬੰਦੀ ਕਰਨ ਗਏ ਅਧਿਕਾਰੀਆਂ ਤੇ ਪੁਲਸ ਪ੍ਰਸ਼ਾਸਨ ਨੂੰ ਕਿਸਾਨਾਂ ਦੇ ਵਿਰੋਧ ਸਦਕਾ ਵਾਪਸ ਮੁੜਨਾ ਪਿਆ, ਪਰ ਪਿੰਡ ਦੇ ਜ਼ਿਮੀਂਦਾਰਾਂ ਤੇ ਕਾਸ਼ਤਕਾਰ ਕਿਸਾਨਾਂ ਦਰਮਿਆਨ ਮੁਰੱਬੇਬੰਦੀ ਕਰਨ ਨੂੰ ਲੈ ਕੇ ਪਿਆ ਰੇੜਕਾ ਅਜੇ ਵੀ ਜਿਉਂ ਦਾ ਤਿਉਂ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਿੰਡ ਜਿਉਂਦ ਵਿਖੇ ਮੋਰਚਾ ਸ਼ੁਰੂ ਕਰ ਦਿੱਤਾ ਹੈ।ਮੋਰਚੇ ਨੂੰ ਸੰਬੋਧਨ ਕਰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਨੇ ਕਨੂੰਨੀ ਪੱਖ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 24 ਅਗਸਤ 1972 ਨੂੰ ਹਾਈ ਕੋਰਟ ਵੱਲੋਂ ਮਾਲੀਏ ਬਾਬਤ ਮੁਜ਼ਾਰੇ ਕਿਸਾਨਾਂ ਨੂੰ ਮਾਲਕੀ ਹੱਕ ਦਿੱਤਾ।ਜ਼ਿਲ੍ਹੇ ਦੀਆਂ ਦੀਵਾਨੀ ਅਦਾਲਤਾਂ ਵੱਲੋਂ ਅਜਿਹਾ 12 ਸਤੰਬਰ 1948 ਦੇ ਹੁਕਮਾਂ ਨੰਬਰ 33, ਪੈਪਸੂ ਕਾਨੂੰਨ ਦੀ ਧਾਰਾ 9 'ਚ ਕੀਤੀਆਂ ਸੋਧਾਂ ਨੂੰ ਪੰਜਾਬ ਸਰਕਾਰ ਦੇ ਮਾਲ ਮਹਿਕਮੇ ਤੱਕ ਪੂਰੇ ਮਾਲਕੀ ਹੱਕ ਲੈਣ ਲਈ ਪਹੁੰਚ ਕੀਤੀ ਤਾਂ ਮਾਲ ਵਿਭਾਗ ਪੰਜਾਬ ਸਰਕਾਰ ਨੇ ਆਪਣੇ ਪੱਤਰ 4 ਜੁਲਾਈ 1988 ਨੂੰ ਡੀ ਸੀ ਬਠਿੰਡਾ ਤੇ ਐੱਸ ਡੀ ਐੱਮ ਨੇ 20 ਦਸੰਬਰ 1988 ਨੂੰ ਤਹਿਸੀਲਦਾਰ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਮੁਜ਼ਾਰੇ ਕਿਸਾਨਾਂ ਨੂੰ ਸਾਰੀ ਜ਼ਮੀਨ ਦੇ ਮਾਲਕ ਨਾਮਜ਼ਦ ਕੀਤਾ ਜਾਵੇ, ਪਰ ਜਗੀਰਦਾਰਾਂ ਦੀ ਚੌਧਰ ਦੇ ਜ਼ੋਰ ਤਹਿਸੀਲਦਾਰ ਵੱਲੋਂ ਇਹ ਹੁਕਮ ਲਾਗੂ ਨਹੀਂ ਕੀਤੇ ਗਏ ਤੇ ਮੁਜ਼ਾਰੇ ਕਿਸਾਨਾਂ ਦਾ ਕਨੂੰਨੀ ਪੱਖ ਨੂੰ ਅਣਗੌਲਿਆ ਕੀਤਾ ਗਿਆ ਹੈ ਤੇ ਹੁਣ ਮੌਜੂਦਾ ਹਾਲਤ ਦੌਰਾਨ ਹਾਈ ਕੋਰਟ 'ਚੋਂ ਇੱਕ ਪਾਸੜ ਫੈਸਲਾ ਕਰਵਾ ਕੇ ਉਹ ਆਪਣੀ ਹੱਕ ਜਤਲਾਈ ਕਰਦੇ ਹਨ, ਜਦੋਂਕਿ ਸਰਾਸਰ ਮੁਜ਼ਾਰੇ ਕਿਸਾਨਾਂ ਨਾਲ ਨੰਗੀ ਚਿੱਟੀ ਬੇਇਨਸਾਫੀ ਹੈ। ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਤੇ ਔਰਤ ਜਥੇਬੰਦੀ ਦੇ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਹਰਿੰਦਰ ਬਿੰਦੂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਰੋਨ ਜਾਂ ਕਿਸੇ ਹੋਰ ਢੰਗ ਨਾਲ ਪਿੰਡ ਦੀ ਮੁਰੱਬੇਬੰਦੀ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡ ਦੀ 7 ਸੌ ਏਕੜ ਤੋਂ ਵੱਧ ਜ਼ਮੀਨ ਦੀ ਕਈ ਦਹਾਕਿਆਂ ਤੋਂ ਕਾਸ਼ਤ ਕਰਦੇ ਆ ਰਹੇ ਕਾਸ਼ਤਕਾਰ ਅਜੇ ਵੀ ਆਪਣੇ ਹੱਕ ਲਈ ਡਟੇ ਹੋਏ ਹਨ, ਜਦਕਿ ਪੁਲਸ ਪ੍ਰਸ਼ਾਸਨ ਅਦਾਲਤੀ ਹੁਕਮਾਂ ਦੀ ਪੂਰਤੀ ਲਈ ਮੁਰੱਬੇਬੰਦੀ ਕਰਨ ਹਿਤ ਅੱਜ ਛੇਵੀਂ ਵਾਰ ਪਿੰਡ ਜਿਉਂਦ ਪਹੁੰਚਿਆ।ਅੱਜ ਦਿਨ ਚੜ੍ਹਦਿਆਂ ਹੀ 6 ਵਜੇ ਜਿਉਂ ਹੀ ਡਰੋਨ ਰਾਹੀਂ ਮੁਰੱਬੇਬੰਦੀ ਕਰਨ ਲਈ ਪ੍ਰਸ਼ਾਸਨ ਪਿੰਡ ਪਹੁੰਚਿਆ ਤਾਂ ਜਿਸ ਦੀ ਭਿਣਕ ਪਿੰਡ ਦੇ ਕਿਸਾਨਾਂ ਨੂੰ ਯੂਨੀਅਨ ਵਰਕਰਾਂ/ਆਗੂਆਂ ਪਹਿਲਾਂ ਤੋਂ ਹੀ ਸੀ, ਜਿਸ ਕਰਕੇ ਸ਼ਿੰਗਾਰਾ ਸਿੰਘ ਮਾਨ ਦੀ ਅਗਵਾਈ ਵਿੱਚ ਜ਼ਿਲ੍ਹਾ ਬਠਿੰਡੇ ਤੇ ਆਸ-ਪਾਸ ਦੇ ਜ਼ਿਲ੍ਹਿਆਂ ਤੋਂ ਪਹਿਲਾਂ ਹੀ ਪਹੁੰਚੇ ਹੋਏ ਕਿਸਾਨਾਂ ਨੇ ਖੇਤਾਂ 'ਚ ਜਾ ਕੇ ਡਰੋਨ ਬੰਦ ਕਰਾਉਣ ਲਈ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਸਿਵਲ ਤੇ ਪੁਲਸ ਪ੍ਰਸ਼ਾਸਨ ਡਰੋਨ ਬੰਦ ਕਰਕੇ ਵਾਪਸ ਚਲੇ ਗਏ।ਕਿਸਾਨ ਆਗੂਆਂ ਨੇ ਕਿਹਾ ਕਿ ਇੱਕ ਪਾਸੇ ਤਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨਾਲ ਗੱਲਬਾਤ ਚੱਲ ਰਹੀ ਹੈ ਤੇ ਸੋਮਵਾਰ ਤੱਕ ਦੁਬਾਰਾ ਗੱਲਬਾਤ 'ਚ ਬੈਠਣ ਦਾ ਸੱਦਾ ਦਿੱਤਾ ਹੋਇਆ ਹੈ, ਪਰ ਪ੍ਰਸ਼ਾਸਨ ਵੱਲੋਂ ਵਾਅਦਾ ਖ਼ਿਲਾਫ਼ੀ ਕਰਕੇ ਚੋਰੀਓਂ ਡਰੋਨ ਰਾਹੀਂ ਮੁਰੱਬੇਬੰਦੀ ਕਰਨ ਦੀ ਕੋਸ਼ਿਸ਼ ਕਰਕੇ ਜਗੀਰਦਾਰਾਂ ਦਾ ਪੱਖ ਪੂਰਿਆ ਜਾ ਰਿਹਾ ਹੈ।ਮੋਰਚੇ ਨੂੰ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ, ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਗੁਰਭੇਜ ਸਿੰਘ ਰੋਹੀ ਵਾਲਾ, ਜ਼ਿਲ੍ਹਾ ਮੋਗਾ ਦੇ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ, ਜ਼ਿਲ੍ਹਾ ਲੁਧਿਆਣਾ ਦੇ ਜਨਰਲ ਸਕੱਤਰ ਸਦਾਗਰ ਸਿੰਘ ਘੁਢਾਣੀ, ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪ੍ਰਧਾਨ ਹਰਬੰਸ ਸਿੰਘ ਕੋਟਲੀ ਤੇ ਜ਼ਿਲ੍ਹਾ ਬਠਿੰਡੇ ਤੋਂ ਜਗਦੇਵ ਸਿੰਘ ਜੋਗੇਵਾਲਾ ਅਤੇ ਗੁਲਾਬ ਸਿੰਘ ਜਿਉਂਦ ਨੇ ਵੀ ਸੰਬੋਧਨ ਕੀਤਾ।

# ਨਕਲੀ ਤੇਲ ਨਾਲ ਭਰੀ ਗੱਡੀ ਸਮੇਤ 2 ਵਿਅਕਤੀ ਗ੍ਰਿਫਤਾਰ, ਮਾਮਲਾ ਦਰਜ



**ਨਾਭਾ (ਵਰਿੰਦਰ ਵਰਮਾ)**-ਸਥਾਨਕ ਸਦਰ ਪੁਲਸ ਵੱਲੋਂ ਇੱਕ ਅਜਿਹੇ ਤੇਲ ਚੋਰ ਗਰੋਹ ਨੂੰ ਕਾਬੂ ਕੀਤਾ ਹੈ, ਜਿਨ੍ਹਾਂ 'ਤੇ ਨਕਲੀ ਡੀਜ਼ਲ ਦੇ ਨਾਮ 'ਤੇ ਲੋਕਾਂ ਨੂੰ ਸਸਤੇ ਰੇਟ 'ਤੇ ਵੇਚਣ ਦੇ ਦੋਸ਼ ਲੱਗੇ ਹਨ।ਥਾਣਾ ਸਦਰ ਪੁਲਸ ਵੱਲੋਂ ਪੈਟਰੋਲੀਅਮ ਐਸੋਸੀਏਸ਼ਨ ਨਾਭਾ ਦੀ ਸ਼ਿਕਾਇਤ ਦੇ ਅਧਾਰ 'ਤੇ 2 ਵਿਅਕਤੀਆਂ ਨੂੰ ਤੇਲ ਨਾਲ ਭਰੀ ਗੱਡੀ ਸਮੇਤ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵੱਲੋਂ ਇਸ ਤੇਲ ਸਬੰਧੀ ਕੋਈ ਵੀ ਬਿੱਲ ਜਾਂ ਕਾਗਜ਼ਾਤ ਨਹੀਂ ਵਿਖਾਏ ਗਏ।ਇਸ ਮਾਮਲੇ ਵਿੱਚ ਪੁਲਸ ਐਕਸ਼ਨ ਲੈਂਦੇ ਹੋਏ ਗ੍ਰਿਫਤਾਰ ਕੀਤੇ 2 ਵਿਅਕਤੀਆਂ ਸਮੇਤ ਚਾਰ ਵਿਅਕਤੀਆਂ ਖ਼ਿਲਾਫ 7 ਈ ਸੀ ਧਾਰਾ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।ਥਾਣਾ ਸਦਰ ਪੁਲਸ ਵੱਲੋਂ ਹੁਣ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਨਕਲੀ ਡੀਜ਼ਲ ਦਾ ਗੋਰਖ ਧੰਦਾ ਕਿਸ ਤਰ੍ਹਾਂ ਚੱਲ ਰਿਹਾ ਹੈ।ਇਹ ਵੱਡੀ ਮਾਤਰਾ ਵਿੱਚ ਡੀਜ਼ਲ ਬਿਨਾਂ ਕੋਈ ਕਾਗਜ਼ਾਤ ਕਿਸ ਤਰ੍ਹਾਂ ਨਾਭਾ ਪਹੁੰਚਿਆ ਤੇ ਕਿੱਥੋਂ ਲੈ ਕੇ ਆਏ ਹਨ।

ਪੈਟਰੋਲੀਅਮ ਐਸੋਸੀਏਸ਼ਨ ਨਾਭਾ ਦਾ ਕਹਿਣਾ ਹੈ ਕਿ ਨਕਲੀ ਡੀਜ਼ਲ ਨਾਲ ਮਾਰਕੀਟ ਵਿੱਚ ਸਸਤੇ ਰੇਟ 'ਤੇ ਵੇਚਿਆ ਜਾ ਰਿਹਾ ਹੈ, ਇਸ ਨਾਲ ਪੈਟਰੋਲ ਪੰਪਾਂ ਦਾ ਨੁਕਸਾਨ ਹੋ ਰਿਹਾ ਤੇ ਹੁਣ ਉਹ ਪੰਜਾਬ ਸਰਕਾਰ ਤੋਂ ਇਸ ਪੂਰੇ ਗੋਰਖ ਧੰਦੇ ਦਾ ਪਰਦਾਫਾਸ਼ ਕਰਨ ਦੀ ਮੰਗ ਕਰ ਰਹੇ ਹਨ। ਇਸ ਸਾਰੇ ਮਾਮਲੇ ਦੀ ਤਫਤੀਸ਼ ਕਰ ਰਹੇ ਥਾਣਾ ਚੌਕੀ ਰੋਹਟੀ ਪੁਲ ਇੰਚਾਰਜ ਪਵਿੱਤਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਪੈਟਰੋਲੀਅਮ ਐਸੋਸੀਏਸ਼ਨ ਨਾਭਾ ਵੱਲੋਂ ਇੱਕ ਲਿਖਤੀ ਸ਼ਿਕਾਇਤ ਆਈ ਸੀ ਕਿ ਕੁਝ ਲੋਕ ਇੱਕ ਭਰੇ ਹੋਏ ਟਰੱਕ ਸਮੇਤ ਨਾਭਾ ਵਿਖੇ ਨਕਲੀ ਤੇ ਘਟੀਆ ਕੁਆਲਿਟੀ ਦਾ ਡੀਜ਼ਲ ਵੇਚਣ ਦੀ ਫਿਰਾਕ ਵਿੱਚ ਹਨ, ਜਿਨ੍ਹਾਂ ਉੱਪਰ ਨਾਭਾ ਚੰਡੀਗੀ ਮਾਜਰਾ ਰੋਡ 'ਤੇ ਰੇਡ ਕਰਕੇ ਮੌਕੇ ਤੋਂ 2 ਵਿਅਕਤੀਆਂ ਸਮੇਤ ਟਰੱਕ ਬਰਾਮਦ ਕੀਤਾ ਗਿਆ ਹੈ।ਇਸ ਮਾਮਲੇ ਵਿੱਚ ਪੁਲਸ ਵੱਲੋਂ ਖਿਲਾਫ ਚਾਰ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

# ਪੀ ਜੀ ਆਈ ਚੰਡੀਗੜ੍ਹ ਵੱਲੋਂ ਸੀਲਿਏਕ ਰੋਗ ਦਿਵਸ ਮਨਾਇਆ

- ਸੀਲਿਏਕ ਰੋਗ ਕੋਈ ਬੀਮਾਰੀ ਨਹੀਂ, ਸਗੋਂ ਜੀਵਨਸ਼ੈਲੀ 'ਚ ਤਬਦੀਲੀ ਹੈ : ਪ੍ਰੋ. ਸਾਧਨਾ ਲਾਲ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਪੀਡੀਐਟ੍ਰਿਕ ਗੈਸਟਰੋਐਂਟਰੋਲੋਜੀ ਤੇ ਹੈਪਾਟੋਲੋਜੀ ਵਿਭਾਗ ਵੱਲੋਂ ਸੀਲਿਏਕ ਰੋਗ ਦਿਵਸ ਮਨਾਉਂਦੇ ਹੋਏ ਇੱਕ ਜਾਗਰੂਕਤਾ ਤੇ ਸਿੱਖਿਆ ਪ੍ਰੋਗਰਾਮ ਕੀਤਾ ਗਿਆ, ਜਿਸ ਦਾ ਉਦੇਸ਼ ਸੀਲਿਏਕ ਰੋਗ ਨਾਲ ਪ੍ਰਭਾਵਿਤ ਬੱਚਿਆਂ ਲਈ ਜਲਦੀ ਪਛਾਣ ਕਰਕੇ ਉਸ ਦੇ ਆਹਾਰ ਨਿਯੰਤਰਣ ਦੀ ਮਹੱਤਤਾ 'ਤੇ ਜ਼ੋਰ ਦੇਣਾ ਸੀ।ਇਸ ਮੌਕੇ ਪੀਡੀਐਟ੍ਰਿਕ ਗੈਸਟਰੋਐਂਟਰੋਲੋਜੀ ਤੇ ਹੈਪਾਟੋਲੋਜੀ ਵਿਭਾਗ ਦੀ ਮੁਖੀ ਪ੍ਰੋ. ਸਾਧਨਾ ਲਾਲ ਨੇ ਦੱਸਿਆ ਕਿ ਪੀ ਜੀ ਆਈ ਐੱਮ ਈ ਆਰ ਨੇ 1980 ਦੇ ਦਹਾਕੇ ਤੋਂ ਹੀ ਭਾਰਤ ਵਿੱਚ ਸੀਲਿਏਕ ਰੋਗ ਦੀ ਪਛਾਣ ਤੇ ਇਲਾਜ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਦੇ ਸਿੱਟੇ ਵਜੋਂ ਕਰੀਬ 18 ਹਜ਼ਾਰ ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰਾਖੰਡ ਤੇ ਰਾਜਸਥਾਨ ਵਰਗੇ ਉੱਤਰੀ-ਪੱਛਮੀ ਭਾਰਤੀ ਰਾਜਾਂ ਵਿੱਚ ਇਹ ਰੋਗ ਬਹੁਤ ਆਮ ਹੈ।ਪ੍ਰੋ. ਲਾਲ ਨੇ ਕਿਹਾ ਕਿ ਪਹਿਲਾਂ ਇਹ ਰੋਗ ਬੱਚਿਆਂ ਦੇ ਸਰੀਰਕ ਵਿਕਾਸ ਵਿੱਚ ਰੁਕਾਵਟ ਦੇ ਰੂਪ ਵਿੱਚ ਸਾਹਮਣੇ ਆਉਂਦਾ ਸੀ, ਪਰ ਹੁਣ ਲੱਛਣ ਬਦਲ ਰਹੇ ਹਨ।ਉਨ੍ਹਾਂ ਦੱਸਿਆ ਕਿ ਪੀਜੀਆਈ ਦੀ ਖੋਜ ਮੁਤਾਬਕ ਉੱਤਰੀ ਭਾਰਤ ਵਿੱਚ ਹਰ 100 ਬੱਚਿਆਂ ਵਿੱਚੋਂ 1 ਨੂੰ ਸੀਲਿਏਕ ਰੋਗ ਹੋ ਸਕਦਾ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਰੋਗ ਦਾ ਇਲਾਜ ਨਾ ਕੀਤਾ ਜਾਵੇ ਤਾਂ ਗਲੂਟਨ ਦੀ ਲਗਾਤਾਰ ਵਰਤੋਂ ਅੰਦਰੂਨੀ ਅੰਗਾਂ ਨੂੰ ਹੌਲੀ-ਹੌਲੀ ਨੁਕਸਾਨ ਪਹੁੰਚਾਉਂਦੀ ਹੈ।ਉਨ੍ਹਾਂ ਕਿਹਾ ਕਿ ਇਸ ਰੋਗ ਦੀ ਬਚਪਨ ਵਿੱਚ ਪਛਾਣ ਹੋਣੀ ਬਹੁਤ ਲਾਭਕਾਰੀ ਹੁੰਦੀ ਹੈ, ਜਦੋਂਕਿ ਵੱਡੇ ਹੋਣ 'ਤੇ ਪਛਾਣ ਕਰਨਾ ਮੁਸ਼ਕਲ ਹੋ ਜਾਂਦਾ ਹੈ।ਉਨ੍ਹਾਂ ਨੇ ਇਹ ਵੀ ਕਿਹਾ ਕਿ ਪਰਿਵਾਰਕ ਸਹਿਯੋਗ ਬਿਨਾਂ ਇਲਾਜ ਸੰਭਵ ਨਹੀਂ।ਸਖ਼ਤ ਡਾਇਟ ਦੀ ਪਾਲਣਾ ਪੂਰੇ ਪਰਿਵਾਰ ਦੀ ਭਾਗੀਦਾਰੀ ਮੰਗਦੀ ਹੈ।ਸੀਲਿਏਕ ਰੋਗ ਪ੍ਰਬੰਧਨ ਲਈ ਕਾਰਗਰ ਸੁਝਾਅ ਦਿੰਦਿਆਂ ਪ੍ਰੋ. ਲਾਲ ਨੇ ਘਰ-ਅਧਾਰਿਤ ਗਲੂਟਨ-ਮੁਕਤ ਆਹਾਰ, ਨਿਯਮਤ ਖਾਣ-ਪੀਣ ਤੇ ਸਮੇਂ ਸਿਰ ਭੋਜਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਮਾਪਿਆਂ ਨੂੰ ਸਲਾਹ ਦਿੱਤੀ ਕਿ ਆਪਣੇ ਬੱਚਿਆਂ ਨੂੰ ਸਵੇਰੇ ਨਾਸ਼ਤੇ ਤੋਂ ਬਿਨਾਂ ਸਕੂਲ ਨਾ ਭੇਜੋ।ਪੀ ਜੀ ਆਈ ਦੇ ਦੋ ਪੀਐਚ ਆਰਟੀਫੀਸ਼ਲ ਵਿੱਚ ਹੋਏ ਸਮਾਗਮ ਵਿੱਚ ਮਾਪੇ, ਕੇਅਰ ਟੇਕਰ, ਅਧਿਆਪਕ ਤੇ ਹੈਲਥਕੇਅਰ ਪ੍ਰੋਫੈਸ਼ਨਲ ਹਾਜ਼ਰ ਰਹੇ।

# ਲੁਧਿਆਣਾ 'ਚ ਅਰਬਨ ਅਸਟੇਟ ਬਣਾਉਣ ਲਈ ਜ਼ਮੀਨ ਐਕਵਾਇਰ ਕਰਨ ਦਾ ਫ਼ੈਸਲਾ ਤੁਰੰਤ ਰੱਦ ਕੀਤਾ ਜਾਵੇ : ਸੁਖਬੀਰ ਬਾਦਲ

- ਅਕਾਲੀ ਦਲ ਕਿਸਾਨਾਂ ਨਾਲ ਰਲ ਕੇ ਇਸ ਫੈਸਲੇ ਦਾ ਪੁਰਜ਼ੋਰ ਵਿਰੋਧ ਕਰੇਗਾ

**ਲੁਧਿਆਣਾ (ਰੈਕਟਰ ਕਥੂਰੀਆ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਕਿ ਲੁਧਿਆਣਾ ਦੇ 32 ਪਿੰਡਾਂ ਵਿੱਚ ਅਰਬਨ ਅਸਟੇਟ ਡਵੈਲਪ ਕਰਨ ਦੇ ਨਾਂ 'ਤੇ 24311 ਏਕੜ ਜ਼ਮੀਨ ਐਕਵਾਇਰ ਕਰਨ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ।ਉਨ੍ਹਾਂ ਕਿਹਾ ਕਿ ਇਹ ਕਦਮ ਕਿਸਾਨ ਵਿਰੋਧੀ ਹੈ, ਜਿਸ ਦਾ ਇਕਲੌਤਾ ਮਕਸਦ ਆਮ ਆਦਮੀ ਪਾਰਟੀ (ਆਪ) ਦੇ ਖ਼ਜ਼ਾਨੇ ਭਰਨਾ ਹੈ।ਇੱਥੇ ਜਾਰੀ ਕੀਤੇ ਇਕ ਬਿਆਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਆਪ ਸਰਕਾਰ ਨੇ ਅਰਬਨ ਅਸਟੇਟ ਬਣਾਉਣ ਵਾਸਤੇ 24311 ਏਕੜ ਜ਼ਮੀਨ ਐਕਵਾਇਰ ਕਰਨ ਦਾ ਫੈਸਲਾ ਕੀਤਾ ਹੈ, ਜਦੋਂਕਿ ਇਹ ਸਕੀਮ ਪਹਿਲਾਂ ਹੀ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਫੇਲ੍ਹ ਹੋ ਗਈ ਹੈ।ਉਨ੍ਹਾਂ ਕਿਹਾ ਕਿ ਇਹ ਹੋਰ ਵੀ ਨਿੰਦਣਯੋਗ ਗੱਲ ਹੈ ਕਿ ਇਹ ਫੈਸਲਾ ਉਨ੍ਹਾਂ ਕਿਸਾਨਾਂ ਦੀ ਸਹਿਮਤੀ ਤੋਂ ਬਗ਼ੈਰ ਲਿਆ ਗਿਆ ਹੈ, ਜਿਨ੍ਹਾਂ ਦੀ ਜ਼ਮੀਨ ਉਨ੍ਹਾਂ ਤੋਂ ਖੋਹੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹਜ਼ਾਰਾਂ ਕਿਸਾਨ ਬੇਜ਼ਮੀਨੇ ਹੋ ਜਾਣਗੇ ਤੇ ਇਹ ਫੈਸਲਾ ਉਨ੍ਹਾਂ ਦੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰੇਗਾ।ਬਾਦਲ ਨੇ ਕਿਹਾ ਕਿ ਅਕਾਲੀ ਦਲ ਕਦੇ ਵੀ ਇਹ ਅਨਿਆਂ ਨਹੀਂ ਹੋਣ ਦੇਵੇਗਾ।ਉਨ੍ਹਾਂ ਕਿਹਾ ਕਿ ਅਸੀਂ ਪ੍ਰਭਾਵਤ ਕਿਸਾਨਾਂ ਤੇ ਨਾਲੋ ਨਾਲ ਕਿਸਾਨ ਸੰਗਠਨਾਂ ਦੀ ਮਦਦ ਕਰਾਂਗੇ, ਜੋ ਇਸ ਫੈਸਲੇ ਦਾ ਵਿਰੋਧ ਕਰ ਰਹੇ ਹਨ ਅਤੇ ਆਪ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣ ਲਈ ਮਜਬੂਰ ਕੀਤਾ ਜਾਵੇਗਾ।

## ਕਾਤਰਾਂ

### 90 ਨਸ਼ੀਲੀਆਂ ਗੋਲੀਆਂ ਸਣੇ ਇੱਕ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 90 ਨਸ਼ੀਲੀਆਂ ਗੋਲੀਆਂ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ। ਜਾਂਚ ਅਧਿਕਾਰੀ ਕਮ ਐੱਸ.ਆਈ. ਰਵੀਪਾਲ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਥਾਣਾ ਅਮੀਰ ਖਾਸ ਏਰੀਏ ਵਿੱਚ ਗਈ ਤਾਂ ਇਕ ਇਤਲਾਹ 'ਤੇ ਇਕ ਮੋਨਾ ਨੌਜਵਾਨ ਬਲਜਿੰਦਰ ਸਿੰਘ ਉਰਫ ਰਾਜ ਪੁੱਤਰ ਹਰਜਨ ਸਿੰਘ ਵਾਸੀ ਪਿੰਡ ਲੱਖਾ ਸਿੰਘ ਵਾਲਾ ਹਿਠਾੜ (ਫਿਰੋਜ਼ਪੁਰ) ਨੂੰ ਚੈੱਕ ਲਿੰਕ ਰੋਡ ਹਿਸਾਨਾ ਵਾਲਾ ਤੋਂ ਬਸਤੀ ਭੰਡਾਰੀਆਂ ਵਾਲੀ ਦੇ ਕੱਚੇ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 90 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਜਿਸ 'ਤੇ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਕੌਮੀ ਲੋਕ ਅਦਾਲਤ 24 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਨਯੋਗ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ 10 ਮਈ 2025 ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਰਕਾਰ ਹਾਲਾਤਾਂ ਕਾਰਨ ਮੁਲਤਵੀ ਕੀਤੀ ਗਈ ਸੀ, ਜੋ ਹੁਣ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ (ਮੋਹਾਲੀ) ਵੱਲੋਂ ਪ੍ਰਾਪਤ ਸੂਚਨਾ ਅਨੁਸਾਰ 24 ਮਈ 2025 ਨੂੰ ਲਗਾਈ ਜਾ ਰਹੀ ਹੈ। ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਦੱਸਿਆ ਗਿਆ ਹੈ ਕਿ ਇਹ ਕੌਮੀ ਲੋਕ ਅਦਾਲਤਾਂ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਅਦਾਲਤਾਂ ਦੇ ਨਾਲ-ਨਾਲ ਸਬ-ਤਹਿਸੀਲਾਂ ਜ਼ੀਰਾ ਤੇ ਗੁਰੂ ਹਰਸਹਾਏ ਵਿਖੇ ਲਗਾਈ ਜਾਵੇਗੀ।

### 'ਹਰਫਾਂ ਦੀ ਨਸ਼ਤਰ' 'ਤੇ ਵਿਚਾਰ-ਚਰਚਾ ਅੱਜ

**ਮਾਨਸਾ/ਬੁਢਲਾਡਾ (ਪ ਪ)**-ਆਤਮਾ ਸਿੰਘ ਪਮਾਰ ਦੀ ਦੂਸਰੀ ਪੁਸਤਕ 'ਹਰਫਾਂ ਦੀ ਨਸ਼ਤਰ 'ਤੇ ਵਿਚਾਰ ਚਰਚਾ 18 ਮਈ ਨੂੰ ਪੰਜਾਬੀ ਸਾਹਿਤ ਕਲਾ ਮੰਚ ਮਾਨਸਾ ਵੱਲੋਂ ਕਰਵਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਇਸ ਪੁਸਤਕ 'ਤੇ ਵੱਖ-ਵੱਖ ਬੁਲਾਰਿਆਂ ਵੱਲੋਂ ਵਿਚਾਰ ਚਰਚਾ ਕੀਤੀ ਜਾਵੇਗੀ।ਇਸ ਪੁਸਤਕ ਬਾਰੇ ਵਿਸਥਾਰਪੂਰਵਕ ਗੱਲਬਾਤ ਡਾ. ਕਰਨੈਲ ਸਿੰਘ ਵੈਰਾਗੀ ਲੈਕਚਰਾਰ ਡਾਈਟ ਕਰਨਗੇ।ਮੰਚ ਦੇ ਉਪ ਪ੍ਰਧਾਨ ਰਜਿੰਦਰ ਮੋਨੀ ਵਰਮਾ ਨੇ ਦੱਸਿਆ ਕਿ ਇਸ ਕਿਤਾਬ 'ਤੇ ਵਿਚਾਰ ਚਰਚਾ ਵਿੱਚ ਡਾ. ਵੈਰਾਗੀ, ਦਿਲਬਾਗ ਸਿੰਘ ਰਿਉਂਦ ਕਲਾਂ, ਕਮਲ ਬੁਢਲਾਡਾ, ਪ੍ਰਵੀਨ ਕੁਮਾਰ ਬਲਿਆਲ, ਗੁਲਜਾਰ ਡੋਗਰਾ, ਰਜਿੰਦਰ ਸਿੰਘ ਆਦਿ ਵਿਸਥਾਰਤ ਚਰਚਾ ਕਰਨਗੇ।

### ਜੇਲ੍ਹ 'ਚੋਂ ਨਸ਼ੀਲਾ ਪਦਾਰਥ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਇਕ ਕੈਦੀ ਕੋਲੋਂ ਨਸ਼ੀਲੇ ਪਦਾਰਥ ਬਰਾਮਦ ਹੋਣ ਨਾਲ ਜੇਲ੍ਹ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਹਲਚਲ ਵਿੱਚ ਆ ਗਏ ਹਨ। ਸਹਾਇਕ ਸੁਪਰਡੈਂਟ ਯਾਦਵਿੰਦਰ ਸ਼ਰਮਾ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ 3 ਮਈ ਨੂੰ ਜੇਲ੍ਹ 'ਚ ਤਲਾਸ਼ੀ ਦੌਰਾਨ ਕੈਦੀ ਮਨਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ, ਨਿਵਾਸੀ ਲੱਖਾ ਹਾਜੀ ਕੋਲੋਂ 360 ਨਸ਼ੀਲੀਆਂ ਗੋਲੀਆਂ, 13 ਕੈਪਸੂਲ ਤੇ 10 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ ਗਿਆ। ਮਾਮਲੇ ਦੀ ਪੁਸ਼ਟੀ ਕਰਦੇ ਹੋਏ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਕੈਦੀ ਖ਼ਿਲਾਫ ਥਾਣਾ ਸਿਟੀ ਫਿਰੋਜ਼ਪੁਰ 'ਚ ਐੱਨਡੀਪੀਐੱਸ ਐਕਟ ਤੇ 42 ਪ੍ਰੀਜ਼ਨਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਇਹ ਘਟਨਾ ਜੇਲ੍ਹਾਂ ਵਿੱਚ ਨਸ਼ਿਆਂ ਦੀ ਪਹੁੰਚ ਤੇ ਅੰਦਰ ਚੱਲ ਰਹੀ ਗਤੀਵਿਧੀਆਂ 'ਤੇ ਸਵਾਲ ਚੁੱਕਦੀ ਹੈ।

# ਸੱਤਾ ਸੁੱਖ ਭੋਗਣ ਵਾਲਿਆਂ ਨੇ ਸਾਰੇ ਫੈਸਲੇ ਸਿੱਖ ਕੌਮ ਦੀ ਭਲਾਈ ਦੀ ਬਜਾਏ ਆਪਣੇ ਨਿੱਜੀ ਹਿੱਤਾਂ ਲਈ ਕੀਤੇ : ਮਨਪ੍ਰੀਤ ਇਆਲੀ

- ਮੱਖਣ ਬਰਾੜ ਦੀ ਅਗਵਾਈ 'ਚ ਮੋਗਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਵਿਸ਼ਾਲ ਰੈਲੀ
- ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ 5 ਮੈਂਬਰੀ ਕਮੇਟੀ ਵੱਲੋਂ ਭਰਤੀ ਮੁਹਿਮ ਦਾ ਆਗਾਜ਼



**ਮੋਗਾ (ਇਕਬਾਲ ਸਿੰਘ ਖਹਿਰਾ)**-ਸੀਨੀਅਰ ਅਕਾਲੀ ਆਗੂ ਬਰਜਿੰਦਰ ਸਿੰਘ ਮੱਖਣ ਬਰਾੜ ਦੀ ਅਗਵਾਈ ਹੇਠ ਮੋਗਾ ਦੇ ਵਿੰਡਸਰ ਪੈਲਸ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਇੱਕ ਵਿਸ਼ਾਲ ਰੈਲੀ ਕਰਵਾਈ ਗਈ, ਜਿਸ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਗਠਿਤ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਵੱਲੋਂ ਵੀ ਸ਼ਿਰਕਤ ਕੀਤੀ ਗਈ, ਜਿਨ੍ਹਾਂ ਵਿੱਚ ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਬੀਬੀ ਸਤਵੰਤ ਕੌਰ ਸ਼ਾਮਲ ਸਨ। ਇਸ ਤੋਂ ਇਲਾਵਾ ਭਾਈ ਮਨਜੀਤ ਸਿੰਘ, ਕਰਨੈਲ ਸਿੰਘ ਪੀਰ ਮੁਹੰਮਦ, ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਢੇਕੇ, ਬਚਿੱਤਰ ਸਿੰਘ ਘੋਲੀਆ ਜਗਤਾਰ ਸਿੰਘ ਰਾਜੇਆਣਾ, ਦਵਿੰਦਰ ਸਿੰਘ ਰਣੀਆ, ਗੁਰਜੰਟ ਸਿੰਘ ਭੁੱਟੋ ਰੋਡੇ, ਜਸਵਿੰਦਰ ਸਿੰਘ ਜੱਸ ਮੰਡ, ਸੁਖਵਿੰਦਰ ਸਿੰਘ ਦਾਤੇਵਾਲਾ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਇਲਾਕੇ ਦੇ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਬੀਬੀ ਸਤਵੰਤ ਕੌਰ ਨੇ ਕਿਹਾ ਕਿ ਸਾਡੇ ਸਿੱਖ ਪੰਥ ਦੀ ਤ੍ਰਾਸਦੀ ਰਹੀ ਹੈ ਕਿ ਜਿਨ੍ਹਾਂ ਆਗੂਆਂ ਨੂੰ ਸਿੱਖ ਕੌਮ ਨੇ ਪੰਜਾਬ ਦੀਆਂ ਉੱਚ ਪਦਵੀਆਂ 'ਤੇ ਬਿਰਾਜ਼ਮਾਨ ਕੀਤਾ, ਉਨ੍ਹਾਂ ਸਾਰੇ ਫੈਸਲੇ ਸਿੱਖ ਕੌਮ ਦੀ ਭਲਾਈ ਦੀ ਬਜਾਏ ਆਪਣੇ ਨਿੱਜੀ ਹਿੱਤਾਂ ਲਈ ਕੀਤੇ। ਉਨ੍ਹਾਂ ਕਿਹਾ ਕਿ ਭਾਵੇਂ ਉਹ ਪੰਜਾਬ ਵਿੱਚ ਹੋਈਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਹੋਵੇ, ਭਾਵੇਂ ਉਹ ਸਿਰਸਾ ਦੇ ਸੌਦਾ ਸਾਧ ਨੂੰ ਮਾਫੀ ਤੇ ਭਾਵੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬ ਦੀ ਧੱਕੇ ਨਾਲ ਕੀਤੀ ਬਰਖਾਸਤਗੀ ਦਾ ਹੋਵੇ, ਸਾਰੇ ਫੈਸਲੇ ਸਿੱਖ ਕੌਮ ਦੇ ਹਿਰਦੇ ਵਲੂੰਧਰਨ ਵਾਲੇ ਕੀਤੇ, ਜਿਸ ਕਾਰਨ ਅੱਜ ਉਹ ਆਗੂ ਪੰਜਾਬੀਆਂ ਦੇ ਮਨੋਂ ਲਹਿ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਉਹ ਪੰਥ ਦਾ ਭਲਾ ਕਰਨ ਵਾਲੇ ਸਮਝਦੇ ਨੇ ਤਾਂ ਆਪਣੇ ਨਿੱਜੀ ਹਿੱਤਾਂ ਨੂੰ ਤਿਆਗ ਕੇ ਉਨ੍ਹਾਂ ਨੂੰ ਚਾਹੀਦਾ ਕਿ ਉਹ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ, ਸਾਡੀ ਜਿਹੜੀ ਪੰਜ ਮੈਂਬਰੀ ਕਮੇਟੀ ਹੈ ਅਕਸਰ ਸਾਡੀਆਂ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਹਨ। ਸਾਨੂੰ ਕੋਈ ਲਾਲਚ ਨਹੀਂ, ਨਾ ਹੀ ਪ੍ਰਧਾਨਗੀ ਚਾਹੁੰਦੇ, ਨਾ ਕੋਈ ਅਹੁਦਿਆਂ ਦੀ ਲਾਲਸਾ ਹੈ। ਅਸੀਂ ਇਹ ਚਾਹੁੰਦੇ ਹਾਂ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਸਾਡੀ ਪੰਥ ਦੀ ਜਿਹੜੀ ਨੁਮਾਇੰਦਾ ਜਥੇਬੰਦੀ ਉਹ ਮਜ਼ਬੂਤ ਹੋਵੇ, ਤਾਂ ਜੋ ਪੰਜਾਬ ਦੇ ਲੰਮੇ ਸਮੇਂ ਤੋਂ ਮਸਲੇ ਜਦੋਂ ਦਾ ਮੁਲਕ ਯਾਦ ਹੋਇਆ, ਸਾਡੇ ਨਾਲ ਬਹੁਤ ਜ਼ਿਆਦਤੀਆਂ ਤੇ ਧੱਕੇਸ਼ਾਹੀਆਂ ਹੋਈਆਂ। ਜੇ ਗੱਲ ਪਾਣੀ ਦੀ ਕਰੀਏ ਤਾਂ ਅਸੀਂ ਪੰਜਾਬ ਵਿੱਚ ਸਿਰਫ 24% ਵਰਤ ਰਹੇ ਹਾਂ ਜਦੋਂ ਕਿ ਸਾਡਾ 76% ਪਾਣੀ ਦੂਜੇ ਸੂਬਿਆਂ ਨੂੰ ਜਾ ਰਿਹਾ, 50% ਤੋਂ ਵੱਧ ਪਾਣੀ ਇਕੱਲਾ ਰਾਜਸਥਾਨ ਲੈ ਕੇ ਜਾ ਰਿਹਾ, ਜਿਸ ਦੀ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਸਾਨੂੰ ਰੋਇਲਟੀ ਮਿਲਦੀ ਸੀ, ਪਰ ਅੱਜ ਤੱਕ ਕਰੋੜਾਂ ਅਰਬਾਂ ਰੁਪਈਆ ਸਾਡਾ ਰਾਜਸਥਾਨ ਸਰਕਾਰ ਵੱਲ ਰੋਇਲਟੀ ਦਾ ਬਣਦਾ ਹੈ। ਹਰਿਆਣੇ ਨੂੰ ਪਾਣੀ ਦਿੱਤਾ ਜਾ ਰਿਹਾ, ਕਿਉਂਕਿ ਜਦੋਂ ਸੂਬਿਆਂ ਦੀ ਵੰਡ ਹੋਈ 1966 ਵਿੱਚ ਉਸ ਸਮੇਂ ਸਾਡੇ ਨਾਲ ਜ਼ਿਆਦਤੀਆਂ ਹੋਈਆਂ, ਧੱਕੇਸ਼ਾਹੀਆਂ ਹੋਈਆਂ, ਗੈਰ-ਸੰਵਿਧਾਨਕ ਕਾਨੂੰਨ ਬਣਾਏ ਗਏ। ਅੱਜ ਪੰਜਾਬ ਦਾ ਪਾਣੀ ਥੱਲੇ ਡੂੰਘਾ ਹੋ ਗਿਆ, ਅਸੀਂ ਥੱਲਿਓਂ ਕਈ ਪੱਤਣ ਖਤਮ ਕਰ ਦਿੱਤੇ। ਇਹ ਜ਼ਿਆਦਤੀਆਂ ਨਹੀ ਰੁਕੀਆਂ, ਜਿੱਥੇ ਪੰਜਾਬ ਤੋਂ ਪੰਜਾਬੀ ਬੋਲਦੇ ਇਲਾਕੇ ਖੋਹੇ ਗਏ, ਉਥੇ ਹੀ ਸਾਡੀ ਰਾਜਧਾਨੀ ਚੰਡੀਗੜ੍ਹ ਸਾਡੇ ਤੋਂ ਖੋਹਣ ਦੀਆਂ ਕੋਝੀਆਂ ਸਾਜ਼ਿਸ਼ਾਂ ਹੋਈਆਂ। ਅੱਜ ਬੰਦੀ ਸਿੰਘਾਂ ਦੀ ਰਿਹਾਈ ਦਾ ਮਮਲਾ ਜਿਉਂ ਦਾ ਤਿਉਂ ਲਟਕ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਰਾਜਨੀਤਕ ਤੌਰ 'ਤੇ ਪੰਜਾਬ ਵਿੱਚ ਸਾਡੀ ਖੇਤਰੀ ਪਾਰਟੀ ਤੇ ਪੰਥਕ ਪਾਰਟੀ ਮਜ਼ਬੂਤ ਹਵੇਗੀ, ਤਾਂ ਹੀ ਸਾਡੇ ਹੱਕਾਂ ਦੀ ਪ੍ਰਾਪਤੀ ਹੋਵੇਗੀ। ਇਸ ਲਈ ਬਹੁਤ ਵੱਡੀ ਜ਼ਿੰਮੇਵਾਰੀ ਅੱਜ ਤੁਹਾਡੇ ਮੋਢਿਆਂ 'ਤੇ ਹੈ, ਆਉਣ ਵਾਲੇ ਸਮੇਂ ਵਿੱਚ ਕਿਸ ਤਰ੍ਹਾਂ ਦੀ ਲੀਡਰਸ਼ਿਪ ਸਾਨੂੰ ਚਾਹੀਦੀ, ਉਹ ਫੈਸਲਾ ਪੰਜਾਬ ਦੇ ਲੋਕਾਂ ਤੇ ਸਿੱਖ ਜਥੇਬੰਦੀਆਂ ਨੇ ਕਰਨਾ ਹੈ। ਜਿੰਨੀਆਂ ਵੀ ਪੰਥਕ ਧਿਰਾਂ ਹਨ, ਉਨ੍ਹਾਂ ਨੂੰ ਅਸੀਂ ਇਕ ਪਲੇਟ ਫਾਰਮ 'ਤੇ ਇਕੱਠੇ ਕਰੀਏ ਤੇ ਸਿਧਾਂਤਕ ਤੇ ਧਾਰਮਿਕ ਸੋਚ ਵਾਲੇ ਸੱਚ 'ਤੇ ਪਹਿਰਾ ਦੇਣ ਵਾਲੇ ਉਮੀਦਵਾਰ ਦੀ ਚੋਣ ਕਰਕੇ ਐੱਸ.ਜੀ.ਪੀ.ਸ. ਵਿੱਚ ਮੈਂਬਰ ਬਣਾ ਕੇ ਭੇਜਿਆ ਜਾਵੇ, ਕਿਉਂਕਿ ਤਕਰੀਬਨ 14 ਸਾਲ ਹੋ ਗਏ ਹਨ, ਐੱਸ.ਜੀ.ਪੀ.ਸੀ. ਦੀ ਚੋਣ ਨਹੀਂ ਹੋਈ। ਇਹ ਚੋਣ ਵਿਧਾਨ ਸਭਾ ਦੀ ਚੋਣ ਤੋਂ ਵੀ ਵੱਧ ਅਹਿਮੀਅਤ ਰੱਖਦੀ, ਕਿਉਂਕਿ ਇਹ ਚੋਣ ਸਿੱਖ ਪਾਰਲੀਮੈਂਟ ਵੱਲੋਂ ਜਾਣੀ ਜਾਂਦੀ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿੱਚ ਚੰਗੇ ਕਿਰਦਾਰ ਵਾਲੀਆਂ ਬੁੱਧੀਜੀਵੀ ਸ਼ਖ਼ਸੀਅਤਾਂ ਨੂੰ ਜਿਤਾਇਆ ਜਾਵੇਗਾ ਤਾਂ ਜੋ ਉਹ ਸੁਚੱਜੇ ਢੰਗ ਨਾਲ ਸਿੱਖ ਕੌਮ ਦੀ ਅਗਵਾਈ ਕਰ ਸਕਣ।

# ਸੜਕ ਹਾਦਸੇ 'ਚ ਮੋਟਰਸਾਈਕਲ ਚਾਲਕ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੋਰਿੰਡਾ-ਬਸੀ ਪਠਾਣਾਂ ਰੋਡ 'ਤੇ ਪਿੰਡ ਆਲਮਪੁਰ ਨਜ਼ਦੀਕ ਵਾਪਰੇ ਸੜਕ ਹਾਦਸੇ 'ਚ ਇੱਕ ਮੋਟਰਸਾਈਕਲ ਚਾਲਕ ਦੀ ਮੌਤ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮੋਰਿੰਡਾ ਵਿਖੇ ਟਰੱਕ 'ਤੇ ਡਰਾਇਵਰੀ ਕਰਦਾ ਗੁਰਮੀਤ ਸਿੰਘ ਵਾਸੀ ਪਿੰਡ ਗੰਢੂਆਂ ਕਲਾਂ ਕੰਮ ਖਤਮ ਕਰਨ ਉਪਰੰਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੋਰਿੰਡਾ ਤੋਂ ਆਪਣੇ ਪਿੰਡ ਨੂੰ ਜਾ ਰਿਹਾ ਸੀ ਤਾਂ ਪਿੰਡ ਆਲਮਪੁਰ ਨਜ਼ਦੀਕ ਗਲਤ ਸਾਈਡ ਤੋਂ ਤੇਜ਼ ਰਫਤਾਰ ਨਾਲ ਆ ਰਹੇ ਇੱਕ ਮੋਟਰਸਾਈਕਲ ਚਾਲਕ ਨੇ ਉਸ ਦੇ ਮੋਟਰਸਾਈਕਲ ਨੂੰ ਸਿੱਧੀ ਟੱਕਰ ਮਾਰ ਦਿੱਤੀ, ਜਿਸ ਕਾਰਨ ਮੋਟਰਸਾਈਕਲ ਤੋਂ ਡਿੱਗੇ ਗੁਰਮੀਤ ਸਿੰਘ ਦਾ ਸਿਰ ਸੜਕ ਕਿਨਾਰੇ ਲੱਗੇ ਖੰਬੇ 'ਚ ਵੱਜਿਆ।ਗੰਭੀਰ ਜ਼ਖਮੀ ਹੋਏ ਗੁਰਮੀਤ ਸਿੰਘ ਨੂੰ ਸਿਵਲ ਹਸਪਤਾਲ ਬਸੀ ਪਠਾਣਾਂ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਚੈੱਕ ਕਰਨ ਉਪਰੰਤ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।ਮੋਟਰਸਾਈਕਲ ਦੇ ਨਾਮਾਲੂਮ ਚਾਲਕ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਬਸੀ ਪਠਾਣਾਂ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਨਾਬਾਲਿਗ ਲੜਕੀ ਨਾਲ ਬਲਾਤਕਾਰ ਦੇ ਦੋਸ਼ 'ਚ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਨਾਬਾਲਿਗ ਲੜਕੀ ਵੱਲੋਂ ਉਸ ਨਾਲ ਬਲਾਤਕਾਰ ਕੀਤੇ ਜਾਣ ਦੇ ਲਗਾਏ ਗਏ ਕਥਿਤ ਦੋਸ਼ਾਂ ਦੇ ਮੱਦੇਨਜ਼ਰ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਉਸ ਦੇ ਇੱਕ ਜਾਣਕਾਰ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਿਕ ਇੱਕ ਲੜਕੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਉਮਰ ਕਰੀਬ 15 ਸਾਲ ਹੈ ਅਤੇ ਉਹ ਤੇ ਉਸ ਦੀ ਮਾਤਾ ਬੀਤੇ ਕਰੀਬ 1 ਮਹੀਨੇ ਤੋਂ ਤੇਜਿੰਦਰ ਸਿੰਘ ਉਰਫ ਕਿੱਕੀ ਤੇ ਘਰ ਰਹਿ ਰਹੇ ਸਨ।ਜਿੱਥੇ ਬੀਤੇ ਦਿਨ ਉਸ ਦੀ ਮਾਤਾ ਤੇ ਤੇਜਿੰਦਰ ਸਿੰਘ ਉਰਫ ਕਿੱਕੀ ਦਰਮਿਆਨ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ, ਜਿਸ 'ਤੇ ਉਸ ਦੀ ਮਾਤਾ ਉਸ ਨੂੰ ਤੇਜਿੰਦਰ ਸਿੰਘ ਉਰਫ ਕਿੱਕੀ ਦੇ ਘਰ 'ਚ ਹੀ ਛੱਡ ਕੇ ਕਿਤੇ ਚਲੀ ਗਈ।ਇਸ ਤੋਂ ਥੋੜ੍ਹੇ ਸਮੇਂ ਬਾਅਦ ਤੇਜਿੰਦਰ ਸਿੰਘ ਉਰਫ ਕਿੱਕੀ ਨੇ ਉਸ ਨਾਲ ਗੰਦੀਆਂ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਤੇਜਿੰਦਰ ਸਿੰਘ ਉਰਫ ਕਿੱਕੀ ਉਸਨੂੰ ਖੇਤਾਂ ਵਿੱਚ ਲੈ ਗਿਆ ਜਿੱਥੇ ਉਸ ਵੱਲੋਂ ਉਸ ਨਾਲ ਬਲਾਤਕਾਰ ਕੀਤਾ ਗਿਆ।ਪੀੜਤਾ ਦੇ ਬਿਆਨਾਂ 'ਤੇ ਅ/ਧ 65(1)ਬੀ.ਐਨ.ਐਸ. ਅਤੇ ਪੌਸਕੋ ਐਕਟ ਦੀ ਧਾਰਾ 04 (2) ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਤੇਜਿੰਦਰ ਸਿੰਘ ਉਰਫ ਕਿੱਕੀ ਨੂੰ ਗ੍ਰਿਫਤਾਰ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਬਿਜਲੀ ਕਾਮਿਆਂ ਨੇ ਸਬ-ਡਵੀਜ਼ਨ ਰਾਮਪੁਰ ਤੇ ਘੁਡਾਣੀ ਕਲਾਂ 'ਚ ਝੰਡੇ ਲਹਿਰਾਏ



**ਦੋਰਾਹਾ (ਹਰਮਿੰਦਰ ਸੇਠ)**-ਟੈਕਨੀਕਲ ਸਰਵਿਸਜ਼ ਯੂਨੀਅਨ ਮੰਡਲ ਕਮੇਟੀ ਦੇ ਆਗੂ ਬੁੱਧ ਸਿੰਘ, ਮੀਤ ਪ੍ਰਧਾਨ ਪ੍ਰੇਮ ਸਿੰਘ ਨੇ ਪ੍ਰੈੱਸ ਨੂੰ ਸਾਂਝੇ ਰੂਪ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਬ ਡਵੀਜ਼ਨ ਰਾਮਪੁਰ ਤੇ ਘੁਡਾਣੀ ਕਲਾਂ ਦੇ ਗੇਟ ਅੱਗੇ ਬਿਜਲੀ ਕਾਮਿਆਂ ਨੇ ਇਕੱਠੇ ਹੋ ਕੇ ਵਿਸ਼ਾਲ ਰੈਲੀ ਕੀਤੀ। ਰੈਲੀ ਵਿੱਚ ਅਕਾਸ਼ ਗੂੰਜਾਊ ਨਾਹਰੇ ਲਗਾਉਂਦੇ ਹੋਏ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਝੰਡੇ ਨੂੰ ਚੜ੍ਹਾਉਣ ਦੀ ਰਸਮ ਰਾਮਪੁਰ ਤੇ ਘੁਡਾਣੀ ਕਲਾਂ ਸਬ ਡਵੀਜ਼ਨ ਦੇ ਗੇਟ ਅੱਗੇ ਅਦਾ ਕੀਤੀ। ਰੈਲੀ ਨੂੰ ਸਾਂਝੇ ਰੂਪ ਵਿੱਚ ਸੰਬੋਧਨ ਕਰਦੇ ਹੋਏ ਯੂਨੀਅਨ ਦੇ ਆਗੂਆਂ ਜੋਰਾ ਸਿੰਘ, ਅਮਰੀਕ ਸਿੰਘ, ਸਰਬਜੀਤ ਸਿੰਘ, ਪਵਨ ਕੁਮਾਰ ਨੇ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕੇਂਦਰ, ਪੰਜਾਬ ਸਰਕਾਰ, ਪਾਵਰਕਾਮ ਤੇ ਟਰਾਂਸਕੋ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਨਿੱਜੀਕਰਨ ਸੰਸਾਰੀਕਰਨ ਤੇ ਉਦਾਰੀਕਰਨ ਦੀ ਨੀਤੀ ਤਹਿਤ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨਾ ਬੰਦ ਕੀਤਾ ਜਾਵੇ ਤੇ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਕੌਡੀਆ ਦੇ ਭਾਅ ਵੇਚਣਾ ਬੰਦ ਕੀਤਾ ਜਾਵੇ, ਬਿਜਲੀ ਐਕਟ 2003 ਤੇ ਬਿਜਲੀ ਬਿੱਲ 2022 ਦੀ ਤਜਵੀਜ਼ ਨੂੰ ਰੱਦ ਕੀਤਾ ਜਾਵੇ, ਸੇਵਾ ਸਰਤਾ ਵਿੱਚ ਕੀਤੀ ਜਾ ਰਹੀ ਤਬਦੀਲੀ ਰੱਦ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤਾ ਜਾਵੇ, ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਠੇਕੇ 'ਤੇ ਰੱਖੇ ਕਾਮਿਆਂ ਨੂੰ ਮਹਿਕਮਿਆਂ ਵਿੱਚ ਯੋਗਤਾ ਅਨੁਸਾਰ ਪੱਕੇ ਕੀਤਾ ਜਾਵੇ, ਹਰ ਅਦਾਰੇ ਵਿੱਚ ਖਾਲੀ ਅਸਾਮੀਆਂ ਨੂੰ ਪੱਕੀ ਭਰਤੀ ਕਰਕੇ ਭਰਿਆ ਜਾਵੇ, ਚੰਡੀਗੜ੍ਹ ਬਿਜਲੀ ਨਿਗਮ ਨੂੰ ਤੋੜ ਕੇ ਵੱਡੀ ਕੰਪਨੀ ਦੇ ਹਵਾਲੇ ਕਰਨ ਦੀ ਤਰ੍ਹਾਂ ਪੰਜਾਬ ਬਿਜਲੀ ਨਿਗਮ ਵਿੱਚ ਵੀ ਲਾਲੜੂ ਤੇ ਖਰੜ ਡਵੀਜ਼ਨਾਂ ਅਤੇ ਹੋਰ ਜ਼ੋਨਾਂ ਵਿੱਚ ਵੀ ਦੋ ਦੋ ਡਵੀਜ਼ਨਾਂ ਦਾ ਕੰਮ ਨਿੱਜੀ ਕੰਪਨੀਆਂ ਨੂੰ ਦੇਣ ਦਾ ਰਾਸਤਾ ਬੰਦ ਕੀਤਾ ਜਾਵੇ ਆਦਿ। ਆਗੂਆਂ ਨੇ ਸਰਕਾਰ ਤੇ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ, ਪੈਨਸ਼ਨਰਾਂ ਤੇ ਠੇਕੇ 'ਤੇ ਕੰਮ ਕਰਦੇ ਕਾਮਿਆਂ ਦੀਆਂ ਮੰਗਾਂ ਨਾ ਪ੍ਰਵਾਨ ਕੀਤੀਆਂ ਤਾਂ ਬਿਜਲੀ ਕਾਮੇ ਮਜਬੂਰ ਹੋ ਕੇ 9 ਜੁਲਾਈ 25 ਨੂੰ ਦੇਸ਼ ਵਿਆਪੀ ਹੜਤਾਲ ਕਰਨਗੇ ਅਤੇ ਨਿੱਜੀਕਰਨ ਦੀ ਨੀਤੀ ਦਾ ਵਿਰੋਧ ਕਰਨ ਲਈ ਸੂਬਾ ਕਮੇਟੀ ਦੇ ਸੱਦੇ 'ਤੇ ਸਬ ਡਵੀਜ਼ਨ/ਡਵੀਜ਼ਨ ਪੱਧਰ 'ਤੇ ਸਾਂਝੀਆਂ ਗੇਟ ਰੈਲੀਆਂ ਕਰਦੇ ਹੋਏ ਹੜਤਾਲ ਨੂੰ ਕਾਮਯਾਬ ਕਰਨ ਤਿਆਰੀ ਕਰਨਗੇ। ਆਗੂਆਂ ਨੇ ਬਿਜਲੀ ਕਾਮਿਆਂ ਨੂੰ ਸਾਂਝੇ ਸੰਘਰਸ਼ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਜੰਗੀ ਜਨੂੰਨ ਤੇ ਫਿਰਕੂ ਨਫ਼ਰਤ ਖਿਲਾਫ ਸਾਂਝੀ ਕਨਵੈਨਸ਼ਨ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਛੇ ਸਿਆਸੀ ਤੇ ਸਮਾਜਿਕ ਸੰਗਠਨਾਂ ਵੱਲੋਂ ਦੇਸ਼ ਵਿੱਚ ਸੱਤਾ ਦੀ ਸਿੱਧੀ ਸਰਪ੍ਰਸਤੀ ਵਿੱਚ ਚਲਾਈ ਜਾ ਰਹੀ ਜੰਗੀ ਜਨੂੰਨ ਤੇ ਫਿਰਕੂ ਨਫ਼ਰਤੀ ਮੁਹਿੰਮ ਖ਼ਿਲਾਫ਼ ਇਕ ਸਾਂਝੀ ਕਨਵੈਨਸ਼ਨ 19 ਮਈ ਨੂੰ ਕੀਤੀ ਜਾਵੇਗੀ।ਇਹ ਕਨਵੈਨਸ਼ਨ 1990 ਵਿੱਚ ਭਾਰਤ ਪਾਕਿ ਦਰਮਿਆਨ ਬਣੇ ਤਿੱਖੇ ਜੰਗੀ ਤਣਾਅ ਖ਼ਿਲਾਫ਼ ਦਿੱਲੀ ਵਿਖੇ ਕੀਤੇ ਜਾਣ ਵਾਲੇ ਇਕ ਵਿਖਾਵੇ ਵਿੱਚ ਸ਼ਾਮਲ ਹੋਣ ਲਈ ਜਾਂਦੇ ਵਕਤ 19 ਮਈ ਦੇ ਦਿਨ ਇਕ ਹਾਦਸੇ ਵਿੱਚ ਵਿੱਛੜ ਗਏ ਦੋ ਨੌਜਵਾਨ ਆਗੂਆਂ ਬਲਵਿੰਦਰ ਸਿੰਘ ਸਮਾਓਂ ਤੇ ਮਨੋਜ ਕੁਮਾਰ ਮਿੱਤਲ ਭੀਖੀ ਨੂੰ ਵੀ ਸਮਰਪਤ ਹੋਵੇਗੀ।ਜਾਣਕਾਰੀ ਦਿੰਦਿਆਂ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਆਗੂ ਕਾ. ਰਾਜਵਿੰਦਰ ਸਿੰਘ ਰਾਣਾ, ਆਰ. ਐੱਮ. ਪੀ. ਆਈ. ਆਗੂ ਕਾ. ਲਾਲ ਚੰਦ, ਆਈਡੀਪੀ ਦੇ ਆਗੂ ਕਰਨੈਲ ਸਿੰਘ ਜਖੇਪਲ, ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਦੇ ਆਗੂ ਮਨਜੀਤ ਸਿੰਘ ਮਾਨ, ਮੁਸਲਿਮ ਫਰੰਟ ਪੰਜਾਬ ਦੇ ਮੁੱਖੀ ਐਚ ਆਰ ਮੋਫ਼ਰ ਤੇ ਪੰਜਾਬ ਜਮਹੂਰੀ ਮੋਰਚੇ ਦੇ ਆਗੂ ਭਜਨ ਸਿੰਘ ਘੁੰਮਣ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਭਾਵੇਂ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਦਖ਼ਲ ਨਾਲ ਭਾਰਤ ਤੇ ਪਾਕਿਸਤਾਨ ਦਰਮਿਆਨ ਹਥਿਆਰਬੰਦ ਟਕਰਾਅ ਨੂੰ ਆਰਜ਼ੀ ਤੌਰ 'ਤੇ ਠੱਲ੍ਹ ਪੈ ਗਈ ਹੈ, ਪਰ ਤਣਾਅ ਬਰਕਰਾਰ ਹੈ।ਦੋਵੇਂ ਦੇਸ਼ਾਂ ਵੱਲੋਂ ਇਕ ਦੂਜੇ ਖ਼ਿਲਾਫ਼ ਚੁੱਕੇ ਕਦਮ ਤੇ ਲਾਈਆਂ ਪਾਬੰਦੀਆਂ ਵਾਪਸ ਲੈ ਕੇ ਮਾਹੌਲ ਨੂੰ ਆਮ ਵਰਗਾ ਬਣਾਉਣ ਦੇ ਮਾਮਲੇ ਵਿੱਚ ਕੋਈ ਪ੍ਰਗਤੀ ਨਹੀਂ ਹੋ ਰਹੀ।ਉਲਟਾ ਦੋਵੇਂ ਪਾਸੇ ਕੱਟੜਪੰਥੀ ਤੇ ਪਿਛਾਂਹ ਖਿੱਚੂ ਸ਼ਕਤੀਆਂ ਵੱਲੋਂ ਸਧਾਰਨ ਜਨਤਾ ਨੂੰ ਰੈਡੀਕਲਾਈਜ਼ ਕਰਨ ਲਈ ਜੰਗੀ ਜਨੂੰਨ ਤੇ ਫਿਰਕੂ ਨਫ਼ਰਤੀ ਪ੍ਰਚਾਰ ਦੀ ਹਨ੍ਹੇਰੀ ਝੁਲਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਕਨਵੈਨਸ਼ਨ ਦੌਰਾਨ ਉਕਤ ਸੰਗਠਨਾਂ ਦੇ ਬੁਲਾਰੇ ਇਨ੍ਹਾਂ ਸੁਆਲਾਂ ਬਾਰੇ ਤੇ ਜੰਗ ਦੀ ਬਜਾਏ ਅਮਨ ਦੀ ਜ਼ਰੂਰਤ ਅਤੇ ਰੱਖਿਆ ਬਜਟ ਤੇ ਹਥਿਆਰਾਂ ਉੱਤੇ ਹੁੰਦੇ ਭਾਰੀ ਖਰਚ ਵਿੱਚ ਕਟੌਤੀ ਦਾ ਮਾਹੌਲ ਬਣਾਉਣ ਬਾਰੇ ਵਿਚਾਰਾਂ ਕਰਨਗੇ।

# 20 ਦੀ ਰੋਸ ਰੈਲੀ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਕੋਟਕਪੂਰਾ (ਰਛਪਾਲ ਭੁੱਲਰ)**-ਦੇਸ਼ ਭਰ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਦੀਆਂ ਮੁਲਾਜ਼ਮ, ਮਜ਼ਦੂਰ, ਪੈਨਸ਼ਨਰ, ਕਿਸਾਨ, ਵਿਦਿਆਰਥੀ, ਨੌਜਵਾਨ ਤੇ ਲੋਕ ਵਿਰੋਧੀ ਨੀਤੀਆਂ ਖਿਲਾਫ 20 ਮਈ ਨੂੰ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ ਤਾਂ ਦੇਸ਼ ਦੇ ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਹਾਲ ਦੀ ਘੜੀ ਮੁਲਤਵੀ ਕਰਕੇ 9 ਜੁਲਾਈ ਤੱਕ ਅੱਗੇ ਪਾ ਦਿੱਤੀ ਗਈ ਹੈ।ਇਸ ਦੇ ਨਾਲ ਹੀ 20 ਮਈ ਨੂੰ ਸਾਰੇ ਦੇਸ਼ ਵਿੱਚ ਹਰ ਪੱਧਰ 'ਤੇ ਰੋਸ ਰੈਲੀਆਂ ਕਰਨ ਦਾ ਸੱਦਾ ਦਿੱਤਾ ਗਿਆ ਹੈ।ਇਸ ਫੈਸਲੇ ਨੂੰ ਲਾਗੂ ਕਰਨ ਲਈ ਸਥਾਨਕ ਪੈਨਸ਼ਨਰ ਭਵਨ ਵਿਖੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਤੇ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫਰੀਦਕੋਟ ਦੇ ਆਗੂਆਂ ਦੀ ਇੱਕ ਮੀਟਿੰਗ ਪੈਨਸ਼ਨਰ ਆਗੂ ਇੰਦਰਜੀਤ ਸਿੰਘ ਖੀਵਾ ਤੇ ਕਿਸਾਨ ਆਗੂ ਸ਼ਮਸ਼ੇਰ ਸਿੰਘ ਕਿੰਗਰਾ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਨੂੰ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਬਲਵਿੰਦਰ ਰਾਮ ਸ਼ਰਮਾ, ਇੰਦਰਜੀਤ ਸਿੰਘ ਗਿੱਲ, ਮੁਲਾਜ਼ਮ ਆਗੂ ਜਤਿੰਦਰ ਕੁਮਾਰ, ਵੀਰਇੰਦਰਜੀਤ ਸਿੰਘ ਪੁਰੀ, ਬਲਕਾਰ ਸਿੰਘ ਸਹੋਤਾ, ਗੁਰਤੇਜ ਸਿੰਘ ਖਹਿਰਾ, ਸੁਖਮੰਦਰ ਸਿੰਘ ਗਿੱਲ, ਅਮਰਜੀਤ ਸਿੰਘ ਵਾਲੀਆ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜ ਭੰਨ, ਕਾਮਰੇਡ ਦਲੀਪ ਸਿੰਘ, ਗੁਰਮੀਤ ਸਿੰਘ ਨਵਾਂ ਕਿਲ੍ਹਾ, ਰਾਜਵੀਰ ਸਿੰਘ ਸੰਧਵਾਂ, ਸੁਖਦੀਪ ਸਿੰਘ ਘੁਗਿਆਣਾ, ਅਮਰਜੀਤ ਸਿੰਘ ਪੰਨੂ, ਬਲਵਿੰਦਰ ਸਿੰਘ ਧੂੜਕੋਟ, ਸਤਨਾਮ ਸਿੰਘ ਪੱਖੀ, ਸੁਰਜੀਤ ਸਿੰਘ ਹਰੀਏਵਾਲਾ ਨੇ ਸੰਬੋਧਨ ਕੀਤਾ।ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 20 ਮਈ ਨੂੰ ਸਵੇਰੇ 10 ਵਜੇ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਮਿੰਨੀ ਸਕੱਤਰੇਤ ਸਾਹਮਣੇ (ਜਾਮਣਾਂ ਹੇਠ) ਸਾਂਝੀ ਰੋਸ ਰੈਲੀ ਕੀਤੀ ਜਾਵੇਗੀ।

ਇਸ ਰੈਲੀ ਦੇ ਪ੍ਰਬੰਧਾਂ ਲਈ ਵੱਖੋ ਵੱਖ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਰੋਸ ਰੈਲੀ ਵਿੱਚ ਮੁਲਾਜ਼ਮਾਂ, ਮਜ਼ਦੂਰਾਂ, ਪੈਨਸ਼ਨਰਾਂ, ਕਿਸਾਨਾਂ, ਵਿਦਿਆਰਥੀਆਂ ਤੇ ਨੌਜਵਾਨਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਲਈ ਲਾਮਬੰਦੀ ਕੀਤੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਕ੍ਰਿਸ਼ਨ ਲਾਲ, ਸੋਮ ਨਾਥ ਅਰੋੜਾ, ਸੁਖਦਰਸ਼ਨ ਸਿੰਘ, ਸੁਖਵਿੰਦਰ ਸਿੰਘ ਗਿੱਲ, ਬਿਸ਼ਨ ਦਾਸ ਅਰੋੜਾ, ਸੁਖਦੇਵ ਸਿੰਘ ਬੀ ਪੀ ਈ ਓ, ਸੰਤ ਸਿੰਘ ਮੁੱਖ ਅਧਿਆਪਕ, ਮੋਹਨ ਸਿੰਘ, ਠਾਕੁਰ ਸਿੰਘ, ਦਰਸ਼ਨ ਸਿੰਘ, ਸੋਹਣ ਸਿੰਘ ਅਜੀਜ, ਗੁਰਦੇਵ ਸਿੰਘ ਤੇ ਕਰਮਜੀਤ ਸਿੰਘ ਬੇਦੀ ਆਦਿ ਹਾਜ਼ਰ ਸਨ।

# ਵਿਧਾਇਕ ਦਹੀਆ ਦੀ ਅਗਵਾਈ 'ਚ 'ਨਸ਼ਾ ਮੁਕਤੀ ਯਾਤਰਾ' ਦੀ ਸ਼ੁਰੂਆਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਅਧੀਨ ਆਉਂਦੇ ਪਿੰਡ ਹਜ਼ਾਰਾ ਸਿੰਘ ਵਾਲਾ, ਪਿੰਡ ਜਾਮਾ ਰੱਖੀਆ ਹਿਠਾੜ ਤੇ ਪਿੰਡ ਲੱਖਾ ਸਿੰਘ ਵਾਲਾ ਹਿਠਾੜ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਨਸ਼ਾ ਮੁਕਤੀ ਯਾਤਰਾ' ਦੀ ਸ਼ੁਰੂਆਤ ਵਿਧਾਇਕ ਰਜਨੀਸ਼ ਦਹੀਆ ਦੀ ਅਗਵਾਈ ਵਿੱਚ ਕੀਤੀ ਗਈ। ਵਿਧਾਇਕ ਰਜਨੀਸ਼ ਦਹੀਆ ਨੇ ਕਿਹਾ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿਛਲੇ ਢਾਈ ਮਹੀਨੇ ਵਿੱਚ ਨਸ਼ਾ ਤਸਕਰਾਂ ਉੱਤੇ ਵੱਡਾ ਵਾਰ ਕੀਤਾ ਹੈ। ਉਨ੍ਹਾਂ ਕਿਹਾ ਇਸ ਮੁਹਿੰਮ ਨੂੰ ਹੁਣ ਜਨ ਅੰਦੋਲਨ ਬਣਾਉਂਦੇ ਹੋਏ ਹਰ ਪਿੰਡ ਤੇ ਵਾਰਡ ਤੱਕ ਲੈ ਕੇ ਜਾਇਆ ਜਾਵੇਗਾ, ਜਿਸ ਵਿੱਚ ਲੋਕ ਸਹੁੰ ਚੁਕਣਗੇ ਕਿ ਨਾ ਤਾਂ ਖੁਦ ਨਸ਼ਾ ਕਰਨਗੇ, ਨਾ ਨਸ਼ਾ ਵੇਚਣ ਦੇਣਗੇ ਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਲਾਜ ਲਈ ਉਤਸ਼ਾਹਤ ਕਰਨਗੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਇਸ ਮੁਹਿੰਮ ਵਿੱਚ ਪੰਚਾਇਤਾਂ, ਗ੍ਰਾਮ ਰੱਖਿਆ ਸਮਿਤੀਆਂ, ਪੁਲਸ ਤੇ ਜ਼ਿਲ੍ਹਾ ਪ੍ਰਸ਼ਾਸਨ ਇਕੱਠੇ ਮਿਲ ਕੇ ਕੰਮ ਕਰਨਗੀਆਂ। ਨਸ਼ਾ ਮੁਕਤੀ ਯਾਤਰਾ ਦਾ ਮਕਸਦ ਸਿਰਫ਼ ਕਾਨੂੰਨ ਰਾਹੀਂ ਨਸ਼ੇ ਨੂੰ ਰੋਕਣਾ ਨਹੀਂ, ਸਗੋਂ ਜਨ ਭਾਗੀਦਾਰੀ ਰਾਹੀਂ ਸਮਾਜਿਕ ਪਰਿਵਰਤਨ ਲਿਆਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਰਾਜ ਸਰਕਾਰ ਵੱਲੋਂ ਇੱਕ ਵਿਸ਼ੇਸ਼ ਹੈਲਪਲਾਈਨ ਸ਼ੁਰੂ ਕੀਤੀ ਹੈ, ਜਿਸ 'ਤੇ ਨਾਗਰਿਕ ਗੁਪਤ ਤੌਰ 'ਤੇ ਨਸ਼ਾ ਤਸਕਰੀ ਦੀ ਜਾਣਕਾਰੀ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਜੋ ਲੋਕ ਨਸ਼ਾ ਛੱਡਣਾ ਚਾਹੁੰਦੇ ਹਨ, ਉਨ੍ਹਾਂ ਲਈ ਸੂਬੇ ਭਰ ਵਿੱਚ ਇਲਾਜ ਤੇ ਪੁਨਰਵਾਸ ਕੇਂਦਰਾਂ ਦੀ ਸੁਵਿਧਾ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਨਸ਼ਾ ਮੁਕਤੀ ਯਾਤਰਾ ਦਾ ਮਕਸਦ ਕੇਵਲ ਨਸ਼ਾ ਵਿਰੋਧੀ ਜਾਗਰੂਕਤਾ ਨਹੀਂ, ਸਗੋਂ ਸਮਾਜ ਵਿੱਚ ਸਕਾਰਾਤਮਕ ਮਾਹੌਲ ਪੈਦਾ ਕਰਨਾ ਹੈ। ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ੇ ਖਿਲਾਫ ਖੜੇ ਹੋਣ ਲਈ ਸਹੁੰ ਵੀ ਚੁਕਵਾਈ। ਉਨ੍ਹਾਂ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖਿਲਾਫ ਖੜੇ ਹੋਣ ਤੇ ਜੇਕਰ ਕੋਈ ਵੀ ਉਨ੍ਹਾਂ ਨੂੰ ਨਸ਼ਾ ਕਰਨ ਜਾਂ ਨਸ਼ਾ ਵੇਚਣ ਵਾਲੇ ਬਾਰੇ ਪਤਾ ਚੱਲਦਾ ਹੈ ਤਾਂ ਉਹ ਉਸ ਦੀ ਰਿਪੋਰਟ ਨਜ਼ਦੀਕੀ ਥਾਣੇ ਵਿੱਚ ਦੇਣ। ਇਸ ਮੌਕੇ ਬਲਵਿੰਦਰ ਸਿੰਘ ਰਾਊਕੇ, ਬਲਵਿੰਦਰ ਸਿੰਘ ਲੱਡੂ, ਗੁਰਨਾਮ ਸਿੰਘ ਹਜ਼ਾਰਾਂ, ਹਰਮਨ ਸਿੰਘ ਰਹੀਮੇ ਕੇ ਹਲਕਾ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਡੀਐੱਸਪੀ ਕਰਨ ਸ਼ਰਮਾ, ਸਰਬਜੀਤ ਸਿੰਘ ਬੀਡੀਪੀਓ ਮਮਦੋਟ, ਰੌਬੀ ਸੰਧੂ ਨਿੱਜੀ ਸਕੱਤਰ, ਰਣਬੀਰ ਸਿੰਘ ਮਿੱਠਾ, ਲਖਵਿੰਦਰ ਸਿੰਘ ਮਮਦੋਟ, ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਕੌਂਸਲ ਮਮਦੋਟ, ਹਰਜਿੰਦਰ ਸਿੰਘ ਸਿੰਧੀ ਆਦਿ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

# ਜਸਵਿੰਦਰ ਸਿੰਘ ਚੀਮਾ ਦੀ ਅੰਤਮ ਅਰਦਾਸ ਮੌਕੇ ਪਹੁੰਚੀਆਂ ਫਿਲਮੀ ਹਸਤੀਆਂ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਪਿਛਲੇ ਦਿਨੀਂ ਰੋਡ ਐਕਸੀਡੈਂਟ ਵਿੱਚ ਸ੍ਰ. ਜਸਵਿੰਦਰ ਸਿੰਘ ਚੀਮੇ ਦੀ ਅਚਾਨਕ ਹੋਈ ਮੌਤ ਦੀ ਅੰਤਿਮ ਅਰਦਾਸ ਉੱਪਰ ਕਈ ਫਿਲਮ ਹਸਤੀਆਂ ਤੇ ਰਾਜਨੀਤਕ ਲੀਡਰਾਂ ਵੱਲੋਂ ਸ਼ਿਰਕਤ ਕੀਤੀ ਗਈ, ਜਿਨ੍ਹਾਂ ਵਿੱਚੋਂ ਵਿਸ਼ੇਸ਼ ਤੌਰ 'ਤੇ ਪੰਜਾਬੀ ਫਿਲਮਾਂ ਦੇ ਸਟਾਰ ਗੁੱਗੂ ਗਿੱਲ, ਹੌਬੀ ਫਿਲਮ ਡਾਇਰੈਕਟਰ, ਅਵਤਾਰ ਸਿੰਘ ਛਾਜਲੀ, ਹਰਦੀਪ ਸਿੰਘ ਗਰੇਵਾਲ, ਲਾਡੀ ਕਾਂਗੜ, ਬਿੱਲਾ ਧਾਲੀਵਾਲ, ਮਲਕੀਤ ਸਿੰਘ, ਰੌਣੀ, ਕੰਨਵਰ ਗਰੇਵਾਲ, ਪੰਮੀ ਬਾਈ, ਮੁੱਖ ਮੰਤਰੀ ਪੰਜਾਬ ਦੇ ਮਾਤਾ ਜੀ, ਕਾਂਗਰਸ ਹਲਕਾ ਇੰਚਾਰਜ ਸੁਨਾਮ ਸਰਦਾਰ ਜਸਵਿੰਦਰ ਸਿੰਘ ਧੀਮਾਨ, ਬੀਜੇਪੀ ਨੇਤਰੀ ਦਾਮਨ ਬਾਜਵਾ, ਹਰਮਨ ਦੇਵ ਗੱਗੀ, ਆਮ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਪੀਏ ਸੰਜੂ, ਐਮਐਲਏ ਖੁੱਡੀਆਂ, ਐਮਐਲਏ ਪਠਾਣ ਮਾਜਰਾ, ਚਮਕੌਰ ਸਿੰਘ, ਜ਼ਿਲ੍ਹਾ ਸਰਪੰਚ ਯੂਨੀਅਨ ਦੇ ਪ੍ਰਧਾਨ ਮਨਿੰਦਰ ਸਿੰਘ ਲਖਮੀਰਵਾਲਾ, ਸਿੰਪਲ ਲਖਮੀਰਵਾਲਾ, ਅਮਨ ਮਾਨਸ਼ਾਹੀਆ ਤੇ ਦੂਰ ਨੇੜੇ ਦੇ ਪਿੰਡ ਤੇ ਸ਼ਹਿਰ ਨਿਵਾਸੀ ਹਾਜ਼ਰ ਸਨ। ਸਿਕੰਦਰ ਸਿੰਘ ਚੀਮਾ ਵੱਲੋਂ ਜਸਵਿੰਦਰ ਸਿੰਘ ਚੀਮਾ ਦੀ ਜੀਵਨੀ 'ਤੇ ਕੁਝ ਝਾਤ ਪਾਈ ਗਈ। ਇਸ ਮੌਕੇ ਉੱਪਰ ਫਿਲਮੀ ਕਲਾਕਾਰ ਕਰਤਾਰ ਸਿੰਘ ਚੀਮਾ ਤੇ ਉਨ੍ਹਾਂ ਦੇ ਛੋਟੇ ਭਰਾ ਸੁਖਪਾਲ ਸਿੰਘ ਚੀਮਾ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਤੇ ਕਰਤਾਰ ਸਿੰਘ ਚੀਮਾ ਨੇ ਸਪੈਸ਼ਲੀ ਤੌਰ ਤੇ ਨਸ਼ੇ ਦੇ ਉੱਪਰ ਬੋਲਦੇ ਕਿਹਾ ਕਿ ਮੈਂ ਕਦੇ ਵੀ ਨਸ਼ਾ ਪ੍ਰਮੋਟ ਨਹੀਂ ਕੀਤਾ। ਅੱਜ ਮੇਰੇ ਪਿਤਾ ਦੀ ਮੌਤ ਇੱਕ ਨਸ਼ੇੜੀ ਇਨਸਾਨ ਕਾਰਨ ਹੋਈ, ਜਿਸ ਨੂੰ ਕਿ ਮੈਂ ਜ਼ਿੰਦਗੀ ਭਰ ਨਹੀਂ ਭੁੱਲਾਂਗਾ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਗੁਹਾਰ ਲਗਾਈ ਹੈ ਕਿ ਇਸ ਦੇ ਉੱਪਰ ਕਾਬੂ ਪਾਇਆ ਜਾਵੇ ਤਾਂ ਕਿ ਅਜਿਹੇ ਹਾਦਸੇ ਨਾ ਹੋਣ ਅਤੇ ਆਪਣੇ ਪਿਤਾ ਦੀ ਹੋਈ ਬੇਵਕਤੀ ਮੌਤ ਉੱਪਰ ਅੰਤਿਮ ਅਰਦਾਸ ਤੇ ਪਹੁੰਚੇ ਸਾਰੇ ਹੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮੂੰਗੀ ਦੀ ਫਸਲ ਵਾਹੁਣ ਤੇ ਫਾਇਰਿੰਗ ਦੇ ਮਾਮਲੇ 'ਚ 28 ਖ਼ਿਲਾਫ ਕੇਸ ਦਰਜ


**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਦੁਲਚੀ ਕੇ ਵਿਖੇ ਮੂੰਗੀ ਦੀ ਫਸਲ ਵਾਹੁਣ ਤੇ ਫਾਇਰਿੰਗ ਕਰਨ ਦੇ ਦੋਸ਼ਾਂ ਅਧੀਨ 28 ਵਿਅਕਤੀਆਂ ਖ਼ਿਲਾਫ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਮਲਕੀਤ ਸਿੰਘ ਪੁੱਤਰ ਵਿਰਸਾ ਸਿੰਘ ਨਿਵਾਸੀ ਪਿੰਡ ਕਮਾਲੇ ਵਾਲਾ ਨੇ ਦੱਸਿਆ ਕਿ ਉਸ ਨੇ ਪਿੰਡ ਦੁਲਚੀ ਕੇ ਵਿੱਚ 9 ਏਕੜ ਮੂੰਗੀ ਤੇ 3 ਏਕੜ ਮੱਕੀ ਦੀ ਕਾਸ਼ਤ ਕੀਤੀ ਹੋਈ ਸੀ। 14 ਮਈ ਨੂੰ ਦੁਪਹਿਰ 2 ਵਜੇ ਦੇ ਕਰੀਬ ਮਨਦੀਪ ਸਿੰਘ, ਉਸ ਦਾ ਸਹੁਰਾ, ਸਾਲਾ ਤੇ ਹੋਰ 20-25 ਅਣਪਛਾਤੇ ਵਿਅਕਤੀ ਵਾਹਨਾਂ 'ਤੇ ਸਵਾਰ ਹੋ ਕੇ ਆਏ ਤੇ ਹਥਿਆਰਾਂ ਨਾਲ ਲੈਸ ਹੋ ਕੇ ਉਸ ਦੀ ਜ਼ਮੀਨ 'ਚ ਟਰੈਕਟਰ ਰਾਹੀਂ ਫਸਲ ਵਾਹੁਣ ਦੀ ਕੋਸ਼ਿਸ਼ ਕੀਤੀ। ਮਲਕੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੇ 4 ਕਨਾਲ ਮੂੰਗੀ ਦੀ ਫਸਲ ਨੂੰ ਨੁਕਸਾਨ ਪੁਚਾਇਆ ਤੇ ਉਸ ਵੱਲ ਫਾਇਰ ਵੀ ਕੀਤੇ। ਇਸ ਦੌਰਾਨ ਦੋ ਗੱਟੇ ਯੂਰੀਆ, ਇਕ ਕਹੀ, ਕੀੜੇਮਾਰ ਦਵਾਈ ਤੇ ਸਪਰੇਅ ਪੰਪ ਵੀ ਲੈ ਗਏ, ਜਿਸ ਦੀ ਕੁੱਲ ਕੀਮਤ ਲਗਭਗ 11,000 ਦੱਸੀ ਗਈ ਹੈ। ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਮਲਕੀਤ ਸਿੰਘ ਦੇ ਬਿਆਨਾਂ 'ਤੇ ਮਨਦੀਪ ਸਿੰਘ ਤੇ ਹੋਰ 27 ਵਿਅਕਤੀਆਂ ਖ਼ਿਲਾਫ ਬੀਐੱਨਐੱਸ ਦੀਆਂ ਧਾਰਾਵਾਂ 329 (3), 324, 351(2), 303(2), 125, 62, 191(3), 190 ਤੇ ਆਰਮਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਸਰਕਾਰੀ ਸਕੂਲ ਦੀ ਮਹਿਕਪ੍ਰੀਤ ਕੌਰ ਸੰਗਰੂਰ 'ਚੋਂ ਰਹੀ ਮੋਹਰੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਕਲਾਸ ਦੇ ਐਲਾਨੇ ਨਤੀਜੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰਹੇੜੀ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਨੇ 650 ਵਿੱਚੋਂ 640 ਅੰਕ ਪ੍ਰਾਪਤ ਕਰਕੇ ਜ਼ਿਲ੍ਹਾ ਸੰਗਰੂਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ, ਜਦੋਂਕਿ ਪੰਜਾਬ 'ਚੋਂ 10ਵਾਂ ਸਥਾਨ ਹੈ।ਮੈਰਿਟ ਸੂਚੀ ਵਿੱਚ ਜ਼ਿਲ੍ਹਾ ਸੰਗਰੂਰ ਦੇ 10 ਵਿਦਿਆਰਥੀਆਂ 'ਚੋਂ 9 ਕੁੜੀਆਂ ਨੇ ਅਹਿਮ ਸਥਾਨ ਪ੍ਰਾਪਤ ਕਰਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਕੁੜੀਆਂ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਨਾਲੋਂ ਘੱਟ ਨਹੀਂ ਹਨ, ਜਦਕਿ ਗੌਬਿਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੀ ਜਸਮੀਨ ਕੌਰ ਨੇ 650 ਵਿੱਚੋਂ 629 ਅੰਕ ਪ੍ਰਾਪਤ ਕਰ ਕੇ ਪੰਜਾਬ 'ਚੋਂ 21ਵਾਂ ਸਥਾਨ ਪ੍ਰਾਪਤ ਕੀਤਾ ਹੈ।

# ਬੁਆਣੀ ਸਕੂਲ ਦੀ ਵਿਦਿਆਰਥਣ ਨੇ 15ਵਾਂ ਰੈਂਕ ਹਾਸਲ ਕੀਤਾ



**ਦੋਰਾਹਾ (ਹਰਮਿੰਦਰ ਸੇਠ)**-ਸਰਕਾਰੀ ਹਾਈ ਸਕੂਲ ਬੁਆਣੀ ਦੇ ਨਤੀਜੇ ਹਮੇਸ਼ਾ ਹੀ ਸ਼ਾਨਦਾਰ ਰਹਿੰਦੇ ਹਨ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੈਟ੍ਰਿਕ ਦੇ ਐਲਾਨੇ ਨਤੀਜਿਆਂ ਵਿੱਚ ਸਰਕਾਰੀ ਹਾਈ ਸਕੂਲ ਬੁਆਣੀ ਦੀ ਵਿਦਿਆਰਥਣ ਸ਼ੁਭਦੀਪ ਕੌਰ ਪੁੱਤਰੀ ਜਸਵੰਤ ਸਿੰਘ ਨੇ 650 ਵਿੱਚੋਂ 635 ਅੰਕ ਹਾਸਲ ਕਰਕੇ ਪੰਜਾਬ ਵਿੱਚੋਂ 15ਵੇਂ ਨੰਬਰ 'ਤੇ ਆ ਕੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਗੁਰਵਿੰਦਰ ਕੌਰ ਤੇ ਮੀਡੀਆ ਕੋਆਰਡੀਨੇਟਰ ਬਿਕਰਮਜੀਤ ਸਿੰਘ ਦੱਸਿਆ ਕਿ ਇਸ ਵਾਰ ਸਕੂਲ ਦੇ ਕੁੱਲ 49 ਵਿਦਿਆਰਥੀ ਪ੍ਰੀਖਿਆ ਵਿੱਚ ਅਪੀਅਰ ਹੋਏ ਸਨ, ਜਿਨ੍ਹਾਂ ਵਿੱਚੋਂ ਸਾਰੇ ਵਿਦਿਆਰਥੀ ਹੀ ਪਾਸ ਹੋ ਗਏ ਹਨ।ਸਾਰੇ ਹੀ ਵਿਦਿਆਰਥੀ ਅੱਵਲ ਦਰਜੇ ਵਿੱਚ ਪਾਸ ਹੋਏ ਹਨ।ਇਸ ਸਮੇਂ ਰੁਬਲਪ੍ਰੀਤ ਕੌਰ, ਮਨਪ੍ਰੀਤ ਸਿੰਘ, ਗੀਤੂ ਸ਼ਰਮਾ, ਸਤਵਿੰਦਰਪਾਲ ਸਿੰਘ, ਗੁਰਦੀਪ ਸਿੰਘ, ਜਸਕਰਨਵੀਰ ਕੌਰ ਤੇ ਦਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਬਿਜਲੀ ਦੇ ਅਣਐਲਾਨੇ ਕੱਟਾਂ ਕਾਰਨ ਲੋਕ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)- ਪਾਵਰਕਾਮ ਦੀ ਸਬ ਡਵੀਜ਼ਨ ਪੰਡੋਰੀ ਮਹੰਤਾਂ ਅਧੀਨ ਪੈਂਦੇ ਪਿੰਡਾਂ ਵਿੱਚ ਬਿਜਲੀ ਦੇ ਅਣ ਐਲਾਨੇ ਕੱਟਾ ਨਾਲ ਸੈਂਕੜੇ ਖਪਤਕਾਰ ਪ੍ਰੇਸ਼ਾਨ ਹਨ। ਇਸ ਪਾਸੇ ਉਪ ਮੰਡਲ ਅਫਸਰ ਦਾ ਬਿਲਕੁਲ ਵੀ ਧਿਆਨ ਨਾ ਹੋਣ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਸੇਵਾ ਮੁਕਤ ਨਿਰੰਜਨ ਸਿੰਘ ਅਤੇ ਉਸ ਦੇ ਬਹੁਤ ਸਾਰੇ ਸਾਥੀਆਂ ਨੇ ਦੱਸਿਆ ਕਿ ਮਾਮੂਲੀ ਜਿਹੀ ਹਨੇਰੀ ਆਦਿ ਆਉਣ 'ਤੇ ਬਿਜਲੀ ਬੰਦ ਹੋ ਜਾਂਦੀ ਹੈ ਜੋ 12-12 ਘੰਟੇ ਬੰਦ ਰਹਿਣ ਨਾਲ ਖਪਤਕਾਰਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਕਈ ਵਾਰ ਬਿਜਲੀ ਰਾਤ ਵੇਲੇ ਚਲੀ ਜਾਂਦੀ ਹੈ ਅਤੇ ਦੁਬਾਰਾ ਬਿਲਕੁਲ ਨਹੀਂ ਆਉਂਦੀ ਜਿਸ ਕਾਰਨ ਬਿਮਾਰ, ਬਜ਼ੁਰਗ ਅਤੇ ਬੱਚੇ ਕਾਫੀ ਮੁਸ਼ਕਿਲ ਨਾਲ ਆਪਣਾ ਸਮਾਂ ਬਤੀਤ ਕਰਦੇ ਹਨ। ਉਨ੍ਹਾਂ ਨੇ ਐਸ. ਆਈ. ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਬਿਜਲੀ ਦੇ ਅਣ ਐਲਾਨੇ ਕੱਟਾਂ ਨੂੰ ਬੰਦ ਕਰਕੇ ਲੋਕਾਂ ਨੂੰ ਨਿਰਵਿਘਨ ਬਿਜਲੀ ਮੁਹੱਈਆ ਕਰਵਾਈ ਜਾਵੇ।

## ਟਰੈਕਟਰਾਂ 'ਤੇ ਸਟੰਟ ਕਰਨ ਵਾਲੇ ਨੌਜਵਾਨਾਂ ਖਿਲਾਫ਼ ਕੇਸ ਦਰਜ, 2 ਟਰੈਕਟਰ ਕਬਜ਼ੇ 'ਚ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਹੁਸ਼ਿਆਰਪੁਰ ਦੇ ਨਜ਼ਦੀਕ ਬਾਬਾ ਜਵਾਹਰ ਦਾਸ ਦੇ ਤਪ ਸਥਾਨ ਸੂਸਾਂ ਵਿਖੇ ਸਾਲਾਨਾ ਜੋੜ ਮੇਲੇ ਵਿੱਚ ਮੋਟਰ ਸਾਈਕਲਾਂ ਅਤੇ ਟਰੈਕਟਰਾਂ 'ਤੇ ਖਤਰਨਾਕ ਸਟੰਟ ਕਰਨ ਵਾਲੇ ਹੁਲੜਬਾਜ 20-25 ਨੌਜਵਾਨਾਂ ਖਿਲਾਫ ਹੁਸ਼ਿਆਰਪੁਰ ਪੁਲਸ ਨੇ ਮੁਕਦਮਾ ਦਰਜ ਕਰਕੇ 2 ਟਰੈਕਟਰਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਇਨ੍ਹਾਂ ਸਟੰਟਬਾਜ ਅਤੇ ਹੁਲੜਬਾਜ਼ ਨੌਜਵਾਨਾਂ ਖਿਲਾਫ਼ ਕੀਤੀ ਗਈ ਕਾਰਵਾਈ ਸਬੰਧੀ ਹੁਸ਼ਿਆਰਪੁਰ ਪੁਲਸ ਦੇ ਐਸਪੀ (ਡੀ) ਡਾਕਟਰ ਮੁਕੇਸ਼ ਕੁਮਾਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਬੁੱਲੋਵਾਲ ਪੁਲਸ ਨੂੰ 14 ਮਈ ਨੂੰ ਇਤਲਾਹ ਮਿਲੀ ਸੀ ਕਿ ਕੁਝ ਨੌਜਵਾਨ ਖਤਰਨਾਕ ਸਟੰਟਬਾਜੀ ਕਰ ਰਹੇ ਹਨ, ਜਿਸ ਨੂੰ ਰੋਕਣ ਲਈ ਥਾਣਾ ਬੁੱਲੋਵਾਲ ਦੇ ਐਸ ਐਚ ਓ ਪੁਲਸ ਕਰਮੀਆਂ ਨੂੰ ਨਾਲ ਲੈ ਕੇ ਮੌਕੇ 'ਤੇ ਪਹੁੰਚੇ ਅਤੇ ਤੁਰੰਤ ਕਾਰਵਾਈ ਸ਼ੁਰੂ ਕੀਤੀ, ਜਿਸ ਦੌਰਾਨ ਇਹਨਾਂ ਹੁੱਲੜਬਾਜ ਨੌਜਵਾਨਾਂ ਨੇ ਪੁਲਸ ਅਧਿਕਾਰੀ ਉੱਪਰ ਟਰੈਕਟਰ ਚਾੜਨ ਦੀ ਕੋਸ਼ਿਸ਼ ਕੀਤੀ ਅਤੇ ਉਹ ਵਾਲ-ਵਾਲ ਬਚ ਗਏ। ਟਰੈਕਟਰਾਂ ਚਾਲਕਾਂ ਖਿਲਾਫ ਥਾਣਾ ਬੁੱਲੋਵਾਲ ਵਿੱਚ ਐਫ ਆਈਆਰ ਨੰਬਰ 60, 109, 132, 221 ਅਤੇ 190 ਅਧੀਨ ਕੇਸ ਦਰਜ ਕਰਕੇ ਦੋ ਟਰੈਕਟਰਾਂ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਵੀਡੀਓ ਦੀ ਤਫਤੀਸ਼ ਕਰਕੇ ਨੌਜਵਾਨ ਹੁੱਲੜਬਾਜਾਂ ਦੀ ਭਾਲ ਕੀਤੀ ਜਾ ਰਹੀ ਹੈ।

## ਨਸ਼ਾ ਤਸਕਰ ਨੂੰ ਫੜਨ ਗਈ ਟੀਮ 'ਤੇ ਮੁਲਜ਼ਮਾਂ ਨੇ ਕੀਤੀ ਗੱਡੀ ਚੜ੍ਹਾਉਣ ਦੀ ਕੋਸ਼ਿਸ਼

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) -ਔੜ ਪੁਲਸ ਨੇ ਇਲਾਕੇ ਵਿੱਚ ਨਸ਼ਿਆਂ ਦੇ ਮਾਮਲੇ ਵਿਚ ਬਦਨਾਮ ਤਸਕਰ ਜੈਲੀ ਨੂੰ ਗ੍ਰਿਫਤਾਰ ਕੀਤਾ ਹੈ। ਜੈਲੀ ਨੂੰ ਗ੍ਰਿਫਤਾਰ ਕਰਨ ਪਹੁੰਚੀ ਪੁਲਸ ਟੀਮ ਨੂੰ ਬਹੁਤ ਮੁਸ਼ਕਲ ਆਈ, ਕਿਉਂਕਿ ਤਸਕਰਾਂ ਨੇ ਪੁਲਸ ਪਾਰਟੀ ਨੂੰ ਦੇਖ ਕੇ ਅੰਦਰ ਤੋਂ ਦਰਵਾਜ਼ੇ ਬੰਦ ਕਰ ਲਏ। ਇਹ ਹੀ ਨਹੀਂ ਮੁਲਜ਼ਮਾਂ ਨੇ ਪੁਲਸ 'ਤੇ ਗੱਡੀ ਚੜ੍ਹਾਉਣ ਦੀ ਵੀ ਕੋਸ਼ਿਸ਼ ਕੀਤੀ।ਐਸ ਐਸ ਓ ਨਰੇਸ਼ ਕੁਮਾਰੀ ਨੇ ਦੱਸਿਆ ਕਿ ਉਹਨਾਂ ਨੇ ਇੱਕ ਨਸ਼ਾ ਕਰਨ ਵਾਲੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਵੱਡੇ ਤਸਕਰ ਜੈਲੀ ਦਾ ਨਾਮ ਸਾਹਮਣੇ ਆਇਆ।ਇਸ ਜਾਣਕਾਰੀ ਨੂੰ ਪ੍ਰਾਪਤ ਕਰਨ ਤੋਂ ਬਾਅਦ ਪੁਲਸ ਪਿੰਡ ਦੇ ਮੋਹਰੀ ਵਿਅਕਤੀਆਂ ਨੂੰ ਮੁਲਜ਼ਮਾਂ ਦੇ ਘਰ ਲੈ ਗਏ, ਫਿਰ ਨਸ਼ਾ ਤਸਕਰਾਂ ਨੇ ਘਰ ਦੇ ਦਰਵਾਜ਼ੇ ਬੰਦ ਕਰ ਦਿੱਤੇ। ਪੁਲਸ ਦੀ ਟੀਮ ਤੋਂ ਬਚਣ ਲਈ ਜੈਲੀ ਦੇ ਪੁੱਤਰ ਨੇ ਆਪਣੀ ਕਾਰ ਪੁਲਸ ਪਾਰਟੀ 'ਤੇ ਚੜ੍ਹਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲਸ ਨੂੰ ਆਪਣੀ ਜਾਨ ਬਚਾਉਣ ਲਈ ਕਾਰ ਦੇ ਟਾਇਰਾਂ 'ਤੇ ਫਾਇਰ ਕਰਨਾ ਪਿਆ। ਪਰੰਤੂ ਜੈਲੀ ਦਾ ਮੁੰਡਾ ਗੁਰਚੜ੍ਹਤ ਆਪਣੀ ਘਰਵਾਲੀ ਸੀਮਾ ਨਾਲ ਉਥੋਂ ਭੱਜਣ ਵਿਚ ਸਫਲ ਹੋ ਗਿਆ।

ਪੁਲਸ ਦੀ ਟੀਮ ਅੰਦਰ ਪਹੁੰਚ ਗਈ ਅਤੇ ਪਸ਼ੂਆਂ ਦੇ ਚਾਰੇ ਵਿੱਚ ਛਿਪਾ ਕੇ ਰੱਖੀ 20 ਗ੍ਰਾਮ ਹੈਰੋਇਨ ਅਤੇ ਨਸ਼ੀਲਾ ਪਦਾਰਥ ਮਿਲਿਆ। ਪੁਲਸ ਨੇ ਮੁਲਜ਼ਮਾਂ 'ਤੇ ਕੇਸ ਦਰਜ ਕਰਵਾ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

## ਭਾਰਤ-ਪਾਕਿ ਵਿਚਾਲੇ ਤਣਾਅ ਅਜੇ ਵੀ ਜਾਰੀ, ਲੋਕਾਂ ਦੇ ਕੰਮਕਾਜ ਪ੍ਰਭਾਵਿਤ

ਗੁਰਦਾਸਪੁਰ (ਜਨਕ ਮਹਾਜਨ)-ਭਾਰਤ-ਪਾਕਿਸਤਾਨ ਦੇ ਹਾਲਾਤ ਖਰਾਬ ਹੋਣ ਕਰਕੇ ਲੋਕ ਅਜੇ ਵੀ ਕਾਫੀ ਚਿੰਤਤ ਹਨ ਅਤੇ ਭਾਰਤੀ ਫੌਜ ਅਜੇ ਵੀ ਬਾਰਡਰਾਂ 'ਤੇ ਤੈਨਾਤ ਹੋਣ ਕਰਕੇ ਲੋਕ ਕਈ ਤਰ੍ਹਾਂ ਦੀਆਂ ਕਿਆਸ ਅਰਾਈਆਂ ਲਗਾ ਰਹੇ ਹਨ।

ਇਸ ਸਬੰਧੀ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਭਾਵੇਂ ਸੀਜ਼ਫਾਇਰ ਚਲ ਰਿਹਾ ਪਰ ਅਜੇ ਵੀ ਲੋਕ ਪਿੰਡਾਂ ਵਿੱਚ 8 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਆਪਣੇ ਘਰਾਂ ਦੀ ਬਿਜਲੀ ਬੰਦ ਰੱਖਦੇ ਹਨ। ਲੋਕ ਅੱਜ ਵੀ ਕਹਿ ਰਹੇ ਹਨ ਕਿ ਭਾਰਤ-ਪਾਕਿਸਤਾਨ ਦੇ ਅਜੇ ਵੀ ਹਾਲਾਤ ਤਣਾਅਪੂਰਨ ਚੱਲ ਰਹੇ ਹਨ ਅਤੇ ਇਨ੍ਹਾਂ ਦੋਵਾਂ ਦੇਸ਼ਾਂ ਦਾ ਕੋਈ ਵੀ ਸਹੀ ਫੈਸਲਾ ਨਹੀਂ ਹੋ ਸਕਿਆ ਜਿਸ ਕਰਕੇ ਲੋਕ ਕਾਫੀ ਦੋਚਿੱਤੀ ਦੇ ਵਿੱਚ ਨਜ਼ਰ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਭਾਰਤ-ਪਾਕਿਸਤਾਨ ਦੀ ਲੜਾਈ ਕਾਰਨ ਲੋਕਾਂ ਨੇ ਭਾਰੀ ਮਾਤਰਾ ਵਿੱਚ ਪੈਟਰੋਲ, ਡੀਜ਼ਲ ਅਤੇ ਰਾਸ਼ਨ ਇਕੱਠਾ ਕਰ ਲਿਆ ਹੈ ਅਤੇ ਹੁਣ ਬਾਜ਼ਾਰਾਂ ਵਿੱਚ ਅਜੇ ਤੀਕ ਰੌਣਕਾਂ ਵਾਪਸ ਨਹੀਂ ਆਈਆਂ, ਸਗੋਂ ਲੋਕਾਂ ਦੇ ਕਾਰੋਬਾਰ ਕਾਫੀ ਮੰਦੀ ਦੇ ਸ਼ਿਕਾਰ ਵਿੱਚੋਂ ਲੰਘ ਰਹੇ ਹਨ।


**Baba Mehar Singh Memorial College Of Education, VPO Kalanaur Tehsil and District Gurdaspur**

invites online applications for the post of Assistant Professors in Education(09) (preferably in Pedagogy of English , Hindi,social Sciences,Punjabi, Mathematics, science, Health and Physical Education,Fine Arts, Music, Education ) on regular basis. Qualification and Grade as per UGC/NCTE/ Punjab Govt./GNDU norms. Reservation Policy will be as per Punjab Govt. rules. Candidates must submit online application within 07 days from the date of publication of advertisement. Candidates must fill up the Score Card Performa(as per Ann-IV) available in CDC Portal on University website(www.gndu.ac.in) and submit it along with the application.

E-mail:bmsmkalanaur@rediffmail.com

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 23.12.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀ ਗੁਰਪ੍ਰੀਤ ਪੁੱਤਰ ਸ੍ਰੀ ਮੁਖਤਿਆਰ ਸਿੰਘ [illegible]

ਮਿਤੀ : 17.05.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

[illegible]

ਮਿਤੀ : 17.05.2025, ਸਥਾਨ : ਜ਼ੀਰਾ (ਜ਼ਿਲ੍ਹਾ ਫਿਰੋਜ਼ਪੁਰ) (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

[illegible]

ਮਿਤੀ : 17.05.2025, ਸਥਾਨ : ਮੋਗਾ, ਪੰਜਾਬ (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

[illegible]

ਮਿਤੀ : 17.05.2025, ਸਥਾਨ : ਨਕੋਦਰ (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

[illegible]

ਮਿਤੀ : 17.05.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)


## ਬਲਾਕ ਸਿੱਖਿਆ ਦਫਤਰ 'ਚ ਏ ਸੀ ਤੇ ਸੋਫਾ ਸੈੱਟ ਲਈ ਨਗਦ ਰਾਸ਼ੀ ਭੇਟ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਬਲਾਕ ਸਿੱਖਿਆ ਦਫਤਰ ਨੂਰਮਹਿਲ ਵਿੱਚ ਕੰਮ ਲਈ ਆਉਂਦੇ ਅਧਿਆਪਕਾਂ ਅਤੇ ਆਮ ਲੋਕਾਂ ਦੀ ਸਹੂਲਤ ਲਈ ਏਸੀ ਅਤੇ ਸੋਫਾ ਸੈੱਟ ਲੈਣ ਵਾਸਤੇ ਸਮਾਜ ਸੇਵੀ ਕੰਮਾਂ ਵਿੱਚ ਹਮੇਸ਼ਾ ਅੱਗੇ ਰਹਿੰਦੇ ਮੈਡਮ ਜਸਵੀਰ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਚੂਹੇਕੀ ਵੱਲੋਂ 30 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਭੇਟ ਕੀਤੀ ਗਈ।ਇਸ ਮੌਕੇ ਹਾਜ਼ਰ ਬਲਾਕ ਸਿੱਖਿਆ ਅਧਿਕਾਰੀ ਚਮਨ ਲਾਲ, ਨਰੇਸ਼ ਕੁਮਾਰ, ਅਨੁਰਾਗ ਸੰਧੀਰ, ਸੀ ਐਚ ਟੀ ਸਿਮਰਨਦੀਪ ਸਿੰਘ, ਬਲਵਿੰਦਰ ਕੁਮਾਰ ਬੀ ਐਮ ਟੀ, ਰਿਪੂ ਦਮਨ, ਟਵਿੰਕਲ ਅਤੇ ਨੀਤੂ ਮੈਡਮ ਆਦਿ ਵੱਲੋਂ ਮੈਡਮ ਜਸਵੀਰ ਕੌਰ ਦੇ ਇਸ ਉੱਦਮ ਦੀ ਸਰਾਹਨਾ ਕੀਤੀ ਗਈ।ਹਾਜ਼ਰ ਸਟਾਫ ਮੈਂਬਰਾਂ ਵੱਲੋਂ ਮੈਡਮ ਜਸਵੀਰ ਕੌਰ ਨੂੰ ਸਨਮਾਨਿਤ ਵੀ ਕੀਤਾ ਗਿਆ।


### Court Notice

(U/O 5 Rule 20 Cpc)

In The Court Of Ms. Khyati Goyal, Pcs Civil Judge (Jr. Divn),Amloh

CS/408/2024
CNR NO. PBFGA0-000566-2024
Next Date:29-05-2025

M/S Naresh Steels, Second Floor O-1, H. No. 124, Prem Nagar, Sector 5-A, Mandi Gobindgarh, Tehsil Amloh, Distt Fatehgarh Sahib Through Its Prop. Mr. Naresh Kumar Mehndiratta (Petitioners)

Versus

1. M/S Dashmesh Alloys, Amloh Road, Village Kumbh, Mandi Gobindgarh, Tehsil Amloh, Distt Fatehgarh Sahib Through Its Partner Rajesh Kumar.
2. Rajesh Kumar Partner Of M/S Dashmesh Alloys, Amloh Road, Village Kumbh, Mandi Gobindgarh, Tehsil Amloh, Distt Fatehgarh Sahib, 2nd Address: House No. 73, Sector 19-A, Gcl Club Road, Mandi Gobindgarh, Tehsil Amloh Distt. Fatehgarh Sahib (Defendants)

In The Matter Of Civil Suit M/S Naresh Steels Vs. M/S Dashmesh Alloys

Publication Issued To: 1. M/S Dashmesh Alloys, Amloh Road, Village Kumbh, Mandi Gobindgarh, Tehsil Amloh, Distt Fatehgarh Sahib Through Its Partner Rajesh Kumar.

2. Rajesh Kumar Partner Of M/S Dashmesh Alloys, Amloh Road, Village Kumbh, Mandi Gobindgarh, Tehsil Amloh, Distt Fatehgarh Sahib 2nd Address: House No. 73, Sector 19-A, Gcl Club Road, Mandi Gobindgarh, Tehsil Amloh Distt. Fatehgarh Sahib

In Above Titled Case, The Defendant(s) Could Not Be Served. It Is Ordered That Defendant(s) Should Appear In Person Or Through Counsel On 29-05-2025 At 10:00 A.m.

For Details Logon To https://highcourtchd.gov.in/?trs-district Notice & District=Fatehgarh Sahib*

Civil Judge(Jr. Divn) Amloh

Dated, This Day Of 16-05-2025

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ [illegible]

ਮਿਤੀ : 17.05.2025, ਸਥਾਨ : ਜ਼ੀਰਾ, (ਜ਼ਿਲ੍ਹਾ ਫਿਰੋਜ਼ਪੁਰ) (ਅਧਿਕਾਰਤ ਅਫਸਰ)

**AXIS BANK**
Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001. Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai- 400025. Registered Office: 'Trishul', 3rd Floor, opposite Samartheswar Temple, Law garden, Ellisbridge, Ahmadabad-380006

[illegible]

ਮਿਤੀ 15.05.2025, ਸਥਾਨ : ਲੁਧਿਆਣਾ

**AXIS BANK**
Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001. Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai- 400025. Registered Office: 'Trishul', 3rd Floor, opposite Samartheswar Temple, Law garden, Ellisbridge, Ahmadabad-380006

[illegible]

ਮਿਤੀ 18.05.2025, ਸਥਾਨ : ਫਿਰੋਜ਼ਪੁਰ


## ਢੰਡੋਲੀ ਵਿਖੇ ਸਾਲਾਨਾ ਮੇਲਾ ਕਰਵਾਇਆ



**ਬੰਗਾ (ਅਵਤਾਰ ਕਲੇਰ)** ਦਰਬਾਰ ਪੀਰ ਬਾਬਾ ਲੱਖ ਦਾਤਾ ਜੀ ਢੰਡੋਲੀ ਵਿਖੇ ਸਾਲਾਨਾ ਮੇਲਾ ਮੁੱਖ ਸੇਵਾਦਾਰ ਬਾਬਾ ਮੇਜਰ ਰਾਮ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਝੰਡੇ ਅਤੇ ਚਾਦਰ ਦੀ ਰਸਮ ਪੀਰ ਬਾਬਾ ਲੱਖ ਦਾਤਾ ਦਰਬਾਰ ਕਟਾਰੀਆ ਦੇ ਗੱਦੀ ਨਸ਼ੀਨ ਸਾਈਂ ਲਖਵੀਰ ਸ਼ਾਹ ਕਾਦਰੀ ਵਲੋਂ ਨਿਭਾਈ ਗਈ।

ਵੱਖ ਵੱਖ ਦਰਬਾਰਾਂ ਤੋਂ ਸਾਈਂ ਲਖਵੀਰ ਸ਼ਾਹ ਕਾਦਰੀ ਕਟਾਰੀਆ,ਬਾਬਾ ਬਿੱਲੇ ਸ਼ਾਹ ਸਪਰੋੜ, ਬਾਬਾ ਰਾਣਾ ਸੰਸੋਲੀ, ਬਾਬਾ ਹੈਪੀ ਜਲੰਧਰ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਜੱਸਾ ਫਤਿਹਪੁਰੀਆ, ਜਮੀਲ ਅਖ਼ਤਰ, ਬਲਵੀਰ ਰਾਗਣੀ, ਸਲਾਮਤ ਅਲੀ ਮਲੇਰਕੋਟਲਾ, ਕੌਰ ਸਿਸਟਮਜ਼, ਨਿਰਮਲਜੀਤ, ਅਰੁਣ ਰਾਣਾ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ।

ਸਾਈਂ ਲਖਵੀਰ ਸ਼ਾਹ ਕਾਦਰੀ, ਬਾਬਾ ਮੇਜਰ ਰਾਮ ਅਤੇ ਮੁੱਖ ਪ੍ਰਬੰਧਕ ਰੇਸ਼ਮ ਸਿੰਘ ਰੋਸ਼ੀ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਰਨਜੀਤ ਸਿੰਘ, ਬਲਵੀਰ ਕੰਗ, ਗੁਰਮੇਲ ਸਿੰਘ, ਸੇਵਾ ਸਿੰਘ, ਰਾਮਾਂ, ਰਾਮ ਪਾਲ ਫੌਜੀ, ਕਿਸ਼ਨ ਦਾਸ, ਰਾਮ ਲਾਲ ਬਬਲੀ ਕਟਾਰੀਆਂ, ਬਿੱਟੂ ਲੁਧਿਆਣਾ,ਮੈਂਟੂ ਲੁਧਿਆਣਾ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।


## ਕਲਾਸੀਫਾਈਡ ਇਸ਼ਤਿਹਾਰ

### Public Notice

I, Anuradha Mehta W/o Shri Sanjay Mehta R/o H.No. 404, Shardhanand Street, Jalandhar-I, Jalandhar, Punjab-144001 declare that in my all documents my name is written as Anuradha Mehta and in my service book my name is written as Anuradha. That both names Anuradha Mehta and Anuradha are of one and the same person. All concerned please note.

### ਆਮ ਸੂਚਨਾ

ਮੈਂ ਅਮਨਦੀਪ ਕੌਰ ਪਤਨੀ ਰਾਜਬੀਰ ਸਿੰਘ ਵਾਸੀ ਬਾਬਾ ਜੀਵਨ ਸਿੰਘ ਕਾਲੋਨੀ, ਕਾਲੇ ਘਨੂੰਪੁਰ, ਛੇਹਰਟਾ ਸੂਚਿਤ ਕਰਦੀ ਹਾਂ ਕਿ ਮੇਰੇ ਤਿੰਨ ਭਰਾ ਨਰਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਭੁਪਿੰਦਰ ਸਿੰਘ ਜੋ ਕਿ ਕਾਫ਼ੀ ਸਮੇਂ ਤੋਂ ਮੇਰੇ ਨਾਲੋਂ ਵੱਖ ਰਹਿੰਦੇ ਹਨ ਅਤੇ ਮੇਰਾ ਉਨ੍ਹਾਂ ਦੇ ਨਾਲ ਲੰਬੇ ਸਮੇਂ ਤੋਂ ਕੋਈ ਰਿਸ਼ਤਾ ਨਹੀ ਹੈ, ਉਪਰੋਕਤ ਤਿੰਨਾਂ ਭਰਾਵਾਂ ਅਤੇ ਉਨਾਂ ਦੀਆਂ ਪਤਨੀਆਂ ਦੇ ਨਾਲ ਮੈ ਆਪਣਾ ਰਿਸ਼ਤਾ ਪਹਿਲਾਂ ਹੀ ਖਤਮ ਕੀਤਾ ਹੋਇਆ ਹੈ। ਉਨਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫ਼ੇ ਨੁਕਸਾਨ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀ ਹੋਵੇਗਾ। ਮੇਰਾ ਉਪਰੋਕਤ ਤਿੰਨਾਂ ਨਾਲ ਕੋਈ ਸੰਬੰਧ ਨਹੀ ਹੈ ਅਤੇ ਨਾ ਹੀ ਅਗਾਂਹ ਕਦੇ ਹੋਵੇਗਾ।

ਮੈਂ, ਨੀਲਮ ਰਾਣੀ ਪੁੱਤਰੀ ਪਰਮਜੀਤ ਨਿਵਾਸੀ ਚੂਹੜਵਾਲ, ਲੱਖਣ ਕਲਾਂ, ਕਪੂਰਥਲਾ, ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣੇ ਅੱਠਵੀਂ ਜਮਾਤ ਦੇ ਸਰਟੀਫਿਕੇਟ ਵਿੱਚ ਆਪਣੇ ਨਾਮ ਦੀ ਸੋਧ ਕਰਵਾਈ ਸੀ। ਜਿਸ ਦੌਰਾਨ ਮੇਰੇ ਨਾਮ ਵਿੱਚ ਰਾਣੀ ( ਸਰਨੇਮ ) ਜੋੜਿਆ ਸੀ। ਪਰ ਗਲਤੀ ਨਾਲ ਮੇਰੇ ਸਰਟੀਫਿਕੇਟ ਵਿੱਚ ਮੇਰਾ ਨਾਮ ਨੀਲਮ ਰਾਣੀ ਉਰਫ਼ ਨੀਲਮ ਲਿਖ ਦਿੱਤਾ ਗਿਆ। ਮੈਂ ਸਾਫ ਕਰਨਾ ਚਾਹੁੰਦੀ ਹਾਂ ਕਿ ਮੇਰਾ ਸਹੀ ਅਤੇ ਇੱਕੋ ਨਾਮ ਨੀਲਮ ਰਾਣੀ ਹੈ। ਭਵਿੱਖ ਵਿੱਚ ਮੈਂ ਇੱਕੋ ਨਾਮ ਨੀਲਮ ਰਾਣੀ ਨਾਲ ਹੀ ਜਾਣੀ ਜਾਵਾਂਗੀ। ਸੰਬੰਧਿਤ ਨੋਟ ਕਰਨ।

ਮੈਂ, ਗੁਰਚਰਨ ਕੌਰ ਪਤਨੀ ਮੰਗਤ ਸਿੰਘ ਵਾਸੀ ਪਿੰਡ ਮੱਲੇਆਣਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਦਵਿੰਦਰ ਸਿੰਘ ਅਤੇ ਨੂੰਹ ਤਰਨਪ੍ਰੀਤ ਕੌਰ ਅਤੇ ਪੋਤਰੀ ਕੀਰਤਜੋਤ ਕੌਰ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਉਹ ਸਾਰੇ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਵਿੱਚ ਹਨ। ਇਸ ਲਈ ਮੈਂ ਆਪਣੇ ਦਿੱਤੀ ਹੋਈ ਉਕਤ ਬੇਦਖਲੀ ਨੂੰ ਰੱਦ ਕਰਦੀ ਹਾਂ। ਅੱਜ ਤੋਂ ਬਾਅਦ ਮੇਰੇ ਉਕਤ ਲੜਕੇ, ਨੂੰਹ ਅਤੇ ਪੋਤਰੀ ਮੇਰੀ ਕੁੱਲ ਚੱਲ-ਅਚੱਲ ਜਾਇਦਾਦ, ਘਰ-ਬਾਰ, ਸੰਪਤੀ ਅਤੇ ਨਗਦੀ ਵਿੱਚ ਬਰਾਬਰ ਦੇ ਹਿੱਸੇਦਾਰ ਹੋਣਗੇ। ਸੰਬੰਧਤ ਨੋਟ ਕਰਨ।

ਮੈਂ ਨਛੱਤਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਭਾਗਪੁਰ ਗਗੜਾ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸਿਕੰਦਰ ਸਿੰਘ ਨੂੰ 08 ਅਪ੍ਰੈਲ 2011 ਵਿੱਚ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਸਿਕੰਦਰ ਸਿੰਘ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਨੂੰ ਦਿੱਤੀ ਬੇਦਖਲੀ ਵਾਪਸ ਲੈਂਦਾ ਹਾਂ। ਸੰਬੰਧਤ ਨੋਟ ਕਰਨ।

ਮੈਂ, ਰਾਜਿੰਦਰ ਸਿੰਘ ਪੁੱਤਰ ਸੰਤ ਸਿੰਘ ਵਾਸੀ ਮਾਣੂੰਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਗੁਰਜੀਤ ਸਿੰਘ ਅਤੇ ਨੂੰਹ ਗੁਰਪਿੰਦਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ 'ਨਵਾਂ ਜ਼ਮਾਨਾ' ਅਖਬਾਰ ਰਾਹੀਂ ਮਿਤੀ 04.01.2025 ਨੂੰ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਗੁਰਜੀਤ ਸਿੰਘ ਅਤੇ ਨੂੰਹ ਗੁਰਪਿੰਦਰ ਕੌਰ ਮੇਰੇ ਕਹਿਣੇ ਵਿੱਚ ਹਨ ਅਤੇ ਹਰ ਤਰ੍ਹਾਂ ਨਾਲ ਮੇਰੇ ਨਾਲ ਸਹਿਮਤ ਹਨ। ਇਸ ਲਈ ਮੈਂ ਆਪਣੇ ਵੱਲੋਂ ਦਿੱਤੀ ਹੋਈ ਬੇਦਖਲੀ ਰੱਦ ਕਰਦਾ ਹਾਂ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਨਰੇਸ਼ ਕੁਮਾਰ ਸ਼ਰਮਾ ਪੁੱਤਰ ਓਮ ਪ੍ਰਕਾਸ਼ ਵਾਸੀ ਮਕਾਨ ਨੰ 54 ਗਲੀ ਮਸੀਤ ਵਾਲੀ ਇਸਲਾਮਾਬਾਦ ਜ਼ਿਲਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਤੇਸ਼ ਰਾਮਪਾਲ, ਨੂੰਹ ਪ੍ਰੀਤੀ ਕੁਮਾਰੀ, ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ । ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜ਼ਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ ਮਨਜੀਤ ਸਿੰਘ ਪੁੱਤਰ ਨੇਕ ਸਿੰਘ ਵਾਸੀ ਤੋਲਾਵਾਲ ਤਹਿਸੀਲ ਸੁਨਾਮ ਜਿਲਾ ਸੰਗਰੂਰ ਆਪਣੀ ਪਤਨੀ ਮਨਪ੍ਰੀਤ ਕੌਰ ਪਤਨੀ ਮਨਜੀਤ ਸਿੰਘ ਵਾਸੀ ਤੋਲਾਵਾਲ ਤਹਿਸੀਲ ਸੁਨਾਮ ਜਿਲਾ ਸੰਗਰੂਰ ਨੂੰ ਆਪਣੀ ਚਲ ਅਤੇ ਅਚਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ ਅੱਜ ਤੋਂ ਬਾਅਦ ਕੋਈ ਵੀ ਵਿਅਕਤੀ ਇਸ ਨਾਲ ਲੈਣ ਦੇਣ ਕਰਦਾ ਹੈ ਉਹ ਆਪਣਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈ ਫੌਜਾ ਸਿੰਘ ਪੁੱਤਰ ਜਾਗਰ ਸਿੰਘ ਵਾਸੀ ਬਸਤੀ ਗੋਬਿੰਦਗੜ੍ਹ, (ਗੁਰੂ ਹਰਸਹਾਏ) ਤਹਿਸੀਲ ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਲੜਕਾ ਕੁਲਵਿੰਦਰ ਸਿੰਘ ਅਤੇ ਇਸ ਦੀ ਧਰਮਪਤਨੀ ਨੇਹਾ ਰਾਣੀ ਮੇਰੇ ਕਹਿਣੇ ਤੋ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ, ਜਿਸ ਕਰਕੇ ਮੈਂ ਆਪਣੇ ਲੜਕੇ ਕੁਲਵਿੰਦਰ ਸਿੰਘ ਅਤੇ ਇਸ ਦੀ ਧਰਮਪਤਨੀ ਨੇਹਾ ਰਾਣੀ ਨੂੰ ਆਪਣੀ ਸਾਲਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਹ ਕਿ ਉਪਰੋਕਤ ਦੋਨਾਂ ਨਾਲ ਜੋ ਵੀ ਲੈਣ-ਦੇਣ ਕਰੇਗਾ, ਉਸਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਦਿਆਲ ਸਿੰਘ ਪੁੱਤਰ ਜੰਗੀਰ ਸਿੰਘ, ਵਾਸੀ ਵਾਰਡ ਨੰਬਰ 9-ਏ, ਧੂਰੀ (ਸੰਗਰੂਰ) ਆਪਣੇ ਲੜਕਿਆਂ ਪ੍ਰਿੰਸ ਕੁਮਾਰ, ਰੋਹਿਤ ਕੁਮਾਰ, ਨੂੰਹਾਂ ਹਰਵਿੰਦਰ ਕੌਰ ਉਰਫ ਕੋਮਲ ਪਤਨੀਂ ਰੋਹਿਤ ਕੁਮਾਰ, ਕਿਰਨ ਬਾਲਾ ਪਤਨੀਂ ਪ੍ਰਿੰਸ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ। (ਆਰ)

ਮੈ ਬਲਵਿੰਦਰ ਕੌਰ ਪਤਨੀ ਲੇਟ ਜੋਗਿੰਦਰ ਸਿੰਘ ਵਾਸੀ ਕਿਲਾ ਦਰਸ਼ਨ ਸਿੰਘ,ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੋਨੂੰ ਅਤੇ ਇਸਦੀ ਪਤਨੀ ਅਮਨਦੀਪ ਕੌਰ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ, ਲੈਣ ਦੇਣ ਕਰਨ ਵਾਲ਼ੇ ਖ਼ੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਸਿੰਘ ਪੁੱਤਰ ਦੌਲਤ ਸਿੰਘ ਵਾਸੀ ਪਿੰਡ ਸੂਸ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਹਿਤੇਸ਼)

### ਬੇਦਖਲੀ ਨੋਟਿਸ

ਅਸੀਂ ਤ੍ਰਿਸ਼ਲਾ ਦੇਵੀ ਪਤਨੀ ਗਿਤਕ ਬਹਿਲ ਅਤੇ ਗਿਤਕ ਬਹਿਲ ਪੁੱਤਰ ਵਿਪਨ ਬਹਿਲ, ਵਾਸੀ ਰਾਜੀਵ ਕਲੋਨੀ, ਮੁਕੇਰੀਆਂ ( ਹੁਸ਼ਿਆਰਪੁਰ) ਇਹ ਬਿਆਨ ਕਰਦੇ ਹਾਂ ਕਿ ਮੇਰੇ ਪਿਤਾ/ਸਸੁਰ ਵੇਦ ਪ੍ਰਕਾਸ਼, ਮਾਤਾ/ਸੱਸ ਪਾਰਵਤੀ ,ਭਰਾ/ਸਾਲਾ ਕਰਨ ਜੈਰਥ ,ਭਾਬੀ ਰੁਚੀ ਜੋਰਾ ਜੈਰਥ, ਭਰਾ /ਸਾਲਾ ਕਾਰਤਿਕ, ਭਾਬੀ ਯਤਨਾ ਜੈਨ ਦਾ ਆਪਸ ਵਿੱਚ ਜਾਂ ਕਿਸੇ ਦੇ ਨਾਲ ਲੜਾਈ ਝਗੜਾ ਚਲਦਾ ਹੈ ਜਾਂ ਇਹਨਾਂ ਵਿੱਚੋਂ ਕੋਈ ਵੀ ਰਿਸ਼ਤੇਦਾਰ ਗੈਰ ਕਾਨੂੰਨੀ ਕੰਮ ਕਰਦਾ ਹੈ ਤਾਂ ਇਸਦੇ ਜ਼ਿੰਮੇਵਾਰ ਉਹ ਖੁਦ ਹੋਣਗੇ। ਸਾਡਾ ਉਹਨਾਂ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਜੁਗਲ ਕਿਸ਼ੋਰ ਪੁੱਤਰ ਗੁੱਜਰ ਰਾਮ ਵਾਸੀ ਵਾਰਡ ਨੰ. 5, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਅਰੁਨ ਗੌਤਮ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਅਸ਼ਵਨੀ ਕੁਮਾਰ ਪੁੱਤਰ ਸਰਦਾਰੀ ਲਾਲ ਵਾਸੀ 631, ਅਬਾਦਪੁਰਾ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਿਤਿਕ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸੰਜੀਵ ਕੁਮਾਰ ਪੁੱਤਰ ਬਚਿੱਤਰ ਸਿੰਘ ਵਾਸੀ ਪਿੰਡ ਚੌਕੀ ਪਟਿਆੜੀ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਜਿਤ ਕੁਮਾਰ ਵਾ ਨੂੰਹ ਪੂਜਾ ਪਤਨੀ ਰਜਿਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਨੀਲਮ ਵਿਧਵਾ ਸ੍ਰੀ ਅਮਰਜੀਤ ਵਾਸੀ ਖਜੂਰੀ ਗੇਟ, ਵਾਲਮੀਕੀ ਮੁੱਹਲਾ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਾਰਸ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਅਸੀਂ ਨਰਿੰਦਰਜੀਤ ਸਿੰਘ ਪੁੱਤਰ ਸੁਰਜਨ ਸਿੰਘ ਅਤੇ ਜਸਬੀਰ ਕੌਰ ਪਤਨੀ ਨਰਿੰਦਰਜੀਤ ਸਿੰਘ ਵਾਸੀ ਪਿੰਡ ਭਵਾਨੀਪੁਰ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਨੂੰਹ ਰਮਨਦੀਪ ਕੌਰ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਾਬੀ ਦੇਵੀ ਪਤਨੀ ਰਾਮ ਚੰਦਰ ਦਾਸ ਵਾਸੀ ਮਕਾਨ ਨੰਬਰ 9ਬੀ, ਗਲੀ ਨੰਬਰ 1, ਗੁਰੂ ਰਾਮਦਾਸ ਨਗਰ, ਬਸਤੀ ਬਾਵਾ ਖੇਲ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਸ਼ੰਕਰ ਦਾਸ ਵਾ ਉਸਦੀ ਪਤਨੀ ਬਸੰਤੀ ਦੇਵੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਕਿਰਪਾਲ ਕੌਰ ਵਿਧਵਾ ਗੁਰਪਾਲ ਸਿੰਘ ਵਾਸੀ ਮਸੀਤਾਂ ਰੋਡ, ਮਾਤਾ ਗੁਰੂ ਵਾਲੀ ਗਲੀ, ਕੋਟ ਈਸੇ ਖਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਪਵਿੱਤਰ ਸਿੰਘ ਅਤੇ ਨੂੰਹ ਰਚਨਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪਵਨ ਪੁੱਤਰ ਸਾਧੂ ਰਾਮ ਵਾਸੀ ਮਕਾਨ ਨੰ. 1339, ਗਲੀ ਨੰ. 4, ਜਵਾਹਰ ਨਗਰ, ਮੋਗਾ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰੁਪੇਸ਼ ਕੁਮਾਰ ਗਰਗ ਅਤੇ ਉਸ ਦੀ ਪਤਨੀ ਦੀਪਿਕਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਸਪਾਲ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਲੋਹਕਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਜੁਗਰਾਜ ਸਿੰਘ ਅਤੇ ਉਸ ਦੀ ਪਤਨੀ ਪਰਮਜੀਤ ਕੌਰ ਤੇ ਰੁਪਿੰਦਰ ਸਿੰਘ, ਉਸ ਦੀ ਪਤਨੀ ਕੁਲਬੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਗੁਰਦੇਵ ਸਿੰਘ ਪੁੱਤਰ ਚਰਨ ਸਿੰਘ ਅਤੇ ਕੁਲਵਿੰਦਰ ਕੌਰ ਪਤਨੀ ਗੁਰਦੇਵ ਸਿੰਘ ਵਾਸੀਆਨ ਪਿੰਡ ਕੰਗਮਾਈ, ਡਾਕਖਾਨਾ ਹਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗਗਨਦੀਪ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਜਗਦੀਪ ਸਿੰਘ ਕੂੰਨਰ ਪੁੱਤਰ ਸੁਰਜੀਤ ਸਿੰਘ, ਪਿੰਡ ਸ਼ੇਖੂਪੁਰ ਕਲਾਂ (ਮਾਲੇਰਕੋਟਲਾ) ਨੇ ਆਪਣਾ ਨਾਮ ਬਦਲ ਕੇ ਜਗਦੀਪ ਸਿੰਘ ਰੱਖ ਲਿਆ ਹੈ।

ਮੈਂ ਯੁਵਰਾਜ ਪੁੱਤਰ ਸ੍ਰ: ਕਮਲ ਕੁਮਾਰ ਵਾਸੀ 8-ਏ ਸੇਵਾ ਨਗਰ, ਪੁਤਲੀਘਰ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੈਂ ਅਪਣਾ ਨਾਮ ਯੁਵਰਾਜ ਤੋਂ ਬਦਲ ਕੇ ਯੁਵਰਾਜ ਯੁਵਰਾਜ ਰੱਖ ਲਿਆ ਹੈ । ਸੰਬੰਧਤ ਨੋਟ ਕਰਨ ।

ਮੈਂ, ਧਰਮਿੰਦਰ ਪੁੱਤਰ ਰੂਪ ਸਿੰਘ ਵਾਸੀ ਮਕਾਨ ਨੰ. ਐੱਫ-22, ਮੇਨ ਬਜ਼ਾਰ, ਨਜ਼ਦੀਕ ਰਵੀਦਾਸ ਮੰਦਰ, ਮੁਸਤਫਾਬਾਦ, ਅੰਮ੍ਰਿਤਸਰ ਨੇ ਆਪਣਾ ਨਾਂਅ ਧਰਮਿੰਦਰ ਤੋਂ ਬਦਲ ਕੇ ਧਰਮਿੰਦਰ ਸਿੰਘ ਰੱਖ ਲਿਆ ਹੈ। ਧਰਮਿੰਦਰ ਅਤੇ ਧਰਮਿੰਦਰ ਸਿੰਘ ਦੋਵੇਂ ਨਾਂਅ ਮੇਰੇ ਹਨ ਅਤੇ ਮੈਨੂੰ ਮੇਰੇ ਦੋਵੇਂ ਨਾਵਾਂ ਤੋਂ ਜਾਣਿਆ ਜਾਵੇ।


## ਸੁਨੇਹਾ ਸ਼ਰਮਾ ਨੇ 10ਵੀਂ 'ਚ ਮੈਰਿਟ ਹਾਸਲ ਕਰਕੇ ਆਈ ਟੀ ਸਕੂਲ ਭਗਵਾਨਪੁਰਾ ਦਾ ਨਾਂਅ ਰੁਸ਼ਨਾਇਆ



ਵਲਟੋਹਾ (ਰਣਜੀਤ ਸਿੰਘ ਵਲਟੋਹਾ)- ਭਗਵਾਨਪੁਰਾ (ਜ਼ਿਲਾ ਤਰਨ ਤਾਰਨ) ਆਈ. ਟੀ. ਸੀਨੀਅਰ ਸੈਕੰਡਰੀ ਸਕੂਲ, ਭਗਵਾਨਪੁਰਾ ਦੀ ਵਿਦਿਆਰਥਣ ਸੁਨੇਹਾ ਸ਼ਰਮਾ, ਪੁੱਤਰੀ ਸਰਵਣ ਕੁਮਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ ਦੀ ਪ੍ਰੀਖਿਆ ਵਿੱਚ 97% ਨੰਬਰ ਲੈ ਕੇ ਮੈਰਿਟ ਵਿੱਚ ਥਾਂ ਪ੍ਰਾਪਤ ਕੀਤੀ ।

ਸਕੂਲ ਦੇ ਪ੍ਰਿੰ. ਰਣਜੀਤ ਕੌਰ ਨੇ ਕਿਹਾ ਕਿ ਸੁਨੇਹਾ ਦੀ ਇਹ ਸਫਲਤਾ ਉਸ ਦੀ ਮਿਹਨਤ, ਸਮਰਪਣ ਅਤੇ ਅਧਿਆਪਕਾਂ ਦੀ ਸਹੀ ਰਹਿਨੁਮਾਈ ਦਾ ਨਤੀਜਾ ਹੈ।ਉਹ ਹਮੇਸ਼ਾ ਤੋਂ ਮਿਹਨਤੀ ਅਤੇ ਮਨ ਲਾ ਕੇ ਪੜ੍ਹਨ ਵਾਲੀ ਵਿਦਿਆਰਥਣ ਰਹੀ ਹੈ।ਮਾਪਿਆਂ ਨੂੰ ਧੀ ਦੀ ਕਾਮਯਾਬੀ 'ਤੇ ਮਾਣ ਹੈ। ਸਕੂਲ ਦੇ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਸੁਨੇਹਾ ਸ਼ਰਮਾ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਸ ਲੜਕੀ ਨੇ ਮੈਰਿਟ ਵਿਚ ਥਾਂ ਹਾਸਲ ਕਰਕੇ ਸਾਡਾ, ਮਾਤਾ-ਪਿਤਾ ਅਤੇ ਪੂਰੇ ਜ਼ਿਲ੍ਹੇ ਦਾ ਨਾਮ ਚਮਕਾਇਆ ਹੈ।ਉਮੀਦ ਕਰਦਾ ਹਾਂ ਕਿ ਉਹ ਅੱਗੇ ਵੀ ਇੰਝ ਹੀ ਉੱਚੀਆਂ ਉਡਾਣਾਂ ਭਰਦੀ ਰਹੇਗੀ।ਸਕੂਲ ਦੇ ਚੇਅਰਮੈਨ ਨੇ ਕਿਹਾ ਕਿ ਜਦੋਂ ਸਿੱਖਿਆ ਵਿਭਾਗ, ਸਕੂਲ ਪ੍ਰਬੰਧਨ, ਅਧਿਆਪਕ ਅਤੇ ਮਾਪੇ ਇਕਜੁੱਟ ਹੋਣ ਤਾਂ ਵਿਦਿਆਰਥੀਆਂ ਦੇ ਸੁਪਨੇ ਜ਼ਰੂਰ ਹਕੀਕਤ ਬਣਦੇ ਹਨ।ਤਰਨ ਤਾਰਨ ਜ਼ਿਲੇ ਦੀ ਪੂਰੀ ਸਿੱਖਿਆ ਟੀਮ ਨੂੰ ਮੇਰੇ ਵੱਲੋਂ ਦਿਲੋਂ ਵਧਾਈਆਂ।

## 23 ਨੂੰ ਹੈੱਡ ਆਫਿਸ ਪਟਿਆਲਾ ਵਿਖੇ ਦਿੱਤਾ ਜਾਵੇਗਾ ਵਿਸ਼ਾਲ ਧਰਨਾ: ਸੰਜੀਵ ਸੈਣੀ

ਗੁਰਦਾਸਪੁਰ (ਜਨਕ ਮਹਾਜਨ)- ਟੈਕਨੀਕਲ ਸਰਵਿਸ ਯੂਨੀਅਨ ਸਰਕਲ ਗੁਰਦਾਸਪੁਰ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਸੰਜੀਵ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਮੁਲਾਜ਼ਮਾਂ ਨੂੰ ਆ ਰਹੀਆਂ ਮੁਸ਼ਕਿਲਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਟੀਐੱਸਯੂ ਸੂਬਾ ਐਡਹਾਕ ਕਮੇਟੀ ਵੱਲੋਂ ਮੈਨੇਜਮੈਂਟ ਨੂੰ ਮੰਗ ਪੱਤਰ ਦਿੱਤਾ ਗਿਆ ਹੈ ਜਿਸ ਵਿੱਚ ਬਹੁਤ ਸਾਰੀਆਂ ਹੱਕੀ ਤੇ ਜਾਇਜ਼ ਮੰਗਾਂ 'ਤੇ ਪਾਵਰਕਾਮ ਦੀ ਮੈਨੇਜਮੈਂਟ ਨੇ ਗੌਰ ਨਹੀਂ ਕੀਤੀ ਤਾਂ 23 ਮਈ ਨੂੰ ਹੈੱਡ ਆਫਿਸ ਪਟਿਆਲਾ ਵਿਖੇ ਵਿਸ਼ੇਸ਼ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੰਗਾਂ ਪ੍ਰਵਾਨ ਨਹੀਂ ਹੋਈਆਂ ਤਾਂ ਉਨ੍ਹਾਂ ਦੇ ਨਿਕਲਣ ਵਾਲੇ ਸਿੱਟਿਆਂ ਦੀ ਸਾਰੀ ਜ਼ਿੰਮੇਵਾਰੀ ਪਟਿਆਲਾ ਦੇ ਮੁੱਖ ਦਫਤਰ, ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੀਟਿੰਗ ਵਿੱਚ ਹਰਦਿਆਲ ਸਿੰਘ ਬਿਜਲੀਵਾਲਾ, ਸੰਜੀਵ ਸ਼ਰਮਾ ਵਿੱਤ ਸਕੱਤਰ, ਇੰਜੀਨੀਅਰ ਰਣਜੀਤ ਸਿੰਘ, ਗੁਰਪਾਲ ਸਿੰਘ, ਜਗਦੀਪ ਸਿੰਘ, ਸੁਭਾਸ਼ ਚੰਦਰ ਤੋਂ ਇਲਾਵਾ ਹੋਰ ਮੁਲਾਜ਼ਮ ਹਾਜ਼ਰ ਸਨ।

## ਦਿਆਲਪੁਰਾ ਮਿਰਜ਼ਾ ਦੇ ਲੋਕਾਂ ਨੂੰ ਮਿਲੀ ਪੀਣ ਵਾਲੇ ਪਾਣੀ ਦੀ ਸਹੂਲਤ

ਬਠਿੰਡਾ (ਰਾਜੀਵ ਗੋਇਲ)-ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਮਿਰਜ਼ਾ ਵਿਖੇ ਪਿੰਡ ਦੇ ਲੋਕਾਂ ਨੂੰ ਪਾਣੀ ਦੀ ਸਹੂਲਤ ਲਈ ਨਵਾਂ ਵਾਟਰ ਵਰਕਸ ਬਣ ਕੇ ਤਿਆਰ ਅਤੇ ਪਾਈਪ ਲਾਈਨ ਦਾ ਕੰਮ ਮੁਕੰਮਲ ਹੋ ਗਿਆ।ਇਸ ਸੰਬੰਧੀ ਸਮੂਹ ਗ੍ਰਾਮ ਪੰਚਾਇਤ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਗੁਰੂਘਰ ਵਿਖੇ ਅਰਦਾਸ ਬੇਨਤੀ ਕਰਕੇ ਪਿੰਡ ਨੂੰ ਪਾਣੀ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ।ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਲੈ ਕੇ ਸਮੂਹ ਪਿੰਡ ਵਾਸੀਆਂ ਵੱਲੋਂ ਗ੍ਰਾਮ ਪੰਚਾਇਤ ਦਾ ਧੰਨਵਾਦ ਕੀਤਾ ਗਿਆ ਹੈ।ਇਸ ਮੌਕੇ ਸਮੂਹ ਗ੍ਰਾਮ ਪੰਚਾਇਤ ਦੇ ਨੁਮਾਇੰਦੇ, ਮੋਹਤਵਰ, ਮਹਿਕਮੇ ਦੇ ਅਧਿਕਾਰੀ ਅਤੇ ਪਿੰਡ ਵਾਸੀ ਹਾਜ਼ਰ ਸਨ।


### Change of Name

I, Abhishek S/o Jai Gopal R/o VPO. Lakhanpal, Distt.Jalandhar, Punjab, 144633, India, have changed my name from Abhishek to Abhishek Sharma. All Note it.

I, Parveen Kumari W/o Ajay Kumar Sharma R/o H.No.14-B Professor Colony, Tilak Nagar, Amritsar have changed my name from Parveen Kumari to Parveen Sharma

I Sonu Devi W/o Mohan Lal Resident of H No. 1954, Gali Vikram wali, I/s Katra Moti Ram, Amritsar. I have changed my name from Sonu Devi to Meghna. All concerned please note.

I, Daljit Kaur W/o Sarbjit Singh R/o 246, Ek Roop Avenue, Majitha Road, Amritsar, Punjab have changed my name after marriage from Daljit Kaur to Navpreet Kaur.

I, Cahrandeep Singh S/o Swinder Singh R/o Gali Bohar Wali, Majitha, Amritsar, Punjab-143601 have changed my name from Cahrandeep Singh to Charandeep Singh.

I, Monika Grover W/o Amit Arora R/o H.No.12, Lane No. 2, New Green Field, Majitha Road, Opp. White Enclave, Amritsar, Punjab have changed my name after marriage from Monika Grover to Monika Arora.

I, Jasleen Kaur D/o Balvir Singh R/o H.No. 482, Gali No. 3, Near Marfed Chowk, Mohalla Prem Nagar, Kapurthala have changed my name from Jasleen Kaur to Kaur Jasleen (Surname as Kaur)

I Suman Bala w/o Arun Behl r/o House No. 23 Chadha Street Near Billu Rana Mandir Hadiabad Phagwara Distt Kapurthala have changed my name from Suman Bala to Suman Behl after Marriage. (R)

I, Renu Alias Aaina Kaura W/O Darpan Kaura R/O S.C.F 3, Partap Bagh, Jalandhar, Punjab Have Changed My Name From Renu Alias Aaina Kaura To Aaina Kaura. All Concerned Please Note.

I, Hitherto known as Manjit Singh S/o Bhajan Singh R/o Vill. Rara, P.O. Salempur, Tehsil Dasuya (Hoshiarpur), Punjab-144202, have changed my name and shall hereafter be known as Singh Manjit. Please note.


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੰਜਾਬ ਦੇ ਪਾਣੀਆਂ 'ਤੇ ਪਹਿਰੇਦਾਰੀ ਰਹੇਗੀ ਜਾਰੀ : ਹਰਦੀਪ ਸਿੰਘ ਮੁੰਡੀਆਂ

**ਨੰਗਲ (ਸੁਰਜੀਤ ਸਿੰਘ)** ਹਰਦੀਪ ਸਿੰਘ ਮੁੰਡੀਆਂ ਕੈਬਨਿਟ ਮੰਤਰੀ ਮਾਲ ਮੁੜ ਵਸੇਵਾ, ਆਫਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਪੰਜਾਬ ਨੇ ਨੰਗਲ ਡੈਮ ਵਿਖੇ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਨੰਗਲ ਡੈਮ ਉੱਤੇ ਦਿਨ ਰਾਤ ਪਾਣੀ 'ਤੇ ਪਹਿਰੇਦਾਰੀ ਜਾਰੀ ਹੈ, ਰੋਜ਼ਾਨਾ ਕੈਬਨਿਟ ਮੰਤਰੀ, ਵਿਧਾਇਕ, ਜ਼ਿਲ੍ਹਾ ਪ੍ਰਧਾਨ, ਚੇਅਰਮੈਨ, ਬਲਾਕ ਪ੍ਰਧਾਨ ਅਤੇ ਪੰਜਾਬ ਦੇ ਵੱਖ ਵੱਖ ਕੋਨਿਆਂ ਤੋ ਜਾਗਰੂਕ ਨਾਗਰਿਕ ਨੰਗਲ ਡੈਮ ਤੇ ਲੱਗੇ ਧਰਨੇ ਵਿਚ ਸ਼ਾਮਿਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਕਹਿਣਾ ਹੈ ਕਿ ਪੰਜਾਬ ਕੋਲ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਪਾਣੀ ਦੀ ਇੱਕ ਬੂੰਦ ਵੀ ਫਾਲਤੂ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਇਨਸਾਨੀਅਤ ਦੇ ਨਾਤੇ ਹਰਿਆਣਾ ਨੂੰ ਉਸ ਦੇ ਨਿਰਧਾਰਤ ਕੋਟੇ ਤੋਂ ਵੱਧ 4000 ਕਿਊਸਿਕ ਪਾਣੀ ਦੇ ਰਿਹਾ ਹੈ। ਸਮੇਂ ਸਮੇਂ 'ਤੇ ਪੰਜਾਬ ਸਰਕਾਰ ਨੇ ਹਰਿਆਣਾ ਨੂੰ ਵਾਧੂ ਪਾਣੀ ਸੰਜਮ ਨਾਲ ਵਰਤਣ ਲਈ ਚੇਤੰਨ ਕੀਤਾ ਸੀ, ਪਰੰਤੂ ਹਰਿਆਣਾ ਨੇ ਉਸ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਨਹਿਰੀ ਪਾਣੀ ਸਿੰਚਾਈ ਲਈ ਨਹੀ ਵਰਤਿਆ ਕਿਉਕਿ ਪਿਛਲੀਆਂ ਸਰਕਾਰਾਂ ਨੇ ਨਹਿਰੀ ਪਾਣੀ ਨੂੰ ਸਿੰਚਾਈ ਲਈ ਵਰਤਣ ਦੀ ਯੋਜਨਾ ਹੀ ਨਹੀ ਬਣਾਈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਆਪਣੀਆਂ ਜ਼ਮੀਨਾਂ ਡੈਮਾਂ, ਦਰਿਆਵਾ, ਨਹਿਰਾਂ ਲਈ ਦਿੰਦੇ ਰਹੇ ਹਨ ਉਨ੍ਹਾਂ ਦੀਆਂ ਜ਼ਮੀਨਾ ਵਿਚੋਂ ਨਹਿਰਾਂ



ਲੰਘਦੀਆਂ ਹਨ ਪ੍ਰੰਤੂ ਉਨ੍ਹਾਂ ਕੋਲ ਖੇਤਾਂ ਲਈ ਨਹਿਰੀ ਪਾਣੀ ਨਹੀਂ ਹੈ।ਵਿਧਾਇਕ ਅਮਨਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਲਈ ਝੋਨਾ ਲਗਾ ਕੇ ਆਪਣਾ ਪਾਣੀ ਖਤਮ ਕੀਤਾ ਅਤੇ ਜਮੀਨਾਂ ਖਰਾਬ ਕੀਤੀਆਂ ਜਦੋ ਕਿ ਹੋਰ ਸੂਬਿਆਂ ਨੇ ਫਸਲੀ ਵਿਭਿੰਨਤਾ ਅਪਨਾ ਕੇ ਚੋਖਾ ਮੁਨਾਫਾ ਕਮਾਇਆ। ਪ੍ਰਭਜੋਤ ਕੌਰ ਜ਼ਿਲ੍ਹਾ ਪ੍ਰਧਾਨ ਮੁਹਾਲੀ ਚੇਅਰਮੈਨ ਪਲੈਨਿੰਗ ਬੋਰਡ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਡੇ ਸੂਬੇ ਕੋਲ ਹੁਣ ਹੋਰ ਸੂਬਿਆਂ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ ਆਪਣੇ ਹਿੱਸੇ ਦਾ ਪਾਣੀ ਹਰਿਆਣਾ ਵਰਤ ਚੁੱਕਾ ਹੈ, ਹਰਿਆਣਾ ਨੂੰ ਮਨੁੱਖਤਾ ਦੇ ਅਧਾਰ 'ਤੇ ਸਾਡੇ ਮੁੱਖ ਮੰਤਰੀ ਪਹਿਲਾ ਹੀ 400 ਕਿਊਸਿਕ ਪਾਣੀ ਆਪਣੇ ਹਿੱਸੇ ਵਿਚੋ ਦੇ ਰਹੇ ਹਨ।ਵਿਧਾਇਕ ਗੁਰਿੰਦਰ ਸਿੰਘ ਗੈਰੀ ਅਮਲੋਹ ਨੇ ਕਿਹਾ ਕਿ ਅੱਜ ਪੰਜਾਬ ਨੂੰ ਤਰੱਕੀ ਤੇ ਖੁਸ਼ਹਾਲੀ ਵੱਲ ਲੈ ਜਾਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਯਤਨ ਕਰ ਰਹੀ ਹੈ, ਅਸੀ ਪੰਜਾਬ ਵਿਚ ਛੋਟੇ ਵੱਡੇ ਉਦਯੋਗ ਲਗਾਉਣ ਲਈ ਉਦਯੋਗਿਕ ਘਰਾਣਿਆ ਨੂੰ ਸੱਦਾ ਦੇ ਰਹੇ ਹਾਂ, ਪ੍ਰੰਤੂ ਕੇਂਦਰ ਸਾਡੇ ਸੂਬੇ ਨੂੰ ਹੋਰ ਸੂਬਿਆਂ ਦੀ ਲੜਾਈ ਵੱਲ ਲੈ ਜਾ ਰਿਹਾ ਹੈ, ਜਿਸ ਦਾ ਉਦਯੋਗਿਕ ਇਕਾਈਆਂ ਲਗਾਉਣ ਦੇ ਚਾਹਵਾਨਾਂ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਡੈਮ ਪੰਜਾਬ ਦੀ ਜ਼ਮੀਨ 'ਤੇ ਬਣਿਆ ਹੈ, ਬੀਬੀਐਮਬੀ ਨੇ ਸਾਡੀ ਸੈਂਕੜੇ ਏਕੜ ਜ਼ਮੀਨ 'ਤੇ ਨਜਾਇਜ਼ ਕਬਜਾ ਕੀਤਾ ਹੋਇਆ ਹੈ, ਤਨਖਾਹਾਂ ਬੀਬੀਐਮਬੀ ਨੂੰ 60 ਪ੍ਰਤੀਸ਼ਤ ਪੰਜਾਬ ਸਰਕਾਰ ਦੇ ਰਹੀ ਹੈ, ਜਦੋਂ ਕਿ ਬੀਬੀਐਮਬੀ ਪੰਜਾਬ ਦੇ ਵਿਰੁੱਧ ਡਟ ਕੇ ਲੜਾਈ ਲੜ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਿੱਥੇ ਕੋਲਾ, ਸੋਨਾ, ਤੇਲ, ਪੱਥਰ ਨਿੱਕਲਦਾ ਹੈ ਉਹ ਸੂਬੇ ਉਸ ਉਤਪਾਦਨ ਦੀ ਕੀਮਤ ਲੈਂਦੇ ਹਨ, ਪ੍ਰੰਤੂ ਪੰਜਾਬ ਦੇ ਪਾਣੀ 'ਤੇ ਆਪਣਾ ਨਜਾਇਜ਼ ਹੱਕ ਜਤਾਉਂਦੇ ਹਨ, ਅਸੀਂ ਹੁਣ ਹੋਰ ਸੂਬਿਆਂ ਨੂੰ ਵਾਧੂ ਪਾਣੀ ਨਹੀ ਦੇਣਾ ਸਗੋ ਆਪਣੀਆਂ ਡੈਮਾਂ, ਦਰਿਆਵਾਂ, ਨਹਿਰਾਂ ਨੇੜੇ ਦੀਆਂ ਬੰਜਰ ਜਮੀਨਾਂ ਨੂੰ ਪਾਣੀ ਦੇ ਕੇ ਖੁਸ਼ਹਾਲ ਤੇ ਆਬਾਦ ਕਰਨਾ ਹੈ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟ, ਸੁਮਿਤ ਅਗਨੀਸੈਂਡਲ, ਅਸ਼ਰਫ ਕੈਂਥ, ਕਰਨ ਸੈਣੀ, ਨਰਿੰਦਰ ਸਿੰਘ, ਮਨਜੋਤ ਸਿੰਘ, ਰਣਜੀਤ ਸਿੰਘ, ਸੰਨੀ ਕੁਮਾਰ, ਹਰਮਿੰਦਰ ਕੁਮਾਰ, ਇਮਰਾਨ ਖਾਨ, ਰਾਕੇਸ ਜੱਸੀ, ਮੁਕੇਸ਼ ਵਰਮਾ, ਮੁਨੀਸ਼ ਕੁਮਾਰ, ਹਰਦੀਪ ਬੈਂਸ, ਸੁਨੀਤਾ ਗਿੱਲ, ਪ੍ਰਦੀਪ ਸਿੰਘ, ਜਗਦੇਵ ਸਿੰਘ, ਹਰਪ੍ਰੀਤ ਸਿੰਘ, ਅਮ੍ਰਿਤਪਾਲ ਸਿੰਘ, ਹਰਪ੍ਰੀਤ ਸਿੰਘ, ਮਨਿੰਦਰ ਸਿੰਘ ਹਾਜ਼ਰ ਸਨ।

# ਬੱਚੇ ਤੇ ਪਤਨੀ ਸਮੇਤ ਧਰਨੇ 'ਤੇ ਬੈਠਿਆ ਵਿਅਕਤੀ



**ਡੇਰਾ ਬੱਸੀ (ਵਿਨੇ ਕੁਮਾਰ ਜੈਨ)** : ਤਹਿਸੀਲ 'ਚ ਇਕ ਰਜਿਸਟਰੀ ਨੂੰ ਲੈ ਕੇ ਉਦੋਂ ਹੰਗਾਮਾ ਹੋ ਗਿਆ, ਜਦੋਂ ਪਿਤਾ ਵਲੋਂ ਕਰਵਾਈ ਗਈ ਰਜਿਸਟਰੀ ਦਾ ਪੁੱਤਰ ਵਲੋਂ ਵਿਰੋਧ ਕੀਤਾ ਗਿਆ। ਰੋਸ ਵਜੋਂ ਇਹ ਵਿਅਕਤੀ ਆਪਣੇ ਛੋਟੇ ਬੱਚੇ ਤੇ ਪਤਨੀ ਸਮੇਤ ਤਹਿਸੀਲ ਕੰਪਲੈਕਸ ਵਿਖੇ ਸਬ-ਰਜਿਸਟਰਾਰ ਦੇ ਦਫ਼ਤਰ ਬਾਹਰ ਧਰਨੇ 'ਤੇ ਬੈਠ ਗਿਆ। ਇਸ ਸੰਬੰਧੀ ਲਾਲੜੂ ਦੇ ਰਹਿਣ ਵਾਲੇ ਰਵੀ ਕੁਮਾਰ ਪੁੱਤਰ ਬੀਰਬਲ ਸਿੰਘ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਸ ਦੇ ਪਿਤਾ 60 ਫ਼ੀਸਦੀ ਦਿਵਿਆਂਗ ਹਨ, ਜਿਨ੍ਹਾਂ ਦਾ ਕਾਰਡ ਵੀ ਬਣਿਆ ਹੋਇਆ ਹੈ। ਉਸ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪ੍ਰਾਪਰਟੀ ਡੀਲਰ ਨੇ ਕੁਝ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਉਸ ਦੇ ਬਿਮਾਰ ਪਿਤਾ ਨੂੰ ਗੱਲਾਂ 'ਚ ਲਗਾ ਉਨ੍ਹਾਂ ਦੀ ਲੱਖਾਂ ਰੁ. ਦੀ ਜ਼ਮੀਨ ਕਿਸੇ ਹੋਰ ਦੇ ਨਾਂਅ 'ਤੇ ਰਜਿਸਟਰੀ ਕਰਵਾ ਦਿੱਤੀ। ਇਸ ਮੌਕੇ ਉਸ ਦਾ ਛੋਟਾ ਭਰਾ ਵੀ ਉਨ੍ਹਾਂ ਦੇ ਨਾਲ ਮੌਜੂਦ ਸੀ। ਉਸ ਨੇ ਕਿਹਾ ਕਿ ਜਦੋਂ ਉਸ ਦੀ ਕਿਸੇ ਨੇ ਸੁਣਵਾਈ ਨਾ ਕੀਤੀ ਤਾਂ ਉਹ ਧਰਨੇ 'ਤੇ ਬੈਠ ਗਿਆ। ਤਹਿਸੀਲਦਾਰ ਸੁਮੀਤ ਸਿੰਘ ਢਿੱਲੋਂ ਨੇ ਕਿਹਾ ਕਿ ਰਜਿਸਟਰੀ ਨਾਇਬ ਤਹਿਸੀਲਦਾਰ ਵਲੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਕਤ ਵਿਅਕਤੀ ਨੂੰ ਲਿਖਤੀ ਸ਼ਿਕਾਇਤ ਦੇਣ ਲਈ ਆਖਿਆ ਗਿਆ ਹੈ, ਜਦ ਕਿ ਪਟਵਾਰੀ ਨੂੰ ਇੰਤਕਾਲ ਰੋਕਣ ਲਈ ਆਖ ਦਿੱਤਾ ਗਿਆ ਹੈ।

# ਪਾਣੀ ਤੇ ਸੀਵਰੇਜ ਦੀ ਸਮੱਸਿਆ ਲਈ ਲੈਂਡਲਾਈਨ ਨੰਬਰ ਜਾਰੀ



**ਫਿਲੌਰ (ਨਿਰਮਲ)**- ਵਾਟਰ ਅਤੇ ਸੀਵਰੇਜ ਬੋਰਡ ਦੇ ਐਸ.ਡੀ.ਓ ਪ੍ਰਦੀਪ ਚੁਟਾਨੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਗਰ ਕੌਂਸਲ, ਫਿਲੌਰ ਸ਼ਹਿਰ ਵਿੱਚ ਵਾਟਰ ਅਤੇ ਸੀਵਰੇਜ ਦੀਆਂ ਸੇਵਾਵਾਂ ਸੰਬੰਧਿਤ ਕਿਸੇ ਵੀ ਸ਼ਿਕਾਇਤ ਲਈ ਫਿਲੌਰ ਵਾਸੀਆਂ ਲਈ ਲੈਂਡਲਾਈਨ ਟੈਲੀਫੋਨ ਨੰਬਰ ਜਾਰੀ ਕੀਤਾ ਹੈ। ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ ਦੀਆਂ ਸੇਵਾਵਾਂ ਸੰਬੰਧਿਤ ਸ਼ਿਕਾਇਤ ਵਾਸਤੇ ਖੱਜਲ ਨਹੀਂ ਹੋਣਾ ਪਵੇਗਾ। ਕਿਸੇ ਵੀ ਪ੍ਰਕਾਰ ਦੀ ਸ਼ਿਕਾਇਤ ਲਈ ਲੈਂਡਲਾਈਨ ਟੈਲੀਫੋਨ ਨੰਬਰ 01826-222088 ਉਪਲਬਧ ਕੀਤਾ ਗਿਆ ਹੈ। ਫਿਲੌਰ ਵਾਸੀ ਇਸ ਨੰਬਰ 'ਤੇ ਫੋਨ ਕਰਕੇ ਪਾਣੀ ਅਤੇ ਸੀਵਰੇਜ ਸੰਬੰਧਿਤ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

# ਸੰਨ ਟਾਵਰ 'ਚ 5 ਦਿਨਾਂ ਦਾ ਵਿਸ਼ੇਸ਼ ਮੁਫਤ ਹੱਡੀ ਰੋਗ ਨਿਵਾਰਨ ਕੈਂਪ ਅੱਜ ਤੋਂ

**ਰੂਪਨਗਰ (ਨਜਸ)**- ਵੱਧ ਰਹੀ ਉਮਰ 'ਚ ਗਲਤ ਜੀਵਨ ਸ਼ੈਲੀ, ਸਹੀ ਖੁਰਾਕ ਦਾ ਸੇਵਨ ਨਾ ਕਰਨ ਅਤੇ ਵਿਟਾਮਿਨ ਦੀ ਕਮੀ ਕਾਰਨ ਹੱਡੀਆ ਕਮਜ਼ੋਰ ਤੇ ਸਖਤ ਹੋ ਜਾਂਦੀਆਂ ਹਨ। ਜਿਸ ਨਾਲ ਹੱਡੀਆਂ ਦੇ ਜੋੜ ਖਰਾਬ ਹੋਣ ਲਗ ਜਾਂਦੇ ਹਨ ਤੇ ਜੋੜਾਂ 'ਚ ਦਰਦ ਹੋਣ ਲਗ ਜਾਂਦਾ ਹੈ। ਅੱਜ ਦੇ ਦੌਰ 'ਚ ਸਰਵਾਈਕਲ, ਪਿੱਠ ਦਰਦ ਆਦਿ ਨਾਲ ਬਹੁਤ ਸਾਰੇ ਲੋਕੀ ਪਰੇਸ਼ਾਨ ਹਨ। ਅਸੀਂ ਆਪਣੀ ਜੀਵਨ ਸ਼ੈਲੀ 'ਚ ਸੁਧਾਰ ਲਿਆ ਕੇ ਨਿਯਮਤ ਯੋਗ ਦਾ ਅਭਿਆਸ ਕਰਕੇ ਇਨ੍ਹਾਂ ਰੋਗਾਂ ਤੋਂ ਬਹੁਤ ਹਦ ਤੱਕ ਨਿਜਾਤ ਪਾ ਸਕਦੇ ਹਨ। ਇਨ੍ਹਾਂ ਰੋਗਾਂ 'ਤੋਂ ਰਾਹਤ ਪਹੁਚਾਉਣ ਲਈ ਭਾਰਤੀਆ ਯੋਗ ਸੰਸਥਾਨ (ਰਜਿ.) ਦੀ ਜ਼ਿਲਾ ਇਕਾਈ ਰੂਪਨਗਰ ਵਲੋਂ 5 ਦਿਨਾਂ ਦਾ ਇੱਕ ਵਿਸ਼ੇਸ਼ ਮੁਫਤ ਹੱਡੀ ਰੋਗ ਨਿਵਾਰਨ ਕੈਂਪ ਸੰਨ ਟਾਵਰ ਰੂਪਨਗਰ ਵਿਖੇ 18 ਮਈ ਦਿਨ ਐਤਵਾਰ ਤੋਂ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਸਮਾਂ ਸਵੇਰੇ 5.35 ਤੋਂ 7 ਵਜੇ ਤੱਕ ਰਹੇਗਾ। ਇਹ ਜਾਣਕਾਰੀ ਸੰਸਥਾਨ ਦੀ ਜ਼ਿਲ੍ਹਾ ਪ੍ਰਧਾਨ ਕੁਸਮ ਸ਼ਰਮਾ ਅਤੇ ਜ਼ਿਲਾ ਸਕੱਤਰ ਰਾਜਿੰਦਰ ਸੈਣੀ ਨੇ ਦਿੱਤੀ। ਉਨ੍ਹਾ ਕਿਹਾ ਕਿ ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 98156-21955, 98722-20400, 95010-24651, 98767-16306, 99145-10576, 80540-78555 'ਤੇ ਸੰਪਰਕ ਕਰਕੇ ਕੀਤਾ ਜਾ ਸਕਦਾ ਹੈ।

# ਪੰਜਾਬੀਆਂ ਨੇ ਕੀਤੀਆਂ ਵੱਡੀਆਂ ਪ੍ਰਾਪਤੀਆਂ, ਨਸ਼ਿਆਂ ਵਿਰੁੱਧ ਜੰਗ ਜਿੱਤਣਾ ਔਖਾ ਨਹੀਂ : ਕੰਗ

**ਮੁਹਾਲੀ (ਗੁਰਜੀਤ ਬਿੱਲਾ)** ਸ੍ਰੀ ਅਨੰਦਪੁਰ ਸਾਹਿਬ ਸੰਸਦੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਐਮ ਪੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਪੰਜਾਬੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਜ਼ੁਲਮ ਵਿਰੁੱਧ ਲੜਾਈ ਲੜੀ ਹੈ ਤੇ ਹਰ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ, ਭਾਵੇਂ ਉਹ ਅਜ਼ਾਦੀ ਦੀ ਲੜਾਈ ਹੋਵੇ ਤੇ ਜਾਂ ਫੇਰ ਸਰਹੱਦਾਂ 'ਤੇ ਸ਼ਹਾਦਤ ਦੀ ਗੱਲ ਹੋਵੇ। ਇਹੋ ਨਹੀਂ ਅੰਨ ਭੰਡਾਰ ਵਿੱਚ ਹਿੱਸੇਦਾਰੀ ਤੇ ਖੇਡ ਦੇ ਮੈਦਾਨ ਵਿੱਚ ਵੀ ਪੰਜਾਬੀਆਂ ਦੀ ਹੀ ਝੰਡੀ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਅਕਸ ਹਿੰਦੀ ਫਿਲਮਾਂ ਨੇ ਵਿਗਾੜਿਆ ਹੈ ਤੇ ਪੰਜਾਬੀਆਂ ਨੂੰ ਐਸ਼ ਪਰਸਤੀ ਵਾਲੇ ਵਿਅਕਤੀ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ ਪਰ ਪੰਜਾਬੀ ਦੀ ਅਸਲ ਤਸਵੀਰ ਇਹ ਹੈ ਕਿ ਜੇਕਰ ਉਹ ਮਨ ਵਿੱਚ ਧਾਰ ਲੈਣ ਤਾਂ ਕੁਝ ਵੀ ਕਰ ਸਕਦੇ ਹਨ। ਸ੍ਰੀ ਕੰਗ ਨੇ ਕਿਹਾ ਕਿ ਜਿਸ ਤਰ੍ਹਾਂ ਪੰਜਾਬੀਆਂ ਨੇ ਦੇਸ਼ ਦੀ ਅਜਾਦੀ ਦੀ ਲੜਾਈ ਤੇ ਸਰਹੱਦਾਂ 'ਤੇ ਜੰਗਾਂ ਜਿੱਤੀਆਂ ਹਨ, ਠੀਕ ਉਸੇ ਤਰ੍ਹਾਂ ਪੰਜਾਬੀ ਨਸ਼ਿਆਂ ਵਿਰੁੱਧ ਜੰਗ ਵੀ ਅਸਾਨੀ ਨਾਲ ਜਿੱਤ ਲੈਣਗੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਹੋਰਨਾਂ ਨੂੰ ਜਾਗਰੂਕ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਹੁਨਰਮੰਦ ਪੰਜਾਬੀ ਨੌਜਵਾਨਾਂ ਨੂੰ ਮਰਦੀ ਹੈ ਕਿ ਉਹ ਵੱਖ-ਵੱਖ ਖੇਤਰਾਂ ਵਿੱਚ ਸਮਾਜ ਦੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ। ਕੰਗ ਗੁਰੂ ਨਾਨਕ ਸੇਵਾ ਦਲ ਵੱਲੋਂ ਚਲਾਏ ਜਾ ਰਹੇ ਪੁਲਸ ਸੁਰੱਖਿਆ ਮੈਗਜ਼ੀਨ ਦੇ ਮੁਖੀ ਬੀਬੀ ਕਰਨਜੀਤ ਕੌਰ ਤੇ ਸਹਿਯੋਗੀ ਜਰਨੈਲ ਸਿੰਘ ਨੂੰ ਨਸ਼ਿਆਂ ਵਿਰੁੱਧ ਜਾਗਰਿਤੀ ਪ੍ਰੋਗਰਾਮ ਕਰਵਾਉਣ ਲਈ ਵਧਾਈ ਦਿੱਤੀ। ਕੰਗ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨ ਮੁਹਾਲੀ ਵਿਖੇ ਪੁੱਜੇ ਸੀ। ਬੀਬੀ ਕਰਨਜੀਤ ਕੌਰ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਸਾਹਮਣੇ ਨਸ਼ਿਆਂ ਦੇ ਕੁਝ ਮਾਮਲੇ ਸਾਹਮਣੇ ਆਏ, ਜਿਸ ਵਿੱਚ ਨੌਜਵਾਨਾਂ ਦੇ ਮਾਪੇ ਖਾਸੇ ਪਰੇਸ਼ਾਨ ਨਜ਼ਰ ਆਏ ਤੇ ਇਸੇ ਦੇ ਮੱਦੇਨਜ਼ਰ ਉਨ੍ਹਾਂ ਨੇ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਆਪਣੀ ਮੈਗਜ਼ੀਨ 'ਪੁਲਸ ਸੁਰੱਖਿਆ ਮੈਗਜ਼ੀਨ' ਰਾਹੀਂ ਹਿੱਸਾ ਪਾਉਣ ਲਈ ਪ੍ਰੋਗਰਾਮ ਉਲੀਕਿਆ ਹੈ ਤਾਂ ਜੋ ਨਸ਼ਿਆਂ ਦੀ ਇਸ ਲਾਹਨਤ ਤੋਂ ਸਮਾਜ ਨੂੰ ਮੁਕਤੀ ਮਿਲੇ। ਪ੍ਰੋਗਰਾਮ ਵਿੱਚ ਸਾਬਕਾ ਸੈਸ਼ਨ ਮੈਂਬਰ ਡਾਕਟਰ ਮੁਕੇਸ਼ ਸਾਹੂ ਮਹੇਸ਼ਵਰੀ, ਐਜੂਕੇਸ਼ਨਿਸਟ ਸੁੰਦਰ ਲਾਲ ਅੱਗਰਵਾਲ, ਮਹੰਤ ਦੇਵਯਾਨੀ ਨੰਦਗਿਰੀ ਤੇ ਮੁਹਾਲੀ ਦੇ ਡੀਐਸਪੀ ਹਰਸਿਮਰਨ ਸਿੰਘ ਬੱਲ ਮੌਜੂਦ ਰਹੇ। ਇਸ ਮੌਕੇ ਰਤਨ ਪ੍ਰੋਫਾਸ਼ਨਲ ਕਾਲਜ ਦੀਆਂ ਵਿਦਿਆਰਥਣਾਂ ਨੇ ਰੰਗਾਰੰਗ ਪ੍ਰੋਗਰਾਮ ਤੇ ਨਸ਼ਿਆਂ ਵਿਰੁੱਧ ਜਾਗਰੂਕ ਕਰਦਾ ਇੱਕ ਨਾਟਕ ਵੀ ਖੇਡਿਆ।



# ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਰਿਹਾ ਸ਼ਨਦਾਰ



**ਲੋਹੀਆਂ ਖਾਸ (ਯੋਗੇਸ਼ਵਰ)** : ਸੰਤ ਬਾਬਾ ਨਾਹਰ ਸਿੰਘ (ਸੁਨੇਹਰਾ ਵਾਲੇ) ਅਤੇ ਸੰਤ ਬਾਬਾ ਕਪੂਰ ਸਿੰਘ ਦੀ ਕਿਰਪਾ ਨਾਲ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਡਿਪਟੀ ਡਾਇਰੈਕਟਰ/ਪ੍ਰਿੰਸੀਪਲ ਸ੍ਰੀਮਤੀ ਸਰਗਮ ਥਿੰਦ ਨੇ ਦੱਸਿਆ ਕਿ ਰਾਜਬੀਰ ਕੌਰ ਨੇ 90% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਸੰਦੀਪ ਕੌਰ ਨੇ 88% ਅੰਕ ਲੈ ਕੇ ਦੂਜਾ ਅਤੇ ਦਿਲਪ੍ਰੀਤ ਕੌਰ ਨੇ 84% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਪੂਰੀ ਦਸਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ।ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੱਦਾਮ ਖਾਨ, ਸ੍ਰੀਮਤੀ ਸਰਗਮ ਥਿੰਦ ਅਤੇ ਵਾਈਸ ਪ੍ਰਿੰਸੀਪਲ ਊਸ਼ਾ ਗੁਪਤਾ ਨੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਇਸਦੇ ਨਾਲ ਹੀ ਉਨ੍ਹਾਂ ਦੇ ਅਧਿਆਪਕਾਂ ਰਮਨਪ੍ਰੀਤ ਕੌਰ, ਰਮਨ ਸਰੋਆ, ਜਸਵਿੰਦਰ ਸਿੰਘ, ਵਿਕਰਮਜੀਤ ਅਤੇ ਸੰਦੀਪ ਨੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਐਨ ਐੱਫ ਆਈ ਡਬਲਿਊ ਦਾ 71ਵਾਂ ਸਥਾਪਨਾ ਦਿਵਸ 4 ਨੂੰ : ਨਰਿੰਦਰ ਸੋਹਲ/ਰਜਿੰਦਰਪਾਲ

**ਲੁਧਿਆਣਾ (ਨਜਸ)**- ਪੰਜਾਬ ਇਸਤਰੀ ਸਭਾ ਦੇ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਅਤੇ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਇੱਥੇ ਜਾਰੀ ਬਿਆਨ ਵਿੱਚ ਜਾਣਕਾਰੀ ਦਿੱਤੀ ਕਿ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦਾ 71ਵਾਂ ਸਥਾਪਨਾ ਦਿਵਸ ਚਾਰ ਜੂਨ ਨੂੰ ਈਸੜੂ ਭਵਨ ਲੁਧਿਆਣਾ ਵਿਖੇ ਮਨਾਇਆ ਜਾਵੇਗਾ।ਇਸ ਮੌਕੇ ਪੰਜਾਬ ਇਸਤਰੀ ਸਭਾ ਦੀ ਸੂਬਾ ਚੇਅਰਮੈਨ ਕੁਸ਼ਲ ਭੌਰਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।ਇਸ ਤੋਂ ਬਾਅਦ 71 ਸਾਲਾਂ ਦਾ ਲੇਖਾ ਜੋਖਾ ਕੀਤਾ ਜਾਵੇਗਾ ਕਿ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਅਤੇ ਪੰਜਾਬ ਇਸਤਰੀ ਸਭਾ ਨੇ ਔਰਤਾਂ ਦੇ ਹੱਕਾਂ ਲਈ ਕਿਹੜੀਆਂ ਕਿਹੜੀਆਂ ਪ੍ਰਾਪਤੀਆਂ ਕੀਤੀਆਂ ਹਨ।ਕਿਹੜੀਆਂ ਲੜਾਈਆਂ ਲੜੀਆਂ ਅਤੇ ਕਿਹੜੀਆਂ ਜਿੱਤਾਂ ਪ੍ਰਾਪਤ ਕੀਤੀਆਂ। ਇਸ ਤੋਂ ਇਲਾਵਾ ਸਮਾਜ ਦੇ ਮੌਜੂਦਾ ਮਾਹੌਲ ਵਿੱਚ ਪਨਪ ਰਹੀਆਂ ਸਮੱਸਿਆਵਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਵੱਖ-ਵੱਖ ਜ਼ਿਲਿਆਂ ਤੋਂ ਜ਼ਿਲ੍ਹਾ ਆਗੂਆਂ ਦੀ ਅਗਵਾਈ 'ਚ ਸਭ ਈਸੜੂ ਭਵਨ ਪਹੁੰਚ ਕੇ ਰੌਣਕ ਵਿੱਚ ਵਾਧਾ ਕਰਨਗੇ।ਅੰਮ੍ਰਿਤਸਰ ਦਾ ਜੱਥਾ ਡੈਡ ਪ੍ਰਵੀਨ, ਬਠਿੰਡੇ ਤੋਂ ਅੰਮ੍ਰਿਤ ਜੋਗਾ ਤੇ ਗੁਰਬਖਸ਼ ਕੌਰ, ਫਾਜ਼ਿਲਕਾ ਤੋਂ ਜਸਵਿੰਦਰ ਕੌਰ ਤੇ ਸੁਮਿਤਰਾ, ਤਰਨਤਾਰਨ ਤੋਂ ਰੁਪਿੰਦਰ ਮਾਣੋਚਾਹਲ, ਸੀਮਾ ਸੋਹਲ ਤੇ ਕਿਰਨਬੀਰ ਕੌਰ, ਮੁਕਤਸਰ ਤੋਂ ਸੁਦੇਸ਼ ਅਤੇ ਪ੍ਰੇਮਲਤਾ, ਫਿਰੋਜ਼ਪੁਰ ਤੋਂ ਨਸੀਬ ਕੌਰ ਅਤੇ ਤ੍ਰਿਪਤਾ ਕਾਲੀਆ, ਫਰੀਦਕੋਟ ਤੋਂ ਮਨਜੀਤ ਕੌਰ ਅਤੇ ਆਸ਼ਾ ਰਾਣੀ, ਲੁਧਿਆਣੇ ਤੋਂ ਗੁਰਚਰਨ ਕੌਰ ਕੋਚਰ ਤੇ ਕੁਲਵੰਤ ਕੌਰ, ਜਲੰਧਰ ਤੋਂ ਸੰਤੋਸ਼ ਬਰਾੜ, ਪਟਿਆਲਾ ਤੋਂ ਬਲਜੀਤ ਕੌਰ ਗਦਾਈਆ, ਸੰਗਰੂਰ ਤੋਂ ਸੁਰਿੰਦਰ ਕੌਰ ਤੇ ਬਿੰਦਰ ਕੌਰ, ਨਵਾਂਸ਼ਹਿਰ ਤੋਂ ਗੁਰਬਖਸ਼ ਕੌਰ, ਰੋਪੜ ਤੋਂ ਰਜਨੀ, ਮੋਹਾਲੀ ਤੋਂ ਸੁਰਜੀਤ ਕੌਰ, ਮੋਗਾ ਤੋਂ ਸਰਬਜੀਤ ਕੌਰ ਖੋਸਾ ਜਥਿਆਂ ਦੀ ਅਗਵਾਈ ਕਰਨਗੀ।ਹਰਜੀਤ ਢਡੀਆਂ ਨੌਜਵਾਨ ਲੜਕੀਆਂ ਦਾ ਜਥਾ ਲੈ ਕੇ ਪਹੁੰਚਣਗੇ।

# ਦੋ ਆਈ ਏ ਐੱਸ ਅਧਿਕਾਰੀਆਂ ਨੂੰ ਸੌਂਪਿਆ ਵਾਧੂ ਕਾਰਜਭਾਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਤੁਰੰਤ ਪ੍ਰਭਾਵ ਨਾਲ ਵਿਜੀਲੈਂਸ ਵਿਭਾਗ, ਨਿਗਰਾਨੀ ਅਤੇ ਤਾਲਮੇਲ ਦੀ ਵਿਸ਼ੇਸ਼ ਸਕੱਤਰ ਡਾ. ਪ੍ਰਿਯੰਕਾ ਸੋਨੀ ਨੂੰ ਨਵੀਨ ਅਤੇ ਨਵੀਕਰਣੀ ਉਰਜਾ ਵਿਭਾਗ ਦੇ ਨਿਦੇਸ਼ਕ ਅਤੇ ਵਿਸ਼ੇਸ਼ ਸਕੱਤਰ ਦਾ ਵੱਧ ਕਾਰਜਭਾਰ ਸੌਂਪਿਆ ਹੈ। ਇਸ ਤਰ੍ਹਾਂ ਹੀ ਜ਼ਿਲ੍ਹਾ ਨਗਰ ਕਮਿਸ਼ਨਰ, ਯਮੁਨਾਨਗਰ ਅਖਿਲ ਪਿਲਾਨੀਨੂੰ ਨਗਰ ਨਿਗਮ, ਯਮੁਨਾਨਗਰ ਦੇ ਕਮਿਸ਼ਨਰ ਦਾ ਵਾਧੂ ਕਾਰਜਭਾਰ ਦਿੱਤਾ ਗਿਆ ਹੈ।

# ਸੂਬੇ ਦੀਆਂ ਅਨਾਜ ਮੰਡੀਆਂ 'ਚ ਪਹੁੰਚੀ ਕਣਕ ਦੀ 100 ਫੀਸਦੀ ਖ਼ਰੀਦ ਕੀਤੀ : ਲਾਲ ਚੰਦ ਕਟਾਰੂ ਚੱਕ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਕਿਸਾਨਾਂ ਵੱਲੋਂ ਸਖ਼ਤ ਮਿਹਨਤ ਨਾਲ ਪੈਦਾ ਕੀਤੇ ਗਏ ਅਨਾਜ ਦੇ ਕੱਲੇ-ਕੱਲੇ ਦਾਣੇ ਦੀ ਖਰੀਦ ਕਰਨ ਦੇ ਆਪਣੇ ਵਾਅਦੇ 'ਤੇ ਖ਼ਰੇ ਉਤਰਦਿਆਂ ਪੰਜਾਬ ਸਰਕਾਰ ਨੇ ਸੂਬੇ ਦੀਆਂ ਮੰਡੀਆਂ ਵਿੱਚ ਪਹੁੰਚੀ ਕਣਕ ਦੀ 100 ਫੀਸਦੀ ਖਰੀਦ ਕੀਤੀ ਹੈ।ਇੱਥੇ ਅਨਾਜ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸੂਬਾ ਸਰਕਾਰ ਨੇ 15 ਮਈ ਨੂੰ ਖਰੀਦ ਸੀਜ਼ਨ ਦੇ ਖ਼ਤਮ ਹੋਣ ਤੱਕ ਮੰਡੀਆਂ ਵਿੱਚ ਪਹੁੰਚੀ ਸਾਰੀ 130.03 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਮੁਕੰਮਲ ਕਰ ਲਈ ਹੈ। ਮੰਤਰੀ ਨੇ ਵਿਭਾਗੀ ਅਧਿਕਾਰੀਆਂ ਅਤੇ ਹੋਰ ਸਟਾਫ਼ ਨੂੰ ਆਪਸੀ ਤਾਲਮੇਲ ਨਾਲ ਕੀਤੇ ਯਤਨਾਂ ਲਈ ਵਧਾਈ ਦਿੱਤੀ।ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 119.24 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ, ਜਦੋਂ ਕਿ ਵਪਾਰੀਆਂ ਨੇ 10.80 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ । ਇਸ ਤੋਂ ਇਲਾਵਾ, 7 ਲੱਖ ਤੋਂ ਵੱਧ ਕਿਸਾਨਾਂ ਦੇ ਖਾਤਿਆਂ ਵਿੱਚ 28,571 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਲਿਫਟਿੰਗ ਦੇ ਸਬੰਧ ਵਿੱਚ, ਮੰਤਰੀ ਨੇ ਦੱਸਿਆ ਕਿ 104.51 ਲੱਖ ਮੀਟ੍ਰਿਕ ਟਨ ਕਣਕ ਦੀ ਚੁਕਾਈ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੀ ਫਸਲ ਦੀ ਚੁਕਾਈ ਵੀ ਕੁਝ ਦਿਨਾਂ ਵਿੱਚ ਕਰ ਲਈ ਜਾਵੇਗੀ।ਸੁਚਾਰੂ ਅਤੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ, ਸਰਕਾਰ ਨੇ ਕੁੱਲ 2885 ਮੰਡੀਆਂ/ਖਰੀਦ ਕੇਂਦਰ ਸਥਾਪਤ ਕੀਤੇ ਸਨ, ਜਿਨ੍ਹਾਂ ਵਿੱਚੋਂ 1864 ਨਿਯਮਿਤ ਅਤੇ 1021 ਅਸਥਾਈ ਕੇਂਦਰ ਹਨ।ਮੰਤਰੀ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ ) ਅਧੀਨ 1.24 ਕਰੋੜ ਲਾਭਪਾਤਰੀਆਂ ਦੀ ਈ-ਕੇਵਾਈਸੀ ਪ੍ਰਕਿਰਿਆ ਕੀਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਲਾਭਪਾਤਰੀਆਂ ਨੂੰ 'ਈ-ਕੇਵਾਈਸੀ ਐਪ' ਡਾਊਨਲੋਡ ਕਰਨ ਲਈ ਕਿਹਾ ਤਾਂ ਜੋ ਉਹ ਘਰ ਬੈਠੇ ਹੀ ਈ-ਕੇਵਾਈਸੀ ਪ੍ਰਕਿਰਿਆ ਪੂਰਾ ਕਰ ਸਕਣ। ਇਸ ਤਰ੍ਹਾਂ, ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀਆਂ ਰਸਮੀ ਕਾਰਵਾਈਆਂ ਪੂਰੀਆਂ ਕਰਨ ਲਈ ਵਾਜਿਬ ਅਨਾਜ ਡਿੱਪੂਆਂ(ਐਫਪੀਐਸ) 'ਤੇ ਜਾਣ ਦੀ ਲੋੜ ਨਹੀਂ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਦੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਵੀ ਸ਼ਾਮਲ ਸਨ।



# ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ ਦਾ ਨਤੀਜਾ ਰਿਹਾ ਸ਼ਾਨਦਾਰ

**ਫਗਵਾੜਾ (ਜਸਵਿੰਦਰ ਢੱਡਾ)**—ਚੇਅਰਮੈਨ 108 ਸੰਤ ਨਿਰੰਜਨ ਦਾਸ ਮਹਾਰਾਜ (ਡੇਰਾ ਬੱਲਾਂ ) ਦੀ ਅਗਵਾਈ ਹੇਠ ਚੱਲ ਰਹੇ ਸਕੂਲ ਸੰਤ ਸਰਵਣ ਦਾਸ ਮਾਡਲ ਸਕੂਲ,



ਹਦੀਆਬਾਦ (ਫਗਵਾੜਾ ) ਦਾ ਸੀ.ਬੀ . ਐਸ .ਈ ਬੋਰਡ ਦੁਆਰਾ ਘੋਸ਼ਿਤ ਕੀਤਾ ਦਸਵੀਂ ਅਤੇ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੇ ਵਿਦਿਆਰਥੀਆਂ ਨੇ ਵੱਖ - ਵੱਖ ਵਿਸ਼ਿਆ ਵਿੱਚ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ । ਸਕੂਲ ਦੇ ਪ੍ਰਬੰਧਕ ਸ਼੍ਰੀ ਬਲਬੀਰ ਸਿੰਘ , ਪ੍ਰਿੰਸੀਪਲ ਸ਼੍ਰੀਮਤੀ ਬਬੀਤਾ ਸੈਣੀ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਨੇ ਪਹਿਲੀ ,ਦੂਜਾ ਅਤੇ ਤੀਜਾ ਦਰਜਾ ਲਿਆ , ਦੱਸਵੀਂ ਵਿੱਚ ਵਿਵੇਕ ਟੂਰਾ ਨੇ 89% , ਗੁਰਸਿਮਰਨ ਮਹਿਮੀ ਨੇ 88.4 % , ਸੰਦੀਪ ਸ਼ਰਮਾ ਨੇ 88 % ਅੰਕ ਪ੍ਰਾਪਤ ਕੀਤੇ ।ਬਾਰ੍ਹਵੀ ਜਮਾਤ ਦੇ ਆਰਟਸ ਦੇ ਵਿਦਿਆਰਥੀ ਜਤਿਨ ਮਹਿਮੀ ਨੇ 88 % , ਅਲਕਾ ਮਾਹੀ ਨੇ 84.2% , ਫਰਵੀਨਾ ਨੇ 79.6 % ਅੰਕ ਪ੍ਰਾਪਤ ਕੀਤੇ । ਕਾਮਰਸ ਸਟ੍ਰੀਮ ਵਾਲੇ ਵਿਦਿਆਰਥੀਆਂ ਵਿੱਚੋਂ ਜੈਸਮੀਨ ਨੇ 84.2 % , ਸੁਹਾਨੀ ਨੇ 83 % , ਆਂਚਲ ਸਿੰਘ ਨੇ 82.4 % ਅੰਕ ਲਏ । ਸਾਇੰਸ ਸਟ੍ਰੀਮ ਵਿੱਚ ਸਿਮਰਨ ਨੇ 84.4 % , ਸਾਹਿਲ ਕੁਮਾਰ ਨੇ 83.8 % ਅਤੇ ਨਵਨੀਤ ਪੌਲ ਨੇ 81.8 % ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ , ਦੂਜਾ ਅਤੇ ਤੀਜਾ ਦਰਜਾ ਪ੍ਰਾਪਤ ਕੀਤਾ । ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਨੇ ਸਕੂਲ ਦੇ ਮਿਹਨਤੀ ਸਟਾਫ ਦਾ ਧੰਨਵਾਦ ਕੀਤਾ ਤੇ ਮਿਠਾਈ ਵੀ ਵੰਡੀ ।ਵਿਸ਼ਾ ਪੰਜਾਬੀ ਵਿੱਚੋਂ ਬਾਰ੍ਹਵੀਂ ਦੇ ਵਿਦਿਆਰਥੀ ਸਿਮਰਨ ਅਤੇ ਦਸਵੀਂ ਦੇ ਜੈਸਮੀਨ ਬੈਂਸ ਨੇ 100 % ਅੰਕ ਹਾਸਲ ਕੀਤੇ ਜਿਸ ਦੇ ਨਾਲ ਸਕੂਲ ਦੇ ਮਾਪਿਆਂ ਅਤੇ ਸਕੂਲ ਦਾ ਨਾਂਅ ਬੁਲੰਦੀਆਂ 'ਤੇ ਪਹੁੰਚਿਆ ।

# ਛੇਵਾਂ ਖ਼ੂਨਦਾਨ ਕੈਂਪ ਲਗਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਬੀ ਆਰ ਅੰਬੇਡਕਰ ਯੂਥ ਵੈਲਫਰ ਕਮੇਟੀ ਦੇ ਪ੍ਰਧਾਨ ਰਿਸ਼ੀ ਸਹੋਤਾ ਅਤੇ ਉਪ ਪ੍ਰਧਾਨ ਸਾਜਨ ਲੂਥਰ , ਗਗਨ , ਵਿਸ਼ਾਲ ਹੰਸ ਰਿੱਕੂ ਸਹੋਤਾ ਅਤੇ ਸਮੁੱਚੀ ਟੀਮ ਵੱਲੋਂ ਰੇਲਵੇ ਕਲੋਨੀ, ਨੇੜੇ ਸੰਤ ਨਗਰ ਫਾਟਕ, ਰੇਲਵੇ ਕਲੱਬ, ਜਲੰਧਰ ਵਿਖੇ ਛੇਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿਚ 50 ਤੋਂ ਵੱਧ ਵਿਅਕਤੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ 'ਤੇ ਪਹੁੰਚੇ ਕੈਬਨਿਟ ਮੰਤਰੀ ਦੇ ਬੇਟੇ ਅਤੁਲ ਭਗਤ, ਐਮਐਲਏ ਸੈਂਟਰਲ ਰਮਨ ਅਰੋੜਾ, ਡਰਾਈਵਰ ਯੂਨੀਅਨ ਦੇ ਪ੍ਰਧਾਨ ਸ਼ੰਮੀ ਲੂਥਰ ਜੀ ਚੋਗਿੱਟੀ ਤੋਂ, ਸਫਾਈ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਰਿੰਪੀ ਕਲਿਆਣ ਕੌਂਸਲਰ ਜਸਵਿੰਦਰ ਬਿੱਲਾ, ਵਾਰਡ ਨੰਬਰ ਇੱਕ ਦੇ ਕੌਂਸਲਰ ਗੌਰਵ ਸ਼ਰਮਾ ਨੋਨੀ, ਕਿਸ਼ਨਪੁਰੇ ਤੋ ਕੌਂਸਲਰ ਗਗਨ ਬਾਲੀ, ਵਿਪਨ ਸਬਰਵਾਲ, ਰਜੀਵ ਗੋਰਾ, ਜੱਸੀ ਤਲਣ, ਸੋਨੂ ਹੰਸ, ਰਵੀਪਾਲ ਵਾਲਮੀਕੀ, ਅਜੇਪਾਲ ਵਾਲਮੀਕੀ, ਰਿਕੀ ਲੂਥਰ, ਅਮਿਤ ਸੁਮਨ ਅਤੇ ਹੋਰ ਸ਼ਹਿਰ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ ।

# ਜ਼ਿਲ੍ਹੇ 'ਚ ਮੂੰਹ ਢੱਕ ਕੇ ਡਰਾਈਵਿੰਗ ਕਰਨ 'ਤੇ ਪਾਬੰਦੀ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**: ਜ਼ਿਲ੍ਹਾ ਮੈਜਿਸਟਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਦੀ ਹਦੂਦ ਅੰਦਰ ਆਮ ਨਾਗਰਿਕਾਂ ਨੂੰ ਦੋ-ਪਹੀਆਂ ਵਾਹਨ ਚਲਾਉਂਦੇ ਹੋਏ ਮੂੰਹ ਢੱਕ ਕੇ/ਮੂੰਹ ਬੰਨ੍ਹ ਕੇ ਡਰਾਈਵਿੰਗ ਕਰਨ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ ਉਨ੍ਹਾਂ ਵਿਅਕਤੀਆਂ 'ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾਂ ਨੇ ਕਿਸੇ ਬਿਮਾਰੀ ਜਾਂ ਅਲਰਜੀ ਦੀ ਵਜ੍ਹਾ ਕਾਰਨ ਮੈਡੀਕਲ ਸੁਪਰਵਿਜਨ ਤਹਿਤ ਮਾਸਕ ਜਾਂ ਕੋਈ ਹੋਰ ਚੀਜ ਪਹਿਨੀ ਹੋਵੇ।ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਦੱਸਿਆ ਹੈ ਕਿ ਬਜਾਰਾਂ ਵਿੱਚ ਆਮ ਤੌਰ 'ਤੇ ਮੂੰਹ ਢੱਕ ਕੇ ਵਹੀਕਲ ਚਾਲਕਾਂ (ਖਾਸ ਤੌਰ 'ਤੇ ਦੋ-ਪਹੀਆਂ ਵਹੀਕਲ ਚਾਲਕਾਂ) ਵੱਲੋਂ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਮੂੰਹ ਢੱਕਣ ਨਾਲ ਅਪਰਾਧ ਕਰਨ ਵਾਲਿਆਂ ਦੀ ਪਹਿਚਾਣ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜ਼ਿਲ੍ਹੇ ਅੰਦਰ ਮੂੰਹ ਢੱਕ ਕੇ ਅਪਰਾਧਕ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 14 ਜੁਲਾਈ 2025 ਤੱਕ ਲਾਗੂ ਰਹਿਣਗੇ।

# ਅਗਨੀਵੀਰ ਭਰਤੀ ਦੀ ਲਿਖਤੀ ਪ੍ਰੀਖਿਆ ਲਈ ਮੁਫ਼ਤ ਕੋਚਿੰਗ ਕਲਾਸਾਂ ਦੀ ਸਹੂਲਤ

**ਜਲੰਧਰ (ਸੁਰਿੰਦਰ ਕੁਮਾਰ)** ਡਿਪਟੀ ਡਾਇਰੈਕਟਰ ਰੋਜ਼ਗਾਰ ਵਿਭਾਗ ਨੀਲਮ ਮਹੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅਗਨੀਵੀਰ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਦੀ ਮੁਫ਼ਤ ਕੋਚਿੰਗ ਲਈ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਮੁਫ਼ਤ ਕੋਚਿੰਗ ਕਲਾਸਾਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਜਲੰਧਰ ਅਤੇ ਕੇ.ਆਰ.ਐਮ. ਡੀਏਵੀ ਕਾਲਜ, ਨਕੋਦਰ ਵਿਖੇ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਹਨਾਂ ਮੁਫ਼ਤ ਕੋਚਿੰਗ ਕਲਾਸਾਂ ਵਿੱਚ ਦਾਖ਼ਲਾ ਲੈਣ ਦੇ ਚਾਹਵਾਨ ਪ੍ਰਾਰਥੀ 19 ਮਈ 2025 ਤੱਕ ਗੂਗਲ ਲਿੰਕ ਜਾਂ ਮੋਬਾਇਲ ਨੰਬਰ 90569-20100 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਪ੍ਰਾਰਥੀ ਦਫ਼ਤਰ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਜਲੰਧਰ ਵਿਖੇ ਵਿਜ਼ਟ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਚਿੰਗ ਕਲਾਸਾਂ ਦੌਰਾਨ ਮਾਹਿਰ ਅਧਿਆਪਕਾਂ ਦੁਆਰਾ ਪ੍ਰਾਰਥੀਆਂ ਨੂੰ ਲਿਖਤੀ ਇਮਤਿਹਾਨ ਨਾਲ ਸਬੰਧਤ ਵਿਸ਼ਿਆਂ ਦੀ ਵਿਸਥਾਰਪੂਰਵਕ ਤਿਆਰੀ ਕਰਵਾਈ ਜਾਵੇਗੀ ਅਤੇ ਨੋਟਸ ਵੀ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਮੁਫ਼ਤ ਕੋਚਿੰਗ ਕਲਾਸ ਦੌਰਾਨ ਉਮੀਦਵਾਰ ਪਾਸੋਂ ਕੋਈ ਫੀਸ ਨਹੀਂ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨਾਂ ਨੂੰ ਇਹਨਾਂ ਮੁਫ਼ਤ ਕੋਚਿੰਗ ਕਲਾਸਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ।

# ਡਾ. ਐਸ ਪੀ ਸਿੰਘ ਦੀ ਧਰਮ ਪਤਨੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬੀ ਭਾਸ਼ਾ ਅਕਾਦਮੀ ਜਲੰਧਰ ਦੀ ਇਕ ਆਨ-ਲਾਇਨ ਮੀਟਿੰਗ ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਬਲਦੇਵ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਅਕਾਦਮੀ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਸ਼ਾਮਿਲ ਹੋਏ । ਮੀਟਿੰਗ ਵਿਚ ਪੰਜਾਬੀ ਭਾਸ਼ਾ ਦੇ ਉੱਘੇ ਭਾਸ਼ਾ ਸ਼ਾਸ਼ਤਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਉਪ-ਕੁਲਪਤੀ ਅਤੇ ਪੰਜਾਬੀ ਭਾਸ਼ਾ ਅਕਾਦਮੀ ਜਲੰਧਰ ਦੇ ਪ੍ਰਧਾਨ ਡਾ. ਐਸ.ਪੀ.ਸਿੰਘ ਦੀ ਧਰਮਪਤਨੀ ਪ੍ਰੋ. ਜਗਜੀਤ ਕੌਰ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ।ਪ੍ਰੋ. ਜਗਜੀਤ ਕੌਰ ਨੇ ਲੰਮਾ ਸਮਾਂ ਸਰਕਾਰੀ ਕਾਲਜ ਅੰਮ੍ਰਿਤਸਰ ਦੇ ਸੰਗੀਤ ਵਿਭਾਗ ਵਿਖੇ ਵਿਭਾਗ ਦੇ ਮੁਖੀ ਵਜੋਂ ਸੇਵਾਵਾਂ ਨਿਭਾਈਆਂ ਹਨ।ਉਨ੍ਹਾਂ ਦੇ ਤੁਰ ਜਾਣ ਨਾਲ ਪੰਜਾਬੀ ਅਧਿਆਪਨ,ਵਿਸ਼ੇਸ਼ ਕਰਕੇ ਸੰਗੀਤ ਦੇ ਖੇਤਰ ਵਿਚ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ।ਮੀਟਿੰਗ ਵਿਚ ਸ਼ਾਮਿਲ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਪ੍ਰੋ. ਜਗਜੀਤ ਕੌਰ ਦੀ ਵਿੱਛੜੀ ਰੂਹ ਦੀ ਸ਼ਾਂਤੀ ਲਈ ਅਤੇ ਪਰਵਾਰ ਨੂੰ ਰੱਬ ਦੇ ਇਸ ਭਾਣੇ ਨੂੰ ਮੰਨਣ ਦਾ ਬੱਲ ਬਖਸ਼ਣ ਲਈ ਅਰਦਾਸ ਕੀਤੀ ।

# ਦੋਪਹੀਆ ਵਾਹਨਾਂ ਦੇ ਸਾਈਲੰਸਰ ਬਦਲਣ ਤੇ ਪਟਾਕੇ ਵਜਾਉਣ 'ਤੇ ਪਾਬੰਦੀ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਦੀ ਹਦੂਦ ਅੰਦਰ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਅਤੇ ਆਮ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ ਲਈ ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਪਟਾਖੇ ਵਜਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਸਾਇਲੰਸਰ ਬਦਲਣ ਵਾਲੇ ਦੁਕਾਨਦਾਰਾਂ/ਮਕੈਨਿਕਾਂ ਅਤੇ ਪਟਾਖੇ ਵਜਾਉਣ ਵਾਲੇ ਵਾਹਨ ਮਾਲਕਾਂ 'ਤੇ ਵੀ ਲਾਗੂ ਹੋਣਗੇ। ਇਹ ਹੁਕਮ 14 ਜੁਲਾਈ, 2025 ਤੱਕ ਲਾਗੂ ਰਹੇਗਾ।

# 'ਪਾਣੀਆਂ ਦੀ ਦਾਸਤਾਨ' ਸੈਮੀਨਾਰ ਅੱਜ

**ਫਿਲੌਰ (ਨਿਰਮਲ)**- ਲੋਕ ਇਨਸਾਫ ਮੰਚ ਵਲੋਂ ਪੰਜਾਬ ਦੇ ਪਾਣੀਆਂ ਦੀ ਵੰਡ ,ਪਾਣੀਆਂ ਦੀ ਰਾਜਨੀਤੀ ਨੂੰ ਲੈ ਕੇ ਸੈਮੀਨਾਰ ਦਿਨ ਐਤਵਾਰ 18 ਮਈ ਨੂੰ ਸਵੇਰੇ 11:00 ਵਜੇ ਮਨਜੀਤ ਬੇਕਰੀ ਦੇ ਉਪਰਲੇ ਹਾਲ ਵਿੱਚ ਕਰਵਾਇਆ ਜਾ ਰਿਹਾ ਹੈ । ਆਗੂਆਂ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਨੂੰ ਲੈ ਕੇ ਹਮੇਸ਼ਾਂ ਰਾਜਨੀਤੀ ਚਲਦੀ ਰਹਿੰਦੀ ਹੈ । ਇਸ ਲਈ ਇਸ ਦਾ ਇਤਿਹਾਸ ਕੀ ਹੈ ਇਸ ਦਾ ਆਧਾਰ ਕੀ ਹੋਵੇ ਅਤੇ ਇਸ ਮੁੱਦੇ ਉਪਰ ਜਿਹੜੀ ਰਾਜਨੀਤੀ ਹੋ ਰਹੀ ਹੈ ਉਸ ਨੂੰ ਸਮਝਣ ਲਈ ਆਮ ਲੋਕਾਂ ਨੂੰ ਇਸ ਵਿਸ਼ੇ ਬਾਰੇ ਜਾਣਕਾਰੀ ਦੇਣ ਦੇ ਮੰਤਵ ਨਾਲ ਇਹ ਸੈਮੀਨਾਰ ਕਰਵਾਇਆ ਜਾ ਰਿਹਾ ਹੈ । ਪੰਜਾਬ ਦੇ ਪਾਣੀਆਂ ਨਾਲ ਸਬੰਧਿਤ ਸਾਰੇ ਪੱਖਾਂ ਉਪਰ ਵਿਚਾਰ ਕਰਨ ਲਈ ਪੰਜਾਬ ਦੇ ਉੱਘੇ ਪੱਤਰਕਾਰ ਅਤੇ ਬੁੱਧੀਜੀਵੀ ਹਮੀਰ ਸਿੰਘ ਸੈਮੀਨਾਰ ਨੂੰ ਸੰਬੋਧਨ ਕਰਨਗੇ ।

# ਪੀੜਤ ਪਸ਼ੂ ਪਾਲਕ ਨੇ 20 ਲੱਖ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ



**ਕੁਰਾਲੀ (ਮੋਹਨ ਅੱਗਰਵਾਲ)**— ਗੁੱਜਰ ਭਾਈਚਾਰੇ ਨਾਲ ਸੰਬਧਿਤ ਇੱਕ ਪਸ਼ੂ ਪਾਲਕ ਦੀਆਂ 15 ਮੱਝਾਂ ਪਿੰਡ ਸ਼ਾਤਪੁਰ ਚੁੱਪਕੀ (ਰੂਪਨਗਰ) ਦੇ ਟੋਭੇ ਵਿਚ ਅਚਾਨਕ ਕਰੰਟ ਲੱਗਣ ਨਾਲ ਮਰ ਗਈਆਂ ਸਨ। ਪੀੜ੍ਹਤ ਪਸ਼ੂ ਪਾਲਕ ਗੁਲਾਬ ਰਸੂਲ ਪੁੱਤਰ ਭਾਨ ਦੀਨ ਵਾਸੀ ਮਾਜਰੀ ਜੱਟਾਂ ਜ਼ਿਲ੍ਹਾ ਰੂਪਨਗਰ ਨੇ ਜ਼ਿਲ੍ਹਾ ਪ੍ਰਸ਼ਾਸਨ , ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੋਂ ਉਸ ਦੇ ਹੋਏ ਕਰੀਬ 20 ਲੱਖ ਰੁਪਏ ਦੀ ਰਾਸ਼ੀ ਦੇ ਪਸ਼ੂ ਧੰਨ ਦੇ ਅਚਾਨਕ ਹੋਏ ਨੁਕਸਾਨ ਦਾ ਮੁਆਵਜਾ ਦੇਣ ਦੀ ਮੰਗ ਕੀਤੀ ਹੈ।ਗੁਲਾਬ ਰਸੂਲ ਨੇ ਦੱਸਿਆ ਕਿ ਉਸ ਦੀਆਂ ਟੋਭੇ ਵਿਚ ਅਚਾਨਕ ਕਰੰਟ ਲੱਗ ਕੇ ਮਰੀਆਂ ਮੱਝਾਂ ਵਿਚੋਂ ਬਹੁਤੀਆਂ ਦੁੱਧ ਦੇਣ ਵਾਲੀਆਂ ਸਨ।ਕੁਝ ਮੱਝਾਂ ਸੂਣ ਵਾਲੀਆਂ ਵੀ ਸਨ। ਉਸ ਦੀ ਰੋਜ਼ਾਨਾ ਦੀ ਆਮਦਨ ਬੰਦ ਹੋ ਗਈ ਹੈ। ਉਹ ਆਰਥਿੱਕ ਪੱਖੋਂ ਕਮਜ਼ੋਰ ਵਰਗ ਨਾਲ ਸੰਬਧਿਤ ਹੈ। ਉਸ ਨੇ ਦੱਸਿਆ ਕਿ ਉਸ ਦੇ ਪਰਵਾਰ ਵਿਚ ਉਸ ਦੇ ਤਿੰਨ ਪੁੱਤਰ ਅਤੇ ਉਨ੍ਹਾਂ ਦੀਆਂ ਵਹੁਟੀਆ ਤੇ ਬੱਚੇ ਹਨ । ਉਸ ਨੇ ਜ਼ਿਲ੍ਹਾ ਪ੍ਰਸ਼ਾਸਨ , ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆ ਤੇ ਮੁੱਖ ਮੰਤਰੀ ਪੰਜਾਬ ਤੋਂ ਉਸ ਦੇ ਹੋਏ ਆਰਥਿੱਕ ਪੱਖੋਂ ਨੁਕਸਾਨ ਲਈ 20 ਲੱਖ ਰੁਪਏ ਮੁਆਵਜਾ ਦੇਣ ਦੀ ਮੰਗ ਕੀਤੀ ਹੈ। ਇਸ ਮੌਕੇ ਮੁਹੰਮਦ ਅਲੀ, ਜੁੰਮਾਂ ਅਲੀ, ਯੁਸਫ਼ ਅਲੀ,ਬੀਨਾਂ ਮੀਨ , ਹਨਫ਼ੀ, ਸੱਭੂ, ਰੋਸ਼ੀ ਅਲੀ,ਮਿਸ਼ਰਾ ਬਾਂਨੋਂ ਆਦਿ ਹਾਜ਼ਰ ਸਨ।

# ਹਰਿਆਣਾ ਨੇ ਲਾਏ ਬਿਜਲੀ ਕਾਰਪੋਰੇਸ਼ਨ ਦੇ ਲਿੰਕ ਅਧਿਕਾਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**— ਹਰਿਆਣਾ ਸਰਕਾਰ ਨੇ ਬਿਜਲੀ ਕਾਰਪੋਰੇਸ਼ਨ ਦੇ ਪ੍ਰਬੰਧ ਨਿਦੇਸ਼ਕਾ ਦੀ ਛੁੱਟੀ , ਟ੍ਰਨਿੰਗ, ਦੌਰੇ, ਇਲੈਕਸ਼ਨ ਡਿਊਟੀ ਅਤੇ ਤਬਾਦਲਾ ਜਾਂ ਸੇਵਾਮੁਕਤੀ ਦੇ ਚਲਦੇ ਜਾਂ ਕਿਸੀ ਹੋਰ ਕਾਰਣਾਂ ਤੋਂ ਖਾਲੀ ਪਈਆਂ ਅਸਾਮਿਆਂ ਦੇ ਕੰਮਕਾਜ ਦਾ ਸਹੀ ਢੰਗ ਨਾਲ ਸੰਚਾਲਨ ਯਕੀਨੀ ਕਰਨ ਦੇ ਉਦੇਸ਼ ਨਾਲ ਲਿੰਕ ਅਧਿਕਾਰੀ ਨਿਯੁਕਤ ਕੀਤੇ ਗਏ ਹਨ।ਮੁੱਖ ਸਕੱਤਰ ਅਨੁਰਾਗ ਰਸਤੋਗੀ ਵੱਲੋਂ ਜਾਰੀ ਇੱਕ ਪੱਤਰ ਅਨੁਸਾਰ, ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੇ ਪ੍ਰਬੰਧ ਨਿਦੇਸ਼ਕ ਦੇ ਮਾਮਲੇ ਵਿੱਚ ਉੱਤਰ ਹਰਿਆਣਾ ਬਿਜਲੀ ਵੰਡ ਦੇ ਐਮਡੀ ਨੂੰ ਲਿੰਕ ਅਧਿਕਾਰੀ-1, ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ-2 ਅਤੇ ਹਰਿਆਣ ਬਿਜਲੀ ਉਤਪਾਦਨ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ -3 ਨਿਯੁਕਤ ਕੀਤਾ ਗਿਆ ਹੈ। ਹਰਿਆਣਾ ਬਿਜਲੀ ਉਤਪਾਦਨ ਨਿਗਮ ਦੇ ਐਮਡੀ ਦੇ ਮਾਮਲੇ ਵਿੱਚ ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ-1 ਅਤੇ ਉੱਤਰ ਹਰਿਆਣਾ ਬਿਜਲੀ ਵੰਡ ਦੇ ਐਮਡੀ ਨੂੰ ਲਿੰਕ ਅਫ਼ਸਰ-2 ਨਿਯੁਕਤ ਕੀਤਾ ਗਿਆ ਹੈ। ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਦੇ ਐਮਡੀ ਦੇ ਮਾਮਲੇ ਵਿੱਚ ਉੱਤਰ ਹਰਿਆਣਾ ਬਿਜਲੀ ਵੰਡ ਦੇ ਐਮਡੀ ਨੂੰ ਲਿੰਕ ਅਫ਼ਸਰ-1, ਹਰਿਆਣ ਬਿਜਲੀ ਉਤਪਾਦਨ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ-2 ਅਤੇ ਦੱਖਣ ਬਿਜਲੀ ਵੰਡ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ-3 ਨਿਯੁਕਤ ਕੀਤਾ ਗਿਆ ਹੈ। ਉੱਤਰ ਹਰਿਆਣਾ ਬਿਜਲੀ ਵੰਡ ਦੇ ਐਮਡੀ ਦੇ ਮਾਮਲੇ ਵਿੱਚ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ-1, ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ-2 ਅਤੇ ਹਰਿਆਣ ਬਿਜਲੀ ਉਤਪਾਦਨ ਨਿਗਮ ਦੇ ਐਮਡੀ ਨੂੰ ਲਿੰਕ ਅਫ਼ਸਰ-3 ਨਿਯੁਕਤ ਕੀਤਾ ਗਿਆ ਹੈ।

# ਸਫ਼ਾਈ ਕਰਮਚਾਰੀਆਂ ਨੇ ਨਗਰ ਪੰਚਾਇਤ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ



**ਸ਼ਾਹਕੋਟ (ਗਿਆਨ ਸੈਦਪੁਰੀ)** ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਦੇ ਸੱਦੇ 'ਤੇ ਸਫ਼ਾਈ ਕਰਮਚਾਰੀਆਂ ਨੇ ਸ਼ੁੱਕਰਵਾਰ ਨੂੰ ਨਗਰ ਪੰਚਾਇਤਾਂ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ। ਕਾਰਜ ਸਾਧਕ ਅਫਸਰਾਂ ਰਾਹੀਂ ਮੰਗ ਕੀਤੀ ਗਈ ਹੈ ਕਿ ਸਫ਼ਾਈ ਕਰਮਚਾਰੀਆਂ ਦੀ ਤਰੱਕੀ ਵਿੱਚ ਅੜਿੱਕਾ ਪਾਉਣ ਦਾ ਵਰਤਾਰਾ ਬੰਦ ਕੀਤਾ ਜਾਵੇ। ਇੱਥੇ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਪੈਸਕੋ ਪ੍ਰਾਈਵੇਟ ਕੰਪਨੀ ਰਾਹੀਂ 140 ਸਾਬਕਾ ਫ਼ੌਜੀਆਂ ਨੂੰ ਸਫਾਈ ਕਰਮਚਾਰੀਆਂ ਉੱਤੇ ਸੁਪਰਵਾਈਜ਼ਰ ਨਿਯੁਕਤ ਕੀਤਾ ਗਿਆ ਹੈ। ਇਸ ਫੈਸਲੇ ਦੇ ਵਿਰੁੱਧ ਸਫਾਈ ਕਰਮਚਾਰੀ ਰੋਸ ਪ੍ਰਦਰਸ਼ਨ ਕਰਨ ਉਪਰੰਤ ਮੰਗ ਪੱਤਰ ਦੇ ਰਹੇ ਹਨ।ਸਫਾਈ ਕਰਮਚਾਰੀਆਂ ਦੀ ਮੰਗ ਹੈ ਕਿ 140 ਸਾਬਕਾ ਫ਼ੌਜੀਆਂ ਦੀਆਂ ਨਿਯੁਕਤੀਆਂ ਰੱਦ ਕਰਕੇ ਸਫ਼ਾਈ ਕਰਮਚਾਰੀਆਂ ਵਿੱਚੋਂ ਹੀ ਸੁਪਰਵਾਈਜ਼ਰ ਬਣਾਏ ਜਾਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹ 19 ਮਈ ਨੂੰ ਹੜਤਾਲ 'ਤੇ ਚਲੇ ਜਾਣਗੇ। ਨਗਰ ਪੰਚਾਇਤ ਸ਼ਾਹਕੋਟ, ਮਹਿਤਪੁਰ ਅਤੇ ਲੋਹੀਆ ਖਾਸ ਦੇ ਸਫ਼ਾਈ ਕਰਮਚਾਰੀਆਂ ਦੀ ਹਮਾਇਤ ਲਈ ਜਨਰਲ ਮਜ਼ਦੂਰ ਯੂਨੀਅਨ ਅਤੇ ਪੰਜਾਬ ਭੱਠਾ ਵਰਕਰਜ਼ ਯੂਨੀਅਨ (ਏਟਕ) ਵੀ ਮੈਦਾਨ ਵਿੱਚ ਆ ਗਈ ਹੈ। ਮੰਗ ਪੱਤਰ ਦੇਣ ਮੌਕੇ ਉਕਤ ਜਥੇਬੰਦੀਆਂ ਦੇ ਆਗੂ ਸਿੰਕਦਰ ਸੰਧੂ ਅਤੇ ਸੁਨੀਲ ਕੁਮਾਰ ਵੀ ਨਾਲ ਸਨ। ਨਗਰ ਪੰਚਾਇਤ ਮਹਿਤਪੁਰ ਵਿੱਚ ਈ. ਓ. ਸੁਨੀਲ ਕੁਮਾਰ ਅਤੇ ਸ਼ਾਹਕੋਟ ਵਿੱਚ ਸੈਨੇਟਰੀ ਇਨਸਪੈਕਟਰ ਘਣਸ਼ਿਆਮ ਦਾਸ ਨੇ ਮੰਗ ਪੱਤਰ ਪ੍ਰਾਪਤ ਕੀਤਾ।



ਲੱਭੂ ਰਾਮ ਦੋਆਬਾ ਸੀਨੀਅਰ ਸੈਕੰਡਰੀ ਸਕੂਲ ਵਿਖ ਹਵਾਈ ਹਮਲਿਆਂ ਤੋਂ ਬਚਾਅ ਲਈ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਕੰਪਨੀ ਕਮਾਂਡਰ ਜਗਮਿੰਦਰ ਸਿੰਘ, ਸੁਪਰਡੈਂਟ ਧਰਮਿੰਦਰ ਸਿੰਘ ਤੇ ਮੰਚ ਤੇ ਬੈਠੇ ਸਿਵਲ ਡਿਫੈਂਸ ਦੇ ਚੀਫ ਵਾਰਡਨ ਪ੍ਰਿਤਪਾਲ ਸਿੰਘ 'ਨੋਟੀ', ਡਵੀਜ਼ਨਲ ਵਾਰਡਨ ਹਰਦੀਪ ਕੌਰ ਭੰਵਰਾਂ, ਇੰਸਪੈਕਟਰ ਜਰਨੈਲ ਸਿੰਘ ਤੇ ਹੋਰ ਅਤੇ ਸਾਹਮਣੇ ਬੈਠੇ ਹਵਾਈ ਹਮਲਿਆਂ ਬਾਰੇ ਜਾਣਕਾਰੀ ਲੈਂਦੇ ਹੋਏ ਸਕੂਲ ਦੇ ਵਿਦਿਆਰਥੀ ਤੇ ਸਟਾਫ ਮੈਂਬਰ। (ਫੋਟੋ ਤੇ ਵੇਰਵਾ : ਰਜੇਸ਼ ਥਾਪਾ, ਜਲੰਧਰ)

# ਭਗਵਾਨ ਸ੍ਰੀ ਕ੍ਰਿਸ਼ਨ ਦੇ ਕਰਮ ਦੇ ਸੰਦੇਸ਼ ਨੂੰ ਅਪਨਾਉਣਾ ਚਾਹੀਦੈ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**— ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੋਬਾਇਲ ਅਤੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਅੱਜ ਸਾਡੀ ਨੌਜੁਆਨ ਪੀੜੀ ਨੂੰ ਆਧੁਨਿਕਤਾ ਦੀ ਦੌੜ ਵਿੱਚ ਆਪਣੇ ਸਭਿਆਚਾਰ ਤੋਂ ਦੂਰ ਨਹੀਂ ਹੋਣਾ ਚਾਹੀਦਾ ਹੈ। ਨੌਜੁਆਨਾਂ ਨੂੰ ਜੀਵਨ ਵਿੱਚ ਸਤੁੰਲਨ ਸਥਾਪਿਤ ਕਰਨ ਲਈ ਅਧਿਆਤਮਕ ਗਿਆਨ ਅਤੇ ਭਗਵਾਨ ਸ੍ਰੀ ਕ੍ਰਿਸ਼ਣ ਦੇ ਕਰਮ ਦੇ ਸੰਦੇਸ਼ ਨੂੰ ਅਪਨਾਉਣਾ ਚਾਹੀਦਾ ਹੈ। ਮੁੱਖ ਮੰਤਰੀ ਗੁਰੂਗ੍ਰਾਮ ਦੇ ਸੈਕਟਰ 29 ਸਥਿਤ ਲੇਜਰ ਵੈਲੀ ਪਾਰਕਿੰਗ ਵਿੱਚ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਦੇ ਜਨਮ ਦਿਨ ਦੇ ਮੌਕੇ 'ਤੇ ਪ੍ਰਬੰਧਿਤ ਕ੍ਰਿਸ਼ਣ ਪ੍ਰੇਰਣਾ ਉਤਸਵ ਨੂੰ ਸੰਬੋਧਿਤ ਕਰ ਰਹੇ ਸਨ। ਸੈਣੀ ਨੇ ਪ੍ਰੋਗਰਾਮ ਵਿੱਚ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਲਿਆ।ਸ੍ਰੀ ਕ੍ਰਿਸ਼ਣ ਕਿਰਪਾ ਪ੍ਰੇਰਣਾ ਉਤਸਵ ਵਿੱਚ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਪੂਰੇ ਦੇਸ਼ ਤੋਂ ਸੰਤ ਸਮਾਜ ਅਤੇ ਭਜਨ ਗਾਇਕਾਂ ਨੇ ਵੀ ਸ਼ਿਰਕਤ ਕੀਤੀ। ਮੁੱਖ ਮੰਤਰੀ ਨੇ ਪੂਰੇ ਦੇਸ਼ ਤੋਂ ਪਹੁੰਚੇ ਸੰਤ ਸਮਾਜ, ਹਰਿਆਣਾ ਦੀ ਬੇਟੀ ਅਤੇ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਦਾ ਸੂਬੇ ਵਿੱਚ ਆਉਣ 'ਤੇ ਸੁਵਾਗਤ ਕੀਤਾ। ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਨੂੰ ਸਾਧੂਵਾਦ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਯਤਨਾਂ ਨਾਲ ਅੱਜ ਪੂਰੀ ਦੁਨੀਆ ਵਿੱਚ ਸ੍ਰੀਮਦਭਗਵਦ ਗੀਤਾ ਦੇ ਗਿਆਨ ਦੀ ਧਾਰਾ ਵੱਗ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਸਿਰਫ ਵਿਕਾਸ ਦੇ ਭੌਤਿਕ ਮੁਕਾਮਾਂ ਤੱਕ ਸੀਮਤ ਨਹੀਂ ਹੈ। ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਉਨ੍ਹਾਂ ਦੀ ਟੀਮ ਤੋਂ ਮਿਲੇ ਸਹਿਯੋਗ ਨੂੰ ਲੈ ਕੇ ਧੰਨਵਾਦ ਕੀਤਾ। ਉਨ੍ਹਾਂ ਨੇ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਜੀ ਮਹਾਰਾਜ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਤੁਹਾਡਾ ਜੀਵਨ ਭਾਰਤੀ ਸਭਿਆਚਾਰ, ਸਨਾਤਨ ਮੁੱਲਾਂ ਅਤੇ ਭਗਵਦ ਗੀਤਾ ਦੇ ਸ਼ਲੋਕਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਸਮਰਪਿਤ ਹਨ।ਇਸ ਮੌਕੇ 'ਤੇ ਕੈਬੀਨੇਟ ਮੰਤਰੀ ਸ਼ਿਆਮ ਸਿੰਘ ਰਾਣਾ, ਕ੍ਰਿਸ਼ਣ ਕੁਮਾਰ ਬੇਦੀ, ਰਾਜ ਮੰਤਰੀ ਰਾਜੇਸ਼ ਨਾਗਰ ਅਤੇ ਗੌਰਵ ਗੌਤਮ, ਬੀਜੇਪੀ ਦੇ ਸੂਬਾ ਪ੍ਰਧਾਨ ਮੋਹਨ ਲਾਲ ਕੌਸ਼ਿਕ, ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ, ਤੇਜਪਾਲ ਤੰਵਰ, ਹਰਿਆਣਾ ਮਹਿਲਾ ਕਮਿਸ਼ਨ ਦੀ ਚੇਅਰਮੈਨ ਸ੍ਰੀਮਤੀ ਰੇਣੂ ਭਾਟੀਆ ਸਮੇਤ ਹੋਰ ਮਾਣਯੋਗ ਮਹਿਮਾਨ ਮੌਜੂਦ ਸਨ।

# 20 ਦੀ ਹੜਤਾਲ ਮੁਲਤਵੀ ਕਰਨਾ ਅਫਸੋਸਜਨਕ : ਇਫਟੂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਇਫਟੂ ਪੰਜਾਬ ਨੇ 10 ਕੇਂਦਰੀ ਟਰੇਡ ਯੂਨੀਅਨਾਂ ਵਲੋਂ 20 ਮਈ ਦੀ ਦੇਸ਼ ਵਿਆਪੀ ਹੜਤਾਲ ਨੂੰ ਮੁਲਤਵੀ ਕਰਨ ਨੂੰ ਅਫ਼ਸੋਸਜਨਕ ਅਤੇ ਨਿਰਾਸ਼ਾਜਨਕ ਕਰਾਰ ਦਿੱਤਾ ਹੈ।ਇਫਟੂ ਪੰਜਾਬ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਅਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਪ੍ਰੈਸ ਨੂੰ ਜਾਰੀ ਬਿਆਨ ਵਿਚ ਕਿਹਾ ਹੈ ਕਿ ਇਹ ਮਜ਼ਦੂਰ ਵਰਗ ਨੂੰ ਨਿਰਾਸ਼ ਕਰੇਗਾ, ਮੋਦੀ ਸਰਕਾਰ ਦੇ ਮਜ਼ਦੂਰ ਵਿਰੋਧੀ ਹਮਲਿਆਂ ਨੂੰ ਤੇਜ ਕਰੇਗਾ।ਉਹਨਾਂ ਕਿਹਾ ਕਿ ਜਦੋਂ ਸਰਹੱਦਾਂ 'ਤੇ ਸੀਜ਼ਫਾਇਰ ਹੈ ਤਾਂ ਮਜ਼ਦੂਰ ਹੱਕਾਂ ਦੇ ਖ਼ਿਲਾਫ਼ ਚੱਲ ਰਹੀ ਜੰਗ ਦੇ ਵਿਰੁੱਧ ਲੜਾਈ ਕਿਉਂ ਕਮਜ਼ੋਰ ਕੀਤੀ ਜਾ ਰਹੀ ਹੈ।ਜਦੋਂ 5 ਮਈ ਨੂੰ ਭਾਰਤ-ਪਾਕ ਸਰਹੱਦੀ ਝੜਪਾਂ ਸ਼ੁਰੂ ਹੋਈਆਂ, ਤਾਂ 9 ਮਈ ਨੂੰ ਇਨ੍ਹਾਂ 10 ਟਰੇਡ ਯੂਨੀਅਨਾਂ ਨੇ ਮਜ਼ਦੂਰ ਵਰਗ ਨੂੰ 20 ਮਈ ਦੀ ਹੜਤਾਲ ਦੀ ਤਿਆਰੀ ਜਾਰੀ ਰੱਖਣ ਦੀ ਅਪੀਲ ਕੀਤੀ ਅਤੇ ਕਿਹਾ ਕਿ 15 ਮਈ ਨੂੰ ਹਾਲਾਤਾਂ ਦੀ ਸਮੀਖਿਆ ਕੀਤੀ ਜਾਵੇਗੀ।ਪਰ ਹੁਣ ਜਦੋਂ ਮੋਦੀ ਸਰਕਾਰ ਨੇ ਵੀ ਪਾਕਿਸਤਾਨ ਨਾਲ ਸੀਜ਼ਫਾਇਰ ਦੀ ਪੁਸ਼ਟੀ ਕਰ ਦਿੱਤੀ ਹੈ ।ਜਦੋਂ ਸਰਕਾਰ ਖੁਦ ਆਖ ਰਹੀ ਹੈ ਕਿ ਹਾਲਾਤ ਸਾਹਮਣੇ ਆ ਚੁੱਕੇ ਹਨ ਉਦੋਂ ਇਹ 10 ਟਰੇਡ ਯੂਨੀਅਨਾਂ ਅਚਾਨਕ ਹੀ ਹੜਤਾਲ ਨੂੰ 'ਦੇਸ਼ ਦੀ ਗੰਭੀਰ ਸਥਿਤੀ' ਦੇ ਹਵਾਲੇ ਨਾਲ 9 ਜੁਲਾਈ ਲਈ ਮੁਲਤਵੀ ਕਰ ਦਿੰਦੀਆਂ ਹਨ।ਇਹ ਬੜੀ ਅਫ਼ਸੋਸਜਨਕ ਗੱਲ ਹੈ।ਇਹ ਓਹੀ ਭਾਜਪਾ ਸਰਕਾਰ ਹੈ ਜਿਸ ਨੇ ਕੋਵਿਡ ਲਾਕਡਾਊਨ ਦੀ ਆੜ 'ਚ ਲੇਬਰ ਕੋਡ ਅਤੇ ਕਾਲੇ ਖੇਤੀ ਕਾਨੂੰਨ ਲਿਆਂਦੇ ਸਨ ।। ਇਹ ਤਾਂ ਪਹਿਲਾਂ ਹੀ ਸਿਰਫ ਇੱਕ ਦਿਨ ਦੀ ਹੜਤਾਲ ਸੀ, ਜਦ ਕਿ ਪਿਛਲੇ ਸਾਲ ਦੀ ਦੋ ਦਿਨਾਂ ਦੀ ਹੜਤਾਲ ਵੀ ਕਮਜ਼ੋਰ ਰਹੀ ਸੀ।ਉਹਨਾਂ ਕਿਹਾ ਕਿ ਸੰਘਰਸ਼ ਹੱਕਾਂ ਦੀ ਰੱਖਿਆ ਲਈ ਹੋਣੇ ਚਾਹੀਦੇ ਹਨ, ਨਾ ਕਿ ਚੋਣਾਂ ਦੇ ਪੈਂਤੜੇ ਤੋਂ ।ਉਹਨਾਂ ਮਜਦੂਰ ਵਰਗ ਨੂੰ ਕਿਹਾ ਹੈ ਕਿ 20 ਮਈ ਦੀ ਹੜਤਾਲ ਲਈ ਕੀਤੀਆਂ ਤਿਆਰੀਆਂ ਵਿਅਰਥ ਨਾ ਜਾਣ ।ਉਹਨਾਂ 20 ਮਈ ਨੂੰ ਮਜ਼ਦੂਰ ਵਰਗ ਉੱਤੇ ਹੋ ਰਹੇ ਹਮਲਿਆਂ ਦੇ ਖਿਲਾਫ ਵਿਰੋਧ ਦਿਵਸ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੈ।



# ਗ਼ਦਰੀ ਬਾਬਾ ਹਰਨਾਮ ਸਿੰਘ ਦਾ ਸਾਲਾਨਾ ਬਰਸੀ ਸਮਾਗਮ ਅੱਜ

**ਕਾਲਾ ਸੰਘਿਆਂ (ਮਨਜੀਤ ਮਾਨ)**— ਦੇਸ਼ ਦੀ ਅਜ਼ਾਦੀ ਲਈ 23 ਸਾਲ ਵੱਖ-ਵੱਖ ਜੇਲ੍ਹਾਂ ਦੀਆਂ ਸਖਤੀਆਂ ਭਰੀਆਂ ਸਜ਼ਾਵਾਂ ਤਸੀਹੇ ਝੱਲਦਿਆਂ ਜਿੰਦਗੀ ਦੇਸ਼ ਦੇ ਲੇਖੇ ਲਾਉਣ ਵਾਲੇ, ਸ਼ਹੀਦ ਕਰਤਾਰ ਸਿੰਘ ਸਰਾਭੇ ਨਾਲ ਗ਼ਦਰ ਦੀਆਂ ਗਤੀਵਿਧੀਆਂ ਨਿਭਾਉਣ ਵਾਲੇ ਆਗੂ ਗ਼ਦਰੀ ਬਾਬਾ ਹਰਨਾਮ ਸਿੰਘ ਦੀ ਯਾਦ ਵਿੱਚ ਸਾਲਾਨਾ ਬਰਸੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਪ੍ਰਬੰਧਕਾਂ ਦੀ ਵਿਸ਼ੇਸ਼ ਮੀਟਿੰਗ ਹੋਈ। ਗ਼ਦਰੀ ਬਾਬਾ ਹਰਨਾਮ ਸਿੰਘ ਦੇ ਪੋਤੇ ਸੁਰਿੰਦਰ ਸਿੰਘ ਗ਼ਦਰੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਬਰਸੀ ਸਮਾਗਮ 18 ਮਈ ਦਿਨ ਐਤਵਾਰ ਨੂੰ ਉਨ੍ਹਾਂ ਦੇ ਪਰਵਾਰ ਤੇ ਹੋਰ ਪ੍ਰਬੰਧਕਾਂ ਵੱਲੋ ਗੁਰਦੁਆਰਾ ਸਾਹਿਬ ਆਲਮਗੀਰ ਘੰਟਾ ਘਰ ਕਾਲਾ ਸੰਘਿਆਂ ਵਿਖੇ ਰੱਖਿਆ ਗਿਆ ਹੈ। ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਇਲਾਹੀ ਬਾਣੀ ਦਾ ਕੀਰਤਨ ਹੋਵੇਗਾ । ਇਸ ਮੌਕੇ ਗੁਰਦੁਆਰਾ ਬਾਬਾ ਕਾਹਨ ਸਿੰਘ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਬੱਸਣ, ਸਾਬਕਾ ਸਰਪੰਚ ਕਾਮਰੇਡ ਲੁਭਾਇਆ ਸਿੰਘ ਇਲਾਕਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਗੁਰਪ੍ਰੀਤ ਸਿੰਘ ਫੁੱਲ ਸਪੁੱਤਰ ਸਰਪੰਚ ਆਲਮਗੀਰ ਜਸਵਿੰਦਰ ਕੌਰ,ਪੰਚ ਰਜਿੰਦਰ ਸਿੰਘ, ਪਵਿੱਤਰ ਸਿੰਘ ਪਿੱਤਾ, ਹਰਦੇਵ ਸਿੰਘ ਜੋਗਾ, ਕਸ਼ਮੀਰ ਸਿੰਘ ਸੋਢੀ ਅਤੇ ਸੋਨੂੰ ਵਾਲੀਆ ਆਦਿ ਹਾਜ਼ਰ ਸਨ।

## ਪਡਿਆਲਾ ਵਿਖੇ ਕਰਵਾਇਆ ਪਾਠੀ ਸਿੰਘ ਸਨਮਾਨ ਸੰਮੇਲਨ

**ਕੁਰਾਲੀ (ਮੋਹਨ ਅੱਗਰਵਾਲ)** ਨਜ਼ਦੀਕ ਪੈਂਦੇ ਪਿੰਡ ਪਡਿਆਲਾ ਵਿਖੇ ਪਾਠੀ ਸਿੰਘ ਸਨਮਾਨ ਸੰਮੇਲਨ ਕਰਵਾਇਆ ਗਿਆ।ਉੱਘੇ ਖੇਡ ਪ੍ਰਮੋਟਰ ਗੁਰਪ੍ਰੀਤ ਸਿੰਘ ਪਡਿਆਲਾ ਜਨਰਲ ਸਕੱਤਰ (ਪੰਜਾਬ ਕਿਸਾਨ ਕਾਂਗਰਸ) ਵੱਲੋਂ ਕਰਵਾਏ ਗਏ ਇਸ ਪਾਠੀ ਸਿੰਘ ਸਨਮਾਨ ਸੰਮੇਲਨ ਦੌਰਾਨ 1000 ਪਾਠੀਆਂ ਅਤੇ ਪ੍ਰਚਾਰਕਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਥ ਦੇ ਪ੍ਰਸਿੱਧ ਪ੍ਰਚਾਰਕ ਅਤੇ ਪੱਤਰਕਾਰ ਹਰਪ੍ਰੀਤ ਸਿੰਘ ਮੱਖੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਪਡਿਆਲਾ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਰਾਗੀ ਸਿੰਘਾਂ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ।ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕਿਸੇ ਵੀ ਕੌਮ ਧਰਮ ਦੇ ਵਿਸਥਾਰ ਲਈ ਪ੍ਰਚਾਰਕ ਅਹਿਮ ਭੂਮਿਕਾ ਨਿਭਾਉਂਦੇ ਹਨ ਉਹਨਾਂ ਕਿਹਾ ਕਿ ਅੱਜ ਵੀ ਧਰਮ ਦੁਨੀਆਂ ਉੱਤੇ ਤਾਂ ਹੀ ਵੱਧ ਫੁੱਲ ਸਕਦਾ ਹੈ ਜੇਕਰ ਉਸ ਧਰਮ ਦੇ ਪ੍ਰਚਾਰਕ ਆਰਥਿਕ ਪੱਖੋਂ ਮਜ਼ਬੂਤ ਹੋਣ। ਉਹਨਾਂ ਕਿਹਾ ਪਰ ਸਿੱਖ ਧਰਮ ਦੀ ਇਹ ਬਦਕਿਸਮਤੀ ਹੈ ਕਿ ਸਿੱਖ ਧਰਮ ਦੇ ਪ੍ਰਚਾਰ ਕਰਨ ਵਾਲੇ ਪ੍ਰਚਾਰਕ ਰਾਗੀ ਢਾਡੀ ਵਿੱਚ ਬਹੁਤ ਗਿਣਤੀ ਆਰਥਿਕ ਪੱਖੋਂ ਕਮਜ਼ੋਰ ਹਨ। ਇਸ ਲਈ ਅਜਿਹੇ ਮਾਹੌਲ ਦਾ ਹੋਣਾ ਵੀ ਪਿੰਡ ਅਤੇ ਸੰਸਥਾਵਾਂ ਨੂੰ ਧਿਆਨ ਦੇਣਾ ਚਾਹੀਦੇ ਹਨ।ਉਹਨਾਂ ਕਿਹਾ ਕਿ ਇਹ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਧਿਰਾਂ ਦਾ ਹੈ ਪਰ ਇਸ ਨੂੰ ਇੱਕ ਆਮ ਨੌਜਵਾਨ ਕਰ ਰਿਹਾ ਹੈ ਜੋ ਕਿ ਬੇਹਦ ਸ਼ਲਾਘਾਯੋਗ ਹੈ। ਉਹਨਾਂ ਆਏ ਹੋਏ ਪਾਠੀ ਰਾਗੀ ਤੇ ਪ੍ਰਚਾਰਕਾਂ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕਿ ਜੇਕਰ ਭਵਿੱਖ ਦੇ ਵਿੱਚ ਕਾਂਗਰਸ ਦੀ ਸਰਕਾਰ ਬਣਦੀ ਹੈ ਤਾਂ ਉਹ ਇੱਕ ਅਜਿਹੀ ਸਕੀਮ ਜ਼ਰੂਰ ਲਾਗੂ ਕਰਨਗੇ।ਜਿਸ ਵਿੱਚ ਇਹਨਾਂ ਪਾਠੀ ਰਾਗੀ ਸਿੰਘਾਂ ਦੇ ਜੀਵਨ ਨੂੰ ਆਰਥਿਕ ਪੱਖੋਂ ਮਜ਼ਬੂਤ ਕੀਤਾ ਜਾ ਸਕੇ।ਇਹਨਾਂ ਪਾਠੀ ਸਿੰਘਾਂ ਹਰ ਇੱਕ ਪਿੰਡ, ਕਸਬੇ, ਸ਼ਹਿਰ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਗੁਰੂ ਘਰਾਂ ਦੀ ਸੇਵਾ ਸੰਭਾਲ ਵਿੱਚ ਆਪਣਾ ਸਾਰਾ ਜੀਵਨ ਗੁਜ਼ਾਰ ਦਿੰਦੇ ਹਨ ਪਰ ਉਹ ਆਪਣਾ ਕੋਈ ਘਰ ਨਹੀਂ ਬਣਾ ਪਾਉਂਦੇ ਅਤੇ ਨਾ ਹੀ ਉਨ੍ਹਾਂ ਦੇ ਬੱਚੇ ਚੰਗੀ ਸਿੱਖਿਆ ਗ੍ਰਹਿਣ ਕਰ ਪਾਉਂਦੇ ਹਨ। ਜਿਸ ਕਰਕੇ ਹੁਣ ਬਹੁਤਾਤ ਵਿੱਚ ਇਹਨਾਂ ਪ੍ਰਚਾਰਕਾਂ ਰਾਗੀ ਢਾਡੀ ਪਾਠੀ ਸਿੰਘਾਂ ਦੇ ਬੱਚੇ ਅੱਗੇ ਤੋਂ ਪ੍ਰਚਾਰਕ ਰਾਗੀ ਬਣਨਾ ਪਸੰਦ ਨਹੀਂ ਕਰ ਰਹੇ ਜੋ ਕਿ ਬੇਹੱਦ ਚਿੰਤਾਜਨਕ ਹੈ। ਇਸ ਲਈ ਉਹਨਾਂ ਵੱਲੋਂ ਇਹ ਛੋਟਾ ਜਿਹਾ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਬਾਬਾ ਭੁਪਿੰਦਰ ਸਿੰਘ ਮਾਜਰਾ ਵਾਲੇ, ਪਰਵਿੰਦਰ ਸਿੰਘ ਸੁਹਾਣਾ, ਬਹਾਦਰ ਸਿੰਘ ਕੌਂਸਲਰ, ਡਾਕਟਰ ਅਸ਼ਵਨੀ ਕੁਮਾਰ, ਹੰਸ ਰਾਜ ਬੂਥਗੜ੍ਹ, ਜਸਵਿੰਦਰ ਸਿੰਘ ਭੂਰਾ, ਮੁਕੇਸ਼ ਰਾਣਾ ਸਾਬਕਾ ਕੌਂਸਲਰ, ਗੁਰਮੇਲ ਸਿੰਘ ਪਾਬਲਾ ਸਾਬਕਾ ਕੌਂਸਲਰ ਸ਼ਿਵ ਵਰਮਾ ਸਾਬਕਾ ਕੌਂਸਲਰ, ਪ੍ਰਦੀਪ ਰੂੜਾ, ਗੁਰਚਰਨ ਸਿੰਘ ਮਿਰਜ਼ਾਪੁਰ, ਢਾਡੀ ਮਲਕੀਤ ਸਿੰਘ ਪਪਰਾਲੀ, ਸਾਬਕਾ ਸਰਪੰਚ, ਗੁਲਜ਼ਾਰੀ ਅਕਾਲਗੜ੍ਹ, ਕੁਲਵਿੰਦਰ ਸਿੰਘ ਨਗਲੀਆਂ ਸੁਰਜੀਤ ਸਿੰਘ ਲਖਨੌਰ, ਭੁਪਿੰਦਰ ਸਿੰਘ ਖਰੜ, ਰਣਜੀਤ ਸਿੰਘ ਨੰਨਾ, ਰੌਤਰ ਸਰਵਾਰ ਸਰਪੰਚ, ਜਗਦੀਪ ਸਿੰਘ ਹਰਗਣਾ, ਅਵਤਾਰ ਸਿੰਘ ਤਿੱਖਾ ਨੈਬ ਸਿੰਘ ਵਡਾਲੀ, ਨਾਗਰ ਸਿੰਘ ਧਨਾਸ, ਹਰਦੇਵ ਸਿੰਘ ਪਡਿਆਲਾ, ਤਰਲੋਚਨ ਸਿੰਘ ਪਡਿਆਲਾ, ਬੀਬੀ ਸੁਰਿੰਦਰ ਕੌਰ ਸ਼ੇਰਗਿੱਲ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਸ਼ਖ਼ਸ਼ੀਅਤਾਂ ਅਤੇ ਪਾਠੀ ਸਿੰਘ ਤੇ ਪ੍ਰਚਾਰਕ ਹਾਜ਼ਰ ਸਨ।

## ਪਿਪਸ ਦੀ ਬਾਰ੍ਹਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ ਰਿਹਾ



Naman Kapoor 95.8% (Science) | Simranjeet Kaur 94.6% (Arts) | Jaspreet Kaur 92.2% (Comm)

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਦਾ ਸੀਬੀਐੱਸਈ ਦੀ ਬਾਰ੍ਹਵੀਂ ਜਮਾਤ ਦਾ ਨਤੀਜਾ ਸੌ ਫ਼ੀਸਦੀ ਰਿਹਾ। ਸਕੂਲ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਦੱਸਿਆ ਕਿ ਸਾਇੰਸ ਗਰੁੱਪ ਵਿੱਚ ਨਮਨ ਕਪੂਰ ਨੇ 95.8 ਫ਼ੀਸਦੀ ਅੰਕ ਹਾਸਲ ਕਰਕੇ ਸਕੂਲ ਦੀ ਸਮੁੱਚੀ ਬਾਰ੍ਹਵੀਂ ਜਮਾਤ ਅਤੇ ਸਾਇੰਸ ਗਰੁੱਪ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਜੈਸਮੀਨ ਕੌਰ ਨੇ 86.2 ਫ਼ੀਸਦੀ ਅੰਕ ਹਾਸਲ ਕਰਕੇ ਦੂਜਾ, ਪਰਮਜੀਤ ਅਰੋੜਾ ਨੇ 85.2 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ, ਜਸ਼ਨਪ੍ਰੀਤ ਕੌਰ ਅਤੇ ਖੁਸ਼ਪ੍ਰੀਤ ਕੌਰ ਨੇ 84.8% ਫ਼ੀਸਦੀ ਅੰਕ ਹਾਸਲ ਕਰਕੇ ਚੌਥਾ ਅਤੇ ਅਰਸ਼ਪ੍ਰੀਤ ਕੌਰ ਨੇ 83 ਫ਼ੀਸਦੀ ਅੰਕ ਹਾਸਲ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ ਵਿੱਚ ਜਸਪ੍ਰੀਤ ਕੌਰ ਨੇ 92.2 ਫ਼ੀਸਦੀ ਅੰਕ ਹਾਸਲ ਕਰਕੇ ਪਹਿਲਾਂ, ਸਿਮਰਨਪ੍ਰੀਤ ਕੌਰ ਨੇ 91 ਫ਼ੀਸਦੀ ਅੰਕ ਹਾਸਲ ਕਰਕੇ ਦੂਜਾ, ਪੁਨੀਤ ਕੌਰ ਨੇ 89.6 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ, ਰਵਿੰਦਰਜੀਤ ਸਿੰਘ ਨੇ 88.4 ਫ਼ੀਸਦੀ ਅੰਕ ਹਾਸਲ ਕਰਕੇ ਚੌਥਾ ਅਤੇ ਪ੍ਰਿਆ ਰਾਣੀ ਨੇ 87.4 ਫ਼ੀਸਦੀ ਅੰਕ ਹਾਸਲ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚ ਸਿਮਰਨਜੀਤ ਕੌਰ ਨੇ 94.6 ਫ਼ੀਸਦੀ ਅੰਕ ਹਾਸਲ ਕਰਕੇ ਪਹਿਲਾ, ਹਰਜੋਤ ਸਿੰਘ ਨੇ 89.4 ਫ਼ੀਸਦੀ ਅੰਕ ਹਾਸਲ ਕਰਕੇ ਦੂਜਾ, ਤੁਸ਼ਾਰ ਸਿੰਘ ਨੇ 87.6 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ, ਅਰਸ਼ਵੀਰ ਕੌਰ ਨੇ 86.4 ਫ਼ੀਸਦੀ ਅੰਕ ਹਾਸਲ ਕਰਕੇ ਚੌਥਾ ਅਤੇ ਸਿਮਰਦੀਪ ਕੌਰ ਨੇ 84.6 ਫ਼ੀਸਦੀ ਅੰਕ ਹਾਸਲ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਉਕਤ ਇਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਕੂਲ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ, ਡਾਇਰੈਕਟਰ ਸ਼ਿੰਦਰਪਾਲ ਕੌਰ ਅਟਵਾਲ, ਮੈਨੇਜਰ ਪ੍ਰੀਤਪਾਲ ਕੌਰ ਅਟਵਾਲ ਅਤੇ ਸਮਿਸ ਪ੍ਰਿੰਸੀਪਲ ਮਨਦੀਪ ਕੌਰ ਮਾਹਲ ਵੱਲੋਂ ਵਧਾਈ ਅਤੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਨਗਰ ਨਿਗਮ ਨੇ ਡੇਂਗੂ ਨੂੰ ਰੋਕਣ ਲਈ ਫੌਗਿੰਗ ਮੁਹਿੰਮਾਂ ਤੇਜ਼ ਕੀਤੀਆਂ



**ਫਗਵਾੜਾ ( ਡਾ. ਰਮਨ ਸ਼ਰਵਿੰਦਰ ਚੱਡਾ)** ਡੇਂਗੂ ਦੇ ਫੈਲਾਅ ਨੂੰ ਰੋਕਣ ਲਈ ਇੱਕ ਸਰਗਰਮ ਕਦਮ ਵਜੋਂ, ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਨਿਯਮਤ ਫੌਗਿੰਗ ਮੁਹਿੰਮਾਂ ਦੀ ਅਗਵਾਈ ਕਰ ਰਹੀ ਹੈ। ਇਸ ਪਹਿਲ ਦਾ ਉਦੇਸ਼ ਮੱਛਰਾਂ ਦੇ ਪ੍ਰਜਨਨ ਸਥਾਨਾਂ ਨੂੰ ਖਤਮ ਕਰਨਾ ਅਤੇ ਪ੍ਰਭਾਵਸ਼ਾਲੀ ਰੋਕਥਾਮ ਲਈ ਜਨਤਕ ਜਾਗਰੂਕਤਾ ਵਧਾਉਣਾ ਹੈ।ਡਾ. ਗੁਪਤਾ ਨੇ ਦੱਸਿਆ ਕਿ ਡੇਂਗੂ ਅਤੇ ਚਿਕਨਗੁਨੀਆ ਇਲਾਜ ਯੋਗ ਹਨ ਅਤੇ ਇਹ ਬਿਮਾਰੀਆਂ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਦੇ ਨਾਲ ਫੈਲਦੀਆਂ ਹਨ। ਇਹ ਮੱਛਰ ਸਾਫ਼ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ ਅਤੇ ਸਿਰਫ਼ ਦਿਨ ਵੇਲੇ ਕੱਟਦਾ ਹੈ। ਡੇਂਗੂ ਅਤੇ ਚਿਕਨਗੁਨੀਆ ਦੀ ਬਿਮਾਰੀ ਤੋਂ ਬਚਾਓ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਣੇ-ਆਪਣੇ ਘਰਾਂ ਵਿੱਚ ਬਰਤਨਾਂ/ਕੂਲਰਾਂ/ਟਾਇਰਾਂ/ਟ੍ਰੇਆਂ/ਗਮਲਿਆਂ ਆਦਿ ਵਿੱਚ ਸਾਫ਼ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ। ਕੱਪੜੇ ਅਜਿਹੇ ਪਹਿਨੇ ਜਾਣ ਜਿਸ ਨਾਲ ਪੂਰਾ ਸਰੀਰ ਢੱਕਿਆ ਜਾ ਸਕੇ ਤਾਂ ਜੋ ਮੱਛਰ ਕੱਟ ਨਾ ਸਕੇ। ਛੱਤਾਂ ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕਰੋ। ਟੁੱਟੇ ਬਰਤਨਾਂ/ਡਰੰਮਾਂ ਅਤੇ ਟਾਇਰਾਂ ਆਦਿ ਨੂੰ ਖੁੱਲ੍ਹੇ ਵਿੱਚ ਨਾ ਰੱਖੋ। ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਬੁਖ਼ਾਰ ਆਦਿ ਹੋਣ 'ਤੇ ਐਸਪਰੀਨ ਅਤੇ ਬਰੂਫ਼ਿਨ ਨਾ ਲਵੋ, ਸਿਰਫ਼ ਪੈਰਾਸੀਟਾਮੋਲ ਹੀ ਲਵੋ।ਪ੍ਰਸ਼ਾਸ਼ਨ ਵੱਲੋਂ ਹਰੇਕ ਸ਼ੁੱਕਰਵਾਰ ਨੂੰ ਡਰਾਈ ਡੇ ਘੋਸ਼ਿਤ ਕੀਤਾ ਗਿਆ ਹੈ। ਇਸ ਲਈ ਹਰ ਸ਼ਹਿਰਵਾਸੀਆਂ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਹਰ ਸ਼ੁੱਕਰਵਾਰ ਨੂੰ ਆਪਣੇ ਘਰਾਂ ਵਿੱਚ ਫਰਿੱਜਾਂ ਦੀਆਂ ਟ੍ਰੇਆਂ/ਬਰਤਨਾਂ/ਕੂਲਰਾਂ/ਟਾਇਰਾਂ/ ਗਮਲਿਆਂ ਆਦਿ ਨੂੰ ਸਾਫ਼ ਕਰਕੇ ਸੁੱਕਾ ਰੱਖਿਆ ਜਾਵੇ। ਡਾ. ਗੁਪਤਾ ਨੇ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਕਿ ਡੇਂਗੂ ਤੋਂ ਬਚਾਓ ਲਈ ਉਕਤ ਹਦਾਇਤਾਂ ਦੀ ਪਾਲਣਾ ਹਰ ਸ਼ਹਿਰਵਾਸੀ ਵੱਲੋਂ ਆਪਣੀ ਨੈਤਿਕ ਜਿੰਮੇਵਾਰੀ ਸਮਝਦੇ ਹੋਏ ਕੀਤੀ ਜਾਵੇ। ਇਸ ਤੋਂ ਇਲਾਵਾ ਨਗਰ ਨਿਗਮ ਅਤੇ ਹੈਲਥ ਵਿਭਾਗ ਦੀਆਂ ਟੀਮਾਂ ਵੱਲੋਂ ਨਿਰੰਤਰ ਚੈਕਿੰਗ ਵੀ ਕੀਤੀ ਜਾਵੇਗੀ ਅਤੇ ਜੇਕਰ ਕਿਸੇ ਵੀ ਘਰ ਵਿੱਚੋਂ ਡੇਂਗੂ ਦਾ ਲਾਰਵਾ ਪਾਇਆ ਜਾਂਦਾ ਹੈ ਤਾਂ ਪ੍ਰਸ਼ਾਸ਼ਨ ਵੱਲੋਂ ਚਲਾਨ ਵੀ ਕੀਤੇ ਜਾਣਗੇ। ਆਓ ਫਗਵਾੜਾ ਨੂੰ ਡੇਂਗੂ ਮੁਕਤ ਬਣਾਉਣ ਲਈ ਮਿਲ ਕੇ ਕੰਮ ਕਰੀਏ।

## ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਦਾ 12ਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



**ਲੋਹੀਆਂ ਖਾਸ (ਯੋਗੇਸ਼ਵਰ)** : ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦਾ 12ਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਚੰਗੇ ਨੰਬਰ ਲੈ ਕੇ ਆਪਣੇ ਸ਼ਹਿਰ ਤੇ ਸਕੂਲ ਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਕਾਮਰਸ ਗਰੁੱਪ ਵਿੱਚ ਜਸਪ੍ਰੀਤ ਕੌਰ ਨੇ 93.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ, ਦੂਜਾ ਸਥਾਨ ਗਗਨਦੀਪ ਕੌਰ ਨੇ 92.2% ਅੰਕਾਂ ਨਾਲ ਅਤੇ ਤੀਜਾ ਸਥਾਨ ਅਰੁਨਪ੍ਰੀਤ ਸਿੰਘ ਨੇ 90.6% ਅੰਕਾਂ ਨਾਲ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚ ਮੰਨਪ੍ਰੀਤ ਕੌਰ ਨੇ 89.8% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ, ਦੂਜਾ ਸਥਾਨ ਹਰਪ੍ਰੀਤ ਕੌਰ ਨੇ 88% ਅੰਕਾਂ ਨਾਲ ਅਤੇ ਤੀਜਾ ਸਥਾਨ ਜਸਲੀਨ ਕੌਰ ਨੇ 87.4% ਅੰਕਾਂ ਨਾਲ ਪ੍ਰਾਪਤ ਕੀਤਾ। ਇਸਦੇ ਨਾਲ ਹੀ ਸਾਇੰਸ ਗਰੁੱਪ ਵਿੱਚ ਜਸਕਰਨਪ੍ਰੀਤ ਕੌਰ ਨੇ 85% ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ। ਮੈਨੇਜਿੰਗ ਡਾਇਰੈਕਟਰ ਸੰਦਾਮ ਖਾਨ ਅਤੇ ਡਿਪਟੀ ਡਾਇਰੈਕਟਰ/ਪ੍ਰਿੰਸੀਪਲ ਸ਼੍ਰੀਮਤੀ ਸਰਗਮ ਬਿੰਦ ਨੇ ਵਿਦਿਆਰਥੀਆਂ ਨੂੰ ਅਤੇ ਉਨ੍ਹਾਂ ਦੀਆਂ ਕਲਾਸਾਂ ਨੂੰ ਹਾਰਦਿਕ ਵਧਾਈ ਦਿੱਤੀ। ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਊਸ਼ਾ ਗੁਪਤਾ ਕਲਾਸ ਇੰਚਾਰਜ ਅਤੇ ਬਾਕੀ ਅਧਿਆਪਕ ਸਨਦੀਪ, ਸ੍ਰੀਮਤੀ ਗੁਰਪ੍ਰੀਤ ਕੌਰ,ੀ ਰਮਨ ਸਰੋਆ ਅਤੇ ਵਿਕਰਮਜੀਤ ਵੀ ਮੌਜੂਦ ਸਨ।ਸਕੂਲ ਦੀ ਇਸ ਕਾਮਯਾਬੀ 'ਤੇ ਸਾਰੇ ਅਧਿਆਪਕ ਅਤੇ ਵਿਦਿਆਰਥੀ ਬਹੁਤ ਖੁਸ਼ ਹਨ ਅਤੇ ਭਵਿੱਖ ਲਈ ਵਧੀਆ ਉਮੀਦਾਂ ਰੱਖਦੇ ਹਨ।

## ਡਾਕਟਰ ਦੀ ਪ੍ਰਵਾਨਗੀ ਤੋਂ ਬਿਨਾਂ ਕੈਮਿਸਟ ਵੱਲੋਂ ਨਾ ਦਿੱਤੀ ਜਾਵੇ ਪ੍ਰੈਗਾਬਾਲਿਨ

**ਨਵਾਂਸ਼ਹਿਰ (ਮਨੋਜ ਲਾਡੀ)**: ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਪ੍ਰੈਗਾਬਾਲਿਨ ਦਵਾਈ ਨੂੰ ਸਿਰਫ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ 'ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵੱਲੋਂ ਦਿੱਤਾ ਜਾਵੇ।ਜ਼ਿਲ੍ਹਾ ਮੈਜਿਸਟ੍ਰੇਟ ਨੇ ਹਦਾਇਤ ਕਰਦਿਆਂ ਕਿਹਾ ਕਿ ਫਾਰਮੇਸੀ ਵੱਲੋਂ ਇਸ ਦਵਾਈ ਦਾ ਮੁਕੰਮਲ ਰਿਕਾਰਡ ਵੀ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਿਵਲ ਸਰਜਨ ਦਫ਼ਤਰ ਵੱਲੋਂ ਦੱਸਿਆ ਗਿਆ ਹੈ ਕਿ ਪ੍ਰੈਗਾਬਾਲਿਨ ਦੀ ਵਰਤੋਂ ਦਿਮਾਗ਼ੀ ਮਾਇਲਜੀਆ/ਨਿਊਰੋਲਜੀਆ ਆਦਿ ਬਿਮਾਰੀਆਂ ਨਾਲ ਸਬੰਧਤ ਮਰੀਜ਼ਾਂ ਦੇ ਇਲਾਜ ਲਈ ਆਮ ਤੌਰ 'ਤੇ ਮੈਡੀਕਲ ਸਪੈਸ਼ਲਿਸਟ/ ਸਾਈਕੈਟਰਿਸਟ/ ਜੀ.ਡੀ.ਐਮ.ਓ ਵੱਲੋਂ ਕੀਤੀ ਜਾਂਦੀ ਹੈ, ਪਰ ਜ਼ਿਆਦਾ ਮਾਤਰਾ ਵਿੱਚ ਇਸ ਦੀ ਦੁਰਵਰਤੋਂ ਨਸ਼ੇ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ। ਇਸ ਲਈ ਇਸ ਦਵਾਈ ਨੂੰ ਸਿਰਫ ਸਮਰੱਥ ਡਾਕਟਰ ਦੀ ਪ੍ਰਵਾਨਗੀ ਦੇ ਆਧਾਰ 'ਤੇ ਹੀ ਅਤੇ ਮਿੱਥੇ ਹੋਏ ਸਮੇਂ ਲਈ ਹੀ ਫਾਰਮੇਸੀ ਵੱਲੋਂ ਦਿੱਤੀ ਜਾਣੀ ਚਾਹੀਦੀ ਹੈ। ਇਹ ਹੁਕਮ 14 ਜੁਲਾਈ 2025 ਤੱਕ ਲਾਗੂ ਰਹੇਗਾ।

## ਅਜ਼ਾਦੀ ਘੁਲਾਟੀਆਂ ਨੂੰ ਸੂਬੇ ਦੇ ਪਾਣੀ ਦੀ ਰਾਖੀ ਲਈ ਜੰਗ ਲੜਨੀ ਪੈ ਰਹੀ : ਅਮਨਦੀਪ ਕੌਰ ਅਰੋੜਾ

**ਨੰਗਲ (ਸੁਰਜੀਤ ਸਿੰਘ)**: ਪੰਜਾਬ ਤੋਂ ਵਾਧੂ ਪਾਣੀ ਹਰਿਆਣਾ ਨੂੰ ਦੇਣ ਦੇ ਫ਼ੈਸਲੇ ਦੇ ਵਿਰੋਧ ਵਿੱਚ ਨੰਗਲ ਡੈਮ ਵਿਖੇ ਲੱਗੇ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚੇ ਆਮ ਆਦਮੀ ਪਾਰਟੀ ਦੀ ਵਿਧਾਇਕ ਅਮਨਦੀਪ ਕੌਰ ਅਰੋੜਾ ਨੇ ਧਰਨੇ ਵਿੱਚ ਜੁੜੇ ਇਲਾਕਾ ਵਾਸੀਆਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਕੇਂਦਰ ਅਤੇ ਹਰਿਆਣਾ ਸਰਕਾਰ ਵੱਲੋਂ ਪੰਜਾਬ ਦੇ ਹਿੱਤਾਂ 'ਤੇ ਹੱਕਾਂ 'ਤੇ ਡਾਕਾ ਮਾਰਨ ਲਈ ਲਏ ਤੁਗਲਕੀ ਫ਼ਰਮਾਨ ਵਿਰੁੱਧ ਤਿੱਖੀਆਂ ਤਕਰੀਰਾਂ ਕੀਤੀਆਂ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਅਜ਼ਾਦੀ ਦੀ ਜੰਗ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲਿਆਂ ਨੂੰ ਆਪਣੇ ਸੂਬੇ ਦੇ ਪਾਣੀ ਦੀ ਰਾਖੀ ਲਈ ਜੰਗ ਲੜਨੀ ਪੈ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨਾਲ ਹਮੇਸ਼ਾ ਧੱਕਾ ਕਰਕੇ ਸਾਡੇ ਕੁਦਰਤੀ ਸ੍ਰੋਤ ਹੋਰ ਸੂਬਿਆਂ ਵਲ ਲਈ ਚੋਰੀ ਕੀਤੇ ਜਾਂਦੇ ਰਹੇ ਹਨ। ਇਸੇ ਕਾਰਨ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬੀ ਅਤੇ ਕਿਸਾਨ ਆਪਣੀ ਕਮਜ਼ੋਰ ਆਰਥਿਕਤਾ ਦਾ ਸ਼ਿਕਾਰ ਬਣੇ ਰਹੇ ਹਨ। ਅਰੋੜਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਅਤੇ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਰਵਾਇਤੀ ਪਾਰਟੀਆਂ ਦੇ ਆਗੂਆਂ ਦੀ ਨਲਾਇਕੀ ਤੇ ਨਾਕਾਮੀ ਕਾਰਨ ਪੰਜਾਬੀਆਂ ਨੂੰ ਅੱਜ ਆਪਣੇ ਹਿੱਤਾਂ ਤੇ ਹੱਕਾਂ ਲਈ ਸੰਘਰਸ਼ ਦਾ ਰਾਹ ਅਪਨਾਉਣਾ ਪਿਆ ਹੈ। ਡਾ ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਨੇ ਕਿਹਾ ਕਿ ਪੰਜਾਬ ਨੇ ਦਹਾਕਿਆਂ ਤੱਕ ਜੋ ਸੰਤਾਪ ਭੋਗਿਆ ਹੈ, ਉਸ ਦਾ ਅਧਾਰ ਪਾਣੀਆਂ ਤੋਂ ਸ਼ੁਰੂ ਹੋਇਆ ਸੀ। ਅੱਜ ਸਾਡੇ ਪੰਜਾਬ ਦੇ ਹਾਲਾਤ ਹੋਰ ਬਦਤਰ ਹੋ ਗਏ ਹਨ, ਸਾਡੇ ਕੋਲ ਪਾਣੀ ਦੀ ਇੱਕ ਬੂੰਦ ਵੀ ਨਹੀਂ ਹੈ, ਸਾਡੇ ਕਿਸਾਨ ਵੀਰਾਂ ਨੇ ਆਪਣੀ ਜ਼ਮੀਨ ਦੀ ਸਿਹਤ ਖਰਾਬ ਕਰ ਲਈ ਅਤੇ ਧਰਤੀ ਹੇਠਲਾ ਪਾਣੀ ਕੱਢ ਕੇ ਦੇਸ਼ ਦੇ ਅੰਨ ਭੰਡਾਰ ਵਿਚ ਆਪਣਾ ਯੋਗਦਾਨ ਪਾਇਆ, ਪ੍ਰੰਤੂ ਕੇਂਦਰ ਅਤੇ ਹਰਿਆਣਾ ਦੀ ਸਰਕਾਰ ਅੱਜ ਸਾਡੇ ਹਿੱਸੇ ਦੇ ਪਾਣੀ ਤੇ ਡਾਕਾ ਮਾਰਨ ਦਾ ਯਤਨ ਕਰ ਰਹੀ ਹੈ ਜੋ ਬਰਦਾਸ਼ਤ ਨਹੀਂ ਹੋਵੇਗਾ। ਇਸ ਮੌਕੇ ਸੁਖਵਿੰਦਰ ਸਿੰਘ, ਜਗਤਾਰ ਸਿੰਘ, ਜਸਵੰਤ ਸੰਧੂ, ਅਰਸ਼ਦੀਪ ਸਿੰਘ, ਕਰਮ ਸਿੰਘ, ਜਸਪਾਲ ਸਿੰਘ, ਗੁਰਦੀਪ ਸਿੰਘ, ਅਮਰਜੀਤ ਸਿੰਘ, ਕੁਲਵੰਤ ਸਿੰਘ, ਬਾਬੂ ਸਿੰਘ, ਕਮਲਜੀਤ ਸਿੰਘ, ਜਗਸੀਰ ਸਿੰਘ, ਗੋਰਾ ਸਿੰਘ ਸਰਪੰਚ, ਦਵਿੰਦਰ ਸਿੰਘ ਸਰਪੰਚ, ਨਿਰਮਲ ਸਿੰਘ, ਬੱਬੂ, ਅਵਤਾਰ ਸਿੰਘ, ਮਲਕੀਤ ਸਿੰਘ ਸਮੇਤ ਮੋਗਾ, ਫਰੀਦਕੋਟ ਇਲਾਕੇ ਦੇ ਆਮ ਆਦਮੀ ਪਾਰਟੀ ਦੇ ਪ੍ਰਧਾਨ, ਬਲਾਕ ਪ੍ਰਧਾਨ, ਪੰਚ, ਸਰਪੰਚ, ਚੇਅਰਮੈਨ ਵੱਡੀ ਗਿਣਤੀ ਵਿਚ ਹਾਜ਼ਰ ਸਨ।

## ਜਲਾਲਪੁਰ ਤੇ ਆਸਪਾਸ ਦੇ ਇਲਾਕੇ 'ਚ ਡਰੋਨ ਉਡਾਉਣ 'ਤੇ ਪਾਬੰਦੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**— ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ



ਅਧਿਕਾਰਾਂ ਦੀ ਵਰਤੋਂ ਕਰਦਿਆਂ 17 ਮਈ ਨੂੰ ਸਚਿਨ ਪੈਲੇਸ, ਜਲਾਲਪੁਰ ਤਹਿਸੀਲ ਟਾਂਡਾ ਦੇ ਆਲੇ-ਦੁਆਲੇ ਦੇ ਏਰੀਏ ਵਿਚ ਬਿਨਾਂ ਮਨਜ਼ੂਰੀ ਡਰੋਨ ਉਡਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਹੈ। ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਨੇ ਆਪਣੇ ਦਫ਼ਤਰ ਦੇ ਪੱਤਰ ਰਾਹੀਂ ਇਸ ਦਫ਼ਤਰ ਨੂੰ ਸੂਚਿਤ ਕੀਤਾ ਹੈ ਕਿ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਅਤੇ ਨੈਸ਼ਨਲ ਕਨਵੀਨਰ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ 17 ਮਈ ਨੂੰ ਰਾਜ ਪੱਧਰੀ ਸਮਾਗਮ ਵਿਚ ਸ਼ਾਮਲ ਹੋਣ ਲਈ ਸਚਿਨ ਪੈਲੇਸ, ਤਹਿਸੀਲ ਟਾਂਡਾ, ਹੁਸ਼ਿਆਰਪੁਰ ਵਿਖੇ ਪਹੁੰਚ ਰਹੇ ਹਨ। ਇਸ ਲਈ ਉਨ੍ਹਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਆਮਦ ਵਾਲੀ ਜਗ੍ਹਾ (ਸਚਿਨ ਪੈਲੇਸ, ਜਲਾਲਪੁਰ ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ) ਦੇ ਆਲੇ-ਦੁਆਲੇ ਦੇ ਏਰੀਆ ਵਿਚ ਡਰੋਨ ਉਡਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

## 117 ਮੈਡਲਾਂ ਦੇ ਨਾਲ ਹਰਿਆਣਾ ਰਿਹਾ ਦੂਜੇ ਸਥਾਨ 'ਤੇ


**ਚੰਡੀਗੜ੍ਹ (ਕ੍ਰਿਸ਼ਨ ਗਰਗ)**— ਹਰਿਆਣਾ ਦੇ ਖੇਡ ਮੰਤਰੀ ਗੌਰਵ ਗੌਤਮ ਨੇ ਬਿਹਾਰ ਵਿੱਚ ਹੋਏ ਖੇਲੋ ਇੰਡੀਆ ਯੂਥ ਗੇਮਸ ਵਿੱਚ ਬਿਹਤਰੀਨ ਪ੍ਰਦਰਸ਼ਨ ਕਰ ਮੈਡਲ ਜਿੱਤਣ ਵਾਲੇ ਸੂਬੇ ਦੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਾਲ 2016 ਤੋਂ ਸ਼ੁਰੂ ਖੇਲੋ ਇੰਡੀਆ ਸਕੀਮ ਮਾਣਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਸੋਚ ਦਾ ਨਤੀਜਾ ਹੈ, ਜਿਸ ਦੇ ਕਾਰਨ ਅੱਜ 2025 ਵਿੱਚ ਅੱਜ ਖੇਲੋ ਇੰਡੀਆ ਯੂਥ ਗੇਮਸ ਦਾ ਸੱਤਵਾਂ ਕਾਮਯਾਬ ਐਡੀਸ਼ਨ ਪੂਰਾ ਹੋਇਆ। ਗੌਤਮ ਨੇ ਇਸ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਵੀ ਸੂਬੇ ਵਿੱਚ ਬਿਹਤਰੀਨ ਖੇਡ ਨੀਤੀ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਖੇਲੋ ਇੰਡੀਆ ਦਾ ਇਹ ਸਫਰ ਯੁਵਾ ਖਿਡਾਰੀਆਂ ਲਈ ਉਰਜਾ ਦਾ ਸੰਚਾਰ ਹੈ। ਇਹੀ ਉਰਜਾ ਉਨ੍ਹਾਂ ਨੂੰ ਭਵਿੱਖ ਵਿੱਚ ਕੌਮਾਂਤਰੀ ਪੱਧਰ ਦੀ ਖੇਡ ਮੁਕਾਬਲਿਆਂ ਲਈ ਪ੍ਰੋਤਸਾਹਿਤ ਕਰੇਗੀ ਅਤੇ ਇੰਨ੍ਹਾਂ ਨੌਜੁਆਨ ਖਿਡਾਰੀਆਂ ਵਿੱਚੋਂ ਦੇਸ਼ ਨੂੰ ਓਲੰਪਿਕ ਦੇ ਚੈਂਪੀਅਨ ਮਿਲਣਗੇ।ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਚਾਲੂ ਵਿੱਤ ਸਾਲ ਵਿੱਚ ਮਿਸ਼ਨ ਓਲੰਪਿਕ-2036, ਖੇਡ ਨਰਸਰੀ, ਇੰਫ੍ਰਾਸਟਕਚਰ ਵਿਕਾਸ, ਕੈਸ਼ ਐਵਾਰਡ, ਖਿਡਾਰੀਆਂ ਲਈ ਇੰਸ਼ਿਯੋਰੇਂਸ ਅਤੇ ਹੋਰ ਯੋਜਨਾਵਾਂ ਲਈ ਆਪਣੇ ਬਜਟ ਵਿੱਚ ਲਗਭਗ 40 ਫੀਸਦੀ ਦਾ ਵਾਧਾ ਕੀਤਾ ਹੈ, ਜਿਸ ਨਾਲ ਭਵਿੱਖ ਵਿੱਚ ਖਿਡਾਰੀਆਂ ਨੂੰ ਸੂਬੇ ਵਿੱਚ ਹੀ ਕੌਮਾਂਤਰੀ ਪੱਧਰ ਦੀ ਹਰ ਸਹੂਲਤ ਉਪਲਬਧ ਕਰਾਈ ਜਾ ਸਕੇ।

## 51 ਮੁਲਜ਼ਮ ਗ੍ਰਿਫ਼ਤਾਰ, ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਤੇ ਗੈਰ-ਕਾਨੂੰਨੀ ਹਥਿਆਰ ਜ਼ਬਤ

**ਜਲੰਧਰ (ਸ਼ੈਲੀ ਐਲਬਰਟ)**- ਰਾਜ ਵਿਆਪੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਇੱਕ ਮਹੱਤਵਪੂਰਨ ਵਿਕਾਸ ਵਿੱਚ, ਕਮਿਸ਼ਨਰੇਟ ਪੁਲਸ ਜਲੰਧਰ ਨੇ ਸਿਰਫ਼ 7 ਦਿਨਾਂ ਦੇ ਅੰਦਰ ਇੱਕ ਫੈਸਲਾਕੁੰਨ ਸਫਲਤਾ ਹਾਸਲ ਕੀਤੀ ਹੈ। ਨਸ਼ੀਲੇ ਪਦਾਰਥਾਂ ਦੀ ਸਮੱਸਿਆ ਨੂੰ ਜੜ੍ਹੋਂ ਪੁੱਟਣ ਲਈ ਆਪਣੀ ਅਟੱਲ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ, ਜਲੰਧਰ ਪੁਲਿਸ ਨੇ 41 ਐਫਆਈਆਰ ਦਰਜ ਕੀਤੀਆਂ, ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ 50 ਵਿਅਕਤੀਆਂ ਅਤੇ ਐਨਡੀਪੀਐਸ ਕੇਸ ਵਿੱਚ ਲੋੜੀਂਦਾ 1 ਐਲਾਨਿਆ ਅਪਰਾਧੀ ਨੂੰ ਗ੍ਰਿਫ਼ਤਾਰ ਕੀਤਾ, ਜੋ ਕਿ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਇੱਕ ਸਖ਼ਤ ਅਤੇ ਸਪੱਸ਼ਟ ਸੰਦੇਸ਼ ਦਿੱਤਾ: ਕੋਈ ਪਨਾਹ ਨਹੀਂ ਦਿੱਤੀ ਜਾਵੇਗੀ।ਵੇਰਵਾ ਸਾਂਝਾ ਕਰਦੇ ਹੋਏ, ਪੁਲਸ ਕਮਿਸ਼ਨਰ ਸ਼੍ਰੀਮਤੀ ਧਨਪ੍ਰੀਤ ਕੌਰ ਨੇ ਕਿਹਾ ਕਿ ਜਲੰਧਰ ਪੁਲਸ ਨਸ਼ੇ ਵਿਰੁੱਧ ਜੰਗ ਵਿੱਚ ਆਪਣੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰ ਰਹੀ ਹੈ। ਕਮਿਸ਼ਨਰੇਟ ਜਲੰਧਰ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਵੱਖ-ਵੱਖ ਥਾਣਿਆਂ ਵਿੱਚ ਕਈ ਤਾਲਮੇਲ ਵਾਲੀਆਂ ਕਾਰਵਾਈਆਂ ਦੌਰਾਨ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਇੱਕ ਵੱਡੀ ਬ੍ਰਾਮਦਗੀ ਕੀਤੀ ਗਈ। ਜ਼ਬਤ ਕੀਤੀਆਂ ਗਈਆਂ ਚੀਜ਼ਾਂ ਹਨ, 638 ਗ੍ਰਾਮ ਹੈਰੋਇਨ, 1.05 ਕਿਲੋਗ੍ਰਾਮ ਗਾਂਜਾ (ਭੰਗ), 397 ਨਸ਼ੀਲੀਆਂ ਗੋਲੀਆਂ, 3 ਚਾਂਦੀ ਦੇ ਫੋਇਲ ਰੋਲ ਅਤੇ 3 ਲਾਈਟਰ, 2 ਪਿਸਤੌਲ (32 ਬੋਰ) ਦੇ ਨਾਲ 10 ਕਾਰਤੂਸ, 2 ਦੋ-ਪਹੀਆ ਵਾਹਨ ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਰਤੇ ਜਾਣ ਦਾ ਸ਼ੱਕ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਜਲੰਧਰ ਪੁਲਿਸ ਨਸ਼ੇ ਦੇ ਆਦਿਆਂ ਦੀ ਰਿਕਵਰੀ ਅਤੇ ਪੁਨਰਵਾਸ ਲਈ ਬਰਾਬਰ ਵਚਨਬੱਧ ਹੈ। ਇਸ ਪਹਿਲਕਦਮੀ ਦੇ ਹਿੱਸੇ ਵਜੋਂ, ਨਸ਼ਾਖੋਰੀ ਨਾਲ ਜੂਝ ਰਹੇ 25 ਵਿਅਕਤੀਆਂ ਨੂੰ ਹਾਲ ਹੀ ਵਿੱਚ ਸਿਵਲ ਹਸਪਤਾਲ ਅਤੇ ਪਿਮਸ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ ਸੀ। ਸੀਪੀ ਜਲੰਧਰ ਨੇ ਜ਼ੋਰ ਦੇ ਕੇ ਕਿਹਾ ਕਿ ਗ੍ਰਿਫ਼ਤਾਰੀਆਂ ਅਤੇ ਪੁਨਰਵਾਸ ਦੋਵੇਂ ਯਤਨ ਸਮਾਜ ਵਿੱਚੋਂ ਨਸ਼ਾਖੋਰੀ ਨੂੰ ਖਤਮ ਕਰਨ ਦੇ ਮਿਸ਼ਨ ਵਿੱਚ ਮਹੱਤਵਪੂਰਨ ਤਰੱਕੀਆਂ ਨੂੰ ਦਰਸਾਉਂਦੇ ਹਨ। ਹਰੇਕ ਗ੍ਰਿਫ਼ਤਾਰੀ ਅਤੇ ਜ਼ਬਤੀ ਸਾਨੂੰ ਨਸ਼ਾ ਮੁਕਤ ਸਮਾਜ ਦੇ ਨੇੜੇ ਲਿਆਉਂਦੀ ਹੈ, ਉਸਨੇ ਪੁਸ਼ਟੀ ਕੀਤੀ। ਜਲੰਧਰ ਪੁਲਿਸ ਨੇ ਜਨਤਾ ਨੂੰ ਵੀ ਇਸ ਲੜਾਈ ਵਿੱਚ ਸ਼ਾਮਲ ਹੋਣ ਲਈ ਕਿਹਾ ਹੈ, ਚੌਕਸ ਰਹਿਣ ਅਤੇ ਕਿਸੇ ਵੀ ਸ਼ੱਕੀ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਗਤੀਵਿਧੀ ਦੀ ਰਿਪੋਰਟ ਕਰਨ ਲਈ। ਨਾਗਰਿਕ 97791-00200 ਤੇ SAFE PUNJAB ਹੈਲਪਲਾਈਨ ਰਾਹੀਂ ਗੁਮਨਾਮ ਤੌਰ 'ਤੇ ਜਾਣਕਾਰੀ ਸਾਂਝੀ ਕਰ ਸਕਦੇ ਹਨ।

## ਸੋਢੀ ਜੋੜੀ ਵੱਲੋਂ ਅੱਜ ਲਗਾਇਆ ਜਾਵੇਗਾ ਬੂਟ ਕੈਂਪ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪਿਛਲੇ ਲੰਮੇ ਸਮੇਂ ਤੋਂ ਗੁਰੂ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਆਪਣਾ ਜਿਮ ਚਲਾ ਕੇ ਇਲਾਕੇ ਦੇ ਲੋਕਾਂ ਨੂੰ ਤੰਦਰੁਸਤੀ ਪ੍ਰਦਾਨ ਕਰ ਰਹੇ ਅਮਰ ਸੋਢੀ ਅਤੇ ਕਿਰਨ ਸੋਢੀ ਜੋੜੀ ਵੱਲੋਂ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਐਤਵਾਰ ਨੂੰ ਸਵੇਰੇ 5:30 ਵਜੇ ਤੋਂ



6.30 ਵਜੇ ਤੱਕ ਬੂਟ ਕੈਂਪ ਲਗਾਇਆ ਜਾਵੇਗਾ। ਗੁਰੂ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਲੱਗਣ ਵਾਲਾ ਪਹਿਲਾ ਅਜਿਹਾ ਕੈਂਪ ਹੋਵੇਗਾ ਜਿਸ ਵਿੱਚ ਹਰ ਇੱਕ ਵਿਅਕਤੀ ਬੱਚਾ, ਨੌਜਵਾਨ, ਬਜ਼ੁਰਗ, ਕੁੜੀਆਂ, ਮੁੰਡੇ, ਔਰਤਾਂ ਸ਼ਮੂਲੀਅਤ ਕਰ ਸਕਦੇ ਹਨ। ਉਹਨਾਂ ਦੱਸਿਆ ਕਿ ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਵਿਖੇ ਲਗਾਏ ਜਾ ਰਹੇ ਇਸ ਕੈਂਪ ਦੇ ਵਿੱਚ ਭੰਗੜਾ ਕਾਰਡੀਓ, ਸਟਰੈਚਿੰਗ, ਯੋਗਾ, ਵਰਕ ਆਊਟ, ਸਕੁਐਡ ,ਪੁਸ਼ਐਪ, ਰੱਸੀ ਖਿੱਚਣੀ ਆਦਿ ਐਕਸਰਸਾਈਜ਼ ਕਰਵਾਈਆਂ ਜਾਣਗੀਆਂ। ਉਹਨਾਂ ਕਿਹਾ ਸਾਡਾ ਮਕਸਦ ਇਲਾਕੇ ਵਿੱਚ ਤੰਦਰੁਸਤੀ ਭਰੇ ਸਮਾਜ ਦੀ ਸਿਰਜਣਾ ਕਰਨਾ ਹੈ,ਇਸ ਲਈ ਅਸੀਂ ਜਿੱਥੇ ਜਿਮ ਦੇ ਵਿੱਚ ਵਰਕਆਊਟ ਅਤੇ ਕਾਰਡੀਓਜ ਕਰਵਾਉਂਦੇ ਹਾਂ ਉੱਥੇ ਬੂਟ ਕੈਂਪ ਲਗਾ ਕੇ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਕਰਵਾਉਣਾ ਸਾਡਾ ਮਕਸਦ ਹੈ। ਉਹਨਾਂ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਇਸ ਬੂਟ ਕੈਂਪ ਦੇ ਵਿੱਚ ਹਰ ਕੋਈ ਆ ਸਕਦਾ ਹੈ ਬਿਨਾਂ ਕਿਸੇ ਫੀਸ ਤੋਂ ਇਹ ਕੈਂਪ ਮੁਫਤ ਲਗਾਇਆ ਜਾਵੇਗਾ।

## ਕੰਨਿਆ ਸਕੂਲ ਦੀਆਂ ਅੱਸੀ ਫ਼ੀਸਦੀ ਅੰਕ ਲੈਣ ਵਾਲੀਆਂ ਵਿਦਿਆਰਥਣਾਂ ਸਨਮਾਨਤ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**: ਸਥਾਨਕ ਸਕੂਲ ਆਫ ਐਮੀਨੈਂਸ ਫਾਰ ਗਰਲਜ਼ ਦਾ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਸਕੂਲ ਵਿਖੇ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਦੀ ਅਗਵਾਈ ਹੇਠ ਇਨ੍ਹਾਂ ਪ੍ਰੀਖਿਆਵਾਂ ਦੌਰਾਨ ਅੱਸੀ ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ। ਸਕੂਲ ਦੀ ਅਧਿਆਪਕਾ ਹਰਨੀਰ ਕੌਰ ਮਾਂਗਟ ਅਤੇ ਅਧਿਆਪਕ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਨੇ ਕਿਹਾ ਕਿ ਸਮੂਹ ਅਧਿਆਪਕਾਂ ਤੇ ਵਿਦਿਆਰਥਣਾਂ ਦੀ ਮਿਹਨਤ ਸਦਕਾ ਸਕੂਲ ਦੀਆਂ 97 ਵਿੱਚੋਂ 29 ਤੋਂ ਵੱਧ ਵਿਦਿਆਰਥਣਾਂ 80 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੀਆਂ ਹਨ। ਉਨ੍ਹਾਂ ਸਮੂਹ ਪਾਸ ਹੋ ਕੇ ਜਾਂ ਰਹੀਆਂ ਵਿਦਿਆਰਥਣਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਇੱਕ ਗੱਲ ਲੜ ਬੰਨ ਲੈਣੀ ਚਾਹੀਦੀ ਹੈ ਕਿ ਸਖ਼ਤ ਮਿਹਨਤ ਹੀ ਸਫ਼ਲਤਾ ਦਾ ਇੱਕੋ ਇੱਕ ਸੌਖਾ ਰਸਤਾ ਹੈ। ਜਦੋਂ ਕੋਈ ਵਿਅਕਤੀ ਮਿਹਨਤ ਕਰਦਾ ਹੈ ਤਾਂ ਕੋਈ ਵੀ ਔਂਕੜ ਉਸਦਾ ਰਾਹ ਨਹੀਂ ਰੋਕ ਸਕਦੀ। ਇਸ ਮੌਕੇ 80 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀਆਂ 29 ਵਿਦਿਆਰਥਣਾਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੈਕਚਰਾਰ ਰਣਬੀਰ ਕੌਰ, ਸੁੱਧਾ ਮੱਲ, ਅਵਨੀਤ ਕੌਰ, ਜਗਤਾਰ ਸਿੰਘ, ਵਿਵੇਕ ਕੁਮਾਰ, ਤਰਨਜੀਤ ਕੌਰ, ਕੁਲਵਿੰਦਰ ਕੌਰ,ਨਿਰਮਲ ਕੌਰ, ਨਵਨੀਤ ਕੁਮਾਰੀ, ਅਮਨਦੀਪ ਸਿੰਘ, ਪ੍ਰਿਯੰਕਾ ਮਹਿੰਦਰੂ ਅਤੇ ਕਮਲਪ੍ਰੀਤ ਕੌਰ ਆਦਿ ਹਾਜ਼ਰ ਸਨ।

## ਪੀ ਆਰ ਟੀ ਸੀ ਦੇ ਕੰਡਕਟਰ ਨੇ ਕੀਤੀ ਇਮਾਨਦਾਰੀ ਦੀ ਮਿਸਾਲ ਪੇਸ਼

**ਬਲਾਚੌਰ (ਜਸਵਿੰਦਰ ਬੈਂਸ)**— ਜਿੱਥੇ ਅੱਜ ਦੇ ਜਮਾਨੇ ਵਿੱਚ ਲੋਕਾਂ ਦੁਆਰਾ ਕਿਸੇ ਨਾ ਕਿਸੇ ਕੰਮ ਵਿੱਚ ਠੱਗੀ ਚੋਰੀ ਕੀਤੀ ਜਾ ਰਹੀ ਹੈ ਤਾਂ ਦੂਸਰੇ ਪਾਸੇ ਇਮਾਨਦਾਰੀ ਦੀ ਮਿਸਾਲ ਨੂੰ ਕਾਇਮ ਰੱਖਣ ਵਾਲੇ



ਵੀ ਕੁਝ ਲੋਕ ਮੌਜੂਦ ਹਨ ਜਿਨਾਂ ਵਿੱਚ ਇੱਕ ਪੀਆਰਟੀਸੀ ਦੇ ਕੰਡਕਟਰ ਗੁਰਮੀਤ ਸਿੰਘ ਭਗਤਾ ਵੱਲੋਂ ਇਮਾਨਦਾਰੀ ਦੀ ਮਿਸਾਲ ਪੇਸ਼ ਕੀਤੀ ਗਈ। ਗੁਰਮੀਤ ਸਿੰਘ ਭਗਤਾਂ ਨੇ ਦੱਸਿਆ ਕਿ ਉਹ ਪੀਆਰਟੀਸੀ ਕਪੂਰਥਲਾ ਡਿੱਪੂ ਦੇ ਕੰਡਕਟਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ।ਜੋ ਕਿ ਬਟਾਲਾ ਤੋਂ ਚੰਡੀਗੜ੍ਹ ਨੂੰ ਜਾਂਦੇ ਹਨ ਅੱਜ ਉਹਨਾਂ ਦੀ ਬੱਸ ਵਿੱਚ ਇੱਕ ਸਵਾਰੀ ਜੋ ਸਵੇਰੇ ਫਗਵਾੜੇ ਤੋਂ ਚੜ੍ਹੀ ਸੀ ਜਿਸਨੇ ਨਵਾਂ ਸ਼ਹਿਰ ਉਤਰਨਾ ਸੀ ਜਦੋਂ ਉਹ ਸਵਾਰੀ ਨਵਾਂਸ਼ਹਿਰ ਉੱਤਰੀ ਤਾਂ ਉਸ ਸਵਾਰੀ ਦਾ ਬੈਗ ਬੱਸ ਦੇ ਵਿੱਚ ਰਹਿ ਗਿਆ। ਜਦੋਂ ਬੱਸ ਚੰਡੀਗੜ੍ਹ ਪਹੁੰਚੀ ਤਾਂ ਉਸਨੇ ਬੱਸ ਦੀ ਇੱਕ ਸੀਟ 'ਤੇ ਨਿਗਾਹ ਮਾਰੀ ਤਾਂ ਇੱਕ ਬੈਗ ਪਿਆ ਸੀ ਜਦੋਂ ਉਸ ਬੈਗ ਵਿੱਚ ਦੇਖਿਆ ਤਾਂ ਇੱਕ ਲੈਪਟਾਪ ਮੌਜੂਦ ਸੀ। ਕੰਡਕਟਰ ਨੇ ਉਸ ਸਵਾਰੀ ਨਾਲ ਰਾਬਤਾ ਕਾਇਮ ਕਰ ਕੇ ਲੈਪਟਾਪ ਸਵਾਰੀ ਨੂੰ ਵਾਪਸ ਕਰ ਕੇ ਇਮਾਨਦਾਰੀ ਦੀ ਮਿਸਾਲ ਪੇਸ਼ ਕੀਤੀ ਗਈ। ਇਸ ਮੌਕੇ ਤੇ ਸਵਾਰੀ ਵੱਲੋਂ ਕੰਡਕਟਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਹੋ ਜਿਹੇ ਇਮਾਨਦਾਰ ਕੰਡਕਟਰ ਨੂੰ ਕਿਸੇ ਨਾ ਕਿਸੇ ਸਮਾਗਮ ਵਿੱਚ ਸਨਮਾਨਿਤ ਕੀਤਾ ਜਾਵੇ।

## ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸੀਬੀਐਸਈ ਬੋਰਡ ਬਾਰ੍ਹਵੀਂ ਕਲਾਸ ਦੇ ਐਲਾਨੇ ਨਤੀਜੇ ਵਿਚ ਨਵਾਂਸ਼ਹਿਰ ਦੇ ਚੰਡੀਗੜ੍ਹ ਰੋਡ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਆਰਟਸ, ਅਤੇ ਕਾਮਰਸ ਗਰੁੱਪ100% ਸ਼ਾਨਦਾਰ ਰਿਹਾ ਹੈ। ਪ੍ਰਿੰਸੀਪਲ ਇੰਦਰਜੀਤ ਮਾਹੀ ਨੇ ਕਿਹਾ ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰ ਕੇ ਪਾਸ ਹੋਏ ਜਿਸ ਵਿੱਚ ਆਰਟਸ, ਗਰੁੱਪ



ਨਵਜੋਤ ਸ਼੍ਰੇਣੀ 426 ਅੰਕਾਂ ਨਾਲ ਪਹਿਲਾ ਸਥਾਨ ਅੰਜਲੀ ਨੇ 417 ਅੰਕ ਦੂਜਾ ਸਥਾਨ ਮਨੀਸ਼ਾ ਬੰਗੜ 413ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਕਾਮਰਸ ਗਰੁੱਪ ਵਿੱਚ ਖੁਸ਼ੀ ਕੁਮਾਰੀ 447 ਅੰਕਾਂ ਨਾਲ ਪਹਿਲੇ ਸਥਾਨ ਵਿਚ ਰਣਦੀਪ ਸਿੰਘ 416 ਦੂਜੇ ਸਥਾਨ ਹਿਤੇਸ਼ ਬੰਗੜ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਇੰਦਰਜੀਤ ਮਾਹੀ ਨੇ ਮਾਪਿਆਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਅਸੀਂ ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿੰਦੇ ਹਾਂ, ਸਾਡੇ ਵਿਚ ਕੋਈ ਕਮੀਂ ਦਿੱਸਦੀ ਹੈ ਤਾਂ ਉਹ ਬੇਝਿਜਕ ਸਾਨੂੰ ਦੱਸੋ। ਸਕੂਲ ਕਮੇਟੀ ਪ੍ਰਧਾਨ ਡਾ. ਜਸਵਿੰਦਰ ਸਿੰਘ ਰਾਜਾ ਹਸਪਤਾਲ ਨੇ ਬਹੁਤ ਮੁਬਾਰਕਾਂ ਦਿੱਤੀਆਂ। ਪ੍ਰਿੰਸੀਪਲ ਇੰਦਰਜੀਤ ਮਾਹੀ ਨੇ ਸਕੂਲ ਦਾ ਨਤੀਜਾ ਸ਼ਾਨਦਾਰ ਆਉਣ 'ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

## ਕਜਲਾ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਅੱਜ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਮਰਨਾਈਆ, ਹੁਸ਼ਿਆਰਪੁਰ, ਵਿਖੇ ਐਤਵਾਰ 18 ਮਈ ਨੂੰ ਸਮੂਹ ਕਜਲਾ ਪਰਿਵਾਰਾਂ ਵਲੋਂ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਚੇਅਰਮੈਨ ਨਿਰਵੈਰ ਸਿੰਘ, ਪ੍ਰਧਾਨ ਬੂਟਾ ਰਾਮ ਨਾਗਰਾ, ਪਿਦਰ ਸਿੰਘ ਸਰਪੰਚ ਮਰਨਾਈਆ, ਵਾਇਸ ਪ੍ਰਧਾਨ ਜਸਵਿੰਦਰ ਸਿੰਘ ਸਾਂਧਰਾ, ਕੈਸ਼ੀਅਰ ਸੁਖਵਿੰਦਰ ਸਿੰਘ ਮੁਜੱਫਰਪੁਰ, ਵਾਇਸ ਕੈਸ਼ੀਅਰ ਦਿਲਾਵਰ ਸਿੰਘ ਚੱਕ ਬਿਲਗਾ, ਸੈਕਟਰੀ ਨੀਲਮ ਨਾਗਰਾ, ਮੀਡੀਆ ਇੰਚਾਰਜ ਗੁਰਮੇਲ ਸਿੰਘ ਨਸਰਾਲਾ ਨੇ ਦਸਿਆ ਕਿ ਦਰਬਾਰ 'ਤੇ ਝੰਡਾ ਚੜ੍ਹਾਉਣ ਅਤੇ ਚਿਰਾਗ ਰੋਸ਼ਨ ਕਰਨ ਉਪਰੰਤ ਧਾਰਮਿਕ ਪੰਡਾਲ ਸਜਾਇਆ ਜਾਵੇਗਾ। ਪੰਜਾਬ ਭਰ ਤੋਂ ਕਲਾਕਾਰ ਪਹੁੰਚ ਕੇ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਣਗੀਆਂ ਅਤੇ ਅਤੁੱਟ ਲੰਗਰ ਵਰਤਾਇਆ ਜਾਵੇਗਾ।

## ਪ੍ਰਵਾਸੀ ਨੇ ਬਿਨਾਂ ਮਾਂ ਬਾਪ ਦੀ ਬੱਚੀ ਦੇ ਕਿਡਨੀਆਂ ਦੇ ਇਲਾਜ ਲਈ ਭੇਜੇ 1 ਲੱਖ ਰੁਪਏ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਰੋਟਰੀ ਕਲੱਬ ਡੇਰਾਬੱਸੀ ਟਾਊਨ ਦੇ ਸਹਿਯੋਗ ਨਾਲ ਵਿਦੇਸ਼ ਵਿੱਚ ਰਹਿੰਦੇ ਕਾਰੋਬਾਰੀ ਨੇ ਬਿਨਾਂ ਮਾਂ ਬਾਪ ਦੀ ਬੱਚੀ ਦੇ ਕਡਨੀਆਂ ਦੇ ਇਲਾਜ ਲਈ ਮਾਲੀ ਮਦਦ ਭੇਜੀ ਹੈ। ਰੋਟਰੀ ਕਲੱਬ ਟਊਨ ਡੇਰਾਬੱਸੀ ਦੇ ਪ੍ਰੈਸ ਸਕੱਤਰ ਸਮਾਜ ਸੇਵੀ ਪਰਮਜੀਤ ਰੰਮੀ ਸੈਣੀ ਨੇ ਦੱਸਿਆ ਨੇ ਦੱਸਿਆ ਕਿ ਡੇਰਾਬੱਸੀ ਦੀ 21 ਸਾਲਾ ਬੱਚੀ ਮਿਸ ਰੀਤੂ, ਜਿਸ ਦੇ 2 ਸਾਲ ਦੀ ਉਮਰ ਵਿੱਚ ਮਾਤਾ ਪਿਤਾ ਇੱਕ ਐਕਸੀਡੈਂਟ ਵਿੱਚ ਪਰਮਾਤਮਾ ਨੂੰ ਪਿਆਰੇ ਹੋ ਗਏ ਸਨ। ਇਸ ਬੱਚੀ ਨੂੰ ਇੱਕ ਦਿਹਾੜੀਦਾਰ ਔਰਤ ਸ਼੍ਰੀਮਤੀ ਸੁਨੀਤਾ ਵੱਲੋਂ ਅਡੋਪਟ ਕਰ ਲਿਆ ਗਿਆ ਸੀ। ਇਸ ਬੱਚੀ ਦੀਆਂ ਕਿਡਨੀਆਂ ਦਾ ਇਲਾਜ ਇੰਡਸ ਹਸਪਤਾਲ ਡੇਰਾਬੱਸੀ ਅਤੇ ਪੀਜੀਆਈ ਵਿਖੇ ਚੱਲ ਰਿਹਾ ਹੈ। ਜਿਸਦਾ ਹਫਤੇ ਵਿੱਚ ਦੋ ਜਾਂ ਤਿੰਨ ਵਾਰ ਡਾਇਲਿਸਿਸ ਕਰਵਾਉਣਾ ਪੈਂਦਾ ਹੈ। ਗਰੀਬ ਪਰਵਾਰ ਲਈ ਇਹ ਬਹੁਤ ਮੁਸ਼ਕਿਲ ਹੈ। ਰੋਟਰੀ ਕਲੱਬ ਡੇਰਾਬੱਸੀ ਨੇ ਬੱਚੀ ਦੇ ਇਲਾਜ ਦਾ ਬੀੜਾ ਚੁੱਕਦਿਆਂ ਵਿਦੇਸ਼ ਵਿੱਚ ਰਹਿੰਦੇ ਡੇਰਾਬੱਸੀ ਦੇ ਇੱਕ ਕਾਰੋਬਾਰੀ ਰੋਟੇਰੀਅਨਰ ਗਿਆਨ ਸਿੰਘ ਅਤੇ ਉਨਾਂ ਦੇ ਪੁੱਤਰ ਹਰਪ੍ਰੀਤ ਸਿੰਘ ਹੈਪੀ ਨਾਲ ਸੰਪਰਕ ਕਰਕੇ ਇਸ ਬੱਚੀ ਦੇ ਲਈ ਇਕ ਲੱਖ ਰੁਪਏ ਦੀ ਮਾਲੀ ਮਦਦ ਦਾ ਪ੍ਰਬੰਧ ਕਰਵਾਇਆ। ਰੋਟੇਰੀਅਨ ਗਿਆਨ ਸਿੰਘ ਡੇਰਾਬੱਸੀ ਦੇ ਹੀ ਰਹਿਣ ਵਾਲੇ ਹਨ , ਪਰ ਪਿਛਲੇ ਲੰਬੇ ਸਮੇਂ ਤੋਂ ਆਪਣੇ ਪਰਵਾਰ ਨਾਲ ਅਮਰੀਕਾ ਦੇ ਸ਼ਹਿਰ ਸੈਨ ਡਿਆਗੋ ਵਿੱਚ ਕਾਰੋਬਾਰ ਕਰ ਰਹੇ ਹਨ। ਰੋਟਰੀ ਕਲੱਬ ਦੇ ਪ੍ਰਧਾਨ ਭੁਪਿੰਦਰ ਸੈਣੀ ਦੇ ਕਹਿਣ 'ਤੇ ਉਹਨਾਂ ਇਹ ਮਾਲੀ ਮਦਦ ਸੱਤ ਸਮੁੰਦਰੋਂ ਪਾਰ ਆਪਣੇ ਕੁੜਮ ਸਤਵਿੰਦਰ ਸਿੰਘ ਰਿਟਾਇਰਡ ਲੈਕਚਰਾਰ ਦੁਆਰਾ ਭੇਜੀ ਗਈ। ਇਸ ਮਾਲੀ ਮਦਦ ਨਾਲ ਬੱਚੀ ਦੇ ਕਿਡਨੀ ਟਰਾਂਸਪਲਾਂਟ ਵਿੱਚ ਕਾਫੀ ਹੱਦ ਤੱਕ ਮਦਦ ਮਿਲੇਗੀ। ਬੱਚੀ ਦੇ ਇਲਾਜ ਲਈ ਦਵਾਈਆਂ ਦਾ ਖਰਚਾ ਕਲੱਬ ਵੱਲੋਂ ਕੀਤਾ ਜਾਵੇਗਾ।ਇਸ ਮੌਕੇ ਕਲੱਬ ਦੇ ਪ੍ਰਧਾਨ ਭੁਪਿੰਦਰ ਸੈਣੀ, ਸਕੱਤਰ ਹਰਿੰਦਰ ਸੈਣੀ , ਸਮਾਜ ਸੇਵੀ ਸੋਨੂ ਸੇਠੀ, ਅਮਿਤ ਬਿੰਦਲ, ਸਾਬਕਾ ਸਰਪੰਚ ਹਰਚਰਨ ਸਿੰਘ, ਜਤਿੰਦਰ ਪਨੇਸਰ, ਪ੍ਰਿਤਪਾਲ ਸਿੰਘ ਵਿੱਕੀ, ਸਤਵਿੰਦਰ ਸਿੰਘ ਤੋਂ ਇਲਾਵਾ ਕਲੱਬ ਮੈਂਬਰ ਹਾਜ਼ਰ ਸਨ ।

## 'ਹਰੇਕ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਐਕਟੀਵਿਟੀ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾਕਟਰ ਰਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾਕਟਰ ਨਵਰੀਤ ਕੌਰ ਦੀ ਅਗਵਾਈ ਹੇਠ ਹਰੇਕ ਸ਼ੁੱਕਰਵਾਰ ਡੇਂਗੂ +ਤੇ ਵਾਰ ਮੁਹਿੰਮ ਤਹਿਤ ਚੌਧਰੀ ਮੇਲਾ ਰਾਮ ਸੀਨੀਅਰ ਸੈਕੰਡਰੀ ਸਕੂਲ ਮਾਲੇਵਾਲ ਵਿਖੇ ਹੈਲਥ ਇੰਸਪੈਕਟਰ ਹਰਿੰਦਰ ਸਿੰਘ ਭੱਲੜੀ ਅਤੇ ਅਦਰਸ਼ ਕੁਮਾਰ ਵਲੋਂ ਸੰਬੋਧਨ ਕਰਦਿਆਂ ਕਿਹਾ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਮਾਦਾ ਏਡੀਜ ਨਾ ਦੇ ਮੱਛਰ ਦੇ ਕੱਟਣ ਨਾਲ ਪੈਦਾ ਹੁੰਦਾ ਹੈ ਇਹ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ ਤੇਜ਼ ਸਿਰ ਦਰਦ ਬੁਖਾਰ ਹੋਣਾ ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ ਹੋਣਾ ਉਲਟੀਆਂ ਲੱਗਣਾ ਨੱਕ ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਡੇਂਗੂ ਦੇ ਲੱਛਣ ਹੋ ਸਕਦੇ ਹਨ ਇਸ ਤੋਂ ਬਚਾਓ ਲਈ ਅਪਣੇ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ ਜਿਵੇਂ ਕੂਲਰੰ ਗਮਲਿਆਂ ਪੁਰਾਣੇ ਟਾਇਰਾਂ ਆਦਿ ਵਿੱਚ ਪਾਣੀ ਨਾ ਖੜਨ ਦਿਓ ਹਫਤੇ ਵਿੱਚ ਇੱਕ ਦਿਨ ਹਰੇਕ ਸ਼ੁਕਰਵਾਰ ਡਰਾਈ ਡੇ ਮਨਾਇਆ ਜਾਵੇ ਰਾਤ ਨੂੰ ਸੌਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕ੍ਰੀਮਾ ਦੀ ਵਰਤੋਂ ਕੀਤੀ ਜਾਵੇ ਡੇਂਗੂ ਦਾ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿਚ ਫਰੀ ਕੀਤਾ ਜਾਂਦਾ ਹੈ ਅਗਰ ਕਿਸੇ ਨੂੰ ਸਿਹਤ ਸਬੰਧੀ ਕੋਈ ਮੁਸ਼ਕਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੇ ਇਸ ਮੌਕੇ ਗੁਰਸੇਵਾ ਨਰਸਿੰਗ ਇੰਸਟੀਚਿਊਟ ਦੇ ਵਿਦਿਆਰਥੀਆਂ ਵੱਲੋਂ ਡੇਂਗੂ ਸਬੰਧੀ ਨਾਟਕ ਪੇਸ਼ ਕੀਤਾ ਗਿਆ ਇਸ ਮੌਕੇ ਸਿਹਤ ਵਿਭਾਗ ਵੱਲੋਂ ਕਰਾਂਤੀ ਪਾਲ ਸਿੰਘ ਰੌੜੀ ਜਸਵਿੰਦਰ ਕੌਰ ਰਜਨੀ ਕੁਲਦੀਪ ਕੁਮਾਰ ਬਰੀਡਰ ਚੈਕਰ ਸਕੂਲ ਮੁਖੀ ਪਰਮਿੰਦਰ ਭਾਟੀਆ ਰਾਕੇਸ਼ ਭੂੰਬਲਾ ਅਤੇ ਸਮੂਹ ਸਕੂਲ ਸਟਾਫ ਅਤੇ ਗੁਰਸੇਵਾ ਨਰਸਿੰਗ ਇੰਸਟੀਚਿਊਟ ਪਨਾਮ ਦੇ ਵਿਦਿਆਰਥੀ ਹਾਜ਼ਰ ਸਨ।

## ਵਿਸ਼ਵ ਡੇਂਗੂ ਦਿਵਸ ਸੰਗ ਢੇਸੀਆਂ ਵਿਖੇ ਮਨਾਇਆ

**ਗੁਰਾਇਆ (ਬਿੰਦਰ ਸੁੰਮਨ)**- ਸਿਹਤ ਵਿਭਾਗ ਪੰਜਾਬ ਦੇ ਨਿਰਦੇਸ਼ ਤੇ ਐਸ ਐਮ ਉ ਜੰਡਿਆਲਾ ਸੁਖਵਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਵਿਸ਼ਵ ਡੇਂਗੂ ਦਿਵਸ ਬਾਬਾ ਸੰਗ



ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸੰਗ ਢੇਸੀਆ ਵਿਖੇ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਡੇਂਗੂ ਇੱਕ ਭਿਆਨਕ ਬਿਮਾਰੀ ਹੈ, ਇਸ 'ਤੇ ਕਾਬੂ ਪਾਉਣਾ ਸਮੇਂ ਦੀ ਲੋੜ ਹੈ, ਉਨ੍ਹਾਂ ਕਿਹਾ ਕਿ ਡੇਂਗੂ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ, ਕੂਲਰਾਂ,ਗਮਲਿਆਂ ਅਤੇ ਫਰਿਜ਼ਾਂ ਦੀਆਂ ਟ੍ਰੇਆ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇਕ ਵਾਰ ਸਾਫ ਕਰਕੇ ਸੁਕਾਓ, ਟੁਟੇ ਭੱਜੇ ਬਰਤਨਾਂ ਅਤੇ ਡਰੰਮਾਂ , ਟਾਇਰਾਂ ਆਦਿ ਨੂੰ ਖੁੱਲੇ ਵਿੱਚ ਆਮ ਨਾ ਸੁਟੋ, ਘਰਾਂ ਦੇ ਆਲੇ ਦੁਆਲੇ ਖੜਾ ਪਾਣੀ ਨਾ ਹੋਣ ਦਿਉ। ਇਸ ਮੌਕੇ ਡਾ ਜੋਤ ਪ੍ਰੀਤ, ਕੰਵਰਜੀਤ ਜੱਸਲ, ਜਸਵਿੰਦਰ ਸਿੰਘ, ਪ੍ਰਿੰਸੀਪਲ ਮੰਜੂ ਸ਼ਰਮਾ ਤੋ ਇਲਾਵਾ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਨਗਰ ਕੌਂਸਲ ਦੀ ਪ੍ਰਧਾਨਗੀ ਦੀ ਗੇਂਦ ਆਮ ਆਦਮੀ ਪਾਰਟੀ ਦੇ ਪਾਲੇ 'ਚ

**ਖਰੜ (ਹਰਨਾਮ ਸਿੰਘ ਡੱਲਾ)** ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਇੱਕੋ ਇੱਕ ਨਗਰ ਕੌਂਸਲ ਖਰੜ ਦੀ ਪ੍ਰਧਾਨਗੀ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪੈਂਦੀ ਦਿਖਾਈ ਦੇ ਰਹੀ ਹੈ। ਚੇਤੇ ਰਹੇ ਕਿ ਪਿਛਲੀਆਂ ਨਗਰ ਕੌਂਸਲ ਚੋਣਾਂ ਵਿੱਚ ਪੰਜਾਬ ਸਰਕਾਰ ਨੇ ਸਾਰੇ ਸ਼ਹਿਰਾਂ ਵਿੱਚ ਆਪਣਾ ਦਬਦਬਾ ਬਣਾ ਲਿਆ ਸੀ। ਪਰ ਨਗਰ ਕੌਂਸਲ ਖਰੜ ਦੀ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦੇ ਖਾਤੇ ਵਿੱਚ ਪੈ ਗਈ ਸੀ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਵਿਧਾਨ ਸਭਾ ਵਿੱਚ ਖਰੜ ਦੇ ਲੋਕਾਂ ਦੀ ਨੁਮਾਇੰਦਗੀ ਕਰਦੀ ਅਨਮੋਲ ਗਗਨ ਮਾਨ ਦੀਆਂ ਕੋਸ਼ਿਸ਼ਾਂ ਨਾਲ ਨਗਰ ਕੌਂਸਲ ਦੀ ਪ੍ਰਧਾਨ ਬੀਬੀ ਜਸਪ੍ਰੀਤ ਕੌਰ ਲੌਂਗੀਆ ਵਿਰੁੱਧ ਬੇ-ਭਰੋਸਗੀ ਦਾ ਮਤਾ ਪਾਸ ਹੋ ਗਿਆ ਹੈ। ਹੁਣ ਰਹਿੰਦੇ ਲਗਭਗ ਇੱਕ ਸਾਲ ਲਈ ਨਵੇਂ ਪ੍ਰਧਾਨ ਦੀ ਚੋਣ ਕੀਤੀ ਜਾ ਸਕਦੀ ਹੈ। ਇਸ ਸਮੇਂ ਨਗਰ ਕੌਂਸਲ ਦਫ਼ਤਰ ਖਰੜ ਵਿਖੇ ਐੱਮ ਐੱਲ ਏ ਚਮਕੌਰ ਸਾਹਿਬ ਡਾਕਟਰ ਚਰਨਜੀਤ ਸਿੰਘ,ਐੱਮ ਐੱਲ ਏ ਖਰੜ ਅਨਮੋਲ ਗਗਨ ਮਾਨ,ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਅਤੇ ਬੇ-ਭਰੋਸਗੀ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਕੌਂਸਲਰ ਹਾਜ਼ਰ ਸਨ ਅਤੇ ਜੇਤੂ ਨਾਅਰੇ ਮਾਰ ਰਹੇ ਸਨ। ਜਦੋਂ ਕਿ ਪ੍ਰਧਾਨਗੀ ਦੇ ਅਹੁਦੇ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਬੀਬੀ ਜਸਪ੍ਰੀਤ ਕੌਰ ਲੌਂਗੀਆ ਨੇ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਉੱਤੇ ਚੁਣੌਤੀਆਂ ਦੇ ਬਾਵਜੂਦ ਤਸੱਲੀ ਪ੍ਰਗਟ ਕੀਤੀ ਹੈ ਅਤੇ ਦਲ ਬਦਲੂਆਂ ਨੂੰ ਕੋਸਦਿਆਂ ਕਿਹਾ ਕਿ ਜਿਹੜੇ ਇੱਕ ਧਾਰਮਿਕ ਅਸਥਾਨ ਉੱਤੇ ਸਜਦਾ ਕਰ ਕੇ ਦਲ ਬਦਲੀ ਕਰ ਕੇ ਆਮ ਆਦਮੀ ਪਾਰਟੀ ਦੇ ਹੋ ਚੁੱਕੇ ਹਨ, ਉਨ੍ਹਾਂ ਨਾਲ ਵੀ



ਕਦੇ ਕੋਈ ਵਿਤਕਰਾ ਨਹੀਂ ਕੀਤਾ ਗਿਆ । ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਬੀਬੀ ਲੌਂਗੀਆ ਨੇ ਕਿਹਾ ਕਿ ਮੇਰੇ ਕਾਰਜ ਕਾਲ ਦੌਰਾਨ ਸ਼ਹਿਰ ਵਿੱਚ ਸਰਕਾਰ ਦੇ ਅਸਿਹਯੋਗ ਦੇ ਚੱਲਦਿਆਂ ਵੀ ਪੰਜ ਸੌ ਕਰੋੜ ਤੋਂ ਉਪਰ ਦਾ ਵਿਕਾਸ ਹੋਇਆ ਹੈ। ਅਤੇ ਦੋ ਸੌ ਕਰੋੜ ਰੁਪਈਏ ਦੇ ਵਿਕਾਸ ਕਾਰਜਾਂ ਦੇ ਮਤੇ ਪਾਸ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਖਰੜ ਦੇ ਵਿਕਾਸ ਕਾਰਜਾਂ ਵਿੱਚ ਸਹਿਯੋਗ ਕਰਦੀ ਰਹੇਗੀ ।ਬੀਬੀ ਲੌਂਗੀਆ ਨੇ ਆਹੁਦਾ ਛੱਡਣ ਤੋਂ ਪਹਿਲਾਂ ਨਗਰ ਕੌਂਸਲ ਦੇ ਸਮੂਹ ਸਟਾਫ ਦਾ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਵੀ ਕੀਤਾ।

## ਸਵਾਮੀ ਸਰਵਾਨੰਦ ਗਿਰੀ ਰਿਜਨਲ ਇੰਸਟੀਚਿਊਟ 'ਚ ਸਿਵਲ ਡਿਫੈਂਸ ਟਰੇਨਿੰਗ ਸੰਪੰਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਵਾਮੀ ਸਰਵਾਨੰਦ ਗਿਰੀ ਰੀਜਨਲ ਇੰਸਟੀਚਿਊਟ ਪੰਜਾਬ ਯੂਨੀਵਰਸਿਟੀ ਹੁਸ਼ਿਆਰਪੁਰ ਵਿਖੇ ਸਿਵਲ ਡਿਫੈਂਸ ਵਿਭਾਗ ਵਲੋਂ ਇਕ ਰੋਜ਼ਾ ਟਰੇਨਿੰਗ ਕੈਂਪ ਲਗਾਇਆ ਗਿਆ। ਇਸ ਟਰੇਨਿੰਗ ਕੈਂਪ ਦਾ ਉਦੇਸ਼ ਆਮ ਨਾਗਰਿਕਾਂ, ਅਧਿਆਪਕਾਂ ਅਤੇ ਸਮਾਜ ਦੇ ਹੋਰ ਵਰਗ ਨੂੰ ਸੰਕਟਕਾਲੀਨ ਸਥਿਤੀ, ਕੁਦਰਤੀ ਆਫ਼ਤ, ਅਗਨੀਕਾਂਡ ਅਤੇ ਹੋਰ ਮੁਸ਼ਕਲ ਸਮੇਂ ਨਾਲ ਨਿਪਟਣ ਲਈ ਜਾਗਰੂਕ ਅਤੇ ਸਮਰੱਥ ਬਣਾਉਣਾ ਸੀ। ਇਸ ਟਰੇਨਿੰਗ ਸੈਸ਼ਨ ਵਿਚ ਚਾਰ ਅਕਾਦਮਿਕ ਬਲਾਕਾਂ ਦੇ



ਪ੍ਰਤੀਨਿੱਧੀਆਂ ਨੇ ਹਿੱਸਾ ਲਿਆ। ਕੁਲ ਮਿਲਾ ਕੇ ਲਗਭਗ 240 ਵਲੰਟੀਅਰਾਂ ਤੇ ਅਧਿਆਪਕਾਂ ਨੇ ਹਿੱਸਾ ਲਿਆ। ਸਿਖਲਾਈ ਵਿਚ ਹਿੱਸਾ ਲੈਣ ਵਾਲੇ ਸਕੂਲਾਂ ਦੇ ਅਧਿਆਪਕ, ਕਾਲਜ ਸਟਾਫ਼ ਦੇ ਮੈਂਬਰ, ਸਮਾਜਿਕ ਵਰਕਰ ਅਤੇ ਸਥਾਨਕ ਨਾਗਰਿਕ ਸ਼ਾਮਲ ਸਨ। ਇਸ ਮੌਕੇ ਸਿਵਲ ਡਿਫੈਂਸ ਵਿਭਾਗ ਵਲੋਂ ਵਿਸ਼ੇਸ਼ ਸਿਖਲਾਈ ਮਾਹਿਰਾਂ ਨੇ ਮੁਸ਼ਕਲ ਦੀ ਘੜੀ ਤੋਂ ਬਚਾਅ ਦੇ ਤੌਰ-ਤਰੀਕੇ, ਮੁਢਲੀ ਸਹਾਇਤਾ, ਅੱਗ ਬੁਝਾਉਣ ਅਤੇ ਆਪਸੀ ਤਾਲਮੇਲ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ। ਸਿਖਲਾਈ ਵਿਚ ਡੈਮੋਸਟਰੇਸ਼ਨ ਅਤੇ ਵਿਵਹਾਰਕ ਗਤੀਵਿਧੀਆਂ ਰਾਹੀਂ ਸਿਖਲਾਈ ਦਿੱਤੀ ਗਈ। ਪ੍ਰੋਗਰਾਮ ਵਿਚ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਵੀ ਮੌਜੂਦ ਸਨ। ਉਨ੍ਹਾਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਸ ਤਰ੍ਹਾਂ ਦੀ ਸਿਖਲਾਈ ਨਾਲ ਨਾ ਕੇਵਲ ਅਧਿਆਪਕਾਂ ਦੀ ਜਾਗਰੂਕਤਾ ਵੱਧਦੀ ਹੈ ਬਲਕਿ ਉਹ ਆਪਣੇ ਸਕੂਲਾਂ ਅਤੇ ਹੋਰਨਾਂ ਵਿਚ ਵੀ ਕੁਦਰਤੀ ਆਫ਼ਤ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੇ ਹਨ। ਉਨ੍ਹਾਂ ਨੇ ਸਿਵਲ ਡਿਫੈਂਸ ਵਿਭਾਗ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਕੈਂਪਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇੰਸਟੀਚਿਊਟ ਦੇ ਡਾਇਰੈਕਟਰ ਆਰ.ਐਸ. ਬੈਂਸ ਅਤੇ ਸਿਵਲ ਡਿਫੈਂਸ ਵਿਭਾਗ ਨੇ ਇਸ ਸਫ਼ਲ ਆਯੋਜਨ ਲਈ ਸਾਰੇ ਹਿੱਸੇਦਾਰੀਆਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਅਮਰਪ੍ਰੀਤ, ਡਾ. ਸੋਨਾ, ਦਵਿੰਦਰ ਸਿੰਘ, ਏ.ਐਸ.ਟੀ ਕਮਾਂਡਰ ਪੰਜਾਬ ਹੋਮ ਗਾਰਡਜ਼, ਚੀਫ ਵਾਰਡਨ ਸਿਵਲ ਡਿਫੈਂਸ ਲੋਕੇਸ਼ ਪੁਰੀ, ਸੇਠ ਨਵਦੀਪ ਅਗਰਵਾਲ, ਫਾਇਰ ਫਾਈਟਰ ਟੀਮ ਤੋਂ ਸ਼ਹਿਬਾਜ ਸਿੰਘ ਬੱਲ, ਬਲਬਲ ਸੇਵਾ ਸਮੂਹ ਦੇ ਵਲੰਟੀਅਰ, ਰਮਨ ਸ਼ਰਮਾ, ਵਰਿੰਦਰ ਸ਼ਰਮਾ, ਵਿਜੇ ਕਲਸੀ, ਵਿਜੇ ਕੁਮਾਰ, ਦੀਪਕ ਸ਼ਰਮਾ, ਪ੍ਰਮੋਦ ਸ਼ਰਮਾ ਵੀ ਮੌਜੂਦ ਸਨ।

## 'ਵੋਟਰ ਸੂਚੀਆਂ ਸਬੰਧੀ ਦਾਅਵੇ ਤੇ ਇਤਰਾਜ਼ਾਂ' ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਵੇ : ਅਗਰਵਾਲ

**ਜਲੰਧਰ (ਸੁਰਿੰਦਰ ਕੁਮਾਰ)**- ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ ਹਰੀਸ਼ ਨਈਅਰ ਨੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਅਤੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਨਾਲ ਮੀਟਿੰਗ ਕਰਕੇ ਵੋਟਰ ਸੂਚੀ-2025 ਦੀ ਚੱਲ ਰਹੀ ਲਗਾਤਾਰ ਸੁਧਾਈ ਦੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ ਨੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਨੂੰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਦਾਅਵੇ ਅਤੇ ਇਤਰਾਜ਼ਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ 'ਤੇ ਵਿਧਾਨ ਸਭਾ ਚੋਣ ਹਲਕਾ ਪੱਧਰ 'ਤੇ ਤਾਇਨਾਤ ਸੁਪਰਵਾਈਜ਼ਰਾਂ ਨਾਲ ਮੀਟਿੰਗ ਕੀਤੀ ਜਾਵੇ ਅਤੇ ਬੀ.ਐਲ.ਓਜ਼ ਨਾਲ ਰਾਬਤਾ ਰੱਖਿਆ ਜਾਵੇ। ਉਨ੍ਹਾਂ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹ ਰਹੇ 18 ਤੋਂ 19 ਸਾਲ ਦੇ ਵਿਦਿਆਰਥੀਆਂ ਦੀਆਂ ਵੋਟਾਂ ਬਣਾਉਣ ਅਤੇ ਉਹਨਾਂ ਨੂੰ ਲੋਕਤੰਤਰ ਵਿੱਚ ਆਪਣੀ ਭਾਗੀਦਾਰੀ ਦੇਣ ਲਈ ਪ੍ਰੇਰਿਤ ਕਰਨ ਲਈ ਸਵੀਪ ਗਤੀਵਿਧੀਆਂ ਕਰਵਾਉਣ ਦੀਆਂ ਹਦਾਇਤਾਂ ਵੀ ਕੀਤੀਆਂ।ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹੇ ਵਿੱਚ ਸਵੀਪ ਗਤੀਵਿਧੀਆਂ ਤਹਿਤ ਵੱਧ ਤੋਂ ਵੱਧ ਨੌਜਵਾਨਾਂ ਨੂੰ ਵੋਟਰ ਬਣਾਇਆ ਜਾਵੇਗਾ, ਤਾਂ ਜੋ ਮਜ਼ਬੂਤ ਲੋਕਤੰਤਰ ਵਿਚ ਨੌਜਵਾਨਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ।ਇਸ ਮੌਕੇ ਚੋਣ ਤਹਿਸੀਲਦਾਰ ਸੁਖਦੇਵ ਸਿੰਘ ਅਤੇ ਸਹਾਇਕ ਨੋਡਲ ਅਫ਼ਸਰ ਸਵੀਪ ਡਾ.ਅਸ਼ੋਕ ਸਹੋਤਾ ਆਦਿ ਵੀ ਹਾਜ਼ਰ ਸਨ।


ਕਮਿਊਨਿਸਟ ਲਹਿਰ ਦੇ ਉਸਰੱਈਏ ਭੁਪੇਸ਼ ਗੁਪਤਾ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

*ਮੇਰੇ ਸੀਨੇ 'ਚ ਹਉਂ ਦੀ ਲੰਬ ਹੈ,*
*ਸੜਦਾ ਪਿਆ ਹਾਂ।*
*ਤੇ ਆਪਣੇ ਵਰਗਿਆ ਸੰਗ*
*ਖ਼ਾਹ-ਮਖ਼ਾਹ ਲੜਦਾ ਪਿਆ ਹਾਂ।*
*-ਵਿਜੇ ਵਿਵੇਕ*

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 18 ਮਈ 2025 | www.nawanzamana.in | ਕੀਮਤ 5.00 ਰੁਪਏ




## ਤਿਹਾੜ ਦੀਆਂ ਸੀਖ਼ਾਂ ਦੇ ਪਿੱਛੇ ਬੰਦ ਕੁੜੀ ਦੀ ਦਾਸਤਾਨ

# ਗੁਲਫ਼ਿਸ਼ਾਂ ਫ਼ਾਤਿਮਾ ਕੈਦ ਦੇ 5 ਸਾਲ

**ਬੂਟਾ ਸਿੰਘ ਮਹਿਮੂਦਪੁਰ**

> *ਪਿਛਲੇ ਪੰਜ ਸਾਲਾਂ ਤੋਂ ਦਿੱਲੀ ਦੀ ਤਿਹਾੜ ਜੇਲ੍ਹ ਦੀਆਂ ਸੀਖ਼ਾਂ ਪਿੱਛੇ ਇਕ 31 ਸਾਲਾ ਮੁਸਲਮਾਨ ਕੁੜੀ ਗੁਲਫ਼ਿਸ਼ਾਂ ਫ਼ਾਤਿਮਾ ਕੈਦ ਹੈ। ਨਾਗਰਿਕਤਾ ਸੋਧ ਕਾਨੂੰਨ (311) ਦੇ ਖਿਲਾਫ਼ ਆਪਣੀ ਅਸਹਿਮਤੀ ਦਰਸਾਉਣ ਦਾ ਮੁੱਲ ਉਸ ਨੂੰ ਇਸ ਲੰਮੀ ਕੈਦ ਦੇ ਰੂਪ ਵਿਚ ਤਾਰਨਾ ਪਿਆ ਹੈ। ਜੇਲ੍ਹ ਵਿਚ ਸਿਰਫ਼ ਗੁਲਫ਼ਿਸ਼ਾਂ ਹੀ ਬੰਦ ਨਹੀਂ ਹੈ, ਉਸ ਦੇ ਨਾਲ ਇਸ ਹੋਣਹਾਰ ਧੀ ਦੇ ਖ਼ਵਾਬ, ਉਸ ਦੀਆਂ ਉਮੀਦਾਂ, ਉਸ ਦੇ ਬੁੱਢੇ ਮਾਂ-ਪਿਓ ਦੀਆਂ ਰਿਹਾਈ ਉਡੀਕਦੀਆਂ ਅੱਖਾਂ, ਵਿਤਕਰੇ ਦੇ ਖਿਲਾਫ਼ ਖੜ੍ਹੇ ਹੋਣ ਦਾ ਸਵੈ-ਵਿਸ਼ਵਾਸ ਵੀ ਕੈਦ ਹੈ। ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।*
> *-ਸੰਪਾਦਕ*

ਦਸੰਬਰ 2019 'ਚ ਭਾਜਪਾ ਸਰਕਾਰ ਵੱਲੋਂ ਪਾਸ ਕੀਤੇ 'ਨਾਗਰਿਕਤਾ ਸੋਧ ਕਾਨੂੰਨ' ਵਿਰੁੱਧ ਘੱਟਗਿਣਤੀ ਮੁਸਲਮਾਨ ਫਿਰਕੇ ਦੇ ਲੋਕਾਂ ਨੂੰ ਆਪਣਾ ਨਾਗਰਿਕਤਾ ਦਾ ਹੱਕ ਬਚਾਉਣ ਲਈ ਸੜਕਾਂ 'ਤੇ ਆਉਣਾ ਪਿਆ ਸੀ। ਦਿੱਲੀ ਵਿਚ ਸ਼ਾਹੀਨ ਬਾਗ਼ ਅਤੇ ਪੂਰੇ ਮੁਲਕ ਦੇ ਵੱਖ-ਵੱਖ ਸ਼ਹਿਰਾਂ ਵਿਚ ਇਸੇ ਤਰਜ਼ ਦੇ ਪੱਕੇ ਮੋਰਚਿਆਂ ਦੀ ਦ੍ਰਿੜ੍ਹ ਆਵਾਜ਼ ਤੋਂ ਭੈਅ-ਭੀਤ ਹੋਈ ਭਗਵਾਂ ਹਕੂਮਤ ਐਨੀ ਜ਼ਿਆਦਾ ਬੌਖਲਾ ਗਈ ਕਿ ਸ਼ਾਂਤਮਈ ਅੰਦੋਲਨ ਨੂੰ ਖਦੇੜਨ ਲਈ ਪੁਲਸ ਅਤੇ ਭਗਵਾਂ ਦਹਿਸ਼ਤੀ ਗਰੋਹਾਂ ਦੇ ਕਟਕ ਚਾੜ੍ਹ ਦਿੱਤੇ ਗਏ। 23 ਫਰਵਰੀ 2020 ਨੂੰ ਮੁਸਲਮਾਨਾਂ ਨੂੰ ਖ਼ਾਸ ਨਿਸ਼ਾਨਾ ਬਣਾ ਕੇ ਹਿੰਸਾ ਕੀਤੀ ਗਈ ਅਤੇ ਪੂਰੇ ਤਿੰਨ ਦਿਨ ਪੂਰਬ-ਉੱਤਰੀ ਦਿੱਲੀ ਵਿਚ ਸਾੜਫੂਕ, ਵੱਢਟੁੱਕ ਅਤੇ ਕਤਲਾਂ ਦਾ ਨੰਗਾ ਨਾਚ ਨੱਚਿਆ ਗਿਆ। ਕਪਿਲ ਮਿਸ਼ਰੇ ਵਰਗੇ ਫਿਰਕੂ ਨਫ਼ਰਤ ਨਾਲ ਹਲਕਾਏ ਭਾਜਪਾ ਆਗੂ ਪੁਲਸ ਅਧਿਕਾਰੀਆਂ ਦੀ ਮੌਜੂਦਗੀ 'ਚ ਫਿਰਕੂ ਹਜੂਮ ਨੂੰ ਮੁਸਲਮਾਨਾਂ ਉੱਪਰ ਹਮਲੇ ਕਰਨ ਲਈ ਉਕਸਾਉਂਦੇ ਦੇਖੇ ਗਏ। ਮੀਡੀਆ ਕੈਮਰਿਆਂ ਨੇ ਇਹ ਸਭ ਪ੍ਰਸਾਰਿਤ ਵੀ ਕੀਤਾ। ਇਨ੍ਹਾਂ ਹਮਲਿਆਂ ਵਿਚ 53 ਲੋਕ ਮਾਰੇ ਗਏ, ਜਦਕਿ 700 ਫੱਟੜ ਹੋਏ। ਇਹ ਮੁੱਖ ਤੌਰ 'ਤੇ ਮੁਸਲਮਾਨ ਸਨ। ਬਹੁਤ ਸਾਰੀਆਂ ਲਾਸ਼ਾਂ ਨਾਲਿਆਂ, ਡਰੇਨਾਂ ਵਿੱਚੋਂ ਮਿਲੀਆਂ। ਮਜ਼ਲੂਮ ਮੁਸਲਮਾਨ ਘੱਟਗਿਣਤੀ ਦੇ ਘਰ, ਦੁਕਾਨਾਂ ਤੇ ਹੋਰ ਕਾਰੋਬਾਰ ਤੋੜ ਦਿੱਤੇ ਗਏ। ਮਸਜਿਦਾਂ ਨੂੰ ਤੋੜਨਾ ਅਤੇ ਅੱਗਾਂ ਲਾਉਣਾ ਇਸ ਹਮਲੇ ਦਾ ਖ਼ਾਸ ਟੀਚਾ ਸੀ।

ਫਿਰ ਹਮਲੇ ਦਾ ਦੂਜਾ ਪੜਾਅ ਸ਼ੁਰੂ ਹੋ ਗਿਆ। ਮੁਜਰਿਮ ਖ਼ੁਦ ਹੁਕਮਰਾਨ ਸਨ। ਉਨ੍ਹਾਂ ਦੀ ਆਪਣੀ ਹਕੂਮਤ ਹੋਣ ਕਾਰਨ ਅਤੇ ਮੁੱਖਧਾਰਾ ਮੀਡੀਆ ਆਰ ਐੱਸ ਐੱਸ-ਭਾਜਪਾ ਦੀ ਸੇਵਾ 'ਚ ਹਾਜ਼ਰ ਹੋਣ ਕਾਰਨ ਉਨ੍ਹਾਂ ਲਈ ਕੋਈ ਵੀ ਝੂਠਾ ਬਿਰਤਾਂਤ ਪ੍ਰਚਾਰਨ ਅਤੇ ਮਜ਼ਲੂਮ ਘੱਟਗਿਣਤੀ ਨੂੰ ਹੀ ਦੋਸ਼ੀ ਕਰਾਰ ਦੇਣ 'ਚ ਕੋਈ ਰੁਕਾਵਟ ਨਹੀਂ ਸੀ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਸ ਨੇ ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਇਹ ਪ੍ਰਚਾਰਿਆ ਗਿਆ ਕਿ ਇਹ ਹਿੰਸਾ 'ਟਰੰਪ ਦੀ ਫੇਰੀ ਮੌਕੇ (22-23 ਫਰਵਰੀ) ਗੜਬੜ ਫੈਲਾ ਕੇ ਸਰਕਾਰ ਦੀਆਂ ਗੋਡਣੀਆਂ ਲਵਾਉਣ ਅਤੇ ਭਾਰਤ ਨੂੰ ਬਦਨਾਮ ਕਰਨ' ਦੀ ਡੂੰਘੀ ਸਾਜ਼ਿਸ਼ ਤਹਿਤ ਕਰਵਾਈ ਗਈ ਹੈ। 'ਸਾਜ਼ਿਸ਼' ਦੀ ਜਾਂਚ ਦੀ ਜ਼ਿੰਮੇਵਾਰੀ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੂੰ ਸੌਂਪੀ ਗਈ, ਜਿਸ ਦੀ ਦਹਿਸ਼ਤਵਾਦ ਕਾਂਡਾਂ ਦੇ ਝੂਠੇ ਕੇਸ ਬਣਾ ਕੇ ਬੇਕਸੂਰ ਮੁਸਲਮਾਨਾਂ ਨੂੰ ਦਸ-ਪੰਦਰਾਂ ਸਾਲ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਨ ਦੀ ਖ਼ਾਸ ਮੁਹਾਰਤ ਹੈ।

ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ ਉਪਰੋਕਤ ਹਿੰਸਾ ਦੇ ਕੇਸਾਂ ਵਿਚ 2617 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਪੈਸ਼ਲ ਸੈੱਲ ਨੇ ਕਾਰਕੁਨ ਵਿਦਿਆਰਥੀ ਕਾਰਕੁਨਾਂ ਸ਼ਰਜੀਲ ਇਮਾਮ, ਗੁਲਫ਼ਿਸ਼ਾਂ ਫਾਤਿਮਾ, ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ, ਸਫ਼ੂਰਾ ਜ਼ਰਗਰ, ਕਾਰਕੁਨ ਉਮਰ ਖ਼ਾਲਿਦ, ਸਲੀਮ ਮਲਿਕ ਸਮੇਤ 21 ਵਿਅਕਤੀਆਂ ਨੂੰ ਇਸ ਸਾਜ਼ਿਸ਼ ਦੇ ਦੋਸ਼ੀ ਦੱਸਿਆ। ਇਨ੍ਹਾਂ ਸਾਰਿਆਂ ਨੇ ਸ਼ਾਂਤਮਈ ਧਰਨਿਆਂ-ਮੁਜ਼ਾਹਰਿਆਂ ਰਾਹੀਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਪੜ੍ਹੇ-ਲਿਖੇ ਮੁਸਲਮਾਨ ਮੁੰਡੇ-ਕੁੜੀਆਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਯੂ ਏ ਪੀ ਏ ਲਗਾ ਕੇ ਅਣਮਿੱਥੇ ਸਮੇਂ ਲਈ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਆਰ ਐੱਸ ਐੱਸ-ਭਾਜਪਾ ਤਾਂ ਆਪਣੇ 'ਹਿੰਦੂ ਰਾਸ਼ਟਰ' ਦੇ ਰਾਜਨੀਤਕ ਪ੍ਰੋਜੈਕਟ ਤਹਿਤ ਮੁਸਲਮਾਨਾਂ ਨੂੰ ਦੋਇਮ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾਉਣ ਲਈ ਕਾਨੂੰਨੀ-ਗ਼ੈਰਕਾਨੂੰਨੀ ਹਰ ਹਰਬਾ ਵਰਤ ਰਹੀ ਹੈ, ਫਿਰ ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਮੁਸਲਮਾਨ ਔਰਤਾਂ ਹਕੂਮਤ ਦੇ ਕਾਨੂੰਨਾਂ ਨੂੰ ਸੜਕਾਂ ਉੱਪਰ ਬੈਠ ਕੇ ਚੁਣੌਤੀ ਦੇਣ।

ਇਹ ਜੱਗ ਜ਼ਾਹਿਰ ਹੈ ਕਿ ਉਹ ਉਪਰੋਕਤ ਫਿਰਕੂ ਕਾਨੂੰਨ ਵਿਰੁੱਧ ਆਵਾਜ਼ ਉਠਾਉਣ ਲਈ ਆਪਣੇ ਸੰਵਿਧਾਨਕ ਹੱਕ ਤਹਿਤ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ। ਦਿੱਲੀ ਪੁਲਸ ਨੇ ਉਚੇਚਾ ਤਰੱਦਦ ਕਰਕੇ 25000 ਪੰਨਿਆਂ ਦੀਆਂ ਪੰਜ ਚਾਰਜਸ਼ੀਟਾਂ ਪੇਸ਼ ਕੀਤੀਆਂ ਹਨ ਤਾਂ ਜੋ ਇਹ ਸਾਬਤ ਕੀਤਾ ਜਾ ਸਕੇ ਕਿ ਬਹੁਤ ਵੱਡੀ ਦੇਸ਼-ਧਰੋਹੀ ਸਾਜ਼ਿਸ਼ ਹੋਣ ਕਾਰਨ ਇਨ੍ਹਾਂ ਵਿਰੁੱਧ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ, ਯੂ ਏ ਪੀ ਏ ਅਤੇ ਹੋਰ ਸਖ਼ਤ ਕਾਨੂੰਨੀ ਧਾਰਾਵਾਂ ਲਗਾ ਕੇ ਇਨ੍ਹਾਂ ਨੂੰ ਬਿਨਾਂ ਜ਼ਮਾਨਤ ਜੇਲ੍ਹ ਵਿਚ ਰੱਖਣਾ ਇਕਦਮ ਸਹੀ ਹੈ। ਚਾਰਜਸ਼ੀਟ ਕੀਤੇ 18 ਵਿੱਚੋਂ 16 ਮੁਸਲਮਾਨ ਹਨ। ਪੂਰੀ ਦੁਨੀਆ ਜਾਣਦੀ ਹੈ ਕਿ ਭਾਰਤੀ ਹੁਕਮਰਾਨਾਂ ਵੱਲੋਂ ਇਸ ਕਾਨੂੰਨ ਦਾ ਖ਼ਾਸ ਨਿਸ਼ਾਨਾ ਉਨ੍ਹਾਂ ਪੱਤਰਕਾਰਾਂ, ਚਿੰਤਕਾਂ, ਕਾਰਕੁਨਾਂ ਅਤੇ ਸੱਤਾ ਨੂੰ ਸਵਾਲ ਕਰਨ ਵਾਲਿਆਂ ਨੂੰ ਬਣਾਇਆ ਜਾਂਦਾ ਹੈ ਤਾਂ ਜੋ ਬਾਕੀ ਸਮਾਜ ਸੱਤਾ ਦੀ ਕਰੂਰਤਾ ਤੋਂ ਖ਼ੌਫ਼ਜ਼ਦਾ ਹੋ ਕੇ ਵਿਰੋਧ ਕਰਨ ਦੀ ਹਿੰਮਤ ਨਾ ਕਰੇ। ਦਿੱਲੀ ਪੁਲਿਸ ਦੀਆਂ ਪੂਰੀ ਤਰ੍ਹਾਂ ਝੂਠੀਆਂ ਕਹਾਣੀਆਂ ਪ੍ਰਤੀ ਅੱਖਾਂ ਮੀਟ ਕੇ ਅਦਾਲਤਾਂ ਵਾਰ-ਵਾਰ ਉਨ੍ਹਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਰਹੀਆਂ ਹਨ। ਪੁਲਸ ਦੀ ਕਹਾਣੀ ਅਨੁਸਾਰ ਸੜਕ ਜਾਮ ਕਰਨਾ ਅਤੇ ਉਨ੍ਹਾਂ ਕੋਲੋਂ ਮਿਰਚਾਂ ਦਾ ਪਾਊਡਰ ਮਿਲਣਾ ਵੱਡੀ ਸਾਜ਼ਿਸ਼ ਦਾ ਸਬੂਤ ਹੈ!

ਇਸੇ ਸਿੱਕੇ ਦਾ ਦੂਜਾ ਪਾਸਾ ਇਹ ਹੈ ਕਿ ਹਿੰਸਾ ਦੇ ਇਕ ਮੁੱਖ ਸਰਗਣੇ ਕਪਿਲ ਮਿਸ਼ਰੇ ਵਿਰੁੱਧ ਦਿੱਲੀ ਪੁਲਸ ਨੇ ਭੜਕਾਊ ਭਾਸ਼ਣ ਦੀ ਰਿਕਾਰਡਿੰਗ ਸਮੇਤ ਸਾਰੇ ਸਬੂਤ ਹੋਣ ਅਤੇ ਚਸ਼ਮਦੀਦ ਗਵਾਹਾਂ ਵੱਲੋਂ ਸ਼ਿਕਾਇਤ ਕਰਨ ਦੇ ਬਾਵਜੂਦ ਕੇਸ ਦਰਜ ਨਹੀਂ ਕੀਤਾ। ਦਲੀਲ ਇਹ ਦਿੱਤੀ ਗਈ ਕਿ ਸ਼ਿਕਾਇਤਕਰਤਾਵਾਂ ਦਾ ਇਸ ਪਿੱਛੇ ਲੁਕਵਾਂ ਏਜੰਡਾ ਹੈ ਅਤੇ ਇਸੇ ਤਹਿਤ ਉਸ ਨੂੰ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮਾਰਚ 2025 'ਚ ਇਕ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਪੁਲਸ ਨੂੰ ਉਸ ਵਿਰੁੱਧ ਐੱਫ ਆਈ ਆਰ ਦਰਜ ਕਰਨ ਦਾ ਹੁਕਮ ਦਿੱਤਾ। ਹੁਣ ਤਾਂ ਉਸ ਵਿਰੁੱਧ ਕਾਰਵਾਈ ਦਾ ਸਵਾਲ ਹੀ ਨਹੀਂ ਹੈ, ਕਿਉਂਕਿ ਉਹ ਤਰੱਕੀ ਕਰਕੇ ਦਿੱਲੀ ਸਰਕਾਰ ਵਿਚ ਮੰਤਰੀ ਬਣ ਗਿਆ ਹੈ। ਜ਼ਾਹਿਰ ਹੈ ਕਿ ਪੁਲਸ ਉੱਚ ਅਦਾਲਤ ਵਿਚ ਜਾ ਕੇ ਇਸ ਹੁਕਮ ਵਿਰੁੱਧ ਸਟੇਅ ਲੈ ਲਵੇਗੀ।

ਇਨ੍ਹਾਂ 21 'ਯੋਜਨਾ ਘਾੜਿਆਂ' ਵਿਚ ਇਕ ਨਾਂਅ ਗੁਲਫ਼ਿਸ਼ਾਂ ਫਾਤਿਮਾ ਹੈ। ਇਹ ਬੇਹੱਦ ਸੰਵੇਦਨਸ਼ੀਲ ਹੋਣਹਾਰ ਲੜਕੀ ਸਧਾਰਨ ਕਿਰਤੀ ਪਰਵਾਰ ਨਾਲ ਸੰਬੰਧਤ ਹੈ। ਗੁਲਫ਼ਿਸ਼ਾਂ ਨੇ ਆਪਣੇ ਸਮਾਜ ਦੇ ਭਵਿੱਖ ਲਈ ਉਪਰੋਕਤ ਫਿਰਕੂ ਕਾਨੂੰਨ 'ਚੋਂ ਸਮੋਏ ਖ਼ਤਰਿਆਂ ਨੂੰ ਸਮਝਿਆ ਅਤੇ ਇਸ ਦਾ ਵਿਰੋਧ ਕਰਨ ਲਈ ਆਪਣੇ ਸੰਵਿਧਾਨਕ ਹੱਕ ਵਰਤਣ ਦਾ ਰਾਹ ਚੁਣਿਆ।

ਹੋਰ ਕਾਰਕੁਨਾਂ ਵਾਂਗ ਗੁਲਫ਼ਿਸ਼ਾਂ ਉੱਪਰ ਵੀ ਪੂਰਬ-ਉੱਤਰੀ ਦਿੱਲੀ ਵਿਚ ਹੋਈ 'ਹਿੰਸਾ' ਵਿਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ ਗਿਆ। ਉਸ ਨੂੰ 9 ਅਪ੍ਰੈਲ 2020 ਵਿਚ 'ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ' ਅਧੀਨ ਗ੍ਰਿਫ਼ਤਾਰ ਕੀਤਾ ਗਿਆ। ਉਸ ਸਮੇਂ ਗੁਲਫ਼ਿਸ਼ਾਂ ਸਿਰਫ਼ 26 ਸਾਲ ਦੀ ਸੀ। ਓਦੋਂ ਉਸ ਨੇ ਅਜੇ ਐੱਮ ਬੀ ਏ ਦੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਅੱਗੇ ਪੀ ਐੱਚ ਡੀ ਕਰਨਾ ਚਾਹੁੰਦੀ ਸੀ। ਉਸ ਦੇ ਆਪਣੀ ਜ਼ਿੰਦਗੀ, ਆਪਣੇ ਮਾਂ-ਪਿਓ ਤੇ ਪਰਵਾਰ ਲਈ ਜੋ ਖ਼ਵਾਬ ਸਨ, ਉਹ ਉਸ ਦੇ ਨਾਲ ਹੀ ਜੇਲ੍ਹ ਵਿਚ ਬੰਦ ਹੋ ਗਏ। ਉਸ ਦਾ ਪਰਵਾਰ, ਸੰਗੀ-ਸਾਥੀ ਤੇ ਹੋਰ ਜਾਣਕਾਰ ਕਹਿੰਦੇ ਹਨ ਕਿ ਉਹ ਦੂਜਿਆਂ ਨੂੰ ਹੌਸਲਾ ਦੇਣ ਵਾਲੀ ਬਹੁਤ ਹੀ ਬਹਾਦਰ ਕੁੜੀ ਹੈ ਅਤੇ ਮੁਸ਼ਕਲ ਤੋਂ ਮੁਸ਼ਕਲ ਹਾਲਾਤ ਵਿਚ ਵੀ ਹਮੇਸ਼ਾ ਸਾਰਥਿਕ ਸੋਚਣ ਲਈ ਪ੍ਰੇਰਦੀ ਹੈ। ਅੰਦੋਲਨ ਦੌਰਾਨ ਵੀ ਉਹ ਔਰਤਾਂ ਅਤੇ ਬੱਚਿਆਂ ਨੂੰ ਪੜ੍ਹਾਉਣ ਦਾ ਕੋਈ ਮੌਕਾ ਨਹੀਂ ਗਵਾਉਂਦੀ ਸੀ ਤਾਂ ਕਿ ਪੜ੍ਹਾਈ ਜ਼ਿੰਦਗੀ 'ਚ ਉਨ੍ਹਾਂ ਦੇ ਕੰਮ ਆ ਸਕੇ।

ਗੁਲਫ਼ਿਸ਼ਾਂ ਨੂੰ ਕਿਤਾਬਾਂ ਨਾਲ ਬਹੁਤ ਮੁਹੱਬਤ ਹੈ। ਜੇਲ੍ਹ ਵਿਚ ਵੀ ਉਹ ਆਪਣੀ ਚਟਾਈ 'ਤੇ ਬੈਠੀ ਹਮੇਸ਼ਾ ਕੁਝ ਨਾ ਕੁਝ ਪੜ੍ਹਦੀ ਜਾਂ ਲਿਖਦੀ ਰਹਿੰਦੀ ਹੈ। ਜਦੋਂ ਵੀ ਉਸ ਨਾਲ ਮੁਲਾਕਾਤ ਕਰਨ ਵਾਲਾ ਉਸ ਨੂੰ ਪੁੱਛਦਾ ਹੈ ਕਿ ਤੇਰੇ ਲਈ ਕੀ ਲਿਆਈਏ ਤਾਂ ਉਹ ਸਿਰਫ਼ ਕਿਤਾਬਾਂ ਦੀ ਮੰਗ ਕਰਦੀ ਹੈ।


ਉਸ ਨੂੰ ਲਿਖਣਾ ਬਹੁਤ ਪਸੰਦ ਹੈ। ਜੇਲ੍ਹ ਵਿਚ ਰਹਿੰਦਿਆਂ ਲਿਖੀਆਂ ਕਵਿਤਾਵਾਂ, ਉਸ ਦੀਆਂ ਬਣਾਈਆਂ ਪੇਂਟਿੰਗਾਂ ਅਤੇ ਜੋ ਚਿੱਠੀਆਂ ਉਹ ਜੇਲ੍ਹ 'ਚੋਂ ਲਿਖਦੀ ਹੈ, ਉਹ ਉਸ ਦੀ ਸੰਵੇਦਨਸ਼ੀਲਤਾ ਦਾ ਮੂੰਹ ਬੋਲਦਾ ਸਬੂਤ ਹਨ। ਉਸ ਦੀਆਂ ਕਵਿਤਾਵਾਂ ਵੇਦਨਾ, ਤਾਕਤ ਅਤੇ ਉਮੀਦ ਨਾਲ ਭਰਪੂਰ ਹਨ ਅਤੇ ਅਨਿਆਂ ਤੇ ਹੋਂਦ ਨੂੰ ਬਚਾਉਣ ਲਈ ਲੜਨ ਦੀ ਗੱਲ ਕਰਦੀਆਂ ਹਨ।

ਗੁਲਫ਼ਿਸ਼ਾਂ ਦੀ ਜ਼ਮਾਨਤ ਦੀ ਅਪੀਲ ਤਿੰਨ ਸਾਲ ਤੋਂ ਦਿੱਲੀ ਹਾਈਕੋਰਟ ਵਿਚ ਲਟਕੀ ਹੋਈ ਹੈ। ਸੁਣਵਾਈ ਕਰਨ ਵਾਲੇ ਜੱਜਾਂ ਦੇ ਬੈਂਚ ਬਦਲਦੇ ਗਏ। ਹਾਈਕੋਰਟ ਦੇ ਤਿੰਨ ਬੈਂਚਾਂ ਨੂੰ ਚਾਰ-ਚਾਰ ਸਾਲ ਤੋਂ ਜੇਲ੍ਹਾਂ 'ਚ ਸੜ ਰਹੇ ਇਨ੍ਹਾਂ ਕਾਰਕੁਨਾਂ ਦੀਆਂ ਅਪੀਲਾਂ ਦੀ ਸੁਣਵਾਈ ਕਰਨ ਦਾ ਸਮਾਂ ਨਹੀਂ ਮਿਲਿਆ। ਉਸ ਦਾ ਪਰਵਾਰ ਅਤੇ ਹੋਰ ਹਿਤੈਸ਼ੀ ਜਾਣਦੇ ਹਨ ਕਿ ਉਸ ਉੱਪਰ ਲਗਾਏ ਸੰਗੀਨ ਦੋਸ਼ ਪੂਰੀ ਤਰ੍ਹਾਂ ਝੂਠੇ ਹਨ ਅਤੇ ਇਕ ਦਿਨ ਉਸ ਨੇ ਜੇਲ੍ਹ ਦੀਆਂ ਸੀਖ਼ਾਂ ਤੋਂ ਆਜ਼ਾਦ ਹੋਣਾ ਹੀ ਹੈ, ਪਰ ਇਹ ਉਮੀਦ ਨਿਆਂ ਦੀ ਉਮੀਦ ਨਹੀਂ ਹੈ, ਕਿਉਂਕਿ ਹਕੂਮਤ ਨੇ ਅਦਾਲਤੀ ਪ੍ਰਣਾਲੀ ਨੂੰ ਤਰੱਕੀਆਂ ਦੇ ਲਾਲਚ, ਸੱਤਾ ਦੇ ਖ਼ੌਫ਼ ਅਤੇ ਵਿਚਾਰਧਾਰਕ-ਰਾਜਨੀਤਕ ਰਸੂਖ਼ ਨਾਲ ਇਸ ਕਦਰ ਕਾਬੂ ਕਰ ਲਿਆ ਹੈ ਕਿ ਕਿਸੇ ਵਿਰਲੀ-ਟਾਂਵੀਂ ਮਿਸਾਲ ਨੂੰ ਛੱਡ ਕੇ ਜ਼ਿਆਦਾਤਰ ਜੱਜਾਂ ਵਿਚ ਇਹ ਜੁਰਅਤ ਹੀ ਨਹੀਂ ਹੈ ਕਿ ਉਹ ਸੱਤਾ ਦੇ ਇਸ਼ਾਰੇ 'ਤੇ ਬਣਾਏ ਪੂਰੀ ਤਰ੍ਹਾਂ ਅਜਿਹੇ ਝੂਠੇ ਕੇਸਾਂ ਵਿਚ ਸਰਕਾਰੀ ਜਾਂਚ ਏਜੰਸੀਆਂ ਅਤੇ ਸੱਤਾ ਪੱਖ ਦੀਆਂ ਬੇਤੁਕੀਆਂ ਦਲੀਲਾਂ/ਕਹਾਣੀਆਂ ਨੂੰ ਰੱਦ ਕਰ ਸਕਣ। ਭੀਮਾ-ਕੋਰੇਗਾਓਂ ਅਤੇ ਦਿੱਲੀ ਸਾਜ਼ਿਸ਼ ਕੇਸ ਇਸ ਦੀਆਂ ਮੁੱਖ ਮਿਸਾਲਾਂ ਹਨ।

ਇਹ ਸਧਾਰਨ ਮੁਸਲਮਾਨ ਪਰਵਾਰ ਬਹੁਤ ਹੀ ਮੁਸ਼ਕਲ ਹਾਲਾਤ ਨਾਲ ਜੂਝ ਰਹੇ ਹਨ। ਹਿੰਦੂਤਵੀ ਪ੍ਰੋਜੈਕਟ ਕਾਰਨ ਮੁਸਲਮਾਨ ਅਵਾਮ ਤਾਂ ਪਹਿਲਾਂ ਹੀ ਆਪਣੇ ਹੀ ਮੁਲਕ ਵਿਚ ਬੇਗਾਨੇ ਬਣਾ ਦਿੱਤੇ ਜਾਣ ਦਾ ਸੰਤਾਪ ਝੱਲ ਰਹੇ ਹਨ। ਪੂਰੇ ਘੱਟਗਿਣਤੀ ਭਾਈਚਾਰੇ ਨੂੰ ਧੱਕ ਕੇ ਕੰਧ ਨਾਲ ਲਾ ਦਿੱਤਾ ਗਿਆ ਹੈ। ਹਿੰਸਕ ਹਮਲਿਆਂ ਕਾਰਨ ਉਨ੍ਹਾਂ ਦੇ ਕਾਰੋਬਾਰ ਤਬਾਹ ਹੋ ਗਏ ਹਨ ਜਾਂ ਅਜਿਹੇ ਕੇਸਾਂ ਕਾਰਨ ਠੱਪ ਹੋ ਗਏ ਹਨ। ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕੇ ਆਪਣੇ ਪਿਆਰੇ ਜੀਆਂ ਦੀ ਕਾਨੂੰਨੀ ਪੈਰਵੀ ਦਾ ਆਰਥਿਕ ਬੋਝ ਵੱਖਰਾ ਝੱਲਣਾ ਪੈਂਦਾ ਹੈ। ਇਹ ਲੜਾਈ ਬੇਹੱਦ ਔਖੀ ਹੈ। ਇਨ੍ਹਾਂ ਤਮਾਮ ਮੁਸੀਬਤਾਂ ਦੇ ਬਾਵਜੂਦ ਇਨ੍ਹਾਂ ਪਰਵਾਰਾਂ ਨੂੰ ਮਾਣ ਹੈ ਕਿ ਉਨ੍ਹਾਂ ਦੇ ਜਾਗਰੂਕ ਬੱਚਿਆਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ, ਉਨ੍ਹਾਂ ਨੇ ਤਾਂ ਆਪਣੇ ਵਤਨ ਲਈ ਪ੍ਰੇਮ ਵਿੱਚੋਂ ਅਨਿਆਂ ਵਿਰੁੱਧ ਆਵਾਜ਼ ਉਠਾਉਣ ਦਾ ਆਪਣਾ ਫਰਜ਼ ਨਿਭਾਇਆ ਹੈ। ਗੁਲਫ਼ਿਸ਼ਾਂ ਦੇ ਅੰਮੀ-ਅੱਬਾ ਕਹਿੰਦੇ ਹਨ ਕਿ ਕੀ ਸਾਡਾ ਇਹ ਫਰਜ਼ ਨਹੀਂ ਬਣਦਾ ਕਿ ਅਸੀਂ ਗਲਤ ਕੰਮਾਂ ਦੇ ਖਿਲਾਫ਼ ਖੜ੍ਹੇ ਹੋਈਏ? ਉਹ ਇਕ ਬਹਾਦਰ ਕੁੜੀ ਹੈ। ਸਾਨੂੰ ਉਸ 'ਤੇ ਫ਼ਖ਼ਰ ਹੈ।

ਉਸ ਦੀ ਨਹੱਕੀ ਕੈਦ ਦੇ ਪੰਜ ਸਾਲ ਪੂਰੇ ਹੋਣ ਦੇ ਮੌਕੇ ਉਸ ਦੀ ਰਿਹਾਈ ਲਈ ਦੇਸ਼-ਵਿਦੇਸ਼ 'ਚੋਂ ਜ਼ੋਰਦਾਰ ਆਵਾਜ਼ ਉੱਠੀ ਹੈ। ਬਹੁਤ ਸਾਰੇ ਕਲਾਕਾਰਾਂ, ਲੇਖਕਾਂ, ਪੱਤਰਕਾਰਾਂ, ਅਕਾਦਮਿਕਾਂ, ਕਾਰਕੁਨਾਂ ਅਤੇ ਹੋਰ ਨਾਗਰਿਕਾਂ ਨੇ ਗੁਲਫ਼ਿਸ਼ਾਂ ਦੀ ਦਾਸਤਾਂ ਦੁਨੀਆ ਨੂੰ ਦੱਸਣ ਲਈ ਸੋਸ਼ਲ ਮੀਡੀਆ ਉੱਪਰ ਵਿਸ਼ੇਸ਼ ਮੁਹਿੰਮ ਚਲਾਈ ਹੈ। ਭਾਰਤ ਵਿਚ ਦਿੱਲੀ, ਲਖਨਊ, ਭੋਪਾਲ, ਹੈਦਰਾਬਾਦ, ਜੈਪੁਰ, ਬੰਗਲੌਰ, ਕੋਲਕਾਤਾ, ਧਰਮਸ਼ਾਲਾ ਅਤੇ ਵਿਦੇਸ਼ਾਂ ਵਿਚ ਬਰਮਿੰਘਮ, ਐਮਸਟਰਡਮ, ਹੇਗ ਵਿਚ ਵੀ ਉਸ ਦੀਆਂ ਲਿਖੀਆਂ ਕਵਿਤਾਵਾਂ ਪੜ੍ਹ ਕੇ ਉਸ ਨਾਲ ਇਕਮੁੱਠਤਾ ਪ੍ਰਗਟਾਈ ਹੈ। ਨਸੀਰੂਦੀਨ ਸ਼ਾਹ, ਰਤਨਾ ਪਾਠਕ ਸ਼ਾਹ, ਸਵਾਰਾ ਭਾਸਕਰ, ਆਸਫ਼ਾ ਖਾਨਮ ਸ਼ੇਰਵਾਨੀ ਵਰਗੀਆਂ ਸ਼ਖ਼ਸੀਅਤਾਂ ਵੀ ਇਸ ਮੁਹਿੰਮ ਦਾ ਹਿੱਸਾ ਬਣੀਆਂ ਹਨ। ਨਸੀਰੂਦੀਨ ਕਹਿੰਦੇ ਹਨ, ਬਲਾਤਕਾਰੀਆਂ ਅਤੇ ਕਾਤਲਾਂ ਨੂੰ ਤਾਂ ਜ਼ਮਾਨਤਾਂ ਮਿਲ ਜਾਂਦੀਆਂ ਹਨ, ਗੁਲਫ਼ਿਸ਼ਾਂ ਅਤੇ ਉਮਰ ਖ਼ਾਲਿਦ ਵਰਗੇ ਕਾਰਕੁਨਾਂ ਨੂੰ ਜ਼ਮਾਨਤਾਂ ਦੇਣ ਤੋਂ ਲਗਾਤਾਰ ਇਨਕਾਰ ਕੀਤਾ ਜਾ ਰਿਹਾ ਹੈ। ਗੁਲਫ਼ਿਸ਼ਾਂ ਦੀ ਕਵਿਤਾ ਪੜ੍ਹਦਿਆਂ ਸਵਾਰਾ ਭਾਸਕਰ ਨੇ ਕਿਹਾ, 2020 ਤੋਂ ਲੈ ਕੇ ਬਹੁਤ ਸਾਰੇ ਵਿਦਿਆਰਥੀ, ਕਾਰਕੁਨ ਅਤੇ ਬੁੱਧੀਮਾਨ ਲੋਕ ਸੀ ਏ ਏ-ਐੱਨ ਆਰ ਸੀ ਖਿਲਾਫ਼ ਸ਼ਾਂਤਮਈ ਵਿਰੋਧ-ਪ੍ਰਦਰਸ਼ਨ ਕਰਨ ਕਰਕੇ ਜੇਲ੍ਹਾਂ ਵਿਚ ਬੰਦ ਹਨ। ਬਹੁਤ ਸਾਰਿਆਂ ਨੂੰ ਸਿਰਫ਼ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਕਰਨ ਲਈ ਦਹਿਸ਼ਤਵਾਦ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਲਫ਼ਿਸ਼ਾਂ ਉਨ੍ਹਾਂ ਵਿੱਚੋਂ ਇਕ ਹੈ। ਬਤੌਰ ਨਾਗਰਿਕ ਅਤੇ ਦੇਸ਼ਪ੍ਰੇਮੀ, ਸਾਨੂੰ ਇਸ ਅਨਿਆਂ ਵਿਰੁੱਧ ਆਪਣੀ ਆਵਾਜ਼ ਜ਼ਰੂਰ ਉਠਾਉਣੀ ਚਾਹੀਦੀ ਹੈ।

'ਗੁਲਫ਼ਿਸ਼ਾ ਨੂੰ ਰਿਹਾਅ ਕਰੋ' ਮੁਹਿੰਮ ਨੇ ਆਪਣੇ ਬਿਆਨ ਵਿਚ ਕਿਹਾ, ਅਸੀਂ ਯੂ ਏ ਪੀ ਏ ਨੂੰ ਖ਼ਤਮ ਕਰਨ ਦੀ ਮੰਗ ਕਰਦੇ ਹਾਂ, ਇਕ ਅਜਿਹਾ ਕਾਨੂੰਨ ਜੋ ਨਿਆਂ ਦੀ ਗੱਲ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਲਈ ਗ਼ਲਤ ਢੰਗ ਨਾਲ ਵਰਤਿਆ ਜਾ ਰਿਹਾ ਹੈ। ਗੁਲਫ਼ਿਸ਼ਾਂ ਦੇ ਸ਼ਬਦਾਂ ਨੇ ਚੁੱਪ ਤੋੜ ਦਿੱਤੀ ਹੈ ਅਤੇ ਇਹ ਹੁਣ ਦੂਜਿਆਂ ਨੂੰ ਆਜ਼ਾਦ ਕਰ ਰਹੇ ਹਨ।



## 'ਮੈਂ ਆਜ਼ਾਦੀ ਲਈ ਤਾਂਘ ਰਹੀ ਹਾਂ'

*ਗੁਲਫ਼ਿਸ਼ਾਂ ਫ਼ਾਤਿਮਾ ਪਿਛਲੇ ਪੰਜ ਸਾਲਾਂ ਤੋਂ ਜੇਲ੍ਹ ਵਿੱਚ ਹੈ। ਹੇਠਾਂ ਉਹ ਖ਼ਤ ਹੈ, ਜੋ ਉਸ ਨੇ ਹਾਲ ਹੀ ਵਿੱਚ ਜੇਲ੍ਹ ਵਿੱਚੋਂ ਆਪਣੇ ਦੋਸਤਾਂ ਨੂੰ ਲਿਖਿਆ, ਜਿਸ ਵਿੱਚ ਉਸ ਨੇ ਆਪਣਾ ਪੰਜ ਸਾਲ ਦਾ ਅਨੁਭਵ ਸਾਂਝਾ ਕੀਤਾ ਹੈ।*

ਨਮਸਤੇ,

ਰਾਤ ਨੂੰ ਮੈਂ ਟੀ ਵੀ 'ਤੇ ਖ਼ਬਰਾਂ ਅਤੇ ਬਹਿਸਾਂ ਦੇਖਦੀ ਹਾਂ। ਇਹ ਸਿਰਫ਼ ਦਿਖਾਈ ਨਹੀਂ ਦਿੰਦਾ, ਬਲਕਿ ਕਿਸੇ ਵੀ ਸਮਝਦਾਰ ਵਿਅਕਤੀ ਨੂੰ ਇਹ ਸਪੱਸ਼ਟ ਹੈ ਕਿ ਚੀਕਣ ਵਾਲਾ ਮੁੱਖ ਧਾਰਾ ਮੀਡੀਆ ਜਨਤਾ ਨੂੰ ਇਹ ਅਹਿਸਾਸ ਦਿਵਾਉਣ 'ਤੇ ਤੁਲਿਆ ਹੈ ਕਿ ਤੁਹਾਨੂੰ ਕਿਸੇ ਖ਼ਾਸ ਫਿਰਕੇ ਦੁਆਰਾ ਸ਼ੋਸ਼ਿਤ ਕੀਤਾ, ਅਪਮਾਨਿਤ ਕੀਤਾ ਅਤੇ ਦਬਾਇਆ ਗਿਆ ਹੈ, ਨਾ ਕਿ ਕਿਸੇ ਤਾਨਾਸ਼ਾਹੀ ਰਾਜਨੀਤਕ ਵਿਵਸਥਾ ਦੁਆਰਾ। ਪੱਖਪਾਤੀ ਮੀਡੀਆ ਇਹ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਤੁਹਾਡੇ ਨਾਲ ਅੱਜ ਵੀ ਜੋ ਕੁਝ ਬੁਰਾ ਹੁੰਦਾ ਹੈ, ਉਸ ਦਾ ਇਕੋ ਕਾਰਨ ਇੱਕ ਖ਼ਾਸ ਫਿਰਕਾ ਹੈ। ਹਰ ਘੱਟਗਿਣਤੀ ਨੂੰ ਇਸ ਤਰ੍ਹਾਂ ਖੁੱਲ੍ਹਮ-ਖੁੱਲ੍ਹਾ ਬਦਨਾਮ ਨਹੀਂ ਕੀਤਾ ਜਾਂਦਾ, ਜਿਵੇਂ 'ਇੱਕ ਖ਼ਾਸ ਫਿਰਕੇ' ਨੂੰ।

ਇਸ ਸਭ ਦੇ ਬਾਵਜੂਦ, ਮੈਨੂੰ ਪੂਰਾ ਯਕੀਨ ਹੈ ਕਿ ਭਾਰਤ ਦੀ ਜਨਤਾ ਅੰਦਰੋਂ ਨਾ ਤਾਂ ਅਸਹਿਣਸ਼ੀਲ ਹੈ ਅਤੇ ਨਾ ਹੀ ਹਿੰਸਕ। ਮੈਂ ਸੁੱਖ ਦਾ ਸਾਹ ਲੈਂਦੀ ਹਾਂ ਜਦੋਂ ਦੇਖਦੀ ਹਾਂ ਕਿ ਇਸ ਐਨੀ ਜ਼ਿਆਦਾ ਧਰੁਵੀਕ੍ਰਿਤ ਹੁੰਦੀ ਜਾ ਰਹੀ ਦੁਨੀਆ ਵਿੱਚ ਲੋਕ ਏਕਤਾ ਅਤੇ ਸਥਿਰਤਾ ਲਈ ਜੂਝ ਰਹੇ ਹਨ। ਇੱਕ ਹੋਰ ਗੱਲ ਜੋ ਮੈਂ ਮਹਿਸੂਸ ਕੀਤੀ ਹੈ, ਉਹ ਇਹ ਹੈ ਕਿ ਧਰਮ ਅਤੇ ਰਾਜਨੀਤੀ ਹਮੇਸ਼ਾ ਨਾਲੋ-ਨਾਲ ਚੱਲਦੇ ਹਨ।

ਪਿਛਲੀ ਵਾਰ ਕੋਰਟਰੂਮ ਵਿੱਚ ਮੈਂ ਆਪਣੇ ਪਾਪਾ ਨੂੰ ਹਕਲਾਉਂਦੇ ਹੋਏ ਦੇਖ ਕੇ ਪੁੱਛਿਆ, ਤੁਹਾਨੂੰ ਇਹ ਤਕਲੀਫ਼ ਕਦੋਂ ਤੋਂ ਹੋਣ ਲੱਗੀ ਹੈ? ਤਾਂ ਉਹਨਾਂ ਨੇ ਬਹੁਤ ਧੀਮੀ ਆਵਾਜ਼ 'ਚ ਕਿਹਾ, 'ਹਮੇਸ਼ਾ ਡਰ ਦਾ ਅਹਿਸਾਸ ਹੁੰਦਾ ਰਹਿੰਦਾ ਹੈ, ਜਿਵੇਂ ਹੁਣੇ ਕੁਝ ਮਾੜਾ ਹੋਣ ਵਾਲਾ ਹੈ, ਇਸ ਲਈ ਬੋਲਦੇ-ਬੋਲਦੇ ਅਟਕ ਜਾਂਦਾ ਹਾਂ।' ਉਹਨਾਂ ਦੇ ਇਹ ਸ਼ਬਦ, ਜੋ ਕਿ ਸੱਚ ਹਨ, ਮੇਰੇ ਦਿਮਾਗ ਵਿੱਚ ਵਸ ਗਏ ਹਨ ਅਤੇ ਵਾਰ-ਵਾਰ ਘੁੰਮਦੇ ਰਹਿੰਦੇ ਹਨ।

ਜਦੋਂ ਮੇਰੇ ਮਾਤਾ-ਪਿਤਾ ਨੂੰ ਸਾਡੇ ਸੰਘਰਸ਼ ਦੀ ਹਮਾਇਤ ਵਿੱਚ ਜਾਂ ਕਿਸੇ ਸੈਮੀਨਾਰ ਜਾਂ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਜਾਂਦਾ ਹੈ ਤਾਂ ਉਹ ਦੇਖਦੇ ਹਨ ਕਿ ਲੋਕ ਅਜੇ ਵੀ ਏਕਤਾ, ਸ਼ਾਂਤੀ, ਨਿਆਂ ਲਈ ਅਤੇ ਜਬਰ, ਬਦਨਾਮੀ, ਅਨਿਆਂ ਦੇ ਖਿਲਾਫ਼ ਬੋਲਣ ਦੀ ਹਿੰਮਤ ਕਰਦੇ ਹਨ। ਇਸ ਨਾਲ ਉਹਨਾਂ ਨੂੰ ਥੋੜ੍ਹੀ ਰਾਹਤ ਮਿਲਦੀ ਹੈ, ਚਾਹੇ ਕੁਝ ਸਮੇਂ ਲਈ ਹੀ ਸਹੀ। ਉਹਨਾਂ ਦੀ ਹਮਾਇਤ ਦਾ ਸਭ ਤੋਂ ਕਾਬਲੇ-ਤਾਰੀਫ਼ ਪਹਿਲੂ ਇਹ ਹੈ ਕਿ ਉਹਨਾਂ ਨੇ ਸਾਨੂੰ ਕਦੇ ਨਹੀਂ ਦੇਖਿਆ, ਨਾ ਹੀ ਨਿੱਜੀ ਤੌਰ 'ਤੇ ਸਾਨੂੰ ਜਾਣਦੇ ਹਨ। ਫਿਰ ਵੀ ਇੱਕ ਸਾਂਝੇ ਮਕਸਦ ਲਈ ਸਾਡੇ ਨਾਲ ਖੜ੍ਹੇ ਹਨ। ਸੱਚ ਕਹਾਂ ਤਾਂ, ਵੱਖ-ਵੱਖ ਵਿਚਾਰਧਾਰਾਵਾਂ, ਧਾਰਮਿਕ ਵਿਸ਼ਵਾਸਾਂ ਵਾਲੇ ਲੋਕਾਂ ਤੋਂ ਇਹ ਨਿਰਸਵਾਰਥ ਪਿਆਰ ਦੇਖ ਕੇ ਮੈਂ ਭਾਵੁਕ ਹੋ ਜਾਂਦੀ ਹਾਂ।



ਕੁਝ ਲੋਕ ਅਜਿਹੇ ਵੀ ਹਨ, ਜੋ ਮਨੁੱਖਤਾ ਅਤੇ ਇੱਕਜੁਟ ਭਾਰਤ ਦੇ ਹਿੱਤ ਵਿੱਚ ਮਤਭੇਦਾਂ ਨੂੰ ਵਿਵਾਦ ਵਿੱਚ ਨਹੀਂ ਬਦਲਣ ਦਿੰਦੇ। ਉਹ 'ਇੱਕ ਖ਼ਾਸ ਫਿਰਕੇ' ਦੇ ਵਿਸ਼ੇਸ਼ ਸਨੇਹ ਅਤੇ ਸਨਮਾਨ ਦੇ ਹੱਕਦਾਰ ਹਨ।

ਆਉਣ ਵਾਲੀ ਈਦ-ਉਲ-ਫਿਤਰ ਮੇਰੀ 6ਵੀਂ ਈਦ ਹੋਵੇਗੀ, ਜੋ ਮੈਂ ਇੱਥੇ (ਜੇਲ੍ਹ ਵਿਚ) ਮਨਾਵਾਂਗੀ। ਉਸ ਦਿਨ ਲਈ ਮੈਂ ਸਿਲਾਈ ਸੈਂਟਰ ਤੋਂ ਕੁਝ ਗਹਿਣੇ ਅਤੇ ਕਾਜਲ ਖ਼ਰੀਦ ਲਏ ਹਨ। ਮੈਂ ਕੋਈ ਵੀ ਤਿਉਹਾਰ ਮਨਾਉਣ ਦਾ ਮੌਕਾ ਹੱਥੋਂ ਨਹੀਂ ਜਾਣ ਦਿੰਦੀ, ਚਾਹੇ ਇਹ ਰੱਖੜੀ ਹੋਵੇ, ਮਹਿਲਾ ਦਿਵਸ, ਹੋਲੀ, ਈਸਟਰ, ਵਗੈਰਾ। ਜਦੋਂ ਮੈਂ ਰੱਖੜੀ ਬੰਨ੍ਹਦੀ ਹਾਂ, ਤਾਂ ਮੈਂ ਆਪਣੀਆਂ ਸਹਿ-ਕੈਦਣਾਂ ਨੂੰ ਕਹਿੰਦੀ ਹਾਂ ਕਿ ਇਸ ਰੱਖੜੀ ਦੇ ਬਦਲੇ ਮੈਨੂੰ ......... ਤੋਂ ਬਚਾਓ। ਹੇਹੇਹੇ ਦਰਅਸਲ, ਮੈਂ ਹਰ ਮੌਕੇ ਨੂੰ ਭਰਪੂਰ ਜੀਣ ਦੀ ਕੋਸ਼ਿਸ਼ ਕਰਦੀ ਹਾਂ, ਕਿਉਂਕਿ ਮੈਂ ਹਕੀਕਤ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਨ ਵਿੱਚ ਵਿਸ਼ਵਾਸ ਰੱਖਦੀ ਹਾਂ, ਫਿਰ ਬਹੁਤ ਚਿੰਤਾ ਕਿਉਂ ਕੀਤੀ ਜਾਵੇ? ਜੇਕਰ ਮੈਂ ਬਾਹਰ ਹੁੰਦੀ ਤਾਂ ਮੈਂ ਇਹ ਕਰਦੀ, ਉਹ ਕਰਦੀ। ਸੋਚਣ ਦਾ ਕੀ ਫ਼ਾਇਦਾ। ਹਕੀਕਤ ਇਹ ਹੈ ਕਿ ਮੈਂ ਜੇਲ੍ਹ ਵਿੱਚ ਹਾਂ। ਹੁਣ ਇਹ ਪੂਰੀ ਤਰ੍ਹਾਂ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਆਪਣੇ ਮਨ ਅਤੇ ਰੂਹ ਨੂੰ ਕਿਸ ਦਿਸ਼ਾ 'ਚ ਲੈ ਕੇ ਜਾਣਾ ਹੈ। ਕਈ ਵਾਰ ਮੈਂ ਆਪਣੇ-ਆਪ ਨੂੰ ਦਾਰਸ਼ਨਿਕ ਲੱਗਦੀ ਹਾਂ, ਪਰ ਅਨਜਾਣੇ ਹੀ ਇਹ ਸੱਚ ਹੈ ਕਿ ਕੈਦ ਨੇ ਮੈਨੂੰ ਹੋਰ ਵੀ ਅਧਿਆਤਮਕ ਬਣਾ ਦਿੱਤਾ ਹੈ। ਮੈਂ ਚਾਹੁੰਦੀ ਹਾਂ ਕਿ ਜੋ ਲੋਕ ਆਪਣੇ-ਆਪ ਨੂੰ ਧਾਰਮਿਕ ਮੰਨਦੇ ਹਨ, ਉਹ ਵੀ ਆਪਣੀ ਆਤਮਾ ਨੂੰ ਅਧਿਆਤਮਕਤਾ ਦੇ ਰਸਤੇ 'ਤੇ ਚੱਲਣ ਦਾ ਮੌਕਾ ਦੇਣ। ਅਧਿਆਤਮਕ ਤੌਰ 'ਤੇ ਜਾਗਰੂਕ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਦੁੱਖ, ਨਿਰਾਸ਼ਾ ਜਾਂ ਭਟਕਣ ਦਾ ਅਨੁਭਵ ਬੰਦ ਹੋ ਜਾਂਦਾ ਹੈ। ਇਹ ਸਭ ਤਾਂ ਹੁੰਦਾ ਹੈ। ਮੈਂ ਆਜ਼ਾਦੀ ਲਈ ਤੜਫਦੀ ਹਾਂ ਅਤੇ ਰਿਹਾਈ ਦੀ ਅਨੰਤ ਅਨਿਸ਼ਚਿਤਤਾ ਬਹੁਤ ਡੂੰਘੀ ਲੱਗਦੀ ਹਾਂ, ਪਰ ਇਸ ਨੇ ਮੈਨੂੰ ਜੀਵਨ ਦੀ ਨਾਜ਼ੁਕਤਾ ਦਾ ਅਹਿਸਾਸ ਕਰਾਇਆ ਹੈ।

ਪਿਛਲੇ ਮਹੀਨੇ ਮੈਂ ਹਿੰਦੀ ਵਿੱਚ ਵਿਵੇਕਾਨੰਦ ਸਾਹਿਤ ਪੜ੍ਹ ਰਹੀ ਸੀ। ਮੈਨੂੰ ਉਹਨਾਂ ਦੇ ਬਹੁਤ ਸਾਰੇ ਵਿਚਾਰ ਮਹਾਨ ਲੱਗੇ। ਸਾਨੂੰ ਉਹਨਾਂ ਦੇ ਨਜ਼ਰੀਏ ਨੂੰ ਵਿਸ਼ਾਲ ਪ੍ਰਸੰਗ ਵਿੱਚ ਸਮਝਣ ਦੀ ਲੋੜ ਹੈ, ਜੋ ਆਮ ਲੋਕਾਂ ਨੂੰ ਫ਼ਰਕਾਂ ਅਤੇ ਵੰਨ-ਸੁਵੰਨਤਾ ਦੀ ਖ਼ੂਬਸੂਰਤੀ ਬਾਰੇ ਸਮਝਾ ਸਕਦੇ ਹਨ।

ਅੰਤ ਵਿੱਚ ਮੈਂ ਆਪਣੇ ਪਰਵਾਰ, ਦੋਸਤਾਂ, ਵਕੀਲਾਂ ਅਤੇ ਹਰ ਉਸ ਵਿਅਕਤੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ, ਜਿਨ੍ਹਾਂ ਨੇ ਮੈਨੂੰ ਨਹੀਂ ਛੱਡਿਆ, ਬਲਕਿ ਪੰਜ ਸਾਲਾਂ ਦੀ ਇਸ ਬੇਵਜ੍ਹਾ ਕੈਦ ਦੌਰਾਨ ਮੇਰੇ ਸਾਥ ਨਾਲ ਡਟ ਕੇ ਖੜ੍ਹੇ ਰਹੇ, ਮੈਨੂੰ ਸਹਾਰਾ ਦਿੱਤਾ, ਇਕਜੁੱਟਤਾ ਦਿਖਾਈ ਅਤੇ ਹੌਸਲਾ ਦਿੱਤਾ। ਉਹਨਾਂ ਦੇ ਪਿਆਰ ਅਤੇ ਸਾਥ ਤੋਂ ਬਿਨਾਂ ਇਹ ਸਫ਼ਰ ਬੇਹੱਦ ਦੁਖਦਾਈ ਹੁੰਦਾ।

ਖ਼ੁਸ਼ਕਿਸਮਤੀ ਨਾਲ, 16 ਅਪ੍ਰੈਲ 2025 ਨੂੰ ਮੇਰੀ ਜੇਲ੍ਹ ਜ਼ਿੰਦਗੀ ਦੇ ਪੰਜ ਸਾਲ ਪੂਰੇ ਹੋ ਜਾਣਗੇ। ਮੈਂ ਇਸ ਦਿਨ ਨੂੰ ਵੀ ਤਿਉਹਾਰ ਵਾਂਗ ਮਨਾਵਾਂਗੀ, ਆਪਣੇ ਸੰਘਰਸ਼ ਦੇ ਵਿਚਿੱਤਰ ਹਾਲਾਤ ਵਿੱਚ ਬਚੇ ਰਹਿਣ ਦੀ ਪ੍ਰਾਪਤੀ ਦੇ ਰੂਪ 'ਚ। ਹਾਲਾਂਕਿ ਕੈਦ ਨੇ ਮੇਰੇ ਸਰੀਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ, ਪਰ ਇਸ ਦਾ ਮੇਰੀ ਮਾਨਸਿਕ ਸਿਹਤ 'ਤੇ ਜ਼ਰੂਰ ਅਸਰ ਪਿਆ ਹੈ। ਯਾਦਦਾਸ਼ਤ ਏਨੀ ਕਮਜ਼ੋਰ ਹੋ ਗਈ ਹੈ ਕਿ ਮੈਂ ਅਕਸਰ ਆਪਣੀ ਮਾਂ ਨੂੰ ਫੋਨ ਕਰਨਾ ਵੀ ਭੁੱਲ ਜਾਂਦੀ ਹਾਂ। ਕੁਝ ਕਰਨ ਲਈ ਕਿਤੇ ਜਾਂਦੀ ਹਾਂ ਤਾਂ ਰਾਹ ਵਿੱਚ ਹੀ ਭੁੱਲ ਜਾਂਦੀ ਹਾਂ ਕਿ ਮੈਂ ਕਿੱਥੇ ਜਾ ਰਹੀ ਸੀ ਅਤੇ ਕਿਉਂ। ਫਿਰ ਮੈਂ ਕੀ ਕਰਦੀ ਹਾਂ, ਬਸ ਆਪਣੀ ਇਸ ਹਾਲਤ 'ਤੇ ਹੱਸ ਪੈਂਦੀ ਹਾਂ। ਸੱਚਮੁੱਚ, ਮੈਨੂੰ ਬਹੁਤ ਹਾਸਾ ਆਉਂਦਾ ਹੈ। ਹਾਹਾਹਾ... ਖ਼ੈਰ!

ਫ਼ੈਜ਼ ਦੀ ਸ਼ਾਇਰੀ ਮੇਰੇ ਲਈ ਅਚਾਨਕ ਰਾਹਤ ਬਣ ਗਈ ਹੈ। ਜਦੋਂ ਵੀ ਮੈਂ ਬਹੁਤ ਉਦਾਸ ਮਹਿਸੂਸ ਕਰਦੀ ਹਾਂ, ਤਾਂ ਦੋ-ਤਿੰਨ ਦਿਨ ਲਈ ਉਸ ਦੀ ਸ਼ਾਇਰੀ ਪੜ੍ਹਨ ਲੱਗ ਜਾਂਦੀ ਹਾਂ, ਫਿਰ ਤਾਂ ਜਿਵੇਂ ਸਭ ਕੁਝ ਹਵਾ ਵਿੱਚ ਉੱਡ ਜਾਂਦਾ ਹੈ। ਧੰਨਵਾਦ, ਫ਼ੈਜ਼ ਤੁਹਾਡੀ ਵਿਰਾਸਤ ਲਈ।

ਮੈਂ ਫ਼ੈਜ਼ ਦੇ ਲਿਖੇ ਦੋ ਸ਼ੇਅਰਾਂ ਨਾਲ ਤੁਹਾਡੇ ਤੋਂ ਵਿਦਾ ਹੁੰਦੀ ਹਾਂ :

ਚਲੋ ਆਓ ਤੁਮਕੋ ਦਿਖਾਏਂ
ਹਮ ਜੋ ਬਚਾ ਹੈ ਮਕਤਲ-ਏ-ਸ਼ਹਰ ਮੇਂ
ਯੇ ਮਜ਼ਾਰ ਅਹਲ-ਏ-ਸਫ਼ਾ ਕੇ ਹੈਂ
ਯੇ ਅਹਲ-ਏ-ਸਿਦਕ ਕੀ ਤੁਰਬਤੇਂ
ਮੇਰੀ ਜਾਨ ਆਜ ਕਾ ਗਮ ਨ ਕਰ
ਕਿ ਨ ਜਾਨੇ ਕਾਤਿਬ-ਏ-ਵਕਤ ਨੇ
ਕਿਸੀ ਅਪਨੇ ਕਲ ਮੇਂ ਭੀ ਭੂਲਕਰ
ਕਹੀਂ ਲਿਖ ਰਹੀ ਹੋ ਮਸਰਤੇਂ।

*ਅਨੁ : ਬੂਟਾ ਸਿੰਘ ਮਹਿਮੂਦਪੁਰ*

# ਰਾਸ਼ਟਰਪਤੀ ਨੂੰ ਅੱਗੇ ਲਾ ਕੇ ਅਣਮਿਥੀਆਂ ਹੱਦਾਂ ਤੱਕ ਸ਼ਕਤੀ ਚਾਹੁੰਦੀ ਹੈ ਭਾਰਤ ਦੀ ਰਾਜਨੀਤੀ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਰਾਜ ਰਜਿਆਂ ਦਾ ਹੋਵੇ ਤਾਂ ਉਨ੍ਹਾਂ ਉੱਤੇ ਕਿਸੇ ਤਰ੍ਹਾਂ ਦਾ ਕੋਈ ਕੁੰਡਾ ਨਹੀਂ ਹੁੰਦਾ, ਮਨ ਆਈਆਂ ਕਰ ਸਕਦੇ ਹਨ ਤੇ ਕੋਈ ਕਿੰਤੂ ਨਹੀਂ ਕਰ ਸਕਦਾ। ਸੰਵਿਧਾਨਕ ਪ੍ਰਬੰਧ ਹੋਵੇ ਤਾਂ ਏਦਾਂ ਨਹੀਂ ਹੋ ਸਕਦਾ। ਹਰ ਸੰਸਥਾ ਅਤੇ ਹਰ ਵਿਅਕਤੀ ਨੂੰ ਆਪਣੇ ਅਹੁਦੇ ਨਾਲ ਸੰਬੰਧਤ ਕਾਨੂੰਨੀ ਵਲਗਣਾਂ ਵਿੱਚ ਰਹਿ ਕੇ ਕੰਮ ਕਰਨਾ ਪੈਂਦਾ ਹੈ। ਇਹ ਪ੍ਰਬੰਧ ਭਾਰਤੀ ਸੰਵਿਧਾਨ ਵਿੱਚ ਵੀ ਕੀਤਾ ਗਿਆ ਹੈ, ਪਰ ਜਿਹੜੇ ਲੋਕ ਇਹੋ ਜਿਹੇ ਉੱਚੇ ਰੁਤਬੇ ਹਾਸਲ ਕਰਨ ਮਗਰੋਂ ਆਮ ਲੋਕਾਂ ਨੂੰ ਸੰਵਿਧਾਨ ਦੇ ਮੁਤਾਬਕ ਚੱਲਣ ਦੀਆਂ ਨਸੀਹਤਾਂ ਦੇਂਦੇ ਰਹਿੰਦੇ ਹਨ, ਉਨ੍ਹਾਂ ਦੀ ਆਪਣੀ ਖਾਹਿਸ਼ ਆਮ ਕਰ ਕੇ ਸੰਵਿਧਾਨਕ ਵਲਗਣਾਂ ਨੂੰ ਟੱਪ ਕੇ ਰਾਜਿਆਂ ਵਾਂਗ ਮਨ ਆਈਆਂ ਕਰਨ ਦੀ ਬਣੀ ਹੁੰਦੀ ਹੈ। ਸਾਨੂੰ ਲੋਕਾਂ ਨੂੰ ਰਾਤ ਨੂੰ ਸੁਫਨਾ ਵੀ ਆ ਜਾਵੇ ਕਿ ਕਿਸੇ ਥਾਂ ਸਾਡੇ ਕੋਲੋਂ ਸੰਵਿਧਾਨ ਤੋਂ ਬਾਹਰੀ ਕੋਈ ਗੱਲ ਹੋ ਗਈ ਹੈ ਤਾਂ ਸਾਡੀ ਨੀਂਦ ਉੱਡ ਜਾਂਦੀ ਹੈ, ਕਾਨੂੰਨ ਦਾ ਡਰ ਸਤਾਉਣ ਲੱਗਦਾ ਹੈ, ਪਰ ਇਨ੍ਹਾਂ ਨੂੰ ਕਦੇ ਏਦਾਂ ਦਾ ਕੋਈ ਡਰ ਨਹੀਂ ਆਉਂਦਾ ਹੋਵੇ, ਸ਼ਾਇਦ ਬਹੁਤੀ ਵਾਰ ਅਦਾਲਤੀ ਪ੍ਰਬੰਧ ਦੇ ਬੇਹੱਦ ਤੇਜ਼ ਕੇ ਲੰਘ ਜਾਣ ਤੇ ਕਾਨੂੰਨ ਬੇਣਾ ਸਾਬਤ ਕਰਨ ਦੇ ਆਉਂਦੇ ਹੋਣਗੇ। ਇਹੋ ਕਾਰਨ ਹੈ ਕਿ ਭਾਰਤ ਵਿੱਚ ਉੱਪਰਲੀਆਂ ਪਦਵੀਆਂ ਤੱਕ ਪੁੱਜੇ ਲਗਭਗ ਹਰ ਆਗੂ ਨੇ ਕੋਸ਼ਿਸ਼ ਕੀਤੀ ਹੋਈ ਹੈ ਕਿ ਅਦਾਲਤੀ ਪ੍ਰਬੰਧ ਨੂੰ ਕਿਸੇ ਤਰ੍ਹਾਂ ਆਪਣੀ ਇੱਛਾ ਮੁਤਾਬਕ ਚੱਲਣ ਵਾਲਾ ਬਣਾ ਲਿਆ ਜਾਵੇ। ਐਮਰਜੈਂਸੀ ਦੌਰਾਨ ਇੰਦਿਰਾ ਗਾਂਧੀ ਦੁਆਲੇ ਜੁੜੀ ਉਸ ਦੇ ਛੋਟੇ ਪੁੱਤਰ ਦੀ ਜੁੰਡੀ ਨੇ ਵੀ ਸੰਵਿਧਾਨ ਦੀ ਬਣਾਵਟੀ ਸੋਧ ਪਾਸ ਕਰਵਾ ਕੇ ਇਹੋ ਕਰਨ ਦਾ ਯਤਨ ਕੀਤਾ ਸੀ, ਪਰ ਉਸ ਦਾ ਵਿਰੋਧ ਕਰ ਚੁੱਕੇ ਆਗੂਆਂ ਵਿੱਚੋਂ ਵੀ ਬਹੁਤਿਆਂ ਨੇ ਮੌਕਾ ਵੇਖ ਕੇ ਇਹੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਜੋਕੇ ਭਾਰਤ ਦੀ ਸਿਆਸੀ ਲੀਡਰਸ਼ਿਪ ਇੱਕ ਵਾਰ ਫਿਰ ਏਦਾਂ ਦਾ ਯਤਨ ਕਰਦੀ ਨਜ਼ਰ ਆਉਂਦੀ ਹੈ। ਬੀਤੇ ਦਿਨੀਂ ਭਾਰਤ ਦੀ ਸੰਵਿਧਾਨਕ ਮੁਖੀ ਰਾਸ਼ਟਰਪਤੀ ਨੇ ਜਿਹੜੀ ਚਿੱਠੀ ਦੇਸ਼ ਦੀ ਸੁਪਰੀਮ ਕੋਰਟ ਨੂੰ ਲਿਖ ਕੇ ਚੌਦਾਂ ਸਵਾਲ ਪੁੱਛੇ ਹਨ, ਉਨ੍ਹਾਂ ਪਿੱਛੇ ਵੀ ਅਸਲ ਖੇਡ ਖੇਡਦੇ ਸਿਆਸਤ ਦੇ ਮਹਾਂਰਥੀ ਹੋ ਸਕਦੇ ਹਨ, ਜਿਹੜੇ ਖੁਦ ਸਿੱਧੀ ਟੱਕਰ ਨਹੀਂ ਲੈਣਾ ਚਾਹੁੰਦੇ।

ਪੁਆੜਾ ਤਾਂ ਇਸ ਗੱਲ ਨਾਲ ਪਿਆ ਸੀ ਕਿ ਕੇਂਦਰ ਸਰਕਾਰ ਜਾਂ ਸਰਕਾਰਾਂ ਦੇ ਇਸ਼ਾਰੇ ਉੱਤੇ ਕੁਝ ਗਵਰਨਰਾਂ ਨੇ ਆਪਣੇ ਅਧਿਕਾਰ ਹੇਠਲੇ ਰਾਜਾਂ ਦੀਆਂ ਸਰਕਾਰਾਂ ਤੇ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਹੋਏ ਬਿੱਲਾਂ ਤੇ ਫਾਈਲਾਂ ਨੂੰ ਪਾਸ ਕਰਨ ਜਾਂ ਜਵਾਬ ਦੇਣ ਦੀ ਥਾਂ ਖੂੰਜੇ ਸੁੱਟ ਛੱਡਿਆ ਸੀ। ਪੁੱਛਣ ਉੱਤੇ ਇਹ ਘੜਿਆ-ਘੜਾਇਆ ਜਵਾਬ ਦੇ ਦਿੱਤਾ ਜਾਂਦਾ ਸੀ ਕਿ ਉਨ੍ਹਾਂ ਦੀ ਇੱਛਾ ਉੱਤੇ ਕੋਈ ਕੁੰਡਾ ਨਹੀਂ, ਜਿੰਨਾ ਚਿਰ ਮਰਜ਼ੀ ਹੋਵੇ, ਉਹ ਦਸਤਖਤ ਕਰਨ ਦੀ ਥਾਂ ਫਾਈਲ ਰੋਕ ਕੇ ਰੱਖ ਸਕਦੇ ਹਨ। ਮਾਮਲਾ ਸੁਪਰੀਮ ਕੋਰਟ ਵਿੱਚ ਗਿਆ ਤਾਂ ਵਿਚਾਰ ਦੇ ਬਾਅਦ ਦੇਸ਼ ਦੀ ਸਭ ਤੋਂ ਉਤਲੀ ਅਦਾਲਤ ਨੇ ਹੁਕਮ ਜਾਰੀ ਕੀਤਾ ਕਿ ਗਵਰਨਰਾਂ ਲਈ ਤਿੰਨ ਕੁ ਮਹੀਨੇ ਤੈਅ ਕਰ ਦਿੱਤਾ ਕਿ ਐਨੇ ਸਮੇਂ ਵਿੱਚ ਉਨ੍ਹਾਂ ਨੂੰ ਪ੍ਰਵਾਨਗੀ ਦੇਣੀ ਜਾਂ ਨਾਂਹ ਕਰ ਕੇ ਰਾਜ ਸਰਕਾਰ ਨੂੰ ਫਾਈਲ ਵਾਪਸ ਦੇਣੀ ਹੋਵੇਗੀ ਜਾਂ ਉਹ ਹੋਰ ਵਿਚਾਰ ਲਈ ਰਾਸ਼ਟਰਪਤੀ ਵੱਲ ਭੇਜ ਸਕਦੇ ਹਨ। ਅਗਲਾ ਸਵਾਲ ਉੱਠ ਪਿਆ ਕਿ ਰਾਸ਼ਟਰਪਤੀ ਦੀਆਂ ਸ਼ਕਤੀਆਂ ਦਾ ਵੀ ਕੋਈ ਕੋਟ-ਬੰਨਾ ਨਹੀਂ ਤਾਂ ਜਿੰਨਾ ਚਿਰ ਕੇਂਦਰ ਸਰਕਾਰ ਦੀ ਮਰਜ਼ੀ ਕੋਈ ਫਾਈਲ ਰੋਕੀ ਰੱਖਣ ਦੀ ਹੋਵੇ, ਰਾਸ਼ਟਰਪਤੀ ਦਫਤਰ ਵਿੱਚ ਬੈਠੇ ਅਧਿਕਾਰੀਆਂ ਨੂੰ ਕਹਿ ਕੇ ਪੇਸ਼ ਹੀ ਨਹੀਂ ਕਰਨ ਦੇਂਦੀ, ਇਸ ਲਈ ਸਮਾਂ ਹੱਦ ਰਾਸ਼ਟਰਪਤੀ ਭਵਨ ਦੀ ਵੀ ਚਾਹੀਦੀ ਹੈ। ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦੇ ਜੱਜ ਸਾਹਿਬਾਨ ਨੇ ਵਿਚਾਰ ਦੇ ਬਾਅਦ ਇਹ ਵੀ ਸਮਾਂ ਹੱਦ ਬੰਨ੍ਹ ਦਿੱਤੀ ਤਾਂ ਖੱਪ ਪਾਉਣ ਵਾਲੇ ਹੱਦੋਂ ਬਾਹਰੀਆਂ ਭੱਦੀਆਂ ਟਿਪਣੀਆਂ ਕਰਨ ਲੱਗ ਪਏ। ਪਹਿਲ ਕੀਤੀ ਕੇਰਲਾ ਦੇ ਗਵਰਨਰ ਨੇ, ਜਿਸ ਦੇ ਖਿਲਾਫ ਪਹਿਲਾਂ ਹੁਕਮ ਆਇਆ ਸੀ ਕਿ ਉਹ ਫਾਈਲਾਂ ਅਣਮਿੱਥੇ ਸਮੇਂ ਲਈ ਨਹੀਂ ਰੋਕ ਸਕਦਾ, ਉਸ ਨੇ ਕਹਿ ਦਿੱਤਾ ਕਿ ਸੁਪਰੀਮ ਕੋਰਟ ਤਾਂ ਪਾਰਲੀਮੈਂਟ ਵਾਲੇ ਕੰਮ ਕਰਨ ਲੱਗ ਪਈ ਹੈ। ਜਦੋਂ ਵਿਵਾਦ ਛਿੜੇ ਬਿਨਾਂ ਇਹ ਗੱਲ ਅਣਗੌਲੀ ਹੋ ਗਈ, ਫਿਰ ਭਾਰਤ ਦੇ ਉੱਪ ਰਾਸ਼ਟਰਪਤੀ ਨੇ ਕਹਿ ਦਿੱਤਾ ਕਿ ਸੁਪਰੀਮ ਕੋਰਟ ਸੁਪਰ ਪਾਰਲੀਮੈਂਟ ਵਾਂਗ ਵਿਹਾਰ ਕਰ ਰਹੀ ਹੈ ਤੇ ਇਸ ਬਿਆਨ ਦੇ ਬਾਅਦ ਭਾਰਤੀ ਜਨਤਾ ਪਾਰਟੀ ਦੇ ਇੱਕ ਝਗੜਾਲੂ ਪਾਰਲੀਮੈਂਟ ਮੈਂਬਰ ਨੇ ਅਗਲਾ ਹਮਲਾ ਹੱਦੋਂ ਵੱਧ ਬਦਤਮੀਜ਼ੀ ਦੀ ਭਾਸ਼ਾ ਵਿੱਚ ਕਰ ਦਿੱਤਾ। ਇਹ ਸਾਰਾ ਕੁਝ ਸੁੱਤੇ-ਸਿੱਧ ਨਹੀਂ ਸੀ ਹੋ ਰਿਹਾ, ਇਸ ਪਿੱਛੇ ਉਹ ਆਗੂ ਖੜੇ ਸਨ, ਜਿਹੜੇ ਪਿਛਲੇ ਸਾਲ ਸੁਪਰੀਮ ਕੋਰਟ ਵੱਲੋਂ ਚੋਣ ਫੰਡਾਂ ਵਾਲਾ ਮੁੱਦਾ ਨੰਗਾ ਕੀਤੇ ਜਾਣ ਵੇਲੇ ਤੋਂ ਆਪਣੇ ਅੰਦਰ ਕੌੜ ਸਮੇਟੀ ਬੈਠੇ ਸਨ। ਅਖੀਰ ਮਾਮਲਾ ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਨੂੰ ਇਸ ਬਾਰੇ ਸਵਾਲ ਪੁੱਛੇ ਜਾਣ ਤੱਕ ਪੁੱਜ ਗਿਆ ਹੈ ਕਿ ਕੀ ਅਦਾਲਤ ਨੂੰ ਇਹ ਵੀ ਅਧਿਕਾਰ ਹੈ ਕਿ ਉਹ ਆਪਣੇ ਦੇਸ਼ ਦੇ ਰਾਸ਼ਟਰਪਤੀ ਦੀਆਂ ਸ਼ਕਤੀਆਂ ਦੀ ਹੱਦ ਮਿੱਥ ਸਕਦੀ ਹੈ।

ਰਾਜੇ ਦੀਆਂ ਸ਼ਕਤੀਆਂ ਦਾ ਘੇਰਾ ਅਣਮਿੱਥੀ ਹੱਦ ਤੱਕ ਮੋਕਲਾ ਹੁੰਦਾ ਹੈ ਅਤੇ ਉਸ ਦੁਆਲੇ ਕਿਸੇ ਤਰ੍ਹਾਂ ਦੀ ਹੱਦ ਸੱਚਮੁੱਚ ਨਹੀਂ ਮਿੱਥੀ ਜਾ ਸਕਦੀ, ਪਰ ਰਾਸ਼ਟਰਪਤੀ ਅਤੇ ਰਾਜੇ ਦਾ ਫਰਕ ਹੁੰਦਾ ਹੈ। ਰਾਜਾ ਆਪਣੇ ਜਨਮ ਦੀ ਕਿਸਮਤ ਕਾਰਨ ਰਾਜਾ ਹੁੰਦਾ ਹੈ, ਉਸ ਨੂੰ ਇਹ ਹੱਕ ਕਿਸੇ ਹੋਰ ਦਰਗਾਹੀ ਤਾਕਤ ਤੋਂ ਮਿਲਿਆ ਮੰਨਿਆ ਜਾਂਦਾ ਹੈ, ਉਂਜ ਅੰਗਰੇਜ਼ ਕਈ ਦੇਸ਼ਾਂ ਵਿੱਚ ਰਾਜੇ ਦਾ ਅਧਿਕਾਰ ਵੀ ਪਹਿਲਾਂ ਵਾਂਗ ਨਹੀਂ ਰਹਿਣ ਦਿੱਤਾ ਗਿਆ, ਹੱਦਾਂ ਮਿਥੀਆਂ ਗਈਆਂ ਹਨ। ਇਸ ਦੇ ਉਲਟ ਰਾਸ਼ਟਰਪਤੀ ਆਪਣੇ ਜਨਮ ਦੇ ਕਾਰਨ ਇਸ ਕੁਰਸੀ ਉੱਤੇ ਨਹੀਂ ਬੈਠਦਾ। ਭਾਰਤ ਵਿੱਚ ਲੋਕ ਪਾਰਲੀਮੈਂਟ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਦੀ ਵੋਟ ਕਰਦੇ ਹਨ ਅਤੇ ਉਹ ਚੁਣੇ ਹੋਏ ਮੈਂਬਰ ਅੱਗੋਂ ਰਾਸ਼ਟਰਪਤੀ ਦੀ ਚੋਣ ਕਰਨ ਲਈ ਵੋਟਾਂ ਪਾਉਂਦੇ ਹਨ। ਰਾਜੇ ਦੇ ਅਹੁਦੇ ਦੀ ਕੋਈ ਮਿਆਦ ਨਹੀਂ ਹੁੰਦੀ, ਉਮਰ ਭਰ ਲਈ ਰਾਜਾ ਹੁੰਦਾ ਹੈ, ਜਦ ਕਿ ਭਾਰਤੀ ਸੰਵਿਧਾਨ ਮੁਤਾਬਕ ਰਾਸ਼ਟਰਪਤੀ ਅਹੁਦੇ ਦੀ ਮਿਆਦ ਹੁੰਦੀ ਹੈ, ਉਸ ਪਿੱਛੋਂ ਦੋਬਾਰਾ ਚੁਣ ਕੇ ਹੱਕ ਜਿੱਤਣਾ ਪੈਂਦਾ ਜਾਂ ਅਹੁਦਾ ਛੱਡ ਕੇ ਕਿਸੇ ਹੋਰ ਨੂੰ ਵਾਰੀ ਦੇਣੀ ਪੈ ਜਾਂਦੀ ਹੈ। ਜਿਸ ਸੰਵਿਧਾਨ ਨੇ ਰਾਸ਼ਟਰਪਤੀ ਲਈ ਚੋਣ ਤੇ ਉਸ ਅਹੁਦੇ ਉੱਤੇ ਰਹਿਣ ਦੀ ਸਮਾਂ ਹੱਦ ਮਿੱਥੀ ਹੋਈ ਹੈ, ਉਹ ਸੰਵਿਧਾਨ ਰਾਸ਼ਟਰਪਤੀ ਨੂੰ ਅਣਮਿੱਥੀ ਤਾਕਤ ਕਿਸੇ ਵੀ ਮਾਮਲੇ ਵਿੱਚ ਨਹੀਂ ਦੇ ਸਕਦਾ, ਰਾਸ਼ਟਰਪਤੀ ਦੀ ਹਰ ਗੱਲ ਸੰਵਿਧਾਨਕ ਹੱਦਾਂ ਅੰਦਰ ਹੋਣੀ ਬਣਦੀ ਹੈ। ਕਿਸੇ ਰਾਜ ਸਰਕਾਰ ਜਾਂ ਕੇਂਦਰ ਦੀ ਕਿਸੇ ਫਾਈਲ ਨੂੰ ਅਣਮਿੱਥੇ ਸਮੇਂ ਤੱਕ ਅਟਕਾਈ ਰੱਖ ਸਕਣ ਦੀ ਮਿਆਦ ਵੀ ਮਿੱਥ ਦੇਣੀ ਚਾਹੀਦੀ ਹੈ।

ਬਿਨਾਂ ਸ਼ੱਕ ਇਹ ਗੱਲ ਕੋਈ ਨਹੀਂ ਕਹਿ ਸਕਦਾ ਕਿ ਅਦਾਲਤਾਂ ਵਿੱਚ ਕਦੇ ਵੀ ਕੁਝ ਗਲਤ ਨਹੀਂ ਹੁੰਦਾ, ਰਿਕਾਰਡ ਦੱਸਦਾ ਹੈ ਕਿ ਕਈ ਮਾਮਲਿਆਂ ਵਿੱਚ ਹੇਠਲੀਆਂ ਅਦਾਲਤਾਂ ਦੇ ਹਰ ਕਿਸੇ ਨੂੰ ਗਲਤ ਜਾਪਦੇ ਕੁਝ ਫੈਸਲੇ ਜਦੋਂ ਸੁਪਰੀਮ ਕੋਰਟ ਦੇ ਕੋਲ ਵਿਚਾਰ ਲਈ ਗਏ ਤਾਂ ਮੂਲੋਂ, ਮੁੱਢੋਂ ਰੱਦ ਕਰ ਦਿੱਤੇ ਜਾਂਦੇ ਰਹੇ ਸਨ। ਇਹੋ ਨਹੀਂ, ਇਹੋ ਜਿਹੇ ਫੈਸਲੇ ਦੇਣ ਵਾਲੇ ਹੇਠਲੀਆਂ ਅਦਾਲਤਾਂ ਅਤੇ ਹਾਈ ਕੋਰਟਾਂ ਦੇ ਜੱਜਾਂ ਬਾਰੇ ਸੁਪਰੀਮ ਕੋਰਟ ਨੇ ਝਾੜ ਪਾਉਣ ਵਰਗੇ ਸਖਤ ਸ਼ਬਦ ਵੀ ਵਰਤਣ ਤੋਂ ਕਦੀ ਗੁਰੇਜ਼ ਨਹੀਂ ਕੀਤਾ। ਜਦੋਂ ਸੁਪਰੀਮ ਕੋਰਟ ਦੇ ਕਿਸੇ ਬੈਂਚ ਦੇ ਫੈਸਲੇ ਉੱਤੇ ਸਮਾਜ ਵਿੱਚ ਕਿੰਤੂ ਕੀਤੇ ਗਏ ਤੇ ਉਸ ਨੂੰ ਚੁਣੌਤੀ ਦਿੱਤੀ ਗਈ ਤਾਂ ਮੁੜ ਵਿਚਾਰ ਲਈ ਵੱਡੇ ਬੈਂਚ ਕੋਲ ਭੇਜਿਆ ਗਿਆ ਤੇ ਕੁਝ ਚੋਣਵੇਂ ਮਾਮਲਿਆਂ ਵਿੱਚ ਏਦਾਂ ਦੇ ਕੇਸ ਸੰਵਿਧਾਨਕ ਬੈਂਚ ਕੋਲ ਵੀ ਭੇਜ ਦਿੱਤੇ ਜਾਂਦੇ ਹਨ। ਇਸ ਤੋਂ ਸਾਫ ਹੈ ਕਿ ਭਾਰਤ ਦੀ ਨਿਆਂ ਪਾਲਿਕਾ ਵਿੱਚੋਂ ਕੋਈ ਫੈਸਲਾ ਗਲਤ ਹੋ ਗਿਆ ਜਾਂ ਹੁੰਦਾ ਨਜ਼ਰ ਆਵੇ ਤਾਂ ਉਸ ਨੂੰ ਸੁਧਾਰਨ ਲਈ ਅੱਗੋਂ ਦਾ ਪ੍ਰਬੰਧ ਸੰਵਿਧਾਨ ਨੇ ਕਰ ਰੱਖਿਆ ਹੈ। ਨਿਆਂ ਪਾਲਿਕਾ ਜਦੋਂ ਆਪਣੇ ਕਿਸੇ ਜੱਜ ਵਿਰੁੱਧ ਕੋਈ ਫੈਸਲਾ ਲੈਣ ਜਾਂ ਲਾਗੂ ਕਰਨ ਦੀ ਔਖ ਮਹਿਸੂਸ ਕਰਦੀ ਹੈ, ਉਸ ਵਿਰੁੱਧ ਮਹਾਂ ਦੋਸ਼ ਮਤਾ ਪਾਸ ਕਰਨ ਲਈ ਪਾਰਲੀਮੈਂਟ ਨੂੰ ਭੇਜਣ ਦਾ ਪ੍ਰਬੰਧ ਵੀ ਹੈ, ਜਿਹੜਾ ਸੁਪਰੀਮ ਕੋਰਟ ਦੀ ਸਿਫਾਰਸ਼ ਉੱਤੇ ਜਾਂ ਕਿਸੇ ਸਰਕਾਰ ਜਾਂ ਪਾਰਲੀਮੈਂਟ ਮੈਂਬਰ ਵੱਲੋਂ ਬੇਨਤੀ ਉੱਤੇ ਅਗਲਾ ਰਸਤਾ ਅਖਤਿਆਰ ਕਰ ਸਕਦਾ ਹੈ। ਨਿਆਂ ਪਾਲਿਕਾ ਨੇ ਆਪਣੇ ਬਾਰੇ ਸਾਰੇ ਅਧਿਕਾਰ ਸਿਰਫ ਆਪਣੇ ਤੱਕ ਸੀਮਤ ਨਹੀਂ ਰੱਖੇ, ਭਾਰਤ ਦੇ ਲੋਕਾਂ ਦੀ ਚੁਣੀ ਹੋਈ ਪਾਰਲੀਮੈਂਟ ਨੂੰ ਇਸ ਮਾਮਲੇ ਵਿੱਚ ਪਹਿਲਾਂ ਹੀ ਸੁਪਰੀਮ ਮੰਨਿਆ ਹੋਇਆ ਹੈ ਤਾਂ ਉਸ ਨੂੰ 'ਸੁਪਰ ਪਾਰਲੀਮੈਂਟ' ਵਾਂਗ ਵਿਹਾਰ ਕਰਨ ਦਾ ਮਿਹਣਾ ਦੇਣਾ ਸਿਰੇ ਦੀ ਬੇਵਕੂਫੀ ਤੇ ਬਦਤਮੀਜ਼ੀ ਹੈ।

ਇਹ ਗੱਲ ਕਿਸੇ ਕੋਲੋਂ ਲੁਕੀ ਹੋਈ ਨਹੀਂ ਕਿ ਰਾਸ਼ਟਰਪਤੀ ਦੀਆਂ ਅਣਮਿੱਥੇ ਮੋਕਲੇਪਣ ਵਾਲੀਆਂ ਸ਼ਕਤੀਆਂ ਦੀ ਵਰਤੋਂ ਉਹ ਖੁਦ ਨਹੀਂ ਕਰ ਰਿਹਾ ਹੁੰਦਾ, ਸੰਵਿਧਾਨ ਵਿੱਚ ਦਰਜ ਹੈ ਕਿ ਉਹ ਕੇਂਦਰੀ ਮੰਤਰੀ ਮੰਡਲ ਦੀ ਸਲਾਹ ਨਾਲ ਚੱਲੇਗਾ ਤਾਂ ਸਾਫ ਹੈ ਕਿ ਕੇਂਦਰ ਸਰਕਾਰ ਚਲਾ ਰਹੇ ਆਗੂ ਏਹੋ ਜਿਹੀ ਸਲਾਹ ਆਪਣੀ ਲੋੜ ਮੁਤਾਬਕ ਹੀ ਦੇਣਗੇ। ਜਿਹੜਾ ਰਾਗ ਗਾਇਆ ਜਾ ਰਿਹਾ ਹੈ ਕਿ ਰਾਸ਼ਟਰਪਤੀ ਦੀਆਂ ਤਾਕਤਾਂ ਨੂੰ ਹੱਦਾਂ ਵਿੱਚ ਬੰਨ੍ਹਿਆ ਨਹੀਂ ਜਾ ਸਕਦਾ, ਅਸਲ ਵਿੱਚ ਇਸ ਦਾ ਅਰਥ ਇਹ ਹੈ ਕਿ ਜਿਸ ਦੇ ਹੱਥ ਵਿੱਚ ਇਸ ਦੇਸ਼ ਦੀ ਵਾਗ ਆ ਜਾਵੇ, ਉਸ ਨੂੰ ਆਪਣੀ ਮਰਜ਼ੀ ਮੁਤਾਬਕ ਚੱਲੀ ਜਾਣ ਤੋਂ ਰੋਕਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਹੈਰਾਨੀ ਦੀ ਗੱਲ ਹੈ ਕਿ ਜਿਹੜੀ ਪਾਰਟੀ ਸੱਤਾ ਵਿੱਚ ਆ ਜਾਂਦੀ ਹੈ, ਉਹ ਆਮ ਤੌਰ ਉੱਤੇ ਏਦਾਂ ਦੀਆਂ ਸ਼ਕਤੀਆਂ ਕਾਇਮ ਰੱਖਣ ਜਾਂ ਹੋਰ ਹਥਿਆਉਣ ਦਾ ਸਿੱਧਾ-ਟੇਢਾ ਯਤਨ ਕਰਨ ਲੱਗ ਪੈਂਦੀ ਹੈ, ਪਰ ਵਿਰੋਧ ਵਿਚਲੀਆਂ ਲਗਭਗ ਸਾਰੀਆਂ ਪਾਰਟੀਆਂ ਹਮੇਸ਼ਾ ਰਾਸ਼ਟਰਪਤੀ ਦਾ ਤੇ ਉਸ ਬਹਾਨੇ ਰਾਜ ਕਰਦੀ ਪਾਰਟੀ ਦਾ ਮਨਮਰਜ਼ੀ ਕਰਨ ਦਾ ਘੇਰਾ ਅਣਮਿਥਿਆ ਕਰਨ ਦਾ ਵਿਰੋਧ ਕਰਦੀਆਂ ਹਨ। ਵਿਰੋਧੀ ਧਿਰ ਦੇ ਆਗੂ ਹੁੰਦੇ ਵਕਤ ਭਾਜਪਾ ਲੀਡਰ ਅਟਲ ਬਿਹਾਰੀ ਵਾਜਪਾਈ ਨੇ ਰਾਜਾਂ ਦੇ ਗਵਰਨਰਾਂ ਨੂੰ 'ਚਿੱਟੇ ਹਾਥੀ' ਕਈ ਵਾਰ ਕਿਹਾ ਸੀ, ਪਰ ਜਦੋਂ ਉਹ ਸੱਤਾ ਵਿੱਚ ਆਏ ਤਾਂ ਇਨ੍ਹਾਂ 'ਚਿੱਟੇ ਹਾਥੀ' ਬਣੇ ਹੋਏ ਗਵਰਨਰਾਂ ਦੀ ਦੁਰਵਰਤੋਂ ਉਨ੍ਹਾਂ ਦੇ ਵਕਤ ਵੀ ਭਾਜਪਾ ਲੀਡਰਸ਼ਿਪ ਆਪਣੀ ਲੋੜ ਮੁਤਾਬਕ ਕਰਨ ਲੱਗ ਪਈ ਸੀ। ਅੱਜ ਵਾਲੇ ਸਮੇਂ ਵਿੱਚ ਦੁਰਵਰਤੋਂ ਕਰਨ ਦਾ ਅਮਲ ਕਿਸੇ ਵੀ ਪਿਛਲੇ ਸਮੇਂ ਤੋਂ ਵੱਧ ਹੁੰਦਾ ਮੰਨਿਆ ਜਾਂਦਾ ਹੈ ਅਤੇ ਇਸ ਦੁਰਵਰਤੋਂ ਦੀ ਸਾਰੀ ਖੇਡ ਗਵਰਨਰਾਂ ਦੇ ਦਫਤਰਾਂ ਤੋਂ ਚੱਲਦੀ ਮੰਨੀ ਜਾਂਦੀ ਹੈ ਅਤੇ ਕਦੀ-ਕਦੀ ਇਸ ਮਕਸਦ ਲਈ ਰਾਸ਼ਟਰਪਤੀ ਦੀਆਂ ਤਾਕਤਾਂ ਦੀ ਵਰਤੋਂ ਕਰਨ ਦੀਆਂ ਗੱਲਾਂ ਵੀ ਚਰਚਾ ਵਿੱਚ ਆ ਜਾਂਦੀਆਂ ਹਨ। ਉਹ ਵਕਤ ਐਸ ਨਹੀਂ ਰਹਿ ਗਿਆ, ਜਦੋਂ ਰਾਸ਼ਟਰਪਤੀ ਹੁੰਦਿਆਂ ਡਾਕਟਰ ਰਾਜਿੰਦਰ ਪ੍ਰਸ਼ਾਦ ਜਾਂ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨ ਮੌਕੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਕੋਈ ਪੱਤਰ ਲਿਖ ਕੇ ਸਰਕਾਰ ਵੱਲੋਂ ਰਾਸ਼ਟਰਪਤੀ ਦੀਆਂ ਸ਼ਕਤੀਆਂ ਦੀ ਹੱਦ ਦਾ ਨਾ ਟੱਪਣ ਨੂੰ ਕਹਿ ਦੇਂਦੇ ਹੁੰਦੇ ਸਨ। ਸਾਡੇ ਸਮਿਆਂ ਵਿੱਚ ਏਦਾਂ ਦੀ ਆਖਰੀ ਕੋਸ਼ਿਸ਼ ਸ਼ਾਇਦ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਕੀਤੀ ਗਈ ਸੀ ਤੇ ਉਨ੍ਹਾਂ ਦੇ ਪੱਤਰਾਂ ਦਾ ਜਵਾਬ ਦੇਣ ਜਾਂ ਹਫਤਾਵਾਰੀ ਮਿਲਣੀ ਲਈ ਜਾਣ ਤੋਂ ਵੀ ਰਾਜੀਵ ਗਾਂਧੀ ਪਾਸਾ ਵੱਟਣ ਲੱਗ ਪਿਆ ਸੀ। ਜਦੋਂ ਉਸ ਨੇ ਅਗਲੀ ਪਾਰਲੀਮੈਂਟ ਚੋਣ ਜਿੱਤੀ ਤਾਂ ਵੋਟ ਕਲੱਬ ਵਿੱਚ ਕੀਤੀ ਗਈ ਰੈਲੀ ਵਿੱਚ ਉਸ ਨੇ ਭਾਸ਼ਣ ਕਰਦਿਆਂ ਰਾਸ਼ਟਰਪਤੀ ਦਾ ਨਾਂਅ ਲਏ ਬਗੈਰ ਇਹ ਚੋਭ ਲਾ ਦਿੱਤੀ ਸੀ ਕਿ ਜਿਹੜਾ ਵਿਅਕਤੀ ਆਏ ਦਿਨ ਪੱਤਰ ਲਿਖ ਕੇ ਸਰਕਾਰ ਨੂੰ ਪਰੇਸ਼ਾਨ ਕਰਦਾ ਰਹਿੰਦਾ ਸੀ, ਲੋਕਾਂ ਦੇ ਫਤਵੇ ਪਿੱਛੋਂ ਉਸ ਨੂੰ ਵੀ ਹਕੀਕਤ ਨੂੰ ਸਮਝ ਲੈਣ ਦਾ ਚੇਤਾ ਆ ਜਾਣਾ ਚਾਹੀਦਾ ਹੈ। ਉਸ ਦੇ ਸਾਰੇ ਸ਼ਬਦ ਤਾਂ ਯਾਦ ਨਹੀਂ, ਪਰ ਉਸ ਨੇ ਜੋ ਕੁਝ ਕਿਹਾ ਸੀ, ਉਸ ਭਾਸ਼ਣ ਵਿੱਚੋਂ ਤਾਜ਼ਾ ਹਵਾਲਾ ਸਾਰੀ ਇਹੋ ਝਲਕਦੀ ਸੀ, ਜਿਹੜੀ ਅਸੀਂ ਲਿਖੀ ਹੈ ਤੇ ਅਗਲੇ ਕਈ ਦਿਨ ਇਸ ਬਾਰੇ ਮੀਡੀਏ ਅਤੇ ਸਿਆਸਤ ਦੇ ਖੇਤਰ ਵਿੱਚ ਬਖਥੀ ਬਹਿਸ ਹੁੰਦੀ ਰਹੀ ਸੀ। ਏਦਾਂ ਲੱਗਦਾ ਹੈ ਕਿ ਸਿਆਸੀ ਆਗੂਆਂ ਵੱਲੋਂ ਜਿਹੜੀ ਚੁਣੌਤੀ ਹੱਦੋਂ ਰਾਸ਼ਟਰਪਤੀ ਨੂੰ ਅਹੁਦੇ ਅਤੇ ਅਧਿਕਾਰਾਂ ਨੂੰ ਦਿੱਤੀ ਜਾ ਰਹੀ ਸੀ, ਉਹੋ ਚੁਣੌਤੀ ਅੱਜ ਦੇ ਸਮੇਂ ਵਿੱਚ ਰਾਸ਼ਟਰਪਤੀ ਦੇ ਅਧਿਕਾਰਾਂ ਦਾ ਮੁੱਦਾ ਉਠਾ ਕੇ ਦੇਸ਼ ਦੀ ਨਿਆਂ ਪਾਲਿਕਾ ਦੇ ਸੰਵਿਧਾਨਕ ਅਧਿਕਾਰਾਂ ਨੂੰ ਦਿੱਤੀ ਜਾਣ ਲੱਗ ਪਈ ਹੈ।

# ਕਦੇ ਬੋਧੀਆਂ ਦਾ ਸੰਵਾਦ ਕੇਂਦਰ ਸੀ : ਸੁਲਤਾਨਪੁਰ ਲੋਧੀ

ਪਿੰਡ ਵਸਿਆ-30

ਵਿਜੇ ਬੰਬੇਲੀ

"ਬੇਨ ਨਦੀ", ਹੁਣ ਕਾਲੀ ਬੇਈਂ, ਜਿਹੜੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਮੁਕੇਰੀਆਂ ਲਾਗਲੇ ਟੇਰਕੀਆਨਾ ਪਿੰਡ ਲਾਗਵੇਂ ਧਨੋਆ ਛੰਭ ਤੋਂ ਸ਼ੁਰੂ ਹੋ ਵਰਾਸਤਾ ਸੁਲਤਾਨਪੁਰ ਸਤਲੁੱਜ ਨੂੰ ਪ੍ਰਸਥਾਨ ਕਰਦੀ ਹੈ, ਕੰਢੇ ਘੁੱਗ ਵੱਸਦਾ "ਸੁਲਤਾਨਪੁਰ ਲੋਧੀ" ਇੱਕ ਮੁੱਢ-ਕਦੀਮ ਨਗਰ ਹੈ। ਜਿਵੇਂ "ਲੋਧੀ ਤਖੱਲਸ" ਤੋਂ ਹੀ ਸਪੱਸ਼ਟ ਹੈ, ਕਪੂਰਥਲਾ ਜ਼ਿਲ੍ਹੇ ਦਾ ਉੱਘੜਵਾਂ ਕਸਬਾ ਹੁਣ ਨਾਮਵਰ ਸਿੱਖ ਆਸਥਾ ਕੇਂਦਰ ਜਿਹੜਾ ਬਾਬਾ ਨਾਨਕ ਜੀ ਦਾ ਕਰਮ ਖੇਤਰ ਰਿਹਾ, ਜ਼ਰੂਰ ਲੋਧੀ ਬੰਸ ਦਾ ਉੱਘਾ ਸਥੱਲ ਰਿਹਾ ਹੋਵੇਗਾ। "ਧਾੜਵੀਆਂ ਅਤੇ ਕੁਦਰਤੀ ਕਰੋਪੀਆਂ ਨਾਲ ਝੰਬੇ-ਉੱਜੜਦੇ ਤੇ ਮੁੜ-ਮੁੜ ਵੱਸਦੇ ਰਹੇ ਇਸ ਪ੍ਰਾਚੀਨ ਨਗਰ ਉੱਤੇ 11ਵੀਂ ਸਦੀ ਵਿਚ ਸੁਲਤਾਨ ਖਾਨ ਜਿਹੜਾ ਮਹਿਮੂਦ ਗਜ਼ਨਵੀ ਦਾ ਕਲਗੀ ਸਿਪਾਹ-ਸਲਾਰ ਸੀ, ਨੇ ਕਬਜ਼ਾ ਕਰ ਇਸ ਨੂੰ ਮੁੜ ਵਸਾਇਆ, ਪੱਕੇ ਪੈਰੀਂ ਕੀਤਾ ਅਤੇ ਆਪਣਾ ਨਾਂਅ ਸੁਲਤਾਨ ਦੇਂਦਿਆਂ ਆਪਣਾ ਸਦਰ ਮੁਕਾਮ ਬਣਾਇਆ। ਮਗਰੋਂ "ਲੋਧੀਆਂ" (ਲੋਧੀ ਬੰਸ਼) ਦੇ ਨਾਂਅ ਅਤੇ ਸਰਗਰਮੀਆਂ ਬਦੌਲਤ ਇਸ ਖੈੜੇ ਦਾ ਨਾਂਅ ਸੁਲਤਾਨਪੁਰ ਲੋਧੀ ਪੱਕ-ਪਕਾਅ ਗਿਆ। ਉਂਜ; ਦੱਸਿਆ ਇਹ ਵੀ ਜਾਂਦਾ ਹੈ ਕਿ "ਪੰਜਾਬ ਦੇ ਸੂਬੇਦਾਰ ਵਲੀ ਮੁਹੰਮਦ ਖਾਨ ਦੇ ਸਪੁੱਤਰ ਸੁਲਤਾਨ ਖ਼ਾਨ ਨੇ ਇਸ ਨੂੰ ਮੁੜ ਵਸਾਇਆ ਸੀ ਅਤੇ ਲੋਧੀ ਉਪਨਾਮ ਲੋਧੀਆਂ ਵੇਲੇ ਜੁੜਿਆ।" ਮਗਰੋਂ ਇਹ ਨਗਰੀ ਜ਼ਿਆਦਾ ਉੱਘੜਵੀਂ "ਬਾਬਾ ਨਾਨਕ" ਬਦੌਲਤ ਹੋਈ। ਖੋਜਾਰਥੀਆਂ ਮੁਤਾਬਿਕ, "ਕਾਬਲ ਦੇ ਹਿੰਦੂ ਅਤੇ ਦਿੱਲੀ ਦੀ ਮਦਨ ਪਾਲ ਪਾਤਸ਼ਾਹੀ ਦੀਆਂ ਇੱਥੋਂ ਅਸ਼ਰਫੀਆਂ ਮਿਲਣ ਅਤੇ ਬੋਧ ਮੱਤ ਦਾ ਕੇਂਦਰ ਹੋਣ ਕਾਰਨ ਇਹ ਪਹਿਲਾਂ ਗਿਆਂਸੁ-ਦੀਨ-ਬਲਬਨ ਦੇ ਧਾੜਿਆਂ ਦਾ ਸ਼ਿਕਾਰ ਹੋਇਆ, ਮਗਰੋਂ ਨਾਦਰਸ਼ਾਹ ਨੇ, 1739 ਈ. 'ਚ ਇਸ ਨੂੰ ਅਜਿਹਾ ਨੇਸਤੋਨਬੂਦ ਕੀਤਾ ਕਿ ਇਹ ਲੰਬਾ ਸਮਾਂ ਆਪਣੀ ਸ਼ਾਨ ਪ੍ਰਾਪਤ ਨਾ ਕਰ ਸਕਿਆ। ਉਸ ਸਮੇਂ ਦੇ "ਜਲੌਅ" ਨੂੰ ਅੱਜ ਨਾਲ ਮੇਲ ਕੇ ਵੇਖੋ ਕਿ ਜਿਸ ਨਗਰ ਨੂੰ ਸ਼ਾਹ ਹੁਸੈਨ, ਕਟਾਖਸ਼ ਗਿਰੀ ਅਤੇ ਭਾਈ ਲੰਙਾ ਵਰਗੇ ਸਹਿਹੋਂਦ-ਧਰਮੀਆਂ ਦਾ ਮਾਣ ਵੀ ਪ੍ਰਾਪਤ ਸੀ, ਉਸ ਨੂੰ "ਧਰਮ-ਪ੍ਰਸਤ" ਹੋਣ ਦਾ ਦਾਅਵਾ ਕਰਨ ਵਾਲੇ ਹੀ ਥੇਹ ਕਰਦੇ ਸਨ/ਹਨ। ਹਾਂ; ਸਾਰੇ ਮਾੜੇ ਨਹੀਂ ਹੁੰਦੇ, ਬਾਦਸ਼ਾਹ ਸ਼ੇਰਸ਼ਾਹ ਸੂਰੀ ਦੀ ਯਾਦ ਸਮੋਈ ਬੈਠੇ ਇਸ ਖੇੜੇ ਵਿਚ ਜਿੱਥੇ ਨਾਸਿਰ-ਉ-ਮੁਹੰਮਦ ਸ਼ਾਹ ਵੇਲੇ "ਸੁਲਤਾਨਪੁਰ ਟਕਸਾਲ" ਸਥਾਪਤ ਕੀਤੀ ਗਈ, ਉਥੇ ਮਿਸਲਦਾਰ ਸ. ਜੱਸਾ ਸਿੰਘ ਆਹਲੂਵਾਲੀਏ ਨੇ ਇਸ ਦਾ ਪੁਰਾਣਾ ਜਲੌਅ ਬਹਾਲ ਕਰਨ ਲਈ ਫੇਰ ਯਤਨ ਕੀਤੇ। ਦਰ-ਹਕੀਕਤ; ਬੋਧੀ ਅਤੇ ਹਿੰਦੂ ਮੱਤ ਦੇ ਗਹਿਰ-ਗੰਭੀਰ ਸੰਵਾਦ ਕੇਂਦਰਾਂ ਉਪਰੰਤ ਅਤੇ ਬਾਬਾ ਨਾਨਕ ਜੀ ਦੀ ਕਰਮ ਅਤੇ ਸੰਵਾਦ ਨਗਰੀ ਵਜੋਂ ਵਿਖਿਆਤ ਹੋਣ ਤੋਂ ਪਹਿਲਾਂ ਇਸ ਨਗਰ ਨੂੰ ਰਾਜਸੀ ਪ੍ਰਸਿੱਧੀ ਉਦੋਂ ਪ੍ਰਾਪਤ ਹੋਈ, ਜਦੋਂ ਇੱਕ ਸ਼ਕਤੀਸ਼ਾਲੀ ਲੋਧੀ ਪ੍ਰਮੁੱਖ ਤਾਤਾਰ ਖਾਨ ਯੂਸਫ ਖ਼ਲੀਲ, ਜਿਸ ਨੇ ਨਵਾਬ ਬਹਿਲੋਲ ਲੋਧੀ ਨੂੰ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਕਰਵਾਉਣ ਵਿਚ ਬੇਜੋੜ ਹਿੱਸਾ ਪਾਇਆ ਸੀ, ਨੇ ਇਸ ਖੇੜੇ ਨੂੰ ਆਪਣੀ ਜਾਗੀਰ ਦਾ ਪ੍ਰਮੁੱਖ ਹਿੱਸਾ ਬਣਾ ਲਿਆ। ਮਗਰੋਂ; ਨਵਾਬ ਦੌਲਤ ਖਾਂ ਲੋਧੀ, ਜਿਹੜਾ ਮਨੁੱਖੀ ਕਦਰਾਂ-ਕੀਮਤਾਂ ਅਤੇ ਉੱਚੀ ਨੈਤਿਕਤਾ ਤੇ ਸੁਹਜ ਸੁਆਦ ਦਾ ਮਾਲਕ ਸੀ, ਉਸ ਨੇ ਇਸ ਖੇੜੇ ਨੂੰ ਕੁਦਰਤ ਮੇਚਵੀਆਂ ਬਹੁ-ਪਰਤੀ ਲੋਕ-ਸਹੂਲਤਾਂ ਵਾਲੀ ਰਿਆਸਤ ਵਜੋਂ ਵਿਕਸਤ ਕਰਨ ਦੇ ਸੁਹਿਰਦ ਯਤਨ ਕੀਤੇ। ਚਰਚਿਤ ਘੁਮੱਕੜ ਇਤਿਹਾਸਕਾਰ ਇਬਨ-ਬਤੂਤਾ ਮੁਤਾਬਿਕ, "ਉਸ ਨੇ ਲਾਹੌਰ ਤੋਂ ਦਿੱਲੀ ਜਾਂਦਿਆਂ, ਸ਼ੇਰਸ਼ਾਹ ਸੂਰੀ ਨਿਰਮਤ ਸ਼ਾਹ-ਰਾਹ, ਜਿਹੜਾ ਮਗਰੋਂ "ਸ਼ੇਰਸ਼ਾਹ ਸੂਰੀ ਮਾਰਗ" ਵਜੋਂ ਦੁਨੀਆ ਭਰ ਵਿਚ ਚਰਚਿੱਤ ਹੋ ਗਿਆ, ਨਿਰਮਤ ਕਰਵਾਇਆ। ਉਸ ਨੇ ਇਸ ਮਾਰਗ ਜਿਹੜਾ ਪਿਸ਼ੌਰ ਤੋਂ ਕਲਕੱਤਾ ਵਰਾਸਤਾ ਸੁਲਤਾਨਪੁਰ ਜਾਂਦਾ ਸੀ, ਉੱਤੇ ਲੋਕ-ਸਹੂਲਤੀ ਮਹਿਲ-ਮੁਨਾਰੇ ਉਸਾਰੇ। ਅਜਿਹਾ ਹੀ ਇੱਕ ਵਿਰਾਸਤੀ ਮੁਨਾਰਾ ਸੁਲਤਾਨਪੁਰ ਲੋਧੀ ਵਿਖੇ ਹੁਣ ਵੀ ਵੇਖਿਆ ਜਾ ਸਕਦਾ ਹੈ। ਇਹੀ ਨਹੀਂ, ਸ਼ੇਰਸ਼ਾਹ ਸੂਰੀ ਨੇ ਇੱਥੋਂ ਦੇ ਵਿਸ਼ਾਲ ਜਲ-ਵਹਿਣ, ਜਿਹੜਾ ਇਸ ਖਿੱਤੇ ਦੀ ਸਾਹ-ਰਗ ਸੀ, ਉੱਤੇ ਇਕ ਪੁਲ ਵੀ ਬਣਾਇਆ ਸੀ। 'ਆਇਨੇ-ਅਕਬਰੀ' ਕਿਤਾਬ ਵਿਚ ਇੱਥੇ ਇੱਕ ਬਹੁ-ਸਹੂਲਤੀ ਸਰਾਂ ਹੋਣ ਦਾ ਵੀ ਉਲੇਖ ਹੈ। ਮੁੱਕਦੀ ਗੱਲ; ਇਹ ਕਿ ਬਹੁਤੀਆਂ ਬਾਦਸ਼ਾਹੀਆਂ ਨੇ ਸੁਲਤਾਨਪੁਰ ਲੋਧੀ ਦੀ ਮਹੱਤਤਾ ਦੀ ਕਦਰ ਕੀਤੀ। ਤਵਾਰੀਖੀਆਂ ਅਨੁਸਾਰ, "ਪੰਜਾਬ ਦਾ ਇਹ ਇੱਕ ਅਜਿਹਾ ਨਗਰ ਹੈ, ਜਿਸ ਦੀ ਉਤਪਤੀ ਬੁੱਧ ਧਰਮ ਦੇ ਜ਼ਮਾਨੇ ਤੋਂ ਹੋਈ ਮੰਨੀ ਜਾਂਦੀ ਹੈ, ਜਿਹੜਾ ਲੰਬਾ ਸਮਾਂ ਬੁੱਧ ਮੱਤ ਦਾ ਸੰਵਾਦ ਅਤੇ ਸਾਧਨਾਂ ਕੇਂਦਰ ਰਿਹਾ, ਜਿੱਥੇ "ਕਾਤਿਆਯਾਨ" ਵਰਗੇ ਬੋਧੀ ਮਹਾਂਵਿਦਵਾਨ ਨੇ "ਅਭਿਧਰਮ-ਪ੍ਰਸਥਾਪ" ਗ੍ਰੰਥ ਦੀ ਰਚਨਾ ਕੀਤੀ ਸੀ।" ਅਰਥਾਤ; ਇਹ ਉਹੀ ਪੁਰਾਤਨ ਨਗਰੀ ਹੈ, ਜਿਹੜੀ ਢੇਰ ਵਰਸ਼ ਪਹਿਲਾਂ ਬੋਧੀਆਂ, ਫੇਰ ਮੁਸਲਿਮਾਂ ਅਤੇ ਮਗਰੋਂ ਸਿੱਖਾਂ ਦੀ ਵਿਦਿਅਕ, ਤਰਕਵੇਦੀ ਅਤੇ ਅਧਿਆਤਮਿਕ ਨਗਰੀ ਬਣੀ। ਕਿਤੇ ਇਹ ਉਹੀ ਸ਼ਹਿਰ ਤਾਂ ਨਹੀਂ, ਜਿਸ ਦਾ ਜ਼ਿਕਰ ਪੁਰਾਤਨ ਇਤਿਹਾਸ ਵਿਚ "ਸਰਵਮਾਨਪੁਰ" ਵਜੋਂ ਅੰਕਿਤ ਹੈ? ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਸੂਫੀ ਫ਼ਕੀਰ ਸ਼ਾਹ ਹੁਸੈਨ ਵੀ ਇੱਥੇ ਤਾਲੀਮ ਪ੍ਰਾਪਤ ਕਰਦੇ ਰਹੇ। ਚੀਨੀ ਵਿਦਵਾਨ ਯੁਆਂਗ-ਚੁਆਂਗ ਕੋਟ ਕਰਦਾ ਹੈ ਕਿ "ਦਿਵਿਆਵਾਨ ਬੋਧੀ ਪੁਸਤਕ ਅਨੁਸਾਰ, ਉਦੋਂ ਤਿੰਨ-ਚਾਰ ਮੀਲ 'ਚ ਫੈਲਿਆ-ਪੱਸਰਿਆ, ਤਾਲੀਮੀ-ਸ਼ਹਿਰ 'ਤਮਸਾਵਾਨ', ਜਿੱਥੇ ਸਮਰਾਟ ਅਸ਼ੋਕ ਨੇ ਇੱਕ ਬੋਧੀ ਸਤੂਪ ਵੀ ਉਸਾਰਿਆ ਸੀ, ਇਹੀ ਸੁਲਤਾਨਪੁਰ ਸੀ।" ਇਸ ਸਾਰੇ ਬਾਰੇ ਨਿੱਠ ਕੇ ਖੋਜ ਕਰਨੀ ਬਣਦੀ ਹੈ ਅਤੇ ਇਸ ਬਾਰੇ ਵੀ ਕਿ "ਵਿੱਦਿਆ ਵਜੋਂ ਇਹ ਵਾਕਿਆ ਐਨਾ ਸਿਰਮੌਰ ਸੀ ਕਿ ਮੁਗਲ ਸ਼ਹਿਜ਼ਾਦਾ ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਨੇ ਇੱਥੋਂ ਵੀ ਤਾਲੀਮ ਪ੍ਰਾਪਤ ਕੀਤੀ ਸੀ।"

ਮੋਬਾ. 94634-39075

# ਅੰਬਰਾਂ ਤੋਂ ਤਾਰੇ ਵੀ ਨੇ ਡਿੱਗ ਪੈਂਦੇ ਟੁੱਟ ਕੇ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-16

ਸੁਰਜੀਤ ਸੁਮਨ

ਉਸ ਰਾਤ ਹਾਲੇ ਪੌਣੇ ਦੋ ਕੁ ਵੱਜੇ ਹੋਣਗੇ। ਨੀਂਦ ਉੱਡੀਹੋਈ ਸੀ। ਸੌਣ ਦੀ ਬੇਕਾਰ ਕੋਸ਼ਿਸ਼ ਕਰਦਾ ਹਾਂ ਤਾਂ ਸਰਹੱਦ 'ਤੇ ਘੁੰਮ ਰਹੇ ਡਰੋਨ ਮੇਰੀਆਂ ਅੱਖਾਂ ਵਿੱਚ ਆ ਵੜਦੇ ਹਨ।ਮਿਜ਼ਾਈਲਾਂ, ਜੈੱਟ, ਰਾਫੇਲ, ਬ੍ਰਹਮੋਸ।ਦਹਿਸ਼ਤ ਨਾਲ਼ ਮੇਰਾ ਸੰਘ ਸੁੱਕਣ ਲਗਦਾ ਹੈ। ਮੈਂ ਉੱਠਿਆ। ਬਾਹਰ ਨਜ਼ਰ ਮਾਰੀ। ਬਲੈਕ ਆਊਟ ਕਾਰਨ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ।ਰਸੋਈ ਵਿੱਚ ਗਿਆ, ਪਾਣੀ ਪੀਤਾ। ਮੁੜਿਆਂ ਤਾਂ ਬੇਟੇ ਦੇ ਕਮਰੇ ਵਿੱਚ ਮਰੀਅਲ ਜਿਹੀ ਚਾਨਣੀ ਵੇਖ, ਮੈਂ ਓਹਦੇ ਕਮਰੇ ਵਿੱਚ ਚਲਾ ਗਿਆ।ਉਹ ਆਈ ਪੈਡ ਖੋਲ੍ਹੀ ਬੈਠਾ ਸੀ।ਓਹਦੀ ਮਾਂ ਵੀ ਸੁੱਤੀ ਨਹੀਂ ਸੀ ਸ਼ਾਇਦ। ਉਸ ਪਾਸਾ ਪਰਤਿਆ। ਬੇਟੇ ਨਾਲ਼ ਉਰਲੀਆਂ-ਪਰਲੀਆਂ ਮਾਰ ਮੈਂ ਹਾਲ ਵਿੱਚ ਆ ਗਿਆ। ਇੱਕ ਪਲ ਲਈ ਮੈਂ ਆਪਣੇ ਆਪ ਨੂੰ ਗਾੜ੍ਹੇ ਹਨ੍ਹੇਰੇ ਦੀ ਚਾਦਰ ਵਿੱਚ ਲਿਪਟਿਆ ਪਾਇਆ। ਮੈਂ ਹੌਲ਼ੀ ਹੌਲ਼ੀ ਸੜਕ ਵਾਲ਼ੇ ਪਾਸੇ ਵੱਡੇ ਸ਼ੀਸ਼ੇ ਕੋਲ਼ ਆ ਖੜ੍ਹਾ ਹੋਇਆ। ਦੋਹਾਂ ਹੱਥਾਂ ਨਾਲ਼ ਪਰਦੇ ਦੀਆਂ ਕੰਨੀਆਂ ਫੜ ਥੋੜ੍ਹਾ ਜਿਹਾ ਮੂੰਹ ਬਾਹਰ ਕੱਢ ਸੜਕ ਵੱਲ ਝਾਕਿਆ।ਆਮ ਦਿਨਾਂ ਵਿੱਚ ਸਾਰੀ ਰਾਤ ਵਗਦੀ ਇਹ ਸੜਕ ਸਹਿਮੀ ਸਹਿਮੀਲੱਗੀ।ਐਮਾਜ਼ਨ ਟਾਵਰ ਦੇ ਦਿਓ ਕੱਦ ਫਲੈਟ ਬੁੱਤ ਬਣੇ ਖੜ੍ਹੇ ਨਜ਼ਰ ਆਏ। ਹੇਠਾਂ ਤੋਂ ਉੱਤਾਂਹ ਤੱਕ ਲਾਅਨ ਵਿੱਚ ਖੜ੍ਹੇ ਮਰਿੰਗਾ ਤੇ ਨਿੰਮ ਦੇ ਪੱਤੇ ਚੁੱਪ ਚਾਪ,ਡਰੇ ਡਰੇ ਜਿਹੇ ਹਿੱਲ ਰਹੇ ਸਨ। ਬੌਬੀ ਚੌਕੀਦਾਰ ਦੇ ਡੰਡੇ ਦੀ ਠੱਕ ਠੱਕ ਖਾਮੋਸ਼ ਸੀ। ਗਲ਼ੀ ਦੇ ਕੁੱਤੇ ਕਿੱਧਰ ਚਲੇ ਗਏ ਸਨ ?ਸੋਚਦਾ ਸੋਚਦਾ ਮੈਂ ਮੁੜ ਕਮਰੇ ਵਿੱਚ ਆ ਕੇ ਬੈੱਡ 'ਤੇ ਢੇਰੀ ਜਿਹਾ ਹੋ ਗਿਆ।ਹੁਣ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੋਣਾ ਚਾਹੁੰਦਾ ਹਾਂ। ਸੋਚ, ਮੈਂ ਬਾਬਾ ਨਾਨਕ ਨੂੰ ਸਿਮਰਦਾ ਹਾਂ। ਉਹ ਬਾਬਰ ਨੂੰ ਲਲਕਾਰ ਰਹੇ ਨੇ।ਆਮ ਲੋਕਾਂ ਦੇ ਦੁੱਖਾਂ-ਸੁੱਖਾਂ ਵਿੱਚ ਸ਼ਰੀਕ ਹੁੰਦੇ ਹੋਏ ਉਦਾਸੀਆਂ ਕਰ ਰਹੇ ਹਨ। ਉਨ੍ਹਾਂ ਦੇ ਜ਼ਖ਼ਮਾਂ 'ਤੇ ਫਹਾ ਧਰ ਰਹੇ ਨੇ। ਮੱਲ੍ਹਮ-ਪੱਟੀ ਕਰ ਰਹੇ ਨੇ। ਝਰਨੇ ਦੇਪਾਣੀਆਂ'ਤੇ ਕਬਜ਼ਾ ਕਰੀ ਬੈਠੇ ਪੀਰ ਬਲੀ ਕੰਧਾਰੀ ਨੂੰ ਸਮਝਾ ਰਹੇ ਨੇ। ਪਰ ਸਮਝੇ ਕੌਣ ? ਸਭ ਸਮਝਦਾਰ ਜੁ ਹੋਏ। ਕਿੱਥੇ ਚਲੇ ਗਏ ਹਨ ਉਹ ਸਮੇਂ ? ਅਸੀਂ ਕਿੰਨੀਆਂ ਈ ਸਦੀਆਂ ਅੱਗੇ ਲੰਘ ਆਏ ਹਾਂ।ਪਿਆਰ-ਮੁਹੱਬਤ ਦੇ ਰੰਗ ਬਦਲ ਗਏ ਹਨ। ਤਰੱਕੀਪਸੰਦ ਹੋ ਗਏ ਹਾਂ। ਆਧੁਨਿਕ ਲੜਾਈਆਂ ਦੇ ਢੰਗ ਤਰੀਕੇ ਬਦਲ ਗਏ ਹਨ। ਪਿਆਰ-ਮੁਹੱਬਤ ਦੀਆਂ ਗੱਲਾਂ ਫੋਨ 'ਤੇ ਈ ਕਰ ਲੈਂਦੇ ਹਾਂ। ਫੋਨ ਰਾਹੀਂ ਸੁਣ ਲੈਂਦੇ ਹਾਂ। ਵੇਖ ਲੈਂਦੇ ਹਾਂ। ਉਨ੍ਹਾਂ ਪਲਾਂ ਨੂੰ ਕੈਦ ਕਰ ਲੈਂਦੇ ਹਾਂ। ਇਹ ਸਭ ਸੋਚਦਾ ਸੋਚਦਾ ਪਤਾ ਨਹੀਂ ਕਿਹੜੇ ਵੇਲ਼ੇ ਨੀਂਦ ਦੀ ਆਗੋਸ਼ ਵਿੱਚ ਚਲਾ ਜਾਂਦਾ ਹਾਂ। ਇਸੇ ਦੌਰਾਨ ਇੱਕ ਸੁਫਨਾ ਦੇਖਦਾ ਹਾਂ। ਸੁਫਨੇ ਵਿੱਚ ਮੈਂ ਪਤਨੀ ਨਾਲ਼ ਕਾਰ ਵਿੱਚ ਸਫ਼ਰ ਕਰ ਰਿਹਾ ਹਾਂ। ਮੇਰੀ ਗੱਡੀ ਕਿਸੇ ਟੀ-ਪੁਆਇੰਟ ਤੋਂ ਖੱਬੇ ਪਾਸੇ ਮੋੜ ਕੱਟਦੀ ਹੈ। ਇੱਕ ਹੱਟਾ-ਕੱਟਾ ਆਦਮੀ ਮੇਰੀ ਗੱਡੀ ਪਿੱਛੇ ਭੱਜਿਆ ਆ ਰਿਹਾ ਹੈ। ਉਸੇ ਡੀਲ-ਡੌਲ ਤੇ ਪਹਿਰਾਵੇ ਵਾਲ਼ਾ ਇੱਕਹੋਰ ਆਦਮੀਮੇਰੀ ਗੱਡੀ ਨੂੰ ਅੱਗਿਉਂ ਘੇਰਨ ਦੀ ਕੋਸ਼ਿਸ਼ ਕਰਦਾ ਹੈ। ਗੱਡੀ ਦੇ ਸ਼ੀਸ਼ੇ ਤੇ ਤਾਕੀਆਂ ਲੌਕਡ ਹਨ। ਮੈਂ ਗੱਡੀ ਭਜਾ ਲੈਂਦਾ ਹਾਂ। ਸਾਈਡ ਮਿਰਰ ਰਾਹੀਂ ਪਿਛਾਂਹ ਦੇਖਦਾ ਹਾਂ। ਪਿੱਛੇ ਆਰਹੀ ਗੱਡੀ 'ਤੇ ਇੱਕ ਆਦਮੀ ਨੇ ਰਾਡ ਨਾਲ਼ ਹਮਲਾ ਕੀਤਾ ਹੈ। ਆਕਾਸ਼ ਵਿੱਚ ਡਰੋਨਾਂ ਦਾ ਝੁਰਮੁਟ ਹੈ। ਮੈਂ ਦਹਿਲ ਜਾਂਦਾ ਹਾਂ।'ਐਨ ਓਸੇ ਵੇਲ਼ੇ ਦਹਾੜਦੇ ਹੋਏ ਦੋ ਹਵਾਈ ਜਹਾਜ਼ ਲੰਘਦੇ ਹਨ। ਇਨ੍ਹਾਂ ਹਵਾਈ ਜਹਾਜ਼ਾਂ ਦੀ ਦਹਾੜ ਨਾਲ਼ ਚੁਫੇਰਾ ਕੰਬ ਜਾਂਦਾ ਹੈ। ਕੁਝ ਪਲਾਂ ਮਗਰੋਂ ਫਿਰ ਹਵਾਈ ਜਹਾਜ਼ ਦਹਾੜਦੇ ਹਨ। ਸਾਰੇ ਟੱਬਰ ਦੀਆਂ ਅੱਖਾਂ ਸ਼ੀਸ਼ੇ ਨਾਲ਼ ਚਿੰਬੜ ਜਾਂਦੀਆਂ ਹਨ। ਫੋਨ 'ਤੇ ਉਨੰਜਾ ਵਾਲ਼ੇ ਸ਼ਗਨ ਦਾ ਨਾਂ ਫਲੈਸ਼ ਹੋਣ ਲਗਦਾ ਹੈ। ਬੇਟਾ ਝੱਟ ਫੋਨ 'ਤੇ ਉਸ ਨੂੰ ਆਖਦਾ ਹੈ, 'ਵੀਰੇ ਡਰੋਨ ਅਟੈਕ ਹੋਇਆ ਸ਼ਾਇਦ।'ਸਾਰਾ ਸ਼ਹਿਰ ਜਾਗ ਰਿਹਾ ਹੈ। ਹਵਾਈ ਜਹਾਜ਼ਾਂ ਦੀ ਗਰਜਣ ਉਨ੍ਹਾਂ ਦੀ ਰੀੜ ਦੀ ਹੱਡੀ ਵਿੱਚ ਸਮਾਅ ਗਈ ਹੈ ਕਿਧਰੇ। ਪਰ ਸ਼ਹਿਰ ਵਿੱਚ ਕੋਈ ਹਿੱਲ-ਜੁੱਲ ਨਹੀਂ। ਕੰਪਲੀਟ ਬਲੈਕ ਆਊਟ। ਮਨਾਂ ਅੰਦਰ ਵੀ ਸ਼ਾਇਦ।ਅਸੀਂ ਕਿਸੇ ਹੋਣੀ, ਅਣ-ਹੋਣੀ ਦੀ ਉਡੀਕ ਵਿੱਚ ਆਪਣੇ ਆਪਣੇ ਕਮਰਿਆਂ ਵਿੱਚ ਚਲੇ ਜਾਂਦੇ ਹਾਂ। ਫੋਨ ਚੁੱਕਦਾ ਹਾਂ। ਡਰ ਜਾਂਦਾ ਹਾਂ। ਪਰ੍ਹਾਂ ਰੱਖ ਦਿੰਦਾ ਹਾਂ। ਅੱਜ ਦੇ ਅਖ਼ਬਾਰ ਵਿੱਚ ਛਪੀਆਂ ਖ਼ਬਰਾਂ ਦੀਆਂ ਸੁਰਖੀਆਂ ਚੇਤੇ ਵਿੱਚ ਤੈਰਨ ਲਗਦੀਆਂ ਹਨ,'ਜੈਸਲਮੇਰ 'ਚ ਪਾਕਿਸਤਾਨੀ ਪਾਇਲਟ ਕਾਬੂ; ਭਾਰਤ ਵੱਲੋਂ ਹਮਲਿਆਂ ਦਾ ਮੂੰਹ ਤੋੜ ਜਵਾਬ। ਪਾਕਿਸਤਾਨ ਦੇ ਤਿੰਨ ਫਾਈਟਰ ਜੈੱਟ ਸੁੱਟੇ। ਲਾਹੌਰ ਸਣੇ ਹੋਰ ਕਈ ਥਾਵਾਂ 'ਤੇ ਹਵਾਈ ਰੱਖਿਆ ਪ੍ਰਣਾਲ਼ੀ ਤਬਾਹ। ਮੋਗਾ, ਫਿਰੋਜ਼ਪੁਰ, ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ 'ਚ ਬਲੈਕਆਊਟ। ਅੰਮ੍ਰਿਤਸਰ: ਤਿੰਨ ਪਿੰਡਾਂ 'ਚੋਂ ਮਿਜ਼ਾਈਲਾਂ ਦਾ ਮਲਬਾ ਮਿਲਿਆ। ਡੋਵਾਲ ਤੇ ਪਾਕਿ ਐਨਐੱਸਏ ਵਿਚਾਲੇ ਰਾਬਤੇ ਬਾਰੇ ਜਾਣਕਾਰੀ ਨਹੀਂ: ਭਾਰਤ। ਪੰਜਾਬ, ਹਰਿਆਣਾ, ਰਾਜਸਥਾਨ ਵਿੱਚ ਹਾਈ ਅਲਰਟ। ਪਾਣੀ ਵਿਵਾਦ: ਨੰਗਲ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੀ ਯੋਜਨਾ ਫੇਲ੍ਹ।'ਅਪਰੇਸ਼ਨ ਸਿੰਧੂਰ' ਟਰੇਡਮਾਰਕ ਦੀ ਰਜਿਸਟਰੇਸ਼ਨ ਦੀ ਇਜਾਜ਼ਤ ਨਾ ਦੇਣ ਦੀ ਅਪੀਲ। ਗੀਤ ਸੰਗ੍ਰਹਿ 'ਪੋਹਲੀ ਦੇ ਫੁੱਲ' 'ਤੇ ਹੋਈ ਚਰਚਾ।' ਇਨ੍ਹਾਂ ਸੁਰਖੀਆਂ ਵੱਲੋਂ ਮੈਂ ਆਪਣਾ ਧਿਆਨ ਹੋਰ ਪਾਸੇ ਲਗਾਉਣ ਦੀ ਕੋਸ਼ਿਸ਼ ਕਰਦਾ ਹਾਂ। ਬਾਹਰੋ ਬੌਬੀ ਚੌਕੀਦਾਰ ਦੀ ਆਵਾਜ਼ ਉੱਭਰਦੀ ਹੈ। ਮੇਰੀਆਂ ਅੱਖਾਂ ਤੇ ਕੰਨ ਫਿਰ ਓਸੇ ਸ਼ੀਸ਼ੇ ਨਾਲ਼ ਜੁੜ ਜਾਂਦੇ ਹਨ। ਬੌਬੀ ਹੌਲ਼ੀ ਹੌਲ਼ੀ ਸਰਕ ਰਹੀ ਇੱਕ ਬੇਆਵਾਜ਼ ਗੱਡੀ ਮਗਰ ਦੌੜ ਰਿਹਾ ਹੈ। ਮੈਂ ਬੌਬੀ ਨੂੰ ਫੋਨ ਕਰਦਾ ਹਾਂ। ਉਹ ਫੋਨ ਨਹੀਂ ਚੁੱਕਦਾ। ਦਸ ਕੁ ਮਿੰਟਾਂ ਬਾਅਦ ਗੱਡੀ ਉੱਥੋਂ ਰਵਾਨਾ ਹੋ ਜਾਂਦੀ ਹੈ। 'ਸਰ ਪੁਲਿਸ ਆਈ ਸੀਗੀ।' ਬੌਬੀ ਸੜਕ 'ਤੇ ਖੜ੍ਹਾ ਮੈਨੂੰ ਫੋਨ ਕਰ ਰਿਹਾ ਹੈ। ਮੈਂ ਦਰਵਾਜ਼ਾ ਖੋਲ੍ਹ ਬਾਹਰ ਆ ਜਾਂਦਾ ਹਾਂ। ਐਮਾਜ਼ੋਨ ਫਲੈਟਾਂ ਵਿੱਚੋਂ ਵੀ ਗੁਲਾਟੀ ਸਾਬ੍ਹ ਸਾਡੇ ਕੋਲ਼ ਆ ਖੜ੍ਹਦੇ ਹਨ। 'ਸਰ ਸੱਤ-ਅੱਠ ਪੁਲਿਸ ਵਾਲ਼ੇ, ਹੱਥਾਂ 'ਚ ਡੰਡੇ ਫੜੇ ਹੋਏ। ਆਪਣੀਆਂ ਸਾਰੀਆਂ ਗਲ਼ੀਆਂ ਦਾ ਚੱਕਰ ਲਾ ਕੇ ਗਏ ਆ। ਸੱਤਰ ਆਲ਼ਿਆਂ ਦੇ ਕੈਮਰੇ ਦੀਆਂ ਲਾਈਟਾਂ ਜਗ ਰਹੀਆਂਸਨ। ਉਨ੍ਹਾਂ ਗਾਲ਼ਾਂ ਕੱਢਦਿਆਂ ਡੰਡੇ ਮਾਰ ਮਾਰ ਭੰਨ 'ਤੀਆਂ। ਕਹਿੰਦੇ ਕੱਲ੍ਹ ਥਾਣੇ ਬੁਲਾਉਂਦੇ ਆਂ ਸਾਲ਼ਿਆਂ ਨੂੰ।ਮੰਨੋ ਨਾ ਮੰਨੋ ਇਹ ਚੰਡੀਮੰਦਰ ਏਅਰ ਬੇਸ 'ਤੇ ਹਮਲਾ।'ਸਵੇਰੇ ਪੰਜ ਵਜੇ ਪਿਆਰਾ ਸਿੰਘ ਸੈਣੀ ਆ ਧਮਕੇ।ਅੱਖਾਂ ਮਲ਼ਦਾ ਮਲ਼ਦਾ ਮੈਂ ਉਸ ਨਾਲ਼ ਸੈਰ ਕਰਨ ਚੱਲ ਪਿਆ।ਏਅਰਪੋਰਟ ਰੋਡ ਨਾਲ਼ ਦੋਫਾੜ ਹੋਏ ਅੰਬਾਂ ਦੇ ਬਾਗ ਵਿੱਚੋਂ ਇੱਕ ਮੋਰ ਉੱਡਿਆ। ਅੰਬੀਆਂ ਦੇ ਗੁੱਛੇ ਲਟਕ ਰਹੇ ਮੈਨੂੰ ਸੋਹਣੇ ਸੋਹਣੇ ਲੱਗੇ। ਅੰਬਾਂ ਨਾਲ਼ੋਂਕਿੰਨੀਆਂ ਈ ਨਿੱਕੀਆਂ ਨਿੱਕੀਆਂ ਅੰਬੀਆਂ ਝੜ ਕੇ ਚੌਫਾਲ਼ ਧਰਤੀ 'ਤੇ ਡਿੱਗੀਆਂ ਪਈਆਂ ਸਨ। ਕਾਲ਼ਜੇ 'ਚ ਧੂਅ ਜਿਹੀ ਪਈ। 'ਰਾਤ ਤਾਂ ਡਰਾ ਈ ਦਿੱਤੇ ਜਹਾਜ਼ਾਂ ਨੇ' ਪਿਆਰਾ ਸਿੰਘ ਬੋਲਿਆ। 'ਕੁਸ਼ ਨਾ ਪੁੱਛ ਯਾਰ, ਅੱਖ ਲਾ ਕੇ ਨੀਂ ਦੇਖੀ। ਸਾਰੀ ਰਾਤ ਅੱਖਾਂ ਚੋਂ ਈ ਲੰਘੀ। ਬਾਡਰਾਂ 'ਤੇ ਕੀ ਹੁੰਦਾ ਹੋਊ ਲੋਕਾਂ ਨਾਲ਼ ?' ਆਖ ਮੈਂ ਚੁੱਪ ਕਰ ਗਿਆ।ਜੰਗਬਾਜ਼ਾਂ ਦੀਆਂ ਗੱਲਾਂ ਕਰਦਾ ਕਰਦਾ ਪਿਆਰਾ ਸਿੰਘ ਉਬਲ਼ਦਾ ਹੋਇਆ ਗਲੋਟੇ ਵਾਂਗ ਉੱਧੜਨ ਲੱਗਾ। 'ਇਨ੍ਹਾਂ ਦਾ ਕੁਸ਼ ਨੀਂ ਵਿਗੜਨਾ। ਨੁਕਸਾਨ ਤਾਂ ਆਮ ਲੋਕਾਂ ਦਾ ਹੋਣਾ। ਦੇਖਿਆ ਭਈਏ ਕਿਵੇਂ ਦੌੜ ਗਏ ? ਜਾਨ ਸਭ ਨੂੰ ਪਿਆਰੀ ਹੁੰਦੀ ਆ। ਓਧਰ ਮੇਰਾ ਭਰਾ ਦਰਬਾਰਾ ਸਿੰਘ ਰੋਜ਼ ਆਪਣਾ ਦਰਬਾਰ ਲਾਈ ਰੱਖਦੈ। ਓਹਨੇ ਆਪਣੇ ਦਰਬਾਰ ਵਿੱਚ ਅੱਜ ਕੱਲ੍ਹ ਇੱਕ ਹੋਰ ਰਤਨ ਫਿੱਟ ਕਰ ਲਿਆ। ਸ਼ਿੰਗਾਰਾ ਸਿੰਘ ਭੰਗੂ। ਬੜਾ ਫਿੱਟੜੀਆਂ ਦਾ ਫੇਰ ਆ ਬਈ। ਹੁਣ ਓਹੀ ਟਰੰਪ ਬਣੀ ਫਿਰਦੈ। ਸਾਡੇ ਘਰ ਵੱਲ ਨੂੰ ਨਿੱਤ ਕੋਈ ਨਾ ਕੋਈ ਮਿਜ਼ਾਈਲ ਦਾਗੀ ਰੱਖਦੈ। ਕਿੰਨੀਆਂ ਕੁ ਤਬਾਹ ਕਰੀਏ ? ਕੋਈ ਨਾ ਕੋਈ ਤਾਂ ਟਿਕਾਣੇ ਲੱਗ ਈ ਜਾਂਦੀ ਆ। ਨਿੱਤ ਨਵੀਆਂ ਗੋਂਦਾਂ ਗੁੰਦਦੇ ਆ ਸਾਡੇ ਖਿਲਾਫ।ਇਹਨੂੰ ਉਦਣ ਪਤਾ ਲੱਗੂ, ਜਦੋਂ ਇਨ੍ਹਾਂ ਦੇ ਮਨਾਂ 'ਚ ਰੱਖੇ ਨਿਊਕਲੀਅਰ ਰਿਸਣ ਲੱਗੇ। ਸਾਰੇ ਝੂਠ ਦੀ ਪੰਡ ਨੇ ਸਾਲ਼ੇ।' ਦੁਖੀ ਪਿਆਰਾ ਸਿੰਘ ਦਾ ਸਾਹ ਫੁੱਲਣ ਲੱਗਾ ਤਾਂ ਉਹ ਪਾਰਕ ਦੇ ਬੈਂਚ 'ਤੇ ਜਾ ਬੈਠਾ। ਸਾਰਾ ਪਾਰਕ ਅੱਜ ਖਾਲੀ ਪਿਆ ਸੀ। ਮੈਂ ਸੋਚ ਰਿਹਾ ਸੀ, ਇਹ ਭਰਾ ਮਾਰੂ ਜੰਗ ਵਿੱਚੋਂ ਕੀ ਲੱਭੂ ਭਲਾਂ ? ਫਿਰ ਮੇਰਾ ਧਿਆਨ ਰੂਸ ਤੇ ਯੂਕਰੇਨ ਦੀ ਜੰਗ ਵੱਲ ਚਲਾ ਗਿਆ। ਤਿੰਨ ਸਾਲਾਂ ਤੋਂ ਚੱਲ ਰਹੀ ਜੰਗ ਬਾਅਦ ਹੁਣ ਇਹ ਤੀਹ ਰੋਜ਼ਾ ਜੰਗਬੰਦੀ ਲਈ ਸਹਿਮਤ ਹੁੰਦੇ ਦਿਖਾਈ ਦੇ ਰਹੇ ਹਨ। ਸੌਦਾਗਰ ਨਿਸ਼ਾਨਾ ਸਾਧ ਰਹੇ ਹਨ। ਅੰਬਾਂ ਦੇ ਬਾਗ ਵਿੱਚ ਫਿਰ ਕੋਇਲ ਕੂਕੀ ਹੈ। ਮੈਂ ਮਨ 'ਚ ਆ ਰਹੇ ਸਾਰੇ ਵਿਚਾਰਾਂ ਨੂੰ ਛੰਡ ਮਾਤਾ ਸੁਰਿੰਦਰ ਕੌਰ ਦੇ ਗੀਤ ਸੁਣਨ ਲੱਗ ਪੈਂਦਾ ਹਾਂ। ਆਵਾਜ਼ ਉੱਭਰੀ ਹੈ,'ਮਾਰਾਂ ਜਦੋਂ ਛਾਲ਼ ਚੁੰਨੀ ਮੋਢਿਆਂ ਤੇ ਚੁੱਕ ਕੇ/ਅੰਬਰਾਂ ਤੋਂ ਤਾਰੇ ਵੀ ਨੇ ਡਿੱਗ ਪੈਂਦੇ ਟੁੱਟ ਕੇ/ਵੇਖ ਚੰਨ ਨੂੰ ਤਰੇਲ਼ੀ ਠੰਢੀ ਆਈ ਰਾਤ ਨੂੰ/ ਸਿੱਧਾਂ, ਜੋਗੀਆਂ ਦੀ ਹੋਸ਼ ਮੈਂ ਭੁਲਾਈ ਰਾਤ ਨੂੰ/ ਵੇ ਅੱਗ ਪਾਣੀਆਂ 'ਚ ...?' ਡਰੋਨ, ਮਿਜ਼ਾਈਲ ਜਾਂ ਹਵਾਈ ਹਮਲੇ ਤੋਂ ਪਹਿਲਾਂ ਪਹਿਲਾਂ ਮੈਂ ਇਹ ਗੀਤ ਆਪਣੇ ਅੰਦਰ ਜ਼ੀਰ ਲੈਣਾ ਚਾਹੁੰਦਾ ਹਾਂ।

*ਸੰਪਰਕ- 98144 30874*

# ਸਾਹਿਤ ਵਿਚ ਪ੍ਰਕਿਰਤੀ ਦਾ ਚਿਤਰਣ

ਰਵਿੰਦਰ ਸਿੰਘ

ਵਾਤਾਵਰਨ ਨੈਤਿਕਤਾ ਇਸ ਜਾਗਰੂਕਤਾ 'ਤੇ ਆਧਾਰਤ ਹੈ ਕਿ ਅਸੀਂ ਸਾਰੇ ਜੀਵ-ਜੰਤੂ ਕੁਦਰਤ ਦਾ ਹਿੱਸਾ ਹਾਂ ਅਤੇ ਮਨੁੱਖ ਸਭ ਤੋਂ ਸ਼ਕਤੀਸ਼ਾਲੀ ਤੇ ਬੁੱਧੀਮਾਨ ਜੀਵ ਹੈ। ਆਧੁਨਿਕ ਮਨੁੱਖ ਦੇ ਸ਼ੋਸ਼ਣ, ਸੁਆਰਥ ਅਤੇ ਖ਼ਪਤਵਾਦੀ ਰਵੱਈਏ ਨੇ ਕੁਦਰਤ ਦੇ ਸੰਤੁਲਨ ਨੂੰ ਵਿਗਾੜ ਦਿੱਤਾ ਹੈ। ਉਦਯੋਗਿਕ ਕ੍ਰਾਂਤੀ, ਮਸ਼ੀਨੀ ਸ਼ਕਤੀ, ਨਵੀਆਂ ਕਾਢਾਂ, ਕੁਦਰਤੀ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਮਨੁੱਖ ਨੇ ਖ਼ੁਦ ਲਈ ਤੇ ਹੋਰਨਾਂ ਜੀਵ-ਜੰਤੂਆਂ ਲਈ ਵਿਨਾਸ਼ਕਾਰੀ ਖ਼ਤਰੇ ਪੈਦਾ ਕਰ ਦਿੱਤੇ। ਕੁਦਰਤੀ ਪ੍ਰਣਾਲੀ ਨੂੰ ਮਾਮੂਲੀ ਨਹੀਂ ਸਮਝਣਾ ਚਾਹੀਦਾ। ਜਦੋਂ ਵੀ ਮਨੁੱਖ ਨੇ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਕੀਤੀ ਹੈ ਤਾਂ ਕੁਦਰਤ ਦੇ ਭਿਆਨਕ ਰੂਪ ਹੜ੍ਹ, ਭੂਚਾਲ, ਜ਼ਮੀਨ ਦਾ ਖਿਸਕਣਾ, ਸੁਨਾਮੀ ਅਤੇ ਹੋਰ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪਿਆ ਹੈ। ਮਨੁੱਖ ਵਿਕਾਸ ਦੇ ਕਿਸੇ ਵੀ ਪੱਧਰ 'ਤੇ ਪਹੁੰਚ ਗਿਆ ਹੋਵੇ, ਪਰੰਤੂ ਜੀਵਤ ਪ੍ਰਾਣੀਆਂ ਦਾ ਅਸਤਿੱਤਵ ਤੇ ਭਵਿੱਖ ਲਈ ਸੰਤੁਲਨ ਅੱਜ ਵੀ ਓਨਾ ਹੀ ਜ਼ਰੂਰੀ ਹੈ, ਜਿੰਨਾ ਕਿ ਆਦਿਵਾਸੀ ਕਾਲ ਤੋਂ ਸੀ। ਵਾਤਾਵਰਨ ਦੀ ਸਮਕਾਲੀ ਸਾਹਿਤ ਵਿਚ ਹੁੰਦੀ ਪੇਸ਼ਕਾਰੀ ਪਾਠਕਾਂ ਨੂੰ ਕੁਦਰਤੀ ਸੰਸਾਰ ਨਾਲ ਆਪਣੇ ਸੰਬੰਧਾਂ ਦਾ ਮੁੜ ਮੁਲਾਂਕਣ ਕਰਨ ਲਈ ਪ੍ਰੇਰਿਤ ਕਰਦੀ ਹੈ। ਸਾਹਿਤ ਨਾ ਸਿਰਫ ਪ੍ਰਕਿਰਤੀ ਦੀ ਸੁੰਦਰਤਾ ਦਾ ਸਜੀਵ ਵਰਣਨ ਕਰਦਾ ਹੈ, ਬਲਕਿ ਮਨੁੱਖ ਜਾਤੀ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਦਾ ਸੰਦੇਸ਼ ਵੀ ਦਿੰਦਾ ਹੈ। ਇਸ ਲਈ ਵੱਖ-ਵੱਖ ਵਾਤਾਵਰਨ ਪ੍ਰੇਮੀਆਂ, ਕਵੀਆਂ, ਚਿੰਤਕਾਂ ਅਤੇ ਲੇਖਕਾਂ ਨੇ ਵਾਤਾਵਰਣ ਦੀ ਸੰਭਾਲ ਲਈ ਬਹੁਤ ਦਿਲਚਸਪੀ ਦਿਖਾਈ ਹੈ ਤੇ ਉਸ ਨੂੰ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਰਾਹੀਂ ਸਮਾਜ ਨੂੰ ਜਾਗਰੂਕ ਵੀ ਕੀਤਾ। ਜਦੋਂ ਅਸੀਂ ਪ੍ਰਕਿਰਤੀ ਦੇ ਤੱਤਾਂ ਨੂੰ ਇਨਸਾਨੀ ਗੁਣ, ਭਾਵਨਾਵਾਂ ਪ੍ਰਦਾਨ ਕਰਦੇ ਹਾਂ ਤਾਂ ਇਸ ਨੂੰ ਪ੍ਰਕਿਰਤੀ ਦਾ ਮਾਨਵੀਕਰਨ ਕਹਿੰਦੇ ਹਾਂ। ਇਹ ਤਕਨੀਕ ਸਾਹਿਤ, ਕਵਿਤਾਵਾਂ ਅਤੇ ਲੋਕ ਕਹਾਣੀਆਂ ਵਿਚ ਆਮ ਤੌਰ 'ਤੇ ਵਰਤੀ ਜਾਂਦੀ ਹੈ, ਜਿਸ ਵਿਚ ਪ੍ਰਕਿਰਤੀ ਨੂੰ ਜੀਵਤ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਸਾਡੀ ਧਰਤੀ ਬ੍ਰਹਿਮੰਡ ਵਿਚ ਸਭ ਤੋਂ ਸੁੰਦਰ ਗ੍ਰਹਿ ਹੈ, ਜਿੱਥੇ ਜੀਵਨ ਹੈ। ਇੱਥੇ ਦੇ ਜੰਗਲ, ਨਦੀਆਂ, ਸਾਗਰ, ਪਹਾੜ, ਸਮੁੰਦਰ, ਝੀਲਾਂ ਅਤੇ ਰੇਗਿਸਤਾਨ ਸਭ ਵਿਲੱਖਣ ਹਨ। ਸੁਨਹਿਰੀ ਸਵੇਰ, ਚਮਕਦਾ ਹੋਇਆ ਸੂਰਜ, ਸਰਦ ਰੁੱਤ, ਸ਼ਾਨਦਾਰ ਬਸੰਤ ਰੁੱਤ ਸਭ ਆਪਣੇ-ਆਪਣੇ ਢੰਗ ਨਾਲ ਮਨੁੱਖੀ ਮਨ 'ਤੇ ਕੁਦਰਤੀ ਸੁੰਦਰਤਾ ਦਾ ਪ੍ਰਭਾਵ ਪਾ ਰਹੇ ਹਨ। ਇਹੀ ਕਾਰਨ ਹੈ ਕਿ ਸਾਹਿਤ ਵਿਚ ਕੁਦਰਤ ਆਪਣੇ ਵਿਭਿੰਨ ਰੂਪਾਂ ਵਿਚ ਝਲਕਦੀ ਹੈ। ਇਸ ਲਈ ਵੈਦਿਕ ਸਾਹਿਤ ਵਿਚ ਸਵੇਰ, ਜੰਗਲ, ਨਦੀਆਂ, ਪਹਾੜਾਂ, ਸੂਰਜ, ਚੰਦਰਮਾ ਅਤੇ ਅੱਗ ਆਦਿ ਦਾ ਸੁੰਦਰ ਵਰਣਨ ਮਿਲਦਾ ਹੈ। ਭਾਰਤੀ ਸੱਭਿਆਚਾਰ ਵਿਚ ਵਾਤਾਵਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਭਾਰਤ ਵਿਚ ਪ੍ਰਾਚੀਨ ਸਮੇਂ ਤੋਂ ਹੀ ਵਾਤਾਵਰਨ ਦੇ ਅਲੱਗ-ਅਲੱਗ ਸਰੂਪ ਨੂੰ ਦੇਵਤਿਆਂ ਦੇ ਬਰਾਬਰ ਮੰਨ ਕੇ ਉਹਨਾਂ ਦੀ ਪੂਜਾ ਕੀਤੀ ਜਾਂਦੀ ਰਹੀ ਹੈ। ਧਰਤੀ ਨੂੰ ਮਾਂ ਦੇ ਬਰਾਬਰ ਦਰਜਾ ਦਿੱਤਾ ਗਿਆ, ਰੁੱਖਾਂ ਦੀ ਪੂਜਾ ਕੀਤੀ ਜਾਂਦੀ ਰਹੀ ਹੈ। ਅੱਗ, ਪਾਣੀ ਅਤੇ ਹਵਾ ਨੂੰ ਦੇਵਤਾ ਮੰਨਿਆ ਜਾਂਦਾ ਰਿਹਾ ਹੈ ਤੇ ਉਹਨਾਂ ਦੀ ਪੂਜਾ ਕੀਤੀ ਜਾਂਦੀ ਰਹੀ ਹੈ। ਪ੍ਰਾਚੀਨ ਲੋਕ ਹਾਲਾਂਕਿ ਸਾਡੇ ਵਾਂਗ ਕਿਤਾਬਾਂ ਜਾਂ ਰਸਾਲਿਆਂ ਵਿਚ ਵਾਤਾਵਰਨ ਅਤੇ ਵਾਤਾਵਰਨ ਦੀ ਮਹੱਤਤਾ ਦਾ ਅਧਿਐਨ ਨਹੀਂ ਕਰਦੇ ਸਨ, ਪਰ ਇਸ ਦੇ ਬੁਨਿਆਦੀ ਸਿਧਾਂਤ ਅਤੇ ਮਹੱਤਤਾ ਬਾਰੇ ਜਾਣੂ ਸਨ। ਜਦੋਂ ਕੋਈ ਲੇਖਕ ਪ੍ਰਕਿਰਤੀ ਦੀਆਂ ਸਿਰਜਨਾਵਾਂ ਨੂੰ ਵੇਖ ਕੇ ਆਪਣੇ ਹਾਵਾਂ-ਭਾਵਾਂ ਨੂੰ ਪ੍ਰਗਟ ਕਰਦਾ ਹੈ, ਉਹ ਕੁਦਰਤ ਦੇ ਦ੍ਰਿਸ਼ ਨੂੰ ਦੇਖ ਕੇ ਮਸਤ ਹੋ ਜਾਂਦਾ ਹੈ ਅਤੇ ਜਦੋਂ ਕਦੇ ਵੀ ਇਹਨਾਂ ਪ੍ਰਕਿਰਤਕ ਨਜ਼ਾਰਿਆਂ ਨਾਲ ਖਿਲਵਾੜ ਹੁੰਦਾ ਹੈ ਤਾਂ ਉਹ ਮਨੁੱਖ ਜਾਤੀ ਨੂੰ ਰੂਹ ਦੀ ਆਵਾਜ਼ ਰਾਹੀਂ ਸੁਚੇਤ ਕਰਦਾ ਹੈ। ਪੰਜਾਬੀ ਦੇ ਮੁੱਢਲੇ ਕਾਵਿ ਰੂਪ ਵਿਚ ਗੁਰਮਤਿ ਕਾਵਿ, ਸੂਫੀ ਕਾਵਿ, ਕਿੱਸਾ ਅਤੇ ਲੋਕ ਕਾਵਿ ਰੂਪ ਵਿਚ ਪ੍ਰਕਿਰਤੀ ਦਾ ਬਹੁਤ ਸੁੰਦਰ ਢੰਗ ਨਾਲ ਵਰਣਨ ਕੀਤਾ ਮਿਲਦਾ ਹੈ। ਗੁਰਮਤਿ ਕਾਵਿ ਵਿਚ ਗੁਰੂ ਸਾਹਿਬਾਨਾਂ ਨੇ ਆਪਣੀਆਂ ਮਹਾਨ ਕ੍ਰਿਤਾਂ ਵਿਚ ਵਾਤਾਵਰਣ ਦਾ ਗੁਣਗਾਣ ਕੀਤਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਕਾਦਰ ਦੀ ਕੁਦਰਤ ਨਾਲ ਮਿਲਾਪ ਤੇ ਇਕਮਿਕ ਹੋਣ ਦਾ ਜਿਹੜਾ ਸੁਨੇਹਾ ਦਿੱਤਾ ਹੈ,

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ  
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਕੁਦਰਤ, ਧਰਮ ਅਤੇ ਸਾਹਿਤ ਦੀ ਜੇ ਗੱਲ ਕਰੀਏ ਤਾਂ ਇਹ ਤਿੰਨੇ ਵਿਸ਼ੇ ਆਦਮੀ ਦੀ ਜ਼ਿੰਦਗੀ, ਵਿਚਾਰਧਾਰਾ ਅਤੇ ਸੰਸਕ੍ਰਿਤੀ 'ਤੇ ਡੂੰਘਾ ਅਸਰ ਪਾਉਂਦੇ ਹਨ। ਕੁਦਰਤ ਸਾਡੇ ਜੀਵਨ ਦਾ ਅਟੁੱਟ ਹਿੱਸਾ ਹੈ ਤੇ ਹਰੇਕ ਧਰਮ ਕੁਦਰਤ ਦੀ ਮਹਿਮਾ ਕਰਦਾ ਹੈ। ਅਜੋਕਾ ਮਨੁੱਖ ਆਪਣੇ ਜੀਵਨ ਸਰੋਤਾਂ ਨੂੰ ਹੀ ਸਮਾਪਤ ਕਰਨ ਦੇ ਰਾਹ ਚੱਲ ਪਿਆ। ਉਸ ਨੇ ਜੰਗਲਾਂ ਨੂੰ ਕੱਟ ਕੇ ਹਵਾ ਨੂੰ ਦੂਸ਼ਿਤ ਕੀਤਾ ਹੈ, ਅੱਜ ਹਵਾ ਵਿਚ ਸਾਹ ਲੈਣਾ ਔਖਾ ਹੋ ਗਿਆ ਹੈ। ਪਾਣੀ ਦੂਸ਼ਿਤ ਕਰ ਦਿੱਤਾ, ਜਿਸ ਦੇ ਕਾਰਨ ਹਾਨੀਕਾਰਕ ਪ੍ਰਮਾਣ ਸਾਹਮਣੇ ਆਏ। ਕੁਦਰਤ ਵਿਚ ਸਾਡੀਆਂ ਜੜ੍ਹਾਂ ਹਨ, ਕੁਦਰਤ ਵਿਚੋਂ ਹੀ ਅਸੀਂ ਜੀਵਨ ਰੱਖਿਅਕ ਤੱਤਾਂ ਨੂੰ ਗ੍ਰਹਿਣ ਕਰਦੇ ਹਾਂ। ਇਸ ਲਈ ਮਹਾਤਮਾ, ਸੰਤਾਂ, ਕਵੀਆਂ ਨੇ ਕੁਦਰਤ ਵਿੱਚੋਂ ਕਾਦਰ ਨੂੰ ਦੇਖਿਆ ਤੇ ਬਲਿਹਾਰ ਗਏ। ਹਰ ਧਰਮ ਵਿਚ ਵੀ ਕੁਦਰਤ ਦੀ ਮਹਿਮਾ ਕੀਤੀ ਗਈ ਹੈ। ਇਸ ਹੀ ਤਰ੍ਹਾਂ ਇਸਲਾਮ ਦੀ ਪੂਰਕ ਕਾਵਿਧਾਰਾ ਸੂਫੀ ਕਾਵਿ ਪਰੰਪਰਾ ਦੇ ਹੋਰ ਪ੍ਰਸਿੱਧ ਸੂਫੀ ਕਵੀਆਂ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਗੁਲਾਮ ਫਰੀਦ ਆਦਿ ਦੀਆਂ ਕਾਫੀਆਂ ਵਿਚ ਵੀ ਪ੍ਰਕਿਰਤੀ ਦੇ ਹਵਾਲੇ ਮਿਲ ਜਾਂਦੇ ਹਨ। ਪਰਮਾਤਮਾ ਦੇ ਅਨੁਭਵ ਨੂੰ ਸੂਫੀਆਂ ਨੇ ਪ੍ਰਕਿਰਤਕ ਹਵਾਲਿਆਂ ਰਾਹੀਂ ਹੀ ਪ੍ਰਗਟ ਕੀਤਾ ਤੇ ਮਨੁੱਖਤਾ ਦਾ ਸੰਦੇਸ਼ ਦਿੱਤਾ। ਇਸ ਤਰ੍ਹਾਂ ਕੋਈ ਵੀ ਧਰਮ ਹੋਵੇ, ਉਹ ਸਾਨੂੰ ਨੇਕ ਰਾਹ ਸਿਖਾਉਂਦਾ ਹੈ, ਸਾਹਿਤ ਉਸ ਰਾਹ ਦੀ ਵਿਆਖਿਆ ਕਰਦਾ ਹੈ ਅਤੇ ਕੁਦਰਤ ਸਾਨੂੰ ਜੀਵਨ ਦੇ ਸੱਚੇ ਅਰਥ ਸਮਝਾਉਂਦੀ ਹੈ।

ਲੋਕ ਸਾਹਿਤ ਅਤੇ ਕੁਦਰਤ, ਲੋਕ ਸਾਹਿਤ ਇਕ ਅਜਿਹਾ ਵਿਸ਼ਾ ਹੈ, ਜੋ ਸਿੱਧੇ-ਸਾਦੇ ਲੋਕਾਂ ਦੀ ਜ਼ਿੰਦਗੀ, ਉਹਨਾਂ ਦੇ ਵਿਸ਼ਵਾਸ ਅਤੇ ਕੁਦਰਤ ਨਾਲ ਉਹਨਾਂ ਦੇ ਰਿਸ਼ਤੇ ਦੀ ਗੱਲ ਕਰਦਾ ਹੈ। ਪੰਜਾਬੀ ਲੋਕ ਗੀਤ, ਲੋਕ ਕਹਾਣੀਆਂ, ਵਾਰਾਂ, ਬੋਲੀਆਂ, ਮੁਹਾਵਰੇ ਇਹ ਸਭ ਕਿਤੇ ਨਾ ਕਿਤੇ ਕੁਦਰਤ ਦਾ ਵਰਣਨ ਕਰਦੇ ਹਨ। ਪੁਰਾਤਨ ਸਮਿਆਂ ਤੋਂ ਹੀ ਪੰਜਾਬੀ ਲੋਕ ਸਾਹਿਤ ਵਿਚ ਕੁਦਰਤ ਇਕ ਵੱਡਾ ਵਿਸ਼ਾ ਰਹੀ ਹੈ। ਕਿਸਾਨੀ, ਪੈਦਾਵਾਰ, ਮੌਸਮ, ਜਲ, ਥਲ, ਪਾਣੀ, ਹਵਾਵਾਂ ਇਹ ਸਭ ਲੋਕ ਗੀਤਾਂ ਅਤੇ ਕਹਾਣੀਆਂ ਵਿਚ ਜੀਵਤ ਰੂਪ ਵਿਚ ਮਿਲ ਜਾਂਦੇ ਹਨ। ਕਵੀ ਲੋਕ ਗੀਤਾਂ ਵਿਚ ਕਦੇ ਸਾਵਣ ਦੀ ਬਾਰਿਸ਼, ਕਦੇ ਸਰਸੋਂ ਦੇ ਖੇਤ ਤੇ ਕਦੇ ਪੰਛੀਆਂ ਨਾਲ ਸੰਬੰਧਤ ਅਲੌਕਿਕਤਾ ਦਾ ਦ੍ਰਿਸ਼ ਦਰਸਾਉਂਦੇ ਹਨ।

ਪ੍ਰੀਤਾਂ ਦੀ ਮੈਨੂੰ ਕਦਰ ਬਥੇਰੀ, ਲਾ ਕੇ ਮੈਂ ਤੋੜ ਨਿਭਾਵਾਂ।  
ਕੋਇਲੇ ਸੋਨੇ ਦੀਏ, ਤੈਨੂੰ ਤੇ ਹੱਥੀਂ ਚੋਗ ਚੁਗਾਵਾਂ।

ਲੋਕ ਸਾਹਿਤ ਅਤੇ ਕੁਦਰਤ ਆਪਸ ਵਿੱਚ ਗਹਿਰੀ ਤਰ੍ਹਾਂ ਜੁੜੇ ਹੋਏ ਹਨ। ਲੋਕ ਗੀਤ, ਲੋਕ ਕਹਾਣੀਆਂ, ਵਾਰਾਂ ਤੇ ਮੁਹਾਵਰੇ ਸਾਨੂੰ ਦੱਸਦੇ ਹਨ ਕਿ ਮਨੁੱਖ ਅਤੇ ਕੁਦਰਤ ਇੱਕ-ਦੂਜੇ ਤੋਂ ਵੱਖ ਨਹੀਂ ਹੋ ਸਕਦੇ। ਕਿੱਸਾ ਕਾਵਿਧਾਰਾ ਪੰਜਾਬੀ ਸਾਹਿਤ ਦੀ ਅਮੀਰ ਕਾਵਿ ਪਰੰਪਰਾ ਰਹੀ ਹੈ। ਪੰਜਾਬੀ ਕਿੱਸਾ ਕਾਵਿ ਵਿਚ ਵੀ ਬਹੁਤ ਸਾਰੀਆਂ ਪ੍ਰਕਿਰਤੀ ਚਿਤਰਣ ਦੀਆਂ ਉਦਾਹਰਣਾਂ ਦੇਖੀਆਂ ਜਾ ਸਕਦੀਆਂ ਹਨ। ਮਨੁੱਖ ਅਤੇ ਕੁਦਰਤ ਦਾ ਰਿਸ਼ਤਾ ਹਮੇਸ਼ਾ ਤੋਂ ਹੀ ਅਟੁੱਟ ਰਿਹਾ ਹੈ। ਆਧੁਨਿਕ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਪ੍ਰਕਿਰਤੀ ਨੂੰ ਇਕ ਸੁੰਦਰ ਰੂਪ ਵਿਚ ਚਿਤਰਤ ਕੀਤਾ ਹੈ। 19ਵੀਂ ਸਦੀ ਦੇ ਸ਼ੁਰੂ ਵਿਚ ਉਦਯੋਗਿਕ ਕ੍ਰਾਂਤੀ ਦੇ ਪ੍ਰਤੀਕਰਮ ਵਜੋਂ ਸਾਹਿਤ ਰੂਪ ਵਿਚ ਰੋਮਾਂਟਿਕਵਾਦ ਉੱਭਰਿਆ। ਬਹੁਤ ਸਾਰੇ ਆਧੁਨਿਕ ਲੇਖਕਾਂ ਨੇ ਪ੍ਰਕਿਰਤੀ ਪ੍ਰੇਮ ਦੀ ਪੇਸ਼ਕਾਰੀ ਵੱਖ-ਵੱਖ ਢੰਗਾਂ ਨਾਲ ਕੀਤੀ। ਇਸ ਹੀ ਤਰ੍ਹਾਂ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਨੂੰ ਅਰਸ਼ ਦਾ ਕਵੀ ਵੀ ਕਿਹਾ ਜਾਂਦਾ ਹੈ, ਆਧੁਨਿਕ ਕਵੀ ਭਾਈ ਵੀਰ ਸਿੰਘ ਨੂੰ ਛੋਟੀਆਂ ਕਵਿਤਾਵਾਂ ਦੇ ਵੱਡੇ ਕਵੀ ਵਜੋਂ ਵੀ ਜਾਣਿਆ ਜਾਂਦਾ ਹੈ। ਉਹਨਾਂ ਦੀਆਂ ਕਵਿਤਾਵਾਂ ਦਾ ਸਮੁੱਚਾ ਆਲਾ-ਦੁਆਲਾ ਕੁਦਰਤ ਅਤੇ ਕੁਦਰਤੀ ਜੀਵਨ ਉੱਪਰ ਅਧਾਰਿਤ ਹੈ। ਉਹਨਾਂ ਦੀਆਂ ਕਵਿਤਾਵਾਂ ਵਿਚ ਪ੍ਰਕਿਰਤੀ ਪ੍ਰੇਮ ਰਹੱਸਵਾਦ ਦੀ ਸੀਮਾ ਤੱਕ ਪਹੁੰਚ ਜਾਂਦਾ ਹੈ। 'ਵੈਰੀ ਨਾਗ' ਚਸ਼ਮੇ ਦੀ ਸੁੰਦਰਤਾ ਵਿੱਚੋਂ ਕਵੀ ਨੂੰ ਪ੍ਰਭੂ ਦੀ ਝਲਕ ਨਜ਼ਰ ਆਉਂਦੀ ਹੈ,

ਵੈਰੀ ਨਾਗ ਤੇਰਾ ਪਹਿਲਾ ਝਲਕਾ  
ਜਦ ਅੱਖੀਆਂ ਨੂੰ ਵਜਦਾ  
ਕੁਦਰਤ ਦੇ ਕਾਦਰ ਦਾ ਜਲਵਾ  
ਲੈ ਲੈਂਦਾ ਇਕ ਸਜਦਾ।

ਭਾਈ ਵੀਰ ਸਿੰਘ ਤੋਂ ਬਾਅਦ ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚ ਵੀ ਉਸ ਲਹਿਰ ਨੂੰ ਦੇਖਿਆ ਜਾ ਸਕਦਾ ਹੈ। ਉਹਨਾਂ ਨੇ ਖੁੱਲ੍ਹੀ ਕਵਿਤਾ ਲਿਖਣ ਦੀ ਸ਼ੁਰੂਆਤ ਕੀਤੀ। ਉਹ ਪ੍ਰਕਿਰਤੀ ਨੂੰ ਦੈਵੀ ਅਰਥਾਂ ਤੋਂ ਮੁਕਤ ਕਰਕੇ ਦੁਨਿਆਵੀ ਅਤੇ ਆਧੁਨਿਕ ਜੀਵਨ ਸ਼ੈਲੀ ਨਾਲ ਜੋੜਦਾ ਹੈ। ਪ੍ਰੋ. ਪੂਰਨ ਸਿੰਘ ਨੂੰ ਪ੍ਰਕਿਰਤੀ ਨਾਲ ਪਿਆਰ ਹੈ ਅਤੇ ਉਹ ਉਸ ਜੀਵਨ ਨੂੰ ਅਧੂਰਾ ਸਮਝਦਾ ਹੈ, ਜਿਸ ਵਿਚ ਪ੍ਰਕਿਰਤੀ ਪਿਆਰ ਨਹੀਂ। ਇਸ ਹੀ ਤਰ੍ਹਾਂ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਦਾ ਇਹ ਰੂਪ ਬੜਾ ਪ੍ਰਬਲ ਤੇ ਪ੍ਰਭਾਵਸ਼ਾਲੀ ਉਸ ਦੀ ਕਵਿਤਾ ਵਿਚ ਪੰਜਾਬ ਅਤੇ ਪੰਜਾਬੀ ਲੋਕਾਂ ਦਾ ਜ਼ਿਕਰ ਹੈ, ਉਹ ਆਪਣੀ ਕਵਿਤਾ ਵਿਚ ਧਾਰਮਿਕ ਸਦਾਚਾਰਕ, ਸਮਾਜਿਕ ਵਿਸ਼ਿਆਂ 'ਤੇ ਗੱਲ ਕਰਦਾ-ਕਰਦਾ ਉਹ ਕੁਦਰਤ ਦਾ ਚਿੱਤਰ ਵੀ ਸੋਹਣਾ ਖਿੱਚ ਜਾਂਦਾ ਹੈ।

ਮਨੁੱਖ ਦੀ ਹੋਂਦ ਨੂੰ ਕੁਦਰਤ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਮਨੁੱਖ ਦੀ ਹਰ ਜ਼ਰੂਰਤ ਨੂੰ ਕੁਦਰਤ ਨੇ ਪੂਰਾ ਕੀਤਾ ਹੈ, ਜਿਸ ਤੋਂ ਬਿਨਾਂ ਉਹ ਇਸ ਸੰਸਾਰ ਵਿਚ ਇਕ ਪਲ ਲਈ ਵੀ ਜ਼ਿੰਦਾ ਨਹੀਂ ਰਹਿ ਸਕਦਾ। ਪਿਛਲੇ ਸਮੇਂ ਦੀ ਤੁਲਨਾ ਵਰਤਮਾਨ ਨਾਲ ਕੀਤੀ ਜਾਵੇ ਤਾਂ ਬਹੁਤ ਵੱਡਾ ਫ਼ਰਕ ਨਜ਼ਰ ਆਉਂਦਾ ਹੈ। ਵਰਤਮਾਨ ਸਮੇਂ ਵਿਚ ਸਾਫ ਹਵਾ ਨਾਮਾਤਰ ਹੀ ਰਹਿ ਗਈ ਹੈ, ਰੁੱਖਾਂ ਨੂੰ ਕੱਟ ਕੇ ਪਦਾਰਥਵਾਦ ਦੀ ਅੰਨ੍ਹੀ ਦੌੜ ਵਿਚ ਕੰਕਰੀਟ ਦੇ ਜੰਗਲਾਂ ਦੀ ਉਸਾਰੀ ਕਰ ਲਈ ਹੈ, ਅੱਜ ਦਰਿਆਵਾਂ ਦਾ ਪਾਣੀ ਸੁੱਕਦਾ ਜਾ ਰਿਹਾ ਹੈ, ਜਲਵਾਯੂ ਪਰਿਵਰਤਨ, ਗਲੋਬਲ ਵਾਰਮਿੰਗ ਦੇ ਖ਼ਤਰੇ ਸਾਡੇ ਸਾਹਮਣੇ ਖੜੇ ਹਨ। ਅੰਤ ਵਿਚ ਇਹਨਾਂ ਕਾਵਿ ਸਤਰਾਂ ਦੇ ਹਵਾਲਿਆਂ ਤੋਂ ਅਸੀਂ ਆਖ ਸਕਦੇ ਹਾਂ ਕਿ ਅੱਜ ਦੀ ਕਵਿਤਾ ਵਿਚ ਵੀ ਰੁੱਖ-ਬੂਟੇ ਮਾਨਵੀ ਹੋਂਦ ਦੀ ਪੇਸ਼ਕਾਰੀ ਵਿਚ ਰੂਪਕ ਬਣ ਕੇ ਪੇਸ਼ ਹੋ ਰਹੇ। ਪ੍ਰਕਿਰਤੀ ਵੀ ਕਵਿਤਾ ਵਿਚ ਸਰਲ-ਸਪੱਸ਼ਟ ਰੂਪ 'ਚ ਉਜਾਗਰ ਨਹੀਂ ਹੁੰਦੀ, ਇਹ ਵੀ ਆਪਣਾ ਮੁਹਾਂਦਰਾ ਬਦਲ ਰਹੀ ਹੈ। ਜਦੋਂ ਕਦੇ ਵੀ ਸਮਾਜ ਵਿਚ ਪ੍ਰਕਿਰਤੀ ਸੰਕਟ ਆਉਂਦੇ ਹਨ ਤਾਂ ਕਵੀ ਪ੍ਰਕਿਰਤੀ ਨੂੰ ਸੰਬੋਧਿਤ ਕਰਕੇ ਸਮਾਜ ਨੂੰ ਚੇਤਨ ਕਰਦਾ ਹੈ। ਅੱਜ ਦੇ ਮਨੁੱਖ ਦਾ ਧਿਆਨ ਪ੍ਰਕਿਰਤੀ ਵੱਲੋਂ ਘਟ ਕੇ ਤਕਨੀਕੀ ਸਾਧਨਾਂ ਵੱਲ ਜ਼ਿਆਦਾ ਹੋ ਗਿਆ ਹੈ ਤੇ ਮਨੁੱਖ ਪ੍ਰਕਿਰਤੀ ਤੋਂ ਦੂਰ ਹੁੰਦਾ ਗਿਆ। ਵਿਨਾਸ਼ਕਾਰੀ ਰਵੱਈਆ ਤਿਆਗ ਕੇ ਪ੍ਰਕਿਰਤੀ ਮੁਖੀ ਰਵੱਈਆ ਅਖ਼ਤਿਆਰ ਕਰਨਾ ਚਾਹੀਦਾ ਹੈ, ਪਰ ਮਨੁੱਖ ਨੇ ਹੀ ਫੈਸਲਾ ਕਰਨਾ ਹੈ ਕਿ ਉਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਹਤਮੰਦ ਜੀਵਨ ਵਰਦਾਨ ਦੇਣਾ ਚਾਹੁੰਦਾ ਹੈ ਜਾਂ ਉਹਨਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਉਣਾ ਚਾਹੁੰਦਾ ਹੈ। ਵਾਤਾਵਰਨ ਨੂੰ ਬਿਹਤਰ ਬਣਾਈ ਰੱਖਣ ਲਈ ਸਾਨੂੰ ਕੁਦਰਤ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ।

*ਸੰਪਰਕ-85570-81665*

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।


ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਚਿੰਤਨ-ਮੰਥਨ

**ਫੋਕਸ**

## ਚਰਚਾ ਇਕ ਪੁਸਤਕ ਦੀ

**ਬੂਟਾ ਸਿੰਘ ਬਰਾੜ**






### ਪੰਜਾਬੀ ਸਾਹਿਤ : ਇਤਿਹਾਸ ਤੇ ਇਤਿਹਾਸਕਾਰੀ

**ਡਾ. ਹਰਭਜਨ ਸਿੰਘ ਭਾਟੀਆ**
**ਮੁੱਲ-300 ਰੁਪਏ, ਪੰਨੇ-271**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

ਪੰਜਾਬੀ ਸਾਹਿਤ ਚਿੰਤਨ ਤੇ ਖੋਜ ਦੇ ਖੇਤਰ ਵਿੱਚ ਪ੍ਰੋਫ਼ੈਸਰ ਹਰਭਜਨ ਸਿੰਘ ਭਾਟੀਆ ਉੱਚੇ ਮਿਆਰ ਸਥਾਪਤ ਕਰਨ ਵਾਲਾ ਹਸਤਾਖ਼ਰ ਹੈ। ਪੰਜਾਬੀ ਆਲੋਚਨਾ ਨੂੰ ਪਰੰਪਰਾਵਾਦੀ ਚੌਖਟੇ ਤੋਂ ਮੁਕਤ ਕਰਨ ਵਿੱਚ ਉਸ ਦਾ ਨਿਵੇਕਲਾ ਯੋਗਦਾਨ ਹੈ। ਪੰਜਾਬੀ ਅਕਾਦਮਿਕ ਜਗਤ ਵਿੱਚ ਉਸ ਨੇ ਆਪਣੀ ਬੌਧਿਕਤਾ ਅਤੇ ਵਿਦਵਤਾ ਸਦਕਾ ਗਹਿਰਾ ਤੇ ਵਿਆਪਕ ਪ੍ਰਭਾਵ ਪਾਇਆ ਹੈ। ਦਰਅਸਲ ਉਸ ਪਾਸ ਸਾਹਿਤ ਚਿੰਤਨ ਦੀ ਨਿਰਖ਼-ਪਰਖ ਕਰਨ ਦੀ ਅਦੁੱਤੀ ਯੋਗਤਾ ਹੈ। ਪੰਜਾਬੀ ਮੈਟਾ-ਆਲੋਚਨਾ (ਪੰਜਾਬੀ ਆਲੋਚਨਾ: ਸਿਧਾਂਤ ਤੇ ਵਿਹਾਰ-1988) ਤੋਂ ਸ਼ੁਰੂ ਹੋਇਆ, ਉਸ ਦਾ ਚਿੰਤਨ-ਕਾਰਜ 'ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ', 'ਸੰਵਾਦ ਤੇ ਮੁੱਲਾਂਕਣ', 'ਪੰਜਾਬੀ ਗਲਪ: ਸੰਵਾਦ ਤੇ ਸਮੀਖਿਆ', 'ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ', 'ਚਿੰਤਨ ਪੁਨਰ ਚਿੰਤਨ', 'ਸੰਵਾਦ ਪੁਨਰ ਸੰਵਾਦ' ਵਿਚੋਂ ਗੁਜ਼ਰਦਾ ਹੋਇਆ ਸਾਹਿਤ ਅਕਾਦਮੀ ਦਿੱਲੀ ਵੱਲੋਂ ਭਾਰਤੀ ਸਾਹਿਤ ਦੇ ਨਿਰਮਾਤਾ-ਲੜੀ 'ਮੋਹਨ ਸਿੰਘ ਦੀਵਾਨਾ', 'ਕਿਸ਼ਨ ਸਿੰਘ', 'ਜਗਤਾਰ' ਅਤੇ 'ਪੰਜਾਬੀ ਸਾਹਿਤ : ਇਤਿਹਾਸ ਤੇ ਇਤਿਹਾਸਕਾਰੀ-2025' ਤੱਕ ਫੈਲਦਾ ਹੈ। ਆਪਣੇ ਅਧਿਐਨ ਕਾਰਜ ਨੂੰ ਉਸ ਨੇ ਕੋਰੇ ਸਿਧਾਂਤਕ ਸੂਤਰਾਂ ਤੱਕ ਹੀ ਮਹਿਦੂਦ ਨਹੀਂ ਰੱਖਿਆ, ਬਲਕਿ ਸ਼ੇਖ਼ ਫ਼ਰੀਦ, ਸ਼ਾਹ ਮੁਹੰਮਦ, ਨਾਨਕ ਸਿੰਘ, ਮਿੱਤਰ ਸੈਨ ਮੀਤ, ਸਵਰਨ ਚੰਦਨ, ਸ ਸ ਸੋਜ਼ ਅਤੇ ਆਤਮਜੀਤ ਆਦਿ ਲੇਖਕਾਂ ਦੀਆਂ ਸਾਹਿਤਕ ਰਚਨਾਵਾਂ ਦੇ ਬਰੀਕ ਵਿਸ਼ਲੇਸ਼ਣ ਰਾਹੀਂ ਆਪਣੀ ਸਿਧਾਂਤਕ ਸੂਝ ਨੂੰ ਮਹੀਨ ਵਿਹਾਰਕ ਮੁਤਾਲਿਆਂ ਰਾਹੀਂ ਪੁਸ਼ਟ ਕਰ ਕੇ ਸਿੱਧ ਵੀ ਕੀਤਾ ਹੈ। ਹੁਣ ਤੱਕ ਉਸ ਨੇ ਅਨੇਕਾਂ ਖੋਜ ਪੱਤਰਾਂ ਸਮੇਤ 30 ਦੇ ਕਰੀਬ ਮੌਲਿਕ ਅਤੇ ਸੰਪਾਦਿਤ ਪੁਸਤਕਾਂ ਦੀ ਰਚਨਾ ਕੀਤੀ ਹੈ। ਪੂਰਬੀ ਅਤੇ ਪੱਛਮੀ ਆਲੋਚਨਾ ਦੇ ਗਹਿਨ ਅਧਿਐਨ ਉਪਰੰਤ ਪੰਜਾਬੀ ਸਾਹਿਤ ਚਿੰਤਨ, ਖੋਜ ਅਤੇ ਇਤਿਹਾਸਕਾਰੀ ਦਾ ਮੌਲਿਕ ਮਾਡਲ ਸਿਰਜਿਆ ਹੈ।

ਮੈਟਾ-ਆਲੋਚਨਾ, ਪੰਜਾਬੀ ਸਾਹਿਤ ਆਲੋਚਨਾ, ਖੋਜ ਅਤੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਉਸ ਦੇ ਅਧਿਐਨ ਕਾਰਜ ਦੇ ਕੇਂਦਰੀ ਸਰੋਕਾਰ ਹਨ। 'ਪੰਜਾਬੀ ਸਾਹਿਤ: ਇਤਿਹਾਸ ਤੇ ਇਤਿਹਾਸਕਾਰੀ' ਨਾਮੀ ਖੋਜ ਭਰਪੂਰ ਪੁਸਤਕ ਅਜੇ ਹੁਣੇ-ਹੁਣੇ ਹੀ ਪ੍ਰਕਾਸ਼ਤ ਹੋਈ ਹੈ। ਪੁਸਤਕ ਦੇ ਆਰੰਭ ਵਿੱਚ ਇੱਕ ਚੈਪਟਰ ਵਿੱਚ ਇਤਿਹਾਸ ਅਤੇ ਸਾਹਿਤ ਦੀ ਇਤਿਹਾਸਕਾਰੀ ਦੇ ਸਿਧਾਂਤਕ ਮੁੱਦਿਆਂ ਨੂੰ ਉਜਾਗਰ ਕੀਤਾ ਹੈ। ਸਾਹਿਤ ਦੀ ਇਤਿਹਾਸਕਾਰੀ ਦੇ ਸਿਧਾਂਤਕ ਸੂਤਰ ਪੇਸ਼ ਕਰਦਿਆਂ ਉਹ ਲਿਖਦਾ ਹੈ, 'ਇਤਿਹਾਸਕਾਰੀ ਮੁੱਢਲੇ ਅਰਥਾਂ ਵਿੱਚ ਇਤਿਹਾਸ ਦੇ ਸਿਧਾਂਤ ਦਾ ਨਾਂਅ ਹੈ। ਇਤਿਹਾਸ ਲਿਖਣਾ ਹੋਵੇ ਜਾਂ ਲਿਖੇ ਗਏ ਇਤਿਹਾਸਾਂ ਦਾ ਵਿਸ਼ਲੇਸ਼ਣ ਤੇ ਮੁੱਲਾਂਕਣ ਕਰਨਾ ਹੋਵੇ, ਇਸ ਦੀ ਸਹਾਇਤਾ ਬਿਨਾਂ ਭਰੋਸੇਯੋਗ ਤੇ ਵਿਗਿਆਨਕ ਕਾਰਜ ਨਹੀਂ ਕੀਤਾ ਜਾ ਸਕਦਾ।' ਸਾਹਿਤ ਇਤਿਹਾਸ ਦੇ ਲੇਖਕ ਪਾਸ ਇੱਕੋ ਵੇਲੇ ਖੋਜ, ਸਿਧਾਂਤ, ਆਲੋਚਨਾ ਅਤੇ ਇਤਿਹਾਸ ਦੇ ਅਨੁਸ਼ਾਸਨਾਂ ਦੀ ਵਿਗਿਆਨਕ ਵਿਧੀ ਉਪਰ ਪਕੜ ਹੋਣਾ ਲਾਜ਼ਮੀ ਹੈ। ਸਾਹਿਤ-ਇਤਿਹਾਸਕਾਰ ਨੇ ਤੱਥਾਂ ਨੂੰ ਤਲਾਸ਼ਣਾ ਵੀ ਹੈ, ਸੰਭਾਲਣਾ ਵੀ ਹੈ, ਉਨ੍ਹਾਂ ਦੀ ਵਿਆਖਿਆ-ਵਿਵੇਚਨ ਦਾ ਕਾਰਜ ਵੀ ਕਰਨਾ ਹੈ ਅਤੇ ਉਨ੍ਹਾਂ ਵਿਚਲੇ ਮਾਨਵੀ ਸਰੋਕਾਰਾਂ ਨੂੰ ਉਭਾਰਨਾ ਵੀ ਹੈ, ਪਰ ਪੰਜਾਬੀ ਸਾਹਿਤ ਦੇ ਹੁਣ ਤੱਕ ਲਿਖੇ ਗਏ ਇਤਿਹਾਸਾਂ ਦੇ ਗਹਿਨ ਧਰਾਤਲ ਉਪਰ ਇਸ ਸਿਧਾਂਤਕ ਸੋਝੀ ਦੀ ਮਜ਼ਬੂਤ ਪਕੜ ਦਿਖਾਈ ਨਹੀਂ ਦਿੰਦੀ। ਪ੍ਰੋਫੈਸਰ ਭਾਟੀਆ ਦੀ ਚਿੰਤਾ ਹੈ ਕਿ ਅਜੋਕਾ ਸਮਾਜ ਗਹਿਰ-ਗੰਭੀਰ ਸੰਕਟਾਂ ਦਾ ਸ਼ਿਕਾਰ ਹੈ ਅਤੇ ਮੰਡੀ-ਮੁਨਾਫ਼ੇ ਤੇ ਮੁਕਾਬਲੇ ਨੇ ਹਰ ਵਰਤਾਰੇ ਨੂੰ ਮੰਡੀ ਦੀ ਵਸਤ ਬਣਾ ਦਿੱਤਾ ਹੈ। ਸੂਚਨਾ ਤਕਨਾਲੋਜੀ ਦੀ ਤਾਕਤ ਨੇ ਤੱਥ ਨੂੰ ਰਹੱਸ, ਰੁਮਾਂਸ ਅਤੇ ਝੂਠ-ਫਰੇਬ ਦੇ ਅਨੇਕਾਂ ਪਰਦਿਆਂ ਹੇਠ ਲੁਕਾਅ ਦਿੱਤਾ ਹੈ। ਅਜਿਹੇ ਵੇਲਿਆਂ ਵਿੱਚ ਬੀਤੇ ਦੀ ਪਰਖ ਹੁਣ ਇਸ ਢੰਗ ਨਾਲ ਹੋਣੀ ਚਾਹੀਦੀ ਹੈ ਕਿ ਵਰਤਮਾਨ ਦੇ ਸੰਕਟਾਂ ਨੂੰ ਸਮਝ ਕੇ ਇਸ ਸੰਕਟ-ਗ੍ਰਸਤ ਸਥਿਤੀ ਨੂੰ ਬਦਲਿਆ ਜਾ ਸਕੇ।

ਇਸ ਖੋਜ ਕਿਤਾਬ ਵਿੱਚ ਧੁਰ ਮੁੱਢ ਤੋਂ ਲੈ ਕੇ ਹੁਣ ਤੱਕ ਲਿਖੇ ਗਏ ਪੰਜਾਬੀ ਸਾਹਿਤ ਦੇ ਇਤਿਹਾਸਾਂ ਦਾ ਖੰਡਨ ਅਤੇ ਮੰਡਨ ਪੇਸ਼ ਕੀਤਾ ਗਿਆ ਹੈ। ਚਾਹੇ ਇਹ ਇਤਿਹਾਸ ਫ਼ਾਰਸੀ ਰਸਮੁਲ-ਖ਼ਤ ਵਿੱਚ ਲਿਖੇ ਗਏ ਹੋਣ, ਚਾਹੇ ਗੁਰਮੁਖੀ ਲਿਪੀ ਵਿੱਚ ਅਤੇ ਚਾਹੇ ਰੋਮਨ ਲਿਪੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ। ਦਰਅਸਲ ਪ੍ਰੋਫੈਸਰ ਭਾਟੀਆ ਨੂੰ ਉਰਦੂ, ਫਾਰਸੀ, ਅੰਗਰੇਜ਼ੀ ਅਤੇ ਪੰਜਾਬੀ ਆਦਿ ਜ਼ਬਾਨਾਂ ਉਪਰ ਇੱਕੋ ਜਿੰਨੀ ਮੁਹਾਰਤ ਹਾਸਲ ਹੈ। ਲੋੜੀਦੀ ਸੰਸਕ੍ਰਿਤ ਭਾਸ਼ਾ ਵੀ ਉਸ ਨੂੰ ਆਉਂਦੀ ਹੈ।ਇਸੇ ਲਈ ਹੱਥਲੀ ਕਿਤਾਬ ਰਾਹੀਂ ਇਹ ਤੱਥ ਪਹਿਲੀ ਵਾਰ ਸਾਹਮਣੇ ਆਇਆ ਹੈ ਕਿ ਚਸ਼ਮਾ-ਏ-ਹਯਾਤ ਮੀਰ ਕਰਾਮਤ-ਉਲ੍ਹਾ ਦੀ ਰਚਨਾ ਹੈ। ਹੁਣ ਤੱਕ ਸਾਡੀ ਇਤਿਹਾਸਕਾਰੀ ਵਿੱਚ ਇਸ ਨੂੰ ਮੌਲਾ ਬਖ਼ਸ਼ ਕੁਸ਼ਤਾ ਦੀ ਰਚਨਾ ਹੀ ਸਮਝਿਆ ਗਿਆ ਹੈ। ਇਉਂ ਇਸ ਖੋਜ ਪੁਸਤਕ ਰਾਹੀਂ ਮੀਰ ਕਰਾਮਤ-ਉਲ੍ਹਾ ਤੋਂ ਲੈ ਕੇ ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਮੋਹਨ ਸਿੰਘ ਦੀਵਾਨਾ, ਬਨਾਰਸੀ ਦਾਸ ਜੈਨ, ਗੋਪਾਲ ਸਿੰਘ ਦਰਦੀ, ਸੁਰਿੰਦਰ ਸਿੰਘ ਨਰੂਲਾ, ਗਿਆਨੀ ਹੀਰਾ ਸਿੰਘ ਦਰਦ, ਆਈ. ਸੇਰੇਬਰੀਆਕੋਵ, ਜੀਤ ਸਿੰਘ ਸੀਤਲ ਅਤੇ ਪਿਆਰਾ ਸਿੰਘ ਪਦਮ ਆਦਿ ਤਮਾਮ ਮੁੱਢਲੇ-ਮੱਧਲੇ ਇਤਿਹਾਸਕਾਰਾਂ ਦੀ ਇਤਿਹਾਸਕਾਰੀ ਦੀ ਪਰਖ-ਪੜਚੋਲ ਕਰ ਕੇ ਸੂਤ੍ਰਿਕ-ਸ਼ੈਲੀ ਵਿੱਚ ਨਿਚੋੜ ਪੇਸ਼ ਕੀਤੇ ਗਏ ਹਨ। ਮਸਲਨ ਬਾਵਾ ਬੁੱਧ ਸਿੰਘ ਦਾ ਕਾਰਜ ਸ਼ਾਇਰਾਂ ਦੇ ਜੀਵਨ ਵੇਰਵੇ ਢੂੰਡਣ, ਤੱਥਾਂ ਦੇ ਵੇਰਵੇ ਪੇਸ਼ ਕਰਨ ਅਤੇ ਰਚਨਾਵਾਂ ਵਿਚੋਂ ਨਮੂਨੇ ਪੇਸ਼ ਕਰਨ ਦੇ ਇਰਦ-ਗਿਰਦ ਘੁੰਮਦਾ ਹੈ। ਮੌਲਾ ਬਖ਼ਸ਼ ਕੁਸ਼ਤਾ ਨੇ ਪੰਜਾਬੀਆਂ ਨੂੰ ਸੈਕੂਲਰ ਦ੍ਰਿਸ਼ਟੀ, ਵਿਰਸੇ ਦੇ ਮਹੱਤਵ ਅਤੇ ਸੰਭਾਲ ਦਾ ਮਾਡਲ ਮੁਹੱਈਆ ਕੀਤਾ। ਬਨਾਰਸੀ ਦਾਸ ਜੈਨ ਨੇ ਪੰਜਾਬੀ ਸਾਹਿਤ-ਇਤਿਹਾਸਕਾਰੀ ਨੂੰ ਗਤੀ ਪ੍ਰਦਾਨ ਕੀਤੀ। ਗੋਪਾਲ ਸਿੰਘ ਦਰਦੀ ਦੀ ਸਮੁੱਚੀ ਪਹੁੰਚ ਸ਼ਰਧਾ ਅਤੇ ਸਤਿਕਾਰ ਦੀ ਰਹਿੰਦੀ ਹੈ। ਸੁਰਿੰਦਰ ਸਿੰਘ ਨਰੂਲਾ ਦੀ ਇਤਿਹਾਸਕਾਰੀ ਸ਼ੁੱਧ ਪੰਜਾਬੀਅਤ ਦੀ ਭਾਵਨਾ ਉਪਰ ਟਿਕੀ ਹੋਈ ਹੈ। ਮੋਹਨ ਸਿੰਘ ਦੀਵਾਨਾ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਇਤਿਹਾਸਕਾਰ ਹੈ। ਹੀਰਾ ਸਿੰਘ ਦਰਦ ਰਚਿਤ ਪੰਜਾਬੀ ਸਾਹਿਤ ਦਾ ਇਤਿਹਾਸ ਮਾਰਕਸਵਾਦੀ ਨਜ਼ਰੀਏ ਨਾਲ ਲਿਖਿਆ ਪਹਿਲਾ ਪੰਜਾਬੀ ਸਾਹਿਤ ਦਾ ਇਤਿਹਾਸ ਹੈ। ਸੇਰੇਬਰੀਆਕੋਵ ਦੁਆਰਾ ਰਚਿਤ ਪੰਜਾਬੀ ਸਾਹਿਤ ਪੰਜਾਬੀ ਸਾਹਿਤ ਦੇ ਇਤਿਹਾਸਾਂ ਦੀ ਪਰੰਪਰਾ ਵਿੱਚ ਪਹਿਲਾ ਇਤਿਹਾਸ ਹੈ, ਜਿਸ ਦੀ ਪਿੱਠਭੂਮੀ ਵਿਚੋਂ ਵਿਚਾਰਧਾਰਕ ਪ੍ਰਤੀਬੱਧਤਾ ਦੀ ਕਾਰਜਸ਼ੀਲਤਾ ਤਾਂ ਨਜ਼ਰੀਂ ਪੈਂਦੀ ਹੈ, ਪਰ ਕਿਧਰੇ ਵੀ ਵਿਚਾਰਧਾਰਾ ਦਾ ਨਾ ਵਿਖਾਲਾ ਹੈ ਅਤੇ ਨਾ ਹੀ ਵਿਚਾਰਧਾਰਾ ਖਾਹਮਖਾਹ ਆਰੋਪਿਤ ਕੀਤੀ ਗਈ ਹੈ। ਜੀਤ ਸਿੰਘ ਸੀਤਲ ਦੇ ਇਤਿਹਾਸ ਦਾ ਮੂਲ ਮਕਸਦ ਸਾਹਿਤ ਤੱਥਾਂ ਨੂੰ ਇਕੱਤਰ ਕਰਨਾ ਅਤੇ ਉਨ੍ਹਾਂ ਦੀ ਵੰਨ-ਸੁਵੰਨਤਾ ਨੂੰ ਪੇਸ਼ ਕਰਨਾ ਹੈ। ਪਿਆਰਾ ਸਿੰਘ ਪਦਮ ਦੀ ਇਤਿਹਾਸ ਦ੍ਰਿਸ਼ਟੀ ਪ੍ਰਭਾਵਵਾਦੀ-ਪ੍ਰਸੰਸਾਵਾਦੀ ਹੈ।

ਪੁਸਤਕ ਦਾ ਇੱਕ ਖੰਡ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀ ਗਤੀ, ਪ੍ਰਗਤੀ ਅਤੇ ਸਥਿਤੀ ਨੂੰ ਸਮਰਪਿਤ ਹੈ। ਕਿਤਾਬ ਦੇ ਇਸ ਖੰਡ ਵਿੱਚ ਸੰਸਥਾਈ ਅਤੇ ਵਿਅਕਤੀਗਤ ਪੱਧਰ ਉੱਤੇ ਲਿਖੇ ਗਏ ਇਤਿਹਾਸਾਂ (ਉਕਤ ਤੋਂ ਇਲਾਵਾ) ਦਾ ਵਿਵੇਚਨ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪ੍ਰਕਾਸ਼ਤ ਤਮਾਮ ਪੰਜਾਬੀ ਸਾਹਿਤ ਦੇ ਇਤਿਹਾਸ ਸ਼ਾਮਲ ਹਨ। ਵਿਅਕਤੀਗਤ ਇਤਿਹਾਸਕਾਰੀ ਵਿੱਚ ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਵਾਲਾ (ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ), ਪੰਜ ਜਿਲਦਾਂ ਵਿੱਚ ਪ੍ਰਕਾਸ਼ਤ ਰਤਨ ਸਿੰਘ ਜੱਗੀ ਦਾ ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਕਰਨੈਲ ਸਿੰਘ ਥਿੰਦ ਦਾ ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ, ਗੁਰਦੇਵ ਸਿੰਘ ਦਾ ਪਾਕਿਸਤਾਨੀ ਪੰਜਾਬੀ ਸਾਹਿਤ :ਇੱਕ ਪਰਿਚੈ, ਹਰਬੰਸ ਸਿੰਘ ਧੀਮਾਨ ਦਾ ਪਾਕਿਸਤਾਨੀ ਪੰਜਾਬੀ ਸਾਹਿਤ : ਨਿਕਾਸ ਤੇ ਵਿਕਾਸ ਅਤੇ ਧਰਮਪਾਲ ਸਿੰਗਲ, ਬ੍ਰਹਮਜਗਦੀਸ਼ ਸਿੰਘ, ਰਾਜਿੰਦਰ ਸੇਖੋਂ ਆਦਿ ਦੁਆਰਾ ਰਚਿਤ ਸਭ ਇਤਿਹਾਸ ਸ਼ਾਮਲ ਹਨ। ਇਸ ਤੋਂ ਇਲਾਵਾ ਲਹਿੰਦੇ ਪੰਜਾਬ ਵਿੱਚ ਸ਼ਾਹਮੁਖੀ ਲਿਪੀ ਵਿੱਚ ਲਿਖੇ ਗਏ ਇਤਿਹਾਸਾਂ ਦਾ ਵੀ ਜ਼ਿਕਰ ਤੇ ਫਿਕਰ ਹੈ। ਇਉਂ ਲਗਭਗ ਦੋ ਦਰਜਨ ਦੇ ਕਰੀਬ ਵਿਅਕਤੀਗਤ ਇਤਿਹਾਸਕਾਰੀ ਅਤੇ ਤਕਰੀਬਨ ਏਨੀ ਗਿਣਤੀ ਵਿੱਚ ਹੀ ਕੀਤੀ ਗਈ ਸੰਸਥਾਈ ਇਤਿਹਾਸਕਾਰੀ ਇਸ ਪੁਸਤਕ ਦੇ ਅਧਿਐਨ-ਦਾਇਰੇ ਵਿੱਚ ਆ ਜਾਂਦੀ ਹੈ।

ਗੱਲ ਸਿਰਫ਼ ਗਿਣਤੀ ਦੀ ਹੀ ਨਹੀਂ, ਬਲਕਿ ਪ੍ਰੋਫ਼ੈਸਰ ਭਾਟੀਆ ਨੇ ਇਸ ਕਾਰਜ ਨੂੰ ਪ੍ਰਤੀਬੱਧਤਾ ਅਤੇ ਸੁਹਿਰਦਤਾ ਨਾਲ ਪ੍ਰੋਜੈਕਟ ਬਣਾ ਕੇ ਸੰਸਥਾਈ ਪੱਧਰ ਦਾ ਬਾਕਾਇਦਾ ਖੋਜ ਕਾਰਜ ਕੀਤਾ ਹੈ। ਨਾ ਸਿਰਫ਼ ਇਕੱਲੇ-ਇਕੱਲੇ ਲੇਖਕ ਦੀ ਇਤਿਹਾਸ-ਪੋਥੀ ਦੇ ਹਰੇਕ ਸੰਸਕਰਨ ਦਾ ਨਿਕਟ ਅਧਿਐਨ ਹੀ ਕੀਤਾ ਹੈ, ਬਲਕਿ ਹਰ ਲੇਖਕ ਦੇ ਜੀਵਨ-ਸਰੋਤਾਂ, ਉਸ ਦੀਆਂ ਬਾਕੀ ਰਚਨਾਵਾਂ ਅਤੇ ਉਸ ਦੇ ਇਤਿਹਾਸ ਦੀ ਸਰੋਤ-ਸਮਗਰੀ ਤੱਕ ਵੀ ਨਿਕਟ ਰਸਾਈ ਕੀਤੀ ਹੈ। ਮਸਲਨ ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਪੰਜਾਬੀ ਸਾਹਿਤ ਦਾ ਇਤਿਹਾਸਕਾਰ ਗੋਪਾਲ ਸਿੰਘ ਦਰਦੀ 1962 ਵਿੱਚ ਰਾਜ ਸਭਾ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ ਅਤੇ 1970 ਵਿੱਚ ਬੁਲਗਾਰੀਆ ਵਿੱਚ ਰਾਜਦੂਤ ਵੀ ਰਿਹਾ। ਗੋਆ, ਦਮਨ ਅਤੇ ਦਿਓ ਦੇ ਉਪ ਰਾਜਪਾਲ ਵਜੋਂ ਵੀ ਤਾਇਨਾਤ ਰਿਹਾ। ਇਸੇ ਤਰ੍ਹਾਂ ਹੀਰਾ ਸਿੰਘ ਦਰਦ ਦੇ ਜੀਵਨ ਵੇਰਵੇ ਦਿੰਦਿਆਂ ਲਿਖਿਆ ਹੈ ਕਿ ਜਦ ਇੱਕ ਪਾਸੇ ਖ਼ੁਸ਼ਾਮਦੀ ਅਤੇ ਚਾਪਲੂਸ ਧਿਰਾਂ ਬਰਤਾਨਵੀ ਹਕੂਮਤ ਪਾਸੋਂ ਵੱਡੇ-ਵੱਡੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

### ਪੰਜਾਬੀ ਸਾਹਿਤ ਇਤਿਹਾਸ ਤੇ ਇਤਿਹਾਸਕਾਰੀ

ਹਰਿਭਜਨ ਸਿੰਘ ਭਾਟੀਆ ਪੰਜਾਬੀ ਸਾਹਿਤ ਵਿੱਚ ਪ੍ਰਬੁੱਧ ਚਿੰਤਕ ਦੇ ਤੌਰ 'ਤੇ ਆਪਣੀ ਪਛਾਣ ਬਣਾ ਚੁੱਕੇ ਨੇ। ਆਲੋਚਨਾ ਦੀ ਅਗਾਂਹ ਆਲੋਚਨਾ ਕਰਨਾ ਜਿਹਨੂੰ ਵਿਦਵਾਨ ਮੈਟਾ ਆਲੋਚਨਾ ਕਹਿੰਦੇ ਨੇ, ਕਰਦਿਆਂ ਉਨ੍ਹਾਂ ਨੂੰ ਕਈ ਦਹਾਕੇ ਹੋ ਗਏ ਨੇ। ਹੱਥਲੀ ਪੁਸਤਕ ਸਾਹਿਤ ਦੀ ਇਤਿਹਾਸਕਾਰੀ ਵਰਗੇ ਮੁੱਦਿਆਂ 'ਤੇ ਸੰਵਾਦ ਰਚਾਉਣ ਵਾਲੀ ਮੁੱਲਵਾਨ ਪੁਸਤਕ ਏ। ਉਨ੍ਹਾਂ ਆਲੋਚਨਾ ਦੇ ਅਨੁਸ਼ਾਸਨ ਵਿੱਚ ਰਹਿ ਕੇ ਸਾਹਿਤ ਦੇ ਇਤਿਹਾਸ ਸਿਰਜਣ ਵਾਲੇ ਵਿਦਵਾਨਾਂ ਦਾ ਅਗਾਂਹ ਆਪਣੀ ਦ੍ਰਿਸ਼ਟੀ ਨਾਲ ਵਿਸ਼ਲੇਸ਼ਣ ਕੀਤਾ ਏ। ਭਾਟੀਆਂ ਹੁਰਾਂ ਦੀ ਏਸ ਲਿਖਤ ਨੂੰ ਪੜ੍ਹਨਾ ਤੇ ਅਗਾਂਹ ਉਸ ਨੂੰ ਸਮਝ ਕੇ ਹਜ਼ਮ ਕਰਨਾ ਅੱਜ ਦੇ ਕਾਹਲ ਵਾਲੇ ਸਮੇਂ ਵਿੱਚ ਮੁਸ਼ਕਲ ਤਾਂ ਹੈ ਪਰ ਇਸ ਨੂੰ ਠਰੰਮੇ ਨਾਲ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ। ਕਿਤਾਬ ਦੇ ਮੁੱਢ ਵਿੱਚ ਉਨ੍ਹਾਂ ਸਾਹਿਤ ਦੀ ਇਤਿਹਾਸਕਾਰੀ ਦੇ ਕੁਝ ਸਿਧਾਂਤਕ ਮੁੱਦੇ ਤਰਕ ਤੇ ਹਵਾਲਿਆਂ ਨਾਲ ਉਭਾਰੇ ਨੇ। ਜੋ ਬਹੁਤ ਗੰਭੀਰਤਾ ਦੀ ਮੰਗ ਕਰਦੇ ਨੇ। ਅਗਾਂਹ ਉਨ੍ਹਾਂ ਬਾਬਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਮੋਹਨ ਸਿੰਘ ਦੀਵਾਨਾ, ਬਨਾਰਸੀ ਦਾਸ ਜੈਨ, ਗੋਪਾਲ ਸਿੰਘ ਦਰਦੀ, ਸੁਰਿੰਦਰ ਸਿੰਘ ਨਰੂਲਾ, ਗਿਆਨੀ ਹੀਰਾ ਸਿੰਘ ਦਰਦ, ਆਈ. ਸੇਰੇਬਰੀਆਕੋਵ, ਸੀਤ ਸਿੰਘ ਸੀਤਲ ਤੇ ਪਿਆਰਾ ਸਿੰਘ ਪਦਮ ਵਰਗੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਕਰਨ ਵਾਲੇ ਵਿਦਵਾਨਾਂ ਦੇ ਕਾਰਜ ਨੂੰ ਤਰਕ ਦੀ ਕਸੌਟੀ 'ਤੇ ਪਰਖਿਆ ਏ। ਭਾਵੇਂ ਕਿ ਡਾ. ਰਾਜ ਕੁਮਾਰ ਹੰਸ ਵਰਗੇ ਵਿਦਵਾਨਾਂ ਇਨ੍ਹਾਂ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਨੂੰ ਸਵਾਲਾਂ ਦੇ ਘੇਰੇ ਵਿੱਚ ਇਹ ਕਹਿ ਕੇ ਲੈਂਦੇ ਆ ਰਹੇ ਨੇ ਇਨ੍ਹਾਂ ਇਤਿਹਾਸਕਾਰਾਂ ਨੇ ਕੁਝ ਦਲਿਤ ਪਿਛੋਕੜ ਵਾਲੇ ਸਾਹਿਤਕਾਰਾਂ ਨੂੰ ਮੂਲੋਂ ਹੀ ਸਾਹਿਤ ਦਾ ਇਤਿਹਾਸ ਲਿਖਦਿਆਂ ਨਜ਼ਰਅੰਦਾਜ਼-ਬੇਦਖ਼ਲ ਕਰ ਦਿੱਤਾ। ਉਹ ਅਗਾਂਹ ਕੁਝ ਨਾਂ ਵੀ ਲੈਂਦੇ ਨੇ ਜਿਵੇਂ ਕਿ ਉਹ ਆਪਣੇ ਅੰਗਰੇਜ਼ੀ ਵਿੱਚ ਲਿਖੇ ਮਜਮੂਨਾਂ ਵਿੱਚ ਕਹਿੰਦੇ ਆ ਰਹੇ ਨੇ ਕਿ ਇਤਿਹਾਸ ਲਿਖਣ ਵਾਲੇ ਵਿਦਵਾਨਾਂ ਨੇ ਸਾਧੂ ਦਾਇਆ ਸਿੰਘ ਆਰਿਫ਼, ਗਿਆਨੀ ਦਿੱਤ ਸਿੰਘ, ਸੰਤ ਵਜੀਦ, 'ਸ੍ਰੀ ਗੁਰ ਕਥਾ' ਵਾਲਾ ਭਾਈ ਜੈਤਾ ਆਦਿ ਆਦਿ।

ਭਾਟੀਆ ਹੁਰਾਂ ਆਪਣੀ ਪੁਸਤਕ ਦੇ ਤਿੰਨ ਖੰਡ ਬਣਾਏ ਹਨ। ਤੀਜਾ ਖੰਡ ਵੀ ਮਹੱਤਵਪੂਰਨ ਮੁੱਦੇ ਉਭਾਰਨ ਵਾਲਾ ਏ ਜਿਸ 'ਚ ਉਨ੍ਹਾਂ ਪੰਜਾਬੀ ਸਾਹਿਤ ਇਤਿਹਾਸਕਾਰੀ ਦੀ ਗਤੀ, ਪ੍ਰਗਤੀ ਅਤੇ ਸਥਿਤੀ ਨੂੰ ਬਿਆਨ ਕੀਤਾ ਏ। ਪੰਜਾਬੀ ਚਿੰਤਨ ਦੀ ਗੰਭੀਰਤਾ ਨਾਲ ਗੱਲ ਕਰਨ ਵਾਲੀ ਏਹੋ ਜਿਹੀ ਪੁਸਤਕ ਕਦੇ ਕਦੇ ਹੀ ਪੜ੍ਹਨ ਨੂੰ ਮਿਲਦੀ ਏ।

**- ਭਗਵੰਤ ਰਸੂਲਪੁਰੀ**

# ਸਮਕਾਲੀ ਪ੍ਰਸਥਿਤੀਆਂ ਨੂੰ ਪੇਸ਼ ਕਰਦਾ ਕਾਵਿ ਪ੍ਰਵਚਨ

## ਸਾਹਿਤ ਚਿੰਤਨ

**ਡਾ. ਮਨਦੀਪ ਕੌਰ**

### ਕੱਕੀਆਂ ਕਣੀਆਂ

(ਕਾਵਿ-ਸੰਗ੍ਰਹਿ)
**ਅੰਜਨਾ ਮੈਨਨ**
**ਪੰਨੇ-160, ਮੁੱਲ-300 ਰੁਪਏ**
**ਸਪਰੈੱਡ ਪਬਲੀਕੇਸ਼ਨ, ਰਾਮਪੁਰ**

'ਤਾਰਿਆਂ ਦਾ ਰੁਮਾਲ' ਅਤੇ 'ਪੈੜਾਂ ਦੇ ਪੈਂਡੇ' ਨਾਮੀ ਪੁਸਤਕਾਂ ਦੀ ਸੰਪਾਦਨਾ ਨਾਲ ਪੰਜਾਬੀ ਸਾਹਿਤ-ਜਗਤ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਵਾਲੀ ਕਵਿਤਰੀ ਅੰਜਨਾ ਮੈਨਨ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਕੱਕੀਆਂ ਕਣੀਆਂ' ਨਾਲ ਪੰਜਾਬੀ ਕਾਵਿ-ਜਗਤ ਵਿੱਚ ਪ੍ਰਵੇਸ਼ ਕਰਦੀ ਹੈ।ਉਹ ਅਹਿਸਾਸ ਦੀ ਕਵਿੱਤਰੀ ਹੈ, ਜੋ ਅਹਿਸਾਸ ਦੀ ਸ਼ਿੱਦਤ ਨੂੰ ਹਰਫ਼ਾਂ ਵਿੱਚ ਢਾਲਣ ਦਾ ਹੁਨਰ ਜਾਣਦੀ ਹੈ।ਅੰਜਨਾ ਮੈਨਨ ਦੀ ਕਵਿਤਾ ਦਾ ਵਿਸ਼ਾ-ਖੇਤਰ ਵਿਸ਼ਾਲ ਹੈ।ਉਹ ਮਨੁੱਖ ਦੇ ਅੰਦਰੂਨੀ ਅਤੇ ਬਾਹਰੀ-ਜਗਤ ਨੂੰ ਸ਼ਿੱਦਤ ਨਾਲ ਮਹਿਸੂਸ ਕਰਦੀ ਹੋਈ ਆਪਣੀ ਕਵਿਤਾ ਵਿੱਚ ਢਾਲਦੀ ਹੈ।ਉਸ ਨੇ ਆਪਣੀ ਕਵਿਤਾ ਵਿੱਚ ਸਮਾਜਿਕ, ਸੱਭਿਆਚਾਰਕ, ਆਰਥਿਕ ਪ੍ਰਸੰਗ ਵਿੱਚ ਆਈਆਂ ਤਬਦੀਲੀਆਂ ਨੂੰ ਸਮਕਾਲੀ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਪੇਸ਼ ਕੀਤਾ ਹੈ।ਜ਼ਿੰਦਗੀ ਦੇ ਯਥਾਰਥ ਨੂੰ ਕਲਾਤਮਿਕ ਅੰਦਾਜ਼ ਵਿੱਚ ਪੇਸ਼ ਕਰਦਿਆਂ ਉਹ ਸਮਾਜ ਦੇ ਵਿਭਿੰਨ ਸਰੋਕਾਰਾਂ ਦੀ ਗੱਲ ਕਰਦੀ ਹੋਈ ਮਾਨਵਵਾਦੀ ਸੋਚ ਦਾ ਪ੍ਰਗਟਾਵਾ ਕਰਦੀ ਹੈ।ਪਿੱਤਰ ਸੱਤਾ ਦੇ ਮੁੱਲਾਂ ਦੀ ਜਕੜ ਨੂੰ ਪਹਿਚਾਣਦੀ ਹੈ, ਜੋ ਔਰਤ ਦੇ ਵਿਕਾਸ ਵਿਚਲੇ ਰਾਹਾਂ ਵਿੱਚ ਰੁਕਾਵਟ ਬਣਦੇ ਹਨ। ਉਸ ਦੀ ਕਵਿਤਾ ਮਰਦਾਵੀਂ ਸੱਤਾ ਦੁਆਰਾ ਪੈਦਾ ਕੀਤੇ ਰਸਮ-ਰਿਵਾਜ ਉੱਪਰ ਵਿਅੰਗ ਕੱਸਦੀ ਹੋਈ ਮਰਦ ਦੇ ਦੋਗਲੇ ਵਿਵਹਾਰ ਪਿੱਛੇ ਛੁਪੀ ਅਸਲੀਅਤ ਨੂੰ ਉਜਾਗਰ ਕਰਦੀ ਹੈ।

ਉਸ ਦੀ ਕਵਿਤਾ ਵਿਚਲਾ ਨਾਰੀ ਸਰੂਪ ਅਜੋਕੇ ਸਮੇਂ ਦੀ ਚੇਤਨਾ ਦੀ ਅਨੁਸਾਰੀ ਅਤੇ ਸਮਰੱਥ ਨਾਰੀ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ, ਜੋ ਕਿ ਆਪਣੇ ਨਿੱਜ ਪ੍ਰਤੀ ਭਾਵੁਕ ਅਤੇ ਸੰਵੇਦਨਾਤਮਿਕ ਤੌਰ 'ਤੇ ਸੰਬੰਧਤ ਹੁੰਦੇ ਹੋਇਆਂ ਵੀ ਆਪਣੇ ਆਲੇ-ਦੁਆਲੇ ਦੇ ਸਮਾਜਿਕ ਪ੍ਰਬੰਧ ਤੋਂ ਭਲੀਭਾਂਤ ਜਾਣੂ ਹੈ।ਅੰਜਨਾ ਮੈਨਨ ਦੀ ਕਵਿਤਾ ਵਿੱਚ ਨਾਰੀ ਦਾ ਦਬਵਾਂ, ਘੁੱਟਵਾਂ, ਹਾਸ਼ੀਏ 'ਤੇ ਵਿਚਰਨ ਵਾਲਾ ਸਰੂਪ ਖੰਡਿਤ ਹੋ ਕੇ ਸ਼ਕਤੀਸ਼ਾਲੀ ਨਾਰੀ, ਦਲੇਰ ਨਾਰੀ ਦਾ ਸਰੂਪ ਪ੍ਰਸਤੁਤ ਹੁੰਦਾ ਹੈ।

ਅੰਜਨਾ ਮੈਨਨ ਮਨੁੱਖੀ ਸੰਵੇਦਨਾ ਦੀ ਕਵਿੱਤਰੀ ਹੈ।ਉਸ ਦੇ ਕਾਵਿ ਵਿਚਲੇ ਮੂਲ ਸਰੋਕਾਰ ਸੰਜੀਦਗੀ ਅਤੇ ਵਿਅੰਗ ਨਾਲ ਪੇਸ਼ ਹੋਏ ਹਨ।ਉਸ ਦੀ ਕਵਿਤਾ ਖ਼ਿਆਲ ਪੱਖੋਂ ਪੁਖ਼ਤਾ ਅਤੇ ਪੇਸ਼ਕਾਰੀ ਪੱਖੋਂ ਸਾਦਗੀ, ਸਪੱਸ਼ਟਤਾ, ਸਹਿਜਤਾ ਅਤੇ ਸਰਲਤਾ ਦੀ ਧਾਰਨੀ ਹੈ।ਉਹ ਆਪਣੀ ਗੱਲ ਨੂੰ ਵਿਸ਼ੇ ਮੁਤਾਬਿਕ ਕਹਿਣ ਦਾ ਹੁਨਰ ਰੱਖਦੀ ਹੈ।ਉਸ ਨੇ ਬੜੇ ਹੀ ਸਹਿਜ ਤਰੀਕੇ ਨਾਲ ਇੱਕ ਔਰਤ ਦੇ ਸੰਘਰਸ਼, ਉਸ ਦੀਆਂ ਤ੍ਰਾਸਦੀਆਂ, ਉਸ ਦੇ ਦਰਦ, ਉਸ ਦੇ ਮਨੋਭਾਵਾਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਬਿਆਨ ਕੀਤਾ ਹੈ।ਨਾਰੀ ਦੇ ਸਮਾਜਿਕ, ਸੱਭਿਆਚਾਰਕ ਸਰੋਕਾਰ, ਰਿਸ਼ਤਿਆਂ ਦਾ ਵਿਗਠਨ ਅਤੇ ਆਧੁਨਿਕ ਸੰਵੇਦਨਾ ਨੂੰ ਆਪਣੀ ਸ਼ਾਇਰੀ ਰਾਹੀਂ ਸੂਖਮ ਅਤੇ ਸੁਹਜਮਈ ਢੰਗ ਨਾਲ ਅਭੀਵਿਅਕਤ ਕਰਦੀ ਹੈ।




ਮਾਨਵੀ ਰਿਸ਼ਤਿਆਂ ਦਾ ਵਿਗਠਨ ਅਜੋਕੇ ਦੌਰ ਦਾ ਪ੍ਰਮੁੱਖ ਮਸਲਾ ਹੈ।ਮਾਨਵੀ ਰਿਸ਼ਤਿਆਂ ਵਿਚਲਾ ਨਿੱਘ ਅਤੇ ਅਪਣੱਤ ਘਟਦੇ ਜਾ ਰਹੇ ਹਨ।ਸਮੂਹਵਾਦ ਦੀ ਥਾਂ ਵਿਅਕਤੀਵਾਦ ਨੇ ਲੈ ਲਈ ਹੈ।ਕਵਿਤਰੀ ਨੇ ਆਪਣੀ ਕਵਿਤਾ ਰਾਹੀਂ ਪਰਵਾਰਕ ਰਿਸ਼ਤਿਆਂ ਵਿੱਚੋਂ ਮਾਂ-ਧੀ, ਭੈਣ-ਭਰਾ, ਪਤੀ-ਪਤਨੀ ਅਤੇ ਬਾਬਲ-ਧੀ ਦੇ ਰਿਸ਼ਤੇ ਨੂੰ ਬਾਖ਼ੂਬੀ ਚਿਤਰਿਆ ਹੈ। 'ਰਿਸ਼ਤਿਆਂ ਦੀ ਤ੍ਰਾਸਦੀ' ਨਾਮੀ ਕਵਿਤਾ ਵਿੱਚ ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਸ਼ਿੱਦਤ ਨਾਲ ਮਹਿਸੂਸ ਕਰਦੀ ਹੋਈ ਲਿਖਦੀ ਹੈ :

ਉਸ ਦੀ ਕਵਿਤਾ ਸੁਹਜ-ਭਰਪੂਰ ਹੈ। ਚੇਤਨਾ-ਪ੍ਰਗਟਾਵੇ ਦੇ ਮੁਕਾਬਲੇ ਉੱਤੇ ਪੰਜਾਬੀ ਨਾਰੀ-ਕਾਵਿ ਆਪਣੀਆਂ ਪ੍ਰਾਪਤੀਆਂ ਅਤੇ ਸੰਭਾਵਨਾਵਾਂ ਕਾਰਨ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣ ਚੁੱਕਾ ਹੈ, ਜਿਸ ਵਿੱਚ ਵਿਚਾਰਾਂ ਦੀ ਪੁਖ਼ਤਗੀ, ਭਾਵਾਂ ਦੀ ਅਨੁਭੂਤੀ ਅਤੇ ਕਾਵਿਕ-ਸੰਵੇਦਨਾ ਨਾਲ ਓਤਪੋਤ ਕਵਿਤਾ ਵਰਗੀ ਸਿਨਫ਼ ਰਚੀ ਜਾ ਰਹੀ ਹੈ। ਅੱਜ ਕਿਸੇ ਵੀ ਖੇਤਰ 'ਤੇ ਪੁੱਜੀਆਂ ਔਰਤਾਂ ਆਪਣੀ ਹਰ ਪ੍ਰਾਪਤੀ ਨੂੰ ਇਕ ਸੰਪੂਰਨ ਮਾਨਵੀ ਹੋਂਦ ਵਜੋਂ ਸਵੀਕਾਰ ਕਰਨਾ ਚਾਹੁੰਦੀਆਂ ਹਨ। ਅੱਜ ਦਾ ਸਮਾਂ ਹਰ ਤਰ੍ਹਾਂ ਦੀਆਂ ਹੱਦਬੰਦੀਆਂ ਤੋਂ ਮੁਕਤੀ ਦਾ ਸਮਾਂ ਹੈ, ਕਿਉਂਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਸੰਚਾਰ, ਸੰਵਾਦ ਅਤੇ ਸਿਰਜਣਾ ਲਈ ਸਮੁੱਚੇ ਵਿਸ਼ਵ ਨੂੰ ਇੱਕੋ ਵਿਚਾਰ ਪੱਧਰ 'ਤੇ ਲਿਆ ਖੜ੍ਹਾ ਕੀਤਾ ਹੈ।

ਮਰਦ-ਪੱਖੀ ਸਮਾਜਿਕ, ਸੱਭਿਆਚਾਰਕ ਪ੍ਰਬੰਧ ਵਿੱਚ ਘਰ, ਵਿਆਹ, ਪਰਵਾਰ ਆਦਿ ਸਮਾਜਿਕ ਸੰਸਥਾਵਾਂ ਅਤੇ ਮਰਿਆਦਾਵਾਂ ਔਰਤ ਦੇ ਲਈ ਪਿੰਜਰਾ ਬਣ ਕੇ ਰਹਿ ਜਾਂਦੇ ਹਨ।ਸਥਿਤੀ ਦੀ ਵਿਡੰਬਨਾ ਇਹ ਹੈ ਕਿ ਉਹ ਪਰਾਂ ਦੇ ਹੁੰਦਿਆਂ ਹੋਇਆਂ ਵੀ ਪਰਵਾਜ਼ ਭਰਨ ਤੋਂ ਅਸਮਰੱਥ ਹੈ।ਕਵਿੱਤਰੀ ਅਜੋਕੇ ਪੂੰਜੀਵਾਦੀ ਦੌਰ ਵਿੱਚ ਰਿਸ਼ਤਿਆਂ ਦੇ ਬਦਲ ਰਹੇ ਸਮੀਕਰਨ ਨੂੰ 'ਚੁੰਨੀ', 'ਮੇਰੇ ਦੇਸ਼ ਦੀਆਂ ਔਰਤਾਂ', 'ਨਿੱਕੀ ਜਿਹੀ ਕੁੜੀ', 'ਅਸੀਂ ਕੁੜੀਆਂ' ਅਤੇ 'ਮਾਂ ਨੀ ਮਾਂ' ਨਾਮੀ ਕਵਿਤਾਵਾਂ ਵਿੱਚ ਡੂੰਘੀਆਂ ਕਾਵਿ-ਤਨਜ਼ਾਂ ਰਾਹੀਂ ਪ੍ਰਗਟਾਉਂਦੀ ਹੈ।

ਕਿਸੇ ਕਾਵਿ ਦੀ ਅਸਲੀ ਖ਼ੂਬਸੂਰਤੀ ਅਤੇ ਸੁਹਜ ਇਸ ਵਿਚਲੀ ਵਿਸ਼ਵ-ਦ੍ਰਿਸ਼ਟੀ ਅਤੇ ਇਸ ਦੀ ਸੁਚੱਜੀ ਅਭਿਵਿਅਕਤੀ 'ਤੇ ਨਿਰਭਰ ਕਰਦੀ ਹੈ। ਸਾਹਿਤਕਾਰ ਦਾ ਸਿਰਜਣਾਤਮਿਕ ਅਮਲ ਉਸ ਦੀ ਵਿਚਾਰਧਾਰਕ ਪਹੁੰਚ ਨੂੰ ਸੁਹਜਾਤਮਿਕ ਪੱਧਰ 'ਤੇ ਪਾਠਕ/ਸਰੋਤਾ ਵਰਗ ਤੱਕ ਸੰਚਾਰਿਤ ਕਰਨ ਦਾ ਮਾਧਿਅਮ ਬਣਦਾ ਹੈ।ਲੇਖਕ ਦਾ ਦ੍ਰਿਸ਼ਟੀਕੋਣ ਉਸ ਦੀ ਨਿੱਜ ਤੋਂ ਪਰ ਵੱਲ ਦੀ ਯਾਤਰਾ, ਪ੍ਰਕਿਰਤੀ ਅਤੇ ਸਮਾਜ ਬਾਰੇ ਉਸ ਦੇ ਵਿਚਾਰਾਂ ਦਾ ਸੁਮੇਲ ਹੁੰਦਾ ਹੈ।

ਪੂੰਜੀਪਤੀ ਵਰਗ ਵੱਲੋਂ ਜਿਸ ਤੇਜ਼ੀ ਨਾਲ ਨਾਰੀ ਨੂੰ ਭੋਗ ਦੀ ਵਸਤੂ ਅਤੇ ਖ਼ਪਤ ਸੱਭਿਆਚਾਰ ਦਾ ਅਟੁੱਟ ਅੰਗ ਬਣਾਇਆ ਜਾ ਰਿਹਾ ਹੈ, ਇਸ ਨਾਲ ਉਸ ਦੀ 'ਸਵੈ ਹੋਂਦ' ਵਾਲੀ ਧਾਰਨਾ ਖਿੰਡ-ਪੁੰਡ ਰਹੀ ਹੈ ਅਤੇ ਉਹ ਸਮਾਜਿਕ, ਸੱਭਿਆਚਾਰਕ ਦਾਇਰਿਆਂ ਵਿੱਚੋਂ ਨਿਕਲ ਕੇ ਅਲਗਾਓ ਦੀ ਸ਼ਿਕਾਰ ਹੋ ਰਹੀ ਹੈ।ਕਵਿੱਤਰੀ ਨੇ ਜਿੱਥੇ ਆਪਣੀਆਂ ਨਿਰੋਲ ਵਿਅਕਤੀਗਤ ਭਾਵਨਾਵਾਂ ਨੂੰ ਕਾਵਿ-ਅਭਿਵਿਅਕਤੀ ਪ੍ਰਦਾਨ ਕੀਤੀ ਹੈ, ਉੱਥੇ ਨਾਰੀ ਹੋਂਦ ਦੇ ਮਸਲਿਆਂ ਦੇ ਨਾਲ-ਨਾਲ ਸਮਾਜਿਕ ਸਰੋਕਾਰ ਨਾਲ ਸੰਬੰਧਤ ਭਾਵਾਂ ਨੂੰ ਵੀ ਜ਼ੁਬਾਨ ਦਿੱਤੀ ਹੈ।

'ਕੱਕੀਆਂ ਕਣੀਆਂ' ਵਿੱਚ ਪੇਸ਼ ਨਾਰੀ ਸਾਧਾਰਨ ਮਨੁੱਖ ਹੋਣਾ ਲੋਚਦੀ ਹੈ।ਕਵਿੱਤਰੀ ਭਲੀ-ਭਾਂਤ ਵਾਕਿਫ਼ ਹੈ ਕਿ ਅਜੋਕੀ ਨਾਰੀ ਸਮਕਾਲੀ ਪ੍ਰਸਥਿਤੀਆਂ ਵਿੱਚ ਪਿਸ ਰਹੀ ਹੈ।ਸਮਾਜ ਵਿੱਚ ਦੂਜੈਲੇ ਸਥਾਨ ਦੀ ਧਾਰਨੀ ਹੋਣ ਕਰਕੇ ਉਹ ਕਿਤੇ ਨਾ ਕਿਤੇ ਆਪਣੇ-ਆਪ ਨੂੰ ਨਿਗੂਣਾ ਮਹਿਸੂਸ ਕਰਦੀ ਹੈ।ਉਸ ਦਾ ਅਸਤਿੱਤਵ ਆਪਣੀ ਹੋਂਦ ਨੂੰ ਬਚਾਉਣ ਲਈ ਪ੍ਰਤਿਰੋਧ ਸਿਰਜਦਾ ਹੈ।ਇਹ ਪ੍ਰਤਿਰੋਧ ਵਿੱਚ 'ਮੈਂ' ਮੂਲਕ ਪੇਸ਼ਕਾਰੀ ਰਾਹੀਂ ਦ੍ਰਿਸ਼ਟੀਗੋਚਰ ਹੁੰਦਾ ਹੈ।ਇਹ 'ਮੈਂ' ਆਪਣੇ-ਆਪ ਦੀ ਪੜਚੋਲ ਕਰਦੀ ਹੈ।ਸਵੈ ਦੀ ਪੜਚੋਲ ਮਨੁੱਖ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ।

ਮਨੁੱਖਤਾ ਸਭ ਤੋਂ ਵੱਡਾ ਧਰਮ ਹੈ।ਧਰਮ ਵਿੱਚ ਰਾਜਨੀਤੀ ਦੇ ਦਖ਼ਲ ਨੇ ਧਰਮ ਦੇ ਅਰਥ ਸੰਕੁਚਿਤ ਕਰ ਦਿੱਤੇ ਹਨ।ਧਰਮ ਮਨੁੱਖ ਨੂੰ ਨੈਤਿਕ ਜੀਵਨ-ਜਾਚ ਸਿਖਾਉਂਦਾ ਹੈ, ਪਰ ਧਰਮ ਵਿੱਚ ਜਦ ਕੱਟੜਤਾ ਆ ਜਾਵੇ ਤਾਂ ਇਹ ਸਮਾਜ ਨੂੰ ਵਿਨਾਸ਼ ਵੱਲ ਲੈ ਜਾਂਦੀ ਹੈ।ਧਾਰਮਿਕ ਕੱਟੜਤਾ ਦੇ ਧਾਰਨੀ ਅਤੇ ਫ਼ਿਰਕਾਪ੍ਰਸਤ ਲੋਕ ਸਮਾਜ ਵਿੱਚ ਦਹਿਸ਼ਤਗਰਦੀ ਅਤੇ ਕਤਲੋਗਾਰਤ ਫੈਲਾਉਂਦੇ ਹਨ, ਜਿਸ ਨਾਲ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਵੀ ਪ੍ਰਭਾਵਿਤ ਹੁੰਦੀਆਂ ਹਨ।ਧਰਮ ਦੇ ਅਖਾਉਤੀ ਆਗੂ ਧਰਮ ਨੂੰ ਹਥਿਆਰ ਬਣਾ ਕੇ ਲੋਕਾਂ ਅੰਦਰ ਨਫ਼ਰਤ ਦੇ ਬੀਜ ਬੀਜਦੇ ਹਨ।ਜਨ-ਸਾਧਾਰਨ ਨੂੰ ਗੁੰਮਰਾਹ ਕਰਕੇ ਉਹਨਾਂ ਦਾ ਸ਼ੋਸ਼ਣ ਕਰਦੇ ਹਨ।ਸਿਆਸਤਦਾਨ ਧਰਮ ਨੂੰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਹਥਿਆਰ ਵਜੋਂ ਅਪਣਾਉਂਦਿਆਂ ਜਨ-ਸਾਧਾਰਨ 'ਤੇ ਲੰਮੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸੱਜਰਾ ਸਾਹਿਤ

### ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰਕ ਵਿਰਸਾ




**ਡਾ. ਸੁਰਿੰਦਰ ਸਿੰਘ ਕੈਥਲ**
**ਸਫੇ : 162, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਡਾ. ਸੁਰਿੰਦਰ ਸਿੰਘ ਕੈਥਲ ਪੰਜਾਬੀ ਸੱਭਿਆਚਾਰ ਤੇ ਲੋਕਧਾਰਾ ਦੇ ਗੰਭੀਰ ਚਿੰਤਕ ਹਨ। ਇਹ ਖੋਜ ਪੁਸਤਕ ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰਕ ਵਿਰਸਾ ਲੋਕਧਾਰਾ ਦੇ ਵੱਖ ਵੱਖ ਖੇਤਰਾਂ, ਰੂਪਾਂ, ਧਾਰਨਾਵਾਂ, ਲੋਕ ਵਿਸ਼ਵਾਸਾਂ ਤੇ ਮਾਨਤਵਾਂ ਦੀ ਡੂੰਘੀ ਸਿਧਾਂਤਕ ਜਾਣਕਾਰੀ ਦਿੰਦੀ ਹੈ। ਇਹ ਪੁਸਤਕ ਨਾਲੋਂ ਨਾਲ ਇਤਿਹਾਸਕ ਪਿੱਠ ਭੂਮੀ ਦੇ ਪ੍ਰਸੰਗ ਵਿੱਚ ਨਵੇਂ ਤੱਥਾਂ ਨੂੰ ਵੀ ਪਾਠਕਾਂ ਦੇ ਰੂਬਰੂ ਕਰਦੀ ਹੈ।

**-ਪ੍ਰੋ. (ਡਾ.) ਇੰਦਰਪ੍ਰੀਤ ਕੌਰ**

### ਬੋਲ ਰਸੀਲੇ

(ਗੀਤ-ਸੰਗ੍ਰਹਿ)
**ਧਿਆਨ ਸਿੰਘ ਕਾਹਲੋਂ**
**ਸਫੇ : 152, ਮੁੱਲ ; 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਨਸ਼ੇ, ਲਾਲਸ਼ਾਵਾਂ, ਰਿਸ਼ਤਿਆਂ ਦੀ ਟੁੱਟ-ਭੱਜ ਵਰਗੇ ਵਿਸ਼ਿਆਂ ਨੂੰ ਛੂਹਦਿਆਂ ਗੀਤਕਾਰ ਫਿਕਰਮੰਦ ਨਜ਼ਰ ਆਇਆ ਹੈ। ਇਸ ਕਿਤਾਬ ਵਿੱਚ ਦਰਜ ਲੇਖਕ ਕਾਹਲੋਂ ਦੀ ਕਲਮ 'ਚੋਂ ਨਿਕਲੇ ਗੀਤ 'ਮਾਂ ਗੁੱਜਰੀ' ਤੇ 'ਸੀਸ 'ਤੇ ਆਰਾ' ਵਰਗੇ ਗੀਤ ਕੁਰਬਾਨੀ ਦੀ ਇਬਾਰਤ ਸੁਣਾਉਂਦੇ ਵੀ ਨਜ਼ਰ ਆਉਂਦੇ ਹਨ। 'ਦੁਨੀਆ ਬਦਲ ਗਈ' ਵਰਗਾ ਗੀਤ ਤੇ 'ਗੱਲ ਸੁਣ ਮਨਾ ਮੂਰਖਾ' ਵਰਗੇ ਦਰਜਨਾਂ ਗੀਤ ਪਾਠਕਾਂ ਤੇ ਸਰੋਤਿਆਂ ਨੂੰ ਕਾਫ਼ੀ ਗੰਭੀਰਤਾ ਨਾਲ ਸੋਚਣ ਲਈ ਮਜ਼ਬੂਰ ਕਰਦੇ ਹਨ।

**-ਦੀਪਕ ਸ਼ਰਮਾ ਚਨਾਰਥਲ**

### ਗੱਲ ਤਾਂ ਚਲਦੀ ਰਹੇ





(ਕਾਵਿ ਚਰਚਾ)
**ਸੁਰਜੀਤ ਸਖੀ**
**ਸਫੇ : 230, ਮੁੱਲ : 395 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਇਸ ਹਥਲੀ ਪੁਸਤਕ ਵਿੱਚ ਚੋਣਵੇਂ ਸਮਕਾਲੀ ਕਾਵਿ-ਜਨਾ ਦੇ ਕਾਵਿ-ਸਾਗਰਾਂ ਵਿੱਚੋਂ ਸੁੱਚੇ-ਮੋਤੀ ਭਾਲਣ ਦਾ ਯਤਨ ਕੀਤਾ ਗਿਆ ਹੈ। ਮੋਤੀਆਂ ਦੇ ਰੰਗ, ਗੁਣ ਆਪੋ-ਆਪਣੇ ਹੋ ਸਕਦੇ ਹਨ, ਪਰ ਯਤਨ ਇੱਕੋ ਜਿਹਾ ਹੈ ਅਤੇ ਇਸ ਦੀ ਸਫ਼ਲਤਾ-ਅਸਫ਼ਲਤਾ ਪਾਠਕ ਹੀ ਨਿਰਧਾਰਤ ਕਰਨਗੇ।

**-ਸੁਰਜੀਤ ਸਖੀ**

### ਸਿੱਖੀ ਦੀ ਮਹਿਕ

(ਕਾਵਿ ਸੰਗ੍ਰਹਿ)
**ਅਵਤਾਰ ਸਿੰਘ ਤੂਫ਼ਾਨ**
**ਸਫੇ : 128, ਮੁੱਲ : 200 ਰੁਪਏ**
**ਸਪੀਕਰ ਪਬਲੀਕੇਸ਼ਨਜ਼, ਲੁਧਿਆਣਾ**




ਇਸ ਪੁਸਤਕ ਵਿਚਲੀਆਂ ਕਵਿਤਾਵਾਂ ਜਿੱਥੇ ਪੰਥਕ ਜਜ਼ਬੇ ਨਾਲ ਲਬਰੇਜ਼ ਹਨ ਉਥੇ ਇਤਿਹਾਸ ਨਾਲ ਵੀ ਰੂ-ਬ-ਰੂ ਕਰਵਾਉਂਦੀਆਂ ਹਨ। ਜਿਆਦਾ ਕਵਿਤਾਵਾਂ ਬੈਂਤ ਛੰਦ ਵਿੱਚ ਹਨ। ਇੱਕ ਦੋ ਵਾਰਾਂ ਵੀ ਹਨ ਅਤੇ ਪੰਜ ਸੱਤ ਛੋਟੀਆਂ ਬਹਿਰ ਵਾਲੀਆਂ ਕਵਿਤਾਵਾਂ ਵੀ ਹਨ। ਹਰ ਕਵਿਤਾ ਦੇ ਵਿਸ਼ੇ ਨੂੰ ਸ਼ੁਰੂ ਤੋਂ ਆਖਰੀ ਤੱਕ ਬਾਖ਼ੂਬੀ ਨਾਲ ਨਿਭਾਇਆ ਹੈ।


**- ਡਾ. ਹਰੀ ਸਿੰਘ ਜਾਚਕ**

# ਪੁਸਤਕ ਰੀਵਿਊ

### ਆਈਸ਼ਾ ਕਰੋ

**ਸੁਰਿੰਦਰਜੀਤ ਸਿੰਘ ਸੰਧੂ**
**ਪੰਨੇ : 102, ਮੁੱਲ : 200 ਰੁਪਏ**
**ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ**

ਵਿਅੰਗਆਤਮਕ ਕਹਾਣੀ ਸੰਗ੍ਰਹਿ 'ਆਈਸ਼ਾ ਕਰੋ' ਸੁਰਿੰਦਰਜੀਤ ਸਿੰਘ ਸੰਧੂ ਰਚਿਤ ਕਹਾਣੀ ਸੰਗ੍ਰਹਿ 'ਆਈਸ਼ਾ ਕਰੋ' ਵਿੱਚ ਦਿਲਚਸਪ ਕਹਾਣੀਆਂ ਹਨ। ਇਸ ਕਹਾਣੀ ਸੰਗ੍ਰਹਿ ਵਿੱਚ ਜ਼ਿਆਦਾਤਰ ਕਹਾਣੀਆਂ ਸਰਕਾਰੀ ਤੰਤਰ ਨਾਲ ਸੰਬੰਧਤ ਹਨ, ਜਿਨ੍ਹਾਂ ਵਿੱਚ ਇਹ ਚਿਤਰਤ ਕੀਤਾ ਗਿਆ ਹੈ ਕਿ ਸਰਕਾਰੀ ਤੰਤਰ ਕਿਸ ਤਰ੍ਹਾਂ ਅਫ਼ਸਰਾਂ ਦੇ ਅਧੀਨ ਸਿਸਟਮ ਚੱਲਦਾ ਹੈ, ਜਿਸ ਵਿੱਚ ਬੇਈਮਾਨੀ, ਰਿਸ਼ਵਤਖੋਰੀ ਅਤੇ ਚਾਪਲੂਸੀ ਹੀ ਸਭ ਤੋਂ ਉਪਰ ਮੰਨੀ ਜਾਂਦੀ ਹੈ। ਕਹਾਣੀਆਂ ਵਿੱਚ ਗੱਲ ਬੜੇ ਵਿਅੰਗਆਤਮਕ ਤਰੀਕੇ ਨਾਲ ਕੀਤੀ ਗਈ। ਛੋਟੀਆਂ-ਛੋਟੀਆਂ ਪ੍ਰਤੀਕਾਂ ਰਾਹੀਂ ਲੇਖਕ ਨੇ ਆਪਣੀਆਂ ਕਹਾਣੀਆਂ ਵਿੱਚ ਬਹੁਤ ਸਾਰੀਆਂ ਡੂੰਘੀਆਂ ਗੱਲਾਂ ਕਹਿ ਦਿੱਤੀਆਂ ਹਨ। ਇਸ ਢੰਗ ਨਾਲ਼ ਗੁੱਝੇ ਪ੍ਰਤੀਕ ਇਹਨਾਂ ਕਹਾਣੀਆਂ ਵਿੱਚ ਵਰਤ ਕੇ ਅਸਲ ਵਿੱਚ ਲੇਖਕ ਨੇ ਕੁੱਜੇ ਵਿੱਚ ਸਮੁੰਦਰ ਬੰਦ ਕੀਤਾ ਹੈ। ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦਾ ਬਿਰਤਾਂਤ ਸੰਖੇਪ ਰੂਪ ਵਿੱਚ ਹੈ। ਕਹਾਣੀ 'ਵੱਡਿਆਂ ਨਾਲ ਪੰਗਾ ਨਹੀਂ ਲਈਦਾ' ਆਮ ਨਾਗਰਿਕ ਬਨਾਮ ਪੁਲਸ ਪ੍ਰਸ਼ਾਸਨ ਦੇ ਪੱਖਾਂ ਨੂੰ ਪੇਸ਼ ਕਰਦੀ ਕਹਾਣੀ ਹੈ, ਜਿਸ ਵਿੱਚ ਸਿਆਸੀ ਦਬਾਅ ਕਰਕੇ ਪੁਲਸ ਉਹਨਾਂ ਬੰਦਿਆਂ ਦਾ ਪੱਖ ਪੂਰਦੀ ਹੈ, ਜੋ ਭਾਵੇਂ ਕੰਮ ਗ਼ਲਤ ਕਰਦੇ ਹਨ, ਪਰ ਅਸਰ-ਰਸੂਖ਼ ਵੱਧ ਹੋਣ ਕਾਰਨ ਗ਼ਲਤ ਨੂੰ ਸਹੀ ਕਰ ਲੈਂਦੇ ਹਨ। ਕਹਾਣੀ ਦੇ ਸਿਖਰ 'ਤੇ ਪੁੱਜਦਿਆਂ ਪਾਤਰ ਦੇਸਾ ਸਿੰਘ ਦੀ ਸਹਿਣ ਸ਼ਕਤੀ ਖ਼ਤਮ ਹੁੰਦੀ ਹੈ ਅਤੇ ਉਹ ਆਪਣੀ ਅਣਖ ਨਾਲ ਬਦਲਾ ਲੈਂਦਾ ਹੈ। 'ਘੁੱਦੀ' ਕਹਾਣੀ ਦੇਸ਼ ਵੰਡ ਦੀ ਭਿਆਨਕਤਾ ਨੂੰ ਬਿਆਨ ਕਰਦੀ ਹੈ। ਇਸ ਤੋਂ ਇਲਾਵਾ ਸਾਲਾ! ਕੁੱਤੇ ਦਾ ਪੁੱਤ, ਪ੍ਰਸ਼ਾਦ ਵੀ ਕਰਾ ਦਿੱਤਾ ਸਰ, ਆਈਸ਼ਾ ਕਰੋ, ਵਿਦਾਇਗੀ ਖਾਣਾ, ਫੇਅਰਵੈਲ ਪਾਰਟੀ ਤਾਂ ਫਜ਼ੂਲ ਚੀਜ਼ ਐ, ਚੋਣੇ ਕੀ ਇਸ ਵਾਰ ਕੋਈ ਸਮੱਸਿਆ ਨਹੀਂ ਹੋਗੀ, ਇੰਜ ਤਾਂ ਭੁੱਖੇ ਮਰ ਜਾਵਾਂਗੇ ਕਹਾਣੀਆਂ ਵਿੱਚ ਵੀ ਸਰਕਾਰੀ ਪ੍ਰਸ਼ਾਸਨਿਕ ਅਮਲੇ ਦੀਆਂ ਕੋਝੀਆਂ ਹਰਕਤਾਂ ਨੂੰ ਬਾਖੂਬੀ ਉਜਾਗਰ ਕੀਤਾ ਗਿਆ ਹੈ ਅਤੇ ਲੋਕ ਹਿੱਤਾਂ ਦੇ ਉਲਟ ਹੋਣ ਕਾਰਨ ਕਈ ਗਤੀਵਿਧੀਆਂ ਪਾਠਕਾਂ ਦੇ ਮਨ ਨੂੰ ਖੱਟਾ ਵੀ ਕਰਦੀਆਂ ਹਨ। ਕਹਾਣੀ ਸੰਗ੍ਰਹਿ ਦਾ ਸਿਰਲੇਖ ਵੀ ਇਸ ਸਾਰੇ ਸਿਸਟਮ 'ਤੇ ਵਿਅੰਗ ਕਰਦਾ ਹੈ। ਇਸੇ ਸਿਰਲੇਖ ਦੀ ਇਕ ਕਹਾਣੀ ਸੰਗ੍ਰਹਿ ਵਿੱਚ ਇਸ ਸੰਗ੍ਰਹਿ ਵਿੱਚ ਸ਼ਾਮਿਲ ਹੈ। ਕਹਾਣੀ ਵਿੱਚ ਇੱਕ ਉੱਚ ਅਫਸਰ ਜਿਸ ਦਾ ਭਾਸ਼ਾ ਉਚਾਰਨ ਸਹੀ ਨਹੀਂ ਹੈ। ਉਂਵ ਉਹ ਸਰਵਉੱਚ ਅਹੁਦੇ ਉੱਪਰ ਸੇਵਾਵਾਂ ਦੇ ਰਿਹਾ ਹੈ, ਪਰ ਕਈ ਹੁਕਮ ਦੇਣ ਸਮੇਂ ਐਸਾ ਕਰੋ ਨੂੰ ਆਈਸ਼ਾ ਕਰੋ ਉਚਾਰਦਾ ਹੈ। ਉਸ ਦਾ ਅਜਿਹਾ ਉਚਾਰਨ ਵੀ ਸਾਡੇ ਸਿਸਟਮ ਉੱਪਰ ਵੱਡਾ ਸਵਾਲੀਆ ਨਿਸ਼ਾਨ ਲਗਾਉਂਦਾ ਹੈ ਕਿ ਸਾਡੇ ਪ੍ਰਸ਼ਾਸਨਿਕ ਉੱਚ ਅਧਿਕਾਰੀ ਵੀ ਭਾਸ਼ਾ ਦੇ ਸਹੀ ਉਚਾਰਣ ਅਤੇ ਜਾਣਕਾਰੀ ਤੋਂ ਅਣਜਾਣ ਹਨ। ਭਾਸ਼ਾ ਸਰਲ ਅਤੇ ਜਲਦ ਸਮਝ ਵਿੱਚ ਆਉਣ ਵਾਲੀ ਹੈ। ਲੋੜ ਅਨੁਸਾਰ ਹੋਰ ਭਾਸ਼ਾਵਾਂ ਦੇ ਸ਼ਬਦ ਵੀ ਵਰਤੇ ਗਏ ਹਨ। ਕਹਾਣੀਆਂ ਵਿੱਚ ਵਿਅੰਗਾਤਮਕ ਸ਼ੈਲੀ ਦੀ ਵਰਤੋਂ ਵੱਧ ਕੀਤੀ ਗਈ ਹੈ। ਬਿਆਨੀਆ, ਸੰਵਾਦ ਸ਼ੈਲੀ ਦੀ ਲੋੜ ਅਨੁਸਾਰ ਵਰਤੋਂ ਕਹਾਣੀਆਂ ਨੂੰ ਹੋਰ ਸੁੰਦਰ ਬਣਾਉਂਦੀ ਹੈ। ਆਸ ਹੈ ਪਾਠਕਾਂ ਵੱਲੋਂ ਇਹਨਾਂ ਕਹਾਣੀਆਂ ਦਾ ਭਰਪੂਰ ਸਵਾਗਤ ਕੀਤਾ ਜਾਵੇਗਾ।




**— ਹਰਵਿੰਦਰ ਸਿੰਘ ਗਰੇਵਾਲ**

### ਸ਼ਮਸ਼ਾਨ ਘਾਟ ਸੌਂ ਗਿਆ

**ਹਰਦੀਪ ਕੌਰ**
**ਪੰਨੇ : 100, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਕਿੱਤੇ ਵਜੋਂ ਇਕ ਪੱਤਰਕਾਰ, ਨਿਊਜ਼ ਰੀਡਰ ਅਤੇ ਰਿਪੋਰਟਰ ਹਰਦੀਪ ਕੌਰ ਦੇ ਗਲਪ ਜਗਤ ਦੇ ਕੇਂਦਰ ਵਿੱਚ ਵੀ ਉਹ ਘਟਨਾਵਾਂ ਹੀ ਹਨ, ਜਿਨ੍ਹਾਂ ਘਟਨਾਵਾਂ ਬਾਰੇ ਉਹ ਰਿਪੋਰਟਿੰਗ ਕਰਦੀ ਰਹੀ ਹੈ। ਉਹ ਆਪ ਇਸ ਪੁਸਤਕ ਦੀ ਭੂਮਿਕਾ ਵਿੱਚ ਲਿਖਦੀ ਹੈ ਕਿ ਉਸ ਦੇ ਬਚਪਨ ਅਤੇ ਜੀਵਨ ਦੇ ਅਨੁਭਵਾਂ ਵਾਂਗ ਹੀ ਇਹ ਘਟਨਾਵਾਂ ਉਸ ਦੇ ਜ਼ਿਹਨ ਵਿੱਚ ਸਦਾ ਹਾਜ਼ਰ ਰਹੀਆਂ ਅਤੇ ਜਿਨ੍ਹਾਂ ਨੇ ਸਮਾਂ ਆਉਣ 'ਤੇ ਕਥਾ-ਰੂਪ ਲੈ ਲਿਆ। ਇਸ ਪੁਸਤਕ ਵਿਚਲੀਆਂ ਕਹਾਣੀਆਂ ਦਾ ਕਥਾਨਕ ਪੜ੍ਹ ਕੇ ਪਾਠਕ ਸਹਿਜੇ ਹੀ ਅੰਦਾਜ਼ਾ ਲਾ ਸਕਦਾ ਹੈ ਕਿ ਇਹ ਅਪਰਾਧੀ ਘਟਨਾਵਾਂ ਕਿੰਨੀ ਬੁਰੀ ਤਰ੍ਹਾਂ ਉਸ ਦਾ ਹਿਰਦਾ ਵਲੂੰਧਰਦੀਆਂ ਹੋਣਗੀਆਂ ਅਤੇ ਇਹਨਾਂ ਦੀ ਰਿਪੋਰਟਿੰਗ ਦੌਰਾਨ ਵੀ ਉਸ ਦੀ ਰੂਹ ਕਿਵੇਂ ਹੰਝੂ ਕੇਰਦੀ ਹੋਵੇਗੀ। ਅਸਲ ਵਿੱਚ ਉਸ ਦਾ ਕਥਾ ਸੰਸਾਰ ਪੰਜਾਬੀ ਆਧੁਨਿਕ ਸਮਾਜ ਵਿੱਚ ਫੈਲੇ ਅਪਰਾਧਾਂ ਦੇ ਆਲੇ-ਦੁਆਲੇ ਬੁਣਿਆ ਹੋਇਆ ਹੈ। ਇਸ ਕਥਾ ਸੰਸਾਰ ਵਿੱਚੋਂ ਉਸ ਨੇ ਔਰਤ ਨਾਲ਼ ਹੋ ਰਹੇ ਅਪਰਾਧਾਂ ਨੂੰ ਪ੍ਰਤੱਖ ਰੂਪ ਵਿੱਚ ਇਹਨਾਂ ਕਹਾਣੀਆਂ ਵਿੱਚ ਪੇਸ਼ ਕਰਨ ਲਈ ਚੁਣਿਆ ਹੈ। ਉਸ ਦੀਆਂ ਕਹਾਣੀਆਂ ਦੇ ਇਸਤਰੀ ਪਾਤਰ ਸਾਰੇ ਚੰਗੇ-ਮਾੜੇ ਗੁਣਾਂ ਦੇ ਧਾਰਨੀ ਹਨ ਅਤੇ ਆਪਣੇ ਚੰਗੇ-ਮਾੜੇ ਬਾਰੇ ਫ਼ੈਸਲਾ ਕਰਨ ਦੀ ਪੂਰੀ ਸਮਰੱਥਾ ਰੱਖਦੇ ਹਨ। ਉਸ ਦੇ ਗਲਪ ਜਗਤ ਵਿੱਚ ਆਧੁਨਿਕ ਬਣਨ ਦੀ ਲਾਲਸਾ ਹੇਠ 'ਕਿੱਟੀ ਪਾਰਟੀ' ਦੀ ਇੱਛਾ ਰੱਖਣ ਵਾਲੀ ਨਵੀਂ ਵੱਸਦੀ ਹੈ ਜਿਸ ਨੂੰ ਅਸਲੀਅਤ ਵਿੱਚ ਪਾਰਟੀ ਕੋਈ ਆਨੰਦ ਨਹੀਂ ਦਿੰਦੀ, 'ਹੈੱਡ ਗਰਲ' ਕਹਾਣੀ ਦੀ ਸਪਨਦੀਪ ਰਹਿੰਦੀ ਹੈ, ਜੋ ਯੋਗਤਾ ਹੋਣ ਦੇ ਬਾਵਜੂਦ ਮਾਂ-ਬਾਪ ਦੇ ਫ਼ੈਸਲੇ ਕਾਰਨ ਵਿਆਹ ਕਰਵਾ ਕੇ ਘਰ-ਪਰਵਾਰ ਜੋਗੀ ਹੀ ਰਹਿ ਜਾਂਦੀ ਹੈ, 'ਆਖ਼ਰਕਾਰ ਇਨਸਾਫ਼ ਕਦੋਂ' ਕਹਾਣੀ ਦੀ ਡਿੰਪਲ ਹੈ, ਜੋ ਆਪਣੇ ਕਰੀਅਰ ਲਈ ਆਪਣਾ ਕਿਰਦਾਰ ਕੁਰਬਾਨ ਕਰਦੀ ਹੈ ਅਤੇ 'ਪੀ.ਜੀ. ਹੋਸਟਲ ਦੀ ਕਾਲੀ ਰਾਤ' ਦੀ ਕਿਰਨ ਦਾ ਪ੍ਰੇਮੀ ਉਸ ਦੀ ਕਮਾਈ ਦੇ ਲਾਲਚ ਵਿੱਚ ਉਸ ਨੂੰ ਵਰਤਦਾ ਹੈ। ਇਸੇ ਤਰ੍ਹਾਂ 'ਕਾਤਲ ਕੌਣ' ਆਰੂਸ਼ੀ ਕਾਂਡ ਨੂੰ ਆਧਾਰ ਬਣਾ ਕੇ ਲਿਖੀ ਕਹਾਣੀ ਹੈ। ਇਸ ਕਹਾਣੀ-ਸੰਗ੍ਰਹਿ ਵਿੱਚ ਕਹਾਣੀਕਾਰਾ ਇਹ ਵੀ ਚਿਤਰਤ ਕਰਦੀ ਹੈ ਕਿ ਯੌਨ ਸ਼ੋਸ਼ਣ ਕਾਰਨ ਇਕ ਲੜਕੀ ਕਿਸ ਢੰਗ ਨਾਲ਼ ਮਾਨਸਿਕ ਰੋਗੀ ਬਣ ਜਾਂਦੀ ਹੈ। 'ਲਾਸ਼ਾਂ ਕਦੇ ਨਹੀਂ ਬੋਲਦੀਆਂ' ਵਿੱਚ ਕੁਲਜੀਤ ਨਾਂਅ ਦੀ ਇਕ ਕੁੜੀ ਦੇ ਉਸ ਦੇ ਮਤਰਏ ਬਾਪ ਦੇ ਸ਼ੋਸ਼ਣ ਕਾਰਨ ਅਜਿਹੇ ਮਾਨਸਿਕ ਤਣਾਅ ਵਿੱਚ ਰਹਿਣ ਲੱਗਦੀ ਹੈ ਜਿਸ ਤੋਂ ਉਭਰਨਾ ਉਸ ਲਈ ਨਾਮੁਮਕਿਨ ਹੋ ਜਾਂਦਾ ਹੈ। 'ਲੁਕਣ ਮੀਚੀ' ਕਹਾਣੀ ਵਿੱਚ ਵੀ ਪਰਮਿੰਦਰ ਆਪਣੀ ਸਹੇਲੀ ਬਿੰਦਰ ਨਾਲ਼ ਹੋਏ ਕੁਕਰਮ ਕਾਰਨ ਮਾਨਸਿਕ ਸੰਤਾਪ ਭੋਗਦੀ ਹੈ। ਇਸ ਤੋਂ ਅੱਗੇ ਕੁਝ ਕਹਾਣੀਆਂ ਔਰਤਾਂ ਦੇ ਅਪਰਾਧ ਜਗਤ ਵਿੱਚ ਫਸ ਜਾਣ ਦੀ ਬਾਤ ਵੀ ਸੁਣਾਉਂਦੀਆਂ ਹਨ। ਕਹਾਣੀ 'ਸ਼ਮਸ਼ਾਨ ਘਾਟ ਸੌਂ ਗਿਆ' ਗੀਟਾ ਦੀ ਕਹਾਣੀ ਹੈ, ਜੋ ਆਪਣੇ ਪਰਵਾਰ ਦੀ ਆਰਥਿਕ ਲੋੜ ਕਾਰਨ ਨਸ਼ੇ ਵੇਚਣ ਦੇ ਕੰਮ ਵਿੱਚ ਪੈ ਕੇ ਨਸ਼ਾ ਕਰਨ ਵੀ ਲੱਗਦੀ ਹੈ ਤੇ ਅੰਤ ਵਿੱਚ ਇਸੇ ਕਾਰਨ ਮਰ ਜਾਂਦੀ ਹੈ। 'ਰੱਬ ਦੀ ਕਚਹਿਰੀ' ਵਿੱਚ ਪ੍ਰੀਤ ਨਾਂਅ ਦੀ ਕੁੜੀ ਆਪਣੇ ਪਤੀ ਬਲਜੀਤ ਨਾਲ਼ ਧੋਖਾ ਕਰਨ ਦੀ ਸਜ਼ਾ ਭੁਗਤਦੀ ਹੈ। 'ਵੱਡੀ ਸਰਦਾਰਨੀ' ਵੱਡੇ ਦਿਲ ਵਾਲੀ ਔਰਤ ਦੀ ਵਾਰਤਾ ਹੈ ਅਤੇ 'ਮੰਗਤੀਆਂ' ਔਰਤ ਦੇ ਆਰਥਿਕ ਤੌਰ 'ਤੇ ਆਤਮ ਨਿਰਭਰ ਹੋਣ ਦੀ ਹਾਮੀ ਭਰਦੀ ਕਹਾਣੀ ਹੈ। 'ਏ.ਟੀ.ਐੱਮ.' ਉਸ ਕਮਲਜੀਤ ਦੀ ਕਹਾਣੀ ਹੈ, ਜੋ ਆਪਣੇ-ਆਪ ਨੂੰ ਕਮਾਈ ਕਰਨ-ਯੋਗ ਬਣਾਉਂਦੀ ਹੈ ਅਤੇ 'ਪਿੰਜਰਾ' ਕਹਾਣੀ ਪ੍ਰੇਮੀ ਦੇ ਛਲ ਕਾਰਨ ਦੇਹ ਵਪਾਰ ਵਿੱਚ ਫਸੀ ਕੁੜੀ ਨੀਰੂ ਦੀ ਕਹਾਣੀ ਹੈ




ਕਹਾਣੀਕਾਰਾ ਨੇ ਇਹਨਾਂ ਵਿਸ਼ਿਆਂ ਦੀ ਪੇਸ਼ਕਾਰੀ ਲਈ ਬਿਆਨੀਆ ਸ਼ੈਲੀ ਦੀ ਵਰਤੋਂ ਕੀਤੀ ਹੈ ਅਤੇ ਜ਼ਰੂਰਤ ਅਨੁਸਾਰ ਸੰਵਾਦ ਸ਼ੈਲੀ ਵੀ ਵਰਤੀ ਗਈ ਹੈ। ਕਹਾਣੀਕਾਰਾ ਦੀ ਪੰਜਾਬੀ ਭਾਸ਼ਾ ਵੀ ਉਸ ਦੇ ਵਿਸ਼ਿਆਂ ਵਾਂਗ ਆਧੁਨਿਕ ਪੰਜਾਬੀ ਹੈ, ਜੋ ਉਸ ਦੀਆਂ ਕਹਾਣੀਆਂ ਵਿੱਚ ਠੀਕ ਲੱਗਦੀ ਹੈ, ਪਰ ਇਹ ਭਾਸ਼ਾ ਪੰਜਾਬੀ ਦੀ ਠੇਠਤਾ ਨੂੰ ਖ਼ਤਮ ਕਰਦੀ ਹੈ। ਕਹਾਣੀਕਾਰਾ ਨੇ 'ਦੇ ਵਿੱਚ', 'ਦੇ ਨਾਲ਼', 'ਦੇ ਬਾਰੇ' ਅਤੇ 'ਦੇ ਵਾਂਗ' ਆਦਿ ਸ਼ਬਦ ਵਰਤੇ ਹਨ, ਜਦੋਂ ਕਿ 'ਦੇ' ਸ਼ਬਦ ਦੀ ਇੱਥੇ ਕੋਈ ਲੋੜ ਹੀ ਨਹੀਂ ਸੀ। ਇਸ ਸੰਬੰਧੀ ਸੁਧਾਰ ਦੀ ਆਸ ਵਿੱਚ ਉਸ ਦੀਆਂ ਅਗਲੀਆਂ ਪੁਸਤਕਾਂ ਦੀ ਉਡੀਕ ਰਹੇਗੀ।

**— ਡਾ. ਸੰਦੀਪ ਰਾਣਾ**

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਕਿਰਪਾਲ ਕਜ਼ਾਕ ਨਾਲ ਸੰਵਾਦ




**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ, ਆਈ.ਟੀ.ਓ ਵਿਖੇ 'ਆਓ ਰਲ ਮਜਲਿਸ ਕਰੀਏ' ਮਹੀਨੇਵਾਰ ਪ੍ਰੋਗਰਾਮ ਵਿੱਚ ਉੱਘੇ ਸਾਹਿਤਕਾਰ ਤੇ ਲੋਕਧਾਰਾਈ ਵਿਦਵਾਨ ਡਾ. ਕਿਰਪਾਲ ਕਜ਼ਾਕ ਨਾਲ ਡਾ. ਵਨੀਤਾ ਵੱਲੋਂ ਸੰਵਾਦ ਰਚਾਇਆ ਗਿਆ। ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਹਾਣੀਕਾਰ ਅਤੇ ਲੋਕਧਾਰਾ ਦੇ ਮਾਹਿਰ ਚਿੰਤਕ ਡਾ. ਕਿਰਪਾਲ ਕਜ਼ਾਕ ਨੇ ਲੋਕਧਾਰਾ ਦੇ ਵੱਖ-ਵੱਖ ਪਹਿਲੂਆਂ ਅਤੇ ਲੇਖਕ ਦੀ ਦ੍ਰਿਸ਼ਟੀ ਬਾਰੇ ਗੱਲ ਕਰਦਿਆਂ ਕਿਹਾ ਕਿ ਲੇਖਕ ਨੂੰ ਚੀਜ਼ਾਂ ਨੂੰ ਦੇਖਣਾ ਆਉਣਾ ਚਾਹੀਦਾ ਹੈ। ਉਸ ਦਾ ਨਜ਼ਰੀਆ ਹੋਣਾ ਜ਼ਰੂਰੀ ਹੈ ਅਤੇ ਲੇਖਕ ਦੀ ਇੱਕ ਵਿਸ਼ੇਸ਼ ਧਿਰ ਹੁੰਦੀ ਹੈ। ਉਸ ਨੂੰ ਦੱਬੇ-ਕੁਚਲੇ, ਦਲਿਤ-ਗਰੀਬ ਦੇ ਹੱਕ ਵਿੱਚ ਖੜ੍ਹਨਾ ਚਾਹੀਦਾ ਹੈ। ਡਾ. ਵਨੀਤਾ ਵੱਲੋਂ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਅਸਲ ਕਲਾ ਉੱਥੇ ਹੁੰਦੀ ਹੈ, ਜਿੱਥੇ ਅੱਖੀ ਤੋਂ ਅੱਖੀ ਗੱਲ ਨੂੰ ਸੱਚ ਤਰੀਕੇ ਨਾਲ ਪੇਸ਼ ਕੀਤਾ ਗਿਆ ਹੋਵੇ। ਯੂਨੀਵਰਸਿਟੀਆਂ, ਕਾਲਜਾਂ ਅਤੇ ਦੂਰੋਂ-ਨੇੜਿਓਂ ਪਹੁੰਚੇ ਪ੍ਰੋਫੈਸਰ, ਲੇਖਕਾਂ, ਖੋਜਾਰਥੀਆਂ ਤੇ ਪਾਠਕਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਡਾ. ਕਜ਼ਾਕ ਨੇ ਕਿਹਾ ਕਿ ਅੱਜਕੱਲ੍ਹ ਸਾਡੇ ਵਿੱਚ ਕਿਸੇ ਰਚਨਾ ਨੂੰ ਰੱਦ ਕਰਨ ਦੀ ਜ਼ੁਰਅਤ ਖ਼ਤਮ ਹੋ ਗਈ ਹੈ। ਪੰਜਾਬੀ ਸਾਹਿਤ ਵਿੱਚ ਚੁੱਪ ਦੀ ਸਾਜ਼ਿਸ਼ ਇੰਨੀ ਘੜੀ ਜਾ ਚੁੱਕੀ ਹੈ ਕਿ ਹੁਣ ਚੰਗੀ ਰਚਨਾ ਦੀ ਗੱਲ ਵੀ ਘੱਟ ਹੀ ਹੁੰਦੀ ਹੈ। ਆਲੋਚਨਾ ਦਾ ਸਤਰ ਗਿਰ ਚੁੱਕਾ ਹੈ ਅਤੇ ਨਵਿਆਂ ਵਿੱਚ ਵੱਡਿਆਂ ਦੀ ਸੋਬਤ ਕਰਨ ਦੀ ਆਦਤ ਵੀ ਨਹੀਂ ਰਹੀ ਹੈ। ਮਜਲਿਸ ਵਿੱਚ ਹੋਰਨਾਂ ਤੋਂ ਇਲਾਵਾ ਡਾ. ਰਵੇਲ ਸਿੰਘ, ਡਾ. ਕੁਲਵੀਰ ਗੋਜਰਾ, ਗੁਰਭੇਜ ਸਿੰਘ ਗੁਰਾਇਆ, ਡਾ. ਰਜਨੀ ਬਾਲਾ, ਡਾ. ਹਰਵਿੰਦਰ ਸਿੰਘ, ਨਛੱਤਰ, ਅਮੀਆ ਕੁੰਵਰ, ਡਾ. ਕੁਲਦੀਪ ਕੌਰ ਪਾਹਵਾ, ਡਾ. ਵਿਨੀਤੇ ਕੌਰ, ਡਾ. ਰਣਜੀਤ ਸਿੰਘ, ਜਗਤਾਰਜੀਤ ਸਿੰਘ, ਵਿਲਕਾਰ ਤਰਸੇਮ, ਸੁਰਿੰਦਰ ਸਿੰਘ ਓਬਰਾਏ, ਕੁਝ ਪ੍ਰਕਾਸ਼ਕ ਤੇ ਵੱਡੀ ਗਿਣਤੀ ਵਿਚ ਖੋਜਾਰਥੀ, ਵਿਦਿਆਰਥੀ, ਲੇਖਕ, ਪਾਠਕ ਸ਼ਾਮਲ ਹੋਏ। ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਜਲਿਸ ਹਰ ਮਹੀਨੇ ਦੇ ਦੂਜੇ ਸ਼ੁੱਕਰਵਾਰ ਹੋਇਆ ਕਰੇਗੀ ਅਤੇ ਵੰਨ-ਸੁਵੰਨੇ ਪ੍ਰੋਗਰਾਮਾਂ ਵਿੱਚ ਵੱਡੀਆਂ ਸਾਹਿਤਕ ਸ਼ਖ਼ਸੀਅਤਾਂ ਨਾਲ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਮਾਨਸਾ ਦੇ ਲੇਖਕਾਂ ਨਾਲ ਸੰਵਾਦ

**ਮਾਨਸਾ**-ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਦੀ ਇਕਾਈ ਮਾਨਸਾ ਵੱਲੋਂ ਪਿੰਡ-ਪਿੰਡ ਸਾਹਿਤਕ ਸਮਾਗਮ ਲਹਿਰ ਤਹਿਤ ਬੋਹਾ-ਬਰੇਟਾ ਖੇਤਰ ਦੇ ਪੰਜ ਲੇਖਕਾਂ ਨੂੰ ਆਮ ਲੋਕਾਂ ਦੇ ਰੂਬਰੂ ਕੀਤਾ। ਮਾਨਸਾ ਜ਼ਿਲ੍ਹੇ ਦੇ ਪਿੰਡ ਰਿਉਂਦ ਕਲਾਂ ਵਿਖੇ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਤੇ ਦਰਸ਼ਨ ਸਿੰਘ ਬਰੇਟਾ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਪ੍ਰਗਤੀਸ਼ੀਲ ਲੇਖਕ ਸੰਘ ਦੇ ਆਗੂ ਗੁਲਾਬ ਸਿੰਘ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਬੁਲਾਰੇ ਵੱਲੋਂ ਲੇਖਕਾਂ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ। ਇਸ ਸਮੇਂ ਬੋਹਾ-ਬਰੇਟਾ ਖੇਤਰ ਦੇ ਬਹੁ-ਵਿਧਾਵੀ ਨੌਜਵਾਨ ਲੇਖਕਾਂ ਨਾਵਲਕਾਰ ਅਜ਼ੀਜ਼ ਸਰੋਏ, ਨਾਵਲਕਾਰ ਗੁਰਨੈਬ ਮੰਘਾਣੀਆਂ, ਮਿੰਨੀ ਕਹਾਣੀਕਾਰ ਜਗਦੀਸ਼ ਕੁਲਰੀਆਂ, ਕਵੀ ਦਿਲਬਾਗ ਰਿਉਂਦ ਤੇ ਬੋਹਾ ਦੇ ਪੰਧ ਕਹਾਣੀਕਾਰ ਤੇ ਆਲੋਚਕ ਨਿਰੰਜਣ ਬੋਹਾ ਨੂੰ ਆਮ ਲੋਕਾਂ ਦੇ ਰੂਬਰੂ ਕੀਤਾ ਗਿਆ ਤੇ ਉਨ੍ਹਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਡਾਕਟਰ ਕੁਲਦੀਪ ਚੌਹਾਨ ਵੱਲੋਂ ਸੁਆਲ ਪੁੱਛੇ ਗਏ। ਰੂਬਰੂ ਹੋਣ ਵਾਲੇ ਸਾਰੇ ਲੇਖਕਾਂ ਨੇ ਪਿੰਡ ਦੇ ਲੋਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਤਰਕ ਭਰਪੂਰ, ਪਰ ਸਰਲ ਭਾਸ਼ਾ ਵਿਚ ਦਿੱਤੇ। ਆਪਣੇ ਸੰਬੋਧਨ ਵਿਚ ਸ਼ਾਇਰ ਸੁਰਜੀਤ ਜੱਜ ਨੇ ਕਿਹਾ ਕਿ ਜ਼ਿਲ੍ਹਾ ਮਾਨਸਾ ਦੀ ਧਰਤੀ ਅਗਾਂਹਵਧੂ ਸੰਘਰਸ਼ਾਂ ਤੇ ਪ੍ਰਗਤੀਸ਼ੀਲ ਸਾਹਿਤ ਦੀ ਪੈਦਾਇਸ਼ ਲਈ ਬਹੁਤ ਜ਼ਰਖੇਜ਼ ਹੈ। ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਕਦੇ ਉਨ੍ਹਾਂ ਹਰਿਆਣਾ ਦੀ ਸਰਹੱਦ 'ਤੇ ਪੈਂਦੇ ਇਸ ਖੇਤਰ ਵਿਚ ਤਾਕਤਵਰ ਸਾਹਿਤਕ ਲਹਿਰ ਪੈਦਾ ਕਰਨ ਦਾ ਸੁਫ਼ਨਾ ਵੇਖਿਆ ਸੀ ਤੇ ਮੰਚ ਵੱਲੋਂ ਲੱਗੀਆਂ ਗਈਆਂ ਕਲਮਾਂ ਦੇ ਟਹਿਣੇ ਫੁੱਲ ਬਣ ਜਾਣ ਨਾਲ ਮੇਰਾ ਸੁਫ਼ਨਾ ਪੂਰਾ ਹੋ ਗਿਆ ਹੈ। ਦਰਸ਼ਨ ਬਰੇਟਾ ਨੇ ਕਿਹਾ ਕਿ ਪ੍ਰਗਤੀਸ਼ੀਲ ਲੇਖਕ ਸੰਘ ਨੇ



ਸਾਹਿਤਕ ਗੋਸ਼ਟੀਆਂ ਨੂੰ ਬੰਦ ਕਮਰਿਆਂ ਵਿੱਚੋਂ ਕੱਢ ਕੇ ਲੋਕ ਸੱਥਾਂ ਤੱਕ ਲਿਜਾਣ ਸੰਬੰਧੀ ਬਹੁਤ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਸਮਾਗਮ ਦਾ ਸਟੇਜ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਪ੍ਰੋ. ਕੁਲਦੀਪ ਸਿੰਘ ਚੌਹਾਨ ਤੇ ਗੁਲਾਬ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡੀ ਆਰ ਸੀ ਨਵਨੀਤ ਕੱਕੜ, ਸੁਖਜੀਵਨ ਸਿੰਘ ਸੇਰਖਾਂ, ਜਗਸੀਰ ਮਹਿੰਦਰ ਪਾਲ ਮਿੰਦਾ, ਮਮਤਾ ਕੌਰ, ਪ੍ਰਵੀਨ ਕੌਰ, ਬੂਟਾ ਸਿੰਘ, ਜੰਟਾ ਸਿੰਘ, ਨਿਰਭੈ ਸਿੰਘ ਆਦਿ ਵੀ ਹਾਜ਼ਰ ਸਨ।

# ਨਾਵਲ 'ਮੰਡੀ ਰਹੀਮ ਖਾਂ' 'ਤੇ ਗੋਸ਼ਟੀ



**ਬਰਨਾਲਾ** : ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਨਾਵਲਕਾਰ ਸੁਖਵਿੰਦਰ ਸਿੰਘ ਬਾਲੀਆਂ ਦੇ ਨਾਵਲ 'ਮੰਡੀ ਰਹੀਮ ਖਾਂ' ਉਪਰ ਗੋਸ਼ਟੀ ਕਰਵਾਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਕਿਹਾ ਕਿ 'ਮੰਡੀ ਰਹੀਮ ਖਾਂ' ਨਾਵਲ ਮਲਵਈਆਂ ਦੇ ਮਿਹਨਤੀ ਸੁਭਾਅ ਅਤੇ ਸੰਘਰਸ਼ ਵਿੱਚੋਂ ਜ਼ਿੰਦਗੀ ਤਲਾਸ਼ਣ ਦੇ ਖ਼ਿਆਲ ਦਾ ਖ਼ੂਬਸੂਰਤ ਬਿਰਤਾਂਤ ਹੈ।ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਹ ਨਾਵਲ ਅਜੋਕੇ ਸਮੇਂ ਵਿੱਚ ਪੈਦਾ ਹੋਏ ਧਾਰਮਿਕ ਤੇ ਜਾਤ-ਪਾਤ ਆਧਾਰ ਸਮਾਜ ਦੇ ਆਧਾਰ 'ਤੇ ਫਿਰਕਾਪ੍ਰਸਤ ਲੋਕਾਂ ਦੀਆਂ ਕੋਝੀਆਂ ਚਾਲਾਂ ਦੇ ਪਰਦੇ ਉਧੇੜਦਾ ਹੈ।ਕਹਾਣੀਕਾਰ ਪਰਮਜੀਤ ਮਾਨ ਨੇ ਕਿਹਾ ਕਿ ਅੱਜ ਵੀ ਲੋਕਾਂ ਦੀ ਮਾਨਸਿਕਤਾ ਉਹੀ ਹੈ ਜੋ ਵੰਡ ਵੇਲੇ ਸੀ, ਭਾਵੇਂ ਕਿ ਨਫਰਤ ਫੈਲਾਉਣ ਵਾਲੇ ਲੋਕ ਬਹੁਤ ਘੱਟ ਹੁੰਦੇ ਹਨ ਅਤੇ ਪਿਆਰ-ਮੁਹੱਬਤ ਦੀਆਂ ਸਾਂਝਾਂ ਨੂੰ ਵਧਾਉਣ ਵਾਲੇ ਲੋਕ ਵੱਧ ਹੁੰਦੇ ਹਨ।ਇਹਨਾਂ ਤੋਂ ਇਲਾਵਾ ਤੇਜਾ ਸਿੰਘ ਤਿਲਕ, ਜੁਗਰਾਜ ਧੌਲਾ, ਕੰਵਰਜੀਤ ਭੱਠਲ ਸੰਪਾਦਕ ਕਲਾਕਾਰ, ਦਰਸ਼ਨ ਸਿੰਘ ਗੁਰੂ, ਡਾ. ਭੁਪਿੰਦਰ ਸਿੰਘ ਬੇਦੀ, ਜਗਤਾਰ ਸਿੰਘ ਕੱਟੂ, ਹਾਕਮ ਸਿੰਘ ਰੂੜਕੇ ਅਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਇਸ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

## 'ਮੋਹ ਦੀਆਂ ਤੰਦਾਂ' ਲੋਕ ਅਰਪਣ ਅੱਜ

**ਬਾਬਾ ਬਕਾਲਾ ਸਾਹਿਬ**-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ, 13ਵਾਂ ਸਾਂਝਾ ਕਾਵਿ ਸੰਗ੍ਰਹਿ 'ਮੋਹ ਦੀਆਂ ਤੰਦਾਂ' ਦਾ ਲੋਕ ਅਰਪਿਤ ਸਮਾਗਮ 18 ਮਈ, ਦਿਨ ਐਤਵਾਰ ਨੂੰ ਮੀਟਿੰਗ ਹਾਲ, ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ।

## ਡਾ. ਰਵਿੰਦਰ ਰਵੀ ਯਾਦਗਾਰੀ ਸਮਾਗਮ 19 ਨੂੰ

ਲੁਧਿਆਣਾ : ਪ੍ਰਗਤੀਸ਼ੀਲ ਲੇਖਕ ਸੰਗ ਪੰਜਾਬ ਦੀ ਪਿੰਡੋ ਪਿੰਡ ਸਾਹਿਤ ਪ੍ਰੋਗਰਾਮ ਲੜੀ ਤਹਿਤ ਪ੍ਰਗਤੀਸ਼ੀਲ ਲੇਖਕ ਸੰਗ ਲੁਧਿਆਣਾ ਵੱਲੋਂ ਸਰਕਾਰ ਕਾਲਜ ਕਰਮਸਰ ਰਾੜਾ ਸਾਹਿਬ ਵਿਖੇ 19 ਮਈ ਨੂੰ ਡਾ. ਰਵਿੰਦਰ ਰਵੀ ਯਾਦਗਾਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀ ਪ੍ਰਧਾਨਗੀ ਸੁਰਜੀਤ ਜੱਜ, ਮੁੱਖ ਮਹਿਮਾਨ ਮੁਹੰਮਦ ਇਰਫਾਨ ਤੇ ਵਿਸ਼ੇਸ਼ ਮਹਿਮਾਨ ਰਛਪਾਲ ਸਿੰਘ ਰਵੀ ਹੋਣਗੇ। ਇਸ ਮੌਕੇ ਸਤਨਾਮ ਚਾਨਾ ਡਾ. ਰਵਿੰਦਰ ਰਵੀ ਬਾਰੇ ਚਰਚਾ ਕਰਨਗੇ ਅਤੇ ਕਵੀ ਦਰਬਾਰ ਹੋਵੇਗਾ। ਸਮਾਗਮ ਵਿੱਚ ਸੁਰਿੰਦਰ ਕੈਲੇ, ਗੁਲਜਾਰ ਸਿੰਘ ਪੰਧੇਰ, ਜਸਵੀਰ ਝੱਜ, ਇੰਦਰਜੀਤ ਪਾਲ ਕੌਰ, ਮਨਦੀਪ ਕੌਰ ਭਵਰਾ ਤੇ ਸੰਬੰਧਤ ਸਹਿਯੋਗੀ ਸਾਹਿਤ ਸਭਾਵਾਂ ਹਾਜ਼ਰ ਹੋਣਗੀਆਂ।

# ਪੰਜਾਬੀ ਸਾਹਿਤ ਸਭਾ ਦਾ ਸਮਾਗਮ



**ਕੋਟ ਈਸੇ ਖਾਂ**-ਨਵ ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਮਾਸਟਰ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ ਹੇਠ ਸਰਕਾਰੀ ਸਕੂਲ ਵਿਖੇ ਆਯੋਜਿਤ ਕੀਤੀ ਗਈ। ਉਹਨਾਂ ਦੱਸਿਆ ਕਿ ਸਾਡੀ ਸੰਸਥਾ ਲਗਾਤਾਰ ਇਲਾਕੇ ਵਿੱਚ ਸਾਹਿਤਕ ਕਾਰਜ ਕਰ ਰਹੀ ਹੈ।ਆਉਂਦੇ ਦਿਨਾਂ ਵਿੱਚ ਵੀ ਇਹ ਸਾਹਿਤਕ ਗਤੀਵਿਧੀਆਂ ਨਿਰੰਤਰ ਜਾਰੀ ਰਹਿਣਗੀਆਂ।ਇਸ ਮੌਕੇ ਸਭਾ ਦੇ ਸੀਨੀਅਰ ਮੈਂਬਰ ਗੁਰਦੀਪ ਸਿੰਘ ਖਿੰਡਾ ਨੇ ਕਵੀ ਦਰਬਾਰ ਦੀ ਮੇਜ਼ਬਾਨੀ ਕੀਤੀ, ਜਿਸ ਵਿਚ ਗੁਰਸ਼ਰਨ ਸਿੰਘ, ਪਵਨ ਕੁਮਾਰ, ਜਸਵਿੰਦਰ ਸਿੰਘ ਸਿੱਧੂ, ਜਗਜੀਤ ਸਿੰਘ ਝਤਰਾ, ਸੁਖਚਰਨ ਸਿੰਘ ਸਿੱਧੂ, ਜੀਵਨ ਸਿੰਘ ਹਾਣੀ, ਵਿਵੇਕ ਕੋਟ ਈਸੇ ਖਾਂ, ਗੁਰਪ੍ਰੀਤ ਸਿੰਘ ਕੈਲਵੀ, ਰਾਜਾ ਮਨੇਸ, ਹਰੀ ਸਿੰਘ ਚੌਹਾਨ, ਸੂਬਾ ਸਿੰਘ, ਦਲੇਰ ਮਾਲਵਾ, ਸੁਭਮ, ਜੀਵਨ ਜੋਤ, ਵਰਿੰਦਰ, ਰਵੀ, ਵੰਸਿਕਾ, ਚੰਦਰ ਮੋਹਨ ਧਰਮਕੋਟ ਆਦਿ ਨੇ ਭਾਗ ਲਿਆ ਅਤੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਜਿਨ੍ਹਾਂ ਉਪਰ ਹਾਜ਼ਰ ਮੈਂਬਰਾਂ ਨੇ ਉਸਾਰੂ ਸੁਝਾਅ ਸਾਂਝੇ ਕੀਤੇ।

ਦੂਜੇ ਸੈਸ਼ਨ ਵਿੱਚ ਵਿਵੇਕ ਕੋਟ ਈਸੇ ਖਾਂ ਵੱਲੋਂ ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦ ਕੀਤੀ ਗਈ ਵਿਅੰਗ ਵਿਧਾ ਨੂੰ ਸਮਰਪਿਤ ਪੁਸਤਕ 'ਖੜਤੰਤਰ' (ਮੰਗਤ ਕੁਲਜਿੰਦ) ਬਾਰੇ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਹ ਪੁਸਤਕ ਹਿੰਦੀ ਪੰਜਾਬੀ ਭਾਸ਼ਾ ਵਿਚ ਇਕ ਪੁਲ ਵਾਂਗ ਹੈ। ਸੁਖਚਰਨ ਸਿੰਘ ਸਿੱਧੂ, ਜਗਜੀਤ ਸਿੰਘ ਝਤਰਾ, ਵਿਵੇਕ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਸਮੁੱਚੇ ਪ੍ਰੋਗਰਾਮ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਪਵਨ ਕੁਮਾਰ ਅਤੇ ਗੁਰਸ਼ਰਨ ਸਿੰਘ ਨੇ ਸੰਭਾਲੀ।

# ਸਿਡਨੀ ਵਿਖੇ ਸਾਹਿਤਕ ਸਮਾਗਮ

**ਸਿਡਨੀ**-ਮਹੀਨਾਵਾਰੀ ਸਾਹਿਤਕ ਦਰਬਾਰ ਬਾਬਾ ਬੁੱਢਾ ਜੀ ਹਾਲ ਗਲੈਨਵੁੱਡ (ਸਿਡਨੀ) ਵਿੱਚ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਹਿਤਕ ਪ੍ਰੇਮੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਮਨਪ੍ਰੀਤ ਕੌਰ ਵੇਰਕਾ ਨੇ ਆਪਣੀ ਸੰਵੇਦਨਸ਼ੀਲ ਕਾਵਿਕ ਖਿਆਲ ਰਾਹੀਂ ਦਿਲੀ ਅਰਜ਼ੋਈ ਕੀਤੀ।ਡਾ. ਅਮਰਜੀਤ ਟਾਂਡਾ ਨੇ ਆਪਣੀ ਕਵਿਤਾ 'ਚ ਜੰਗਾਂ ਦੇ ਭਿਆਨਕ ਤੇ ਤਰਸਾਦੀ ਭਰੇ ਬਦਹਾਲੀ ਦੇ ਮੰਜ਼ਰ ਨੂੰ ਨਸ਼ਰ ਕੀਤਾ।ਫਿਰਕੂ ਵੈਰ-ਵਿਰੋਧ ਦੀਆਂ ਬੇੜੀਆਂ ਦੇ ਦਰਦ ਨੂੰ ਹਰਬੰਸ ਸਿੰਘ ਸਮਰਾਲਾ ਨੇ ਹੂਕ ਭਰੀ ਆਵਾਜ਼ ਨਾਲ ਪੇਸ਼ ਕੀਤਾ।ਜੋਗਿੰਦਰ ਸਿੰਘ ਸੋਹੀ ਨੇ ਆਪਣੀ ਰਚਨਾ 'ਚ ਮਾਂ ਦੀ ਮਮਤਾ ਨਾਲ ਨਿਵੇਕਲੀ ਸਾਂਝ ਪਾਈ।ਸੰਤ ਸਿੰਘ ਬੀਲਾ ਤੇ ਅਮਰਬਲਜੀਤ ਸਿੰਘ ਨੇ ਕਵੀਸ਼ਰੀ ਦਾ ਖੂਬਸੂਰਤ ਰੰਗ ਬੰਨ੍ਹਿਆ।ਅਵਤਾਰ ਸਿੰਘ ਖਹਿਰਾ ਨੇ ਕਵਿਤਾ ਦੀ ਤੁਲਨਾ ਕਾਵਿਕ ਸ਼ਬਦਾਂ ਵਿੱਚ ਕੀਤੀ।ਕੰਨਾਂ ਵਿੱਚ ਮਿਸ਼ਰੀ ਘੋਲਦੇ ਬੋਲਾਂ ਰਾਹੀਂ ਕੁਲਦੀਪ ਸਿੰਘ ਜੌਹਲ ਨੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ।ਇੰਦਰਜੀਤ ਕੌਰ ਤੇ ਸੰਤੋਖ ਸਿੰਘ ਨੇ ਆਪਣੀ ਹਾਜ਼ਰੀ ਲੁਆਈ। ਅਮਲਾਂ ਵਿਹੂਣੀ ਜੀਵਨ ਸ਼ੈਲੀ ਉਤੇ ਤਨਜ਼, ਮੁਕੱਦਰ ਦਾ ਸਿਕੰਦਰ, ਫੋਕੇ ਫੈਸ਼ਨ, ਝੂਠੇ ਵਿਖਾਵੇ ਆਦਿ ਵਿਸ਼ਿਆਂ ਉਤੇ ਨਰਿੰਦਰ ਪਾਲ ਸਿੰਘ ਚੰਡੀਗੜ੍ਹ, ਮਾਸਟਰ ਲਖਵਿੰਦਰ ਸਿੰਘ ਮਾਨ, ਪਰਮਜੀਤ ਸਿੰਘ, ਅਮਰਜੀਤ ਸਿੰਘ ਨਾਗੀ, ਕੈਪਟਨ ਦਲਜੀਤ ਸਿੰਘ, ਸੁਰਿੰਦਰ ਸਿੰਘ ਜਗਰਾਉਂ, ਹਰਬੰਸ ਸਿੰਘ ਮਾਲਵਾ, ਦਵਿੰਦਰ ਕੌਰ ਸਰਕਾਰੀਆ, ਕੰਵਰਪਾਲ ਸਿੰਘ, ਜਰਨੈਲ ਕੌਰ, ਕਮਾਂਡੈਂਟ ਭੁਪਿੰਦਰ ਸਿੰਘ ਧਾਲੀਵਾਲ, ਦਲਬੀਰ ਸਿੰਘ ਪੱਡਾ, ਛਿੰਦਰਪਾਲ ਕੌਰ ਬੈਂਸ, ਮਨਜੀਤ ਕੌਰ, ਜਸਵੰਤ ਸਿੰਘ ਪੰਨੂੰ, ਨਰੰਗ ਸਿੰਘ ਖਾਲਸਾ ਹਰਿਆਣਾ, ਪ੍ਰਿਤਪਾਲ ਸਿੰਘ ਸੰਗਰੂਰ, ਸੁਰਿੰਦਰ ਸਿੰਘ ਸੋਹੀ, ਗੁਰਦੇਵ ਸਿੰਘ ਸੰਗਰੂਰ, ਹਰਮੋਹਨ ਸਿੰਘ ਵਾਲੀਆ, ਪ੍ਰਿਤਪਾਲ ਸਿੰਘ ਮਠਾੜੂ, ਬਹਾਦਰ ਸਿੰਘ, ਜਸਵੰਤ ਸਿੰਘ ਘੁੰਮਣ, ਪਰਮਜੀਤ ਸਿੰਘ ਪੰਮਾ ਭੀਲੋਵਾਲ, ਹਰਦੀਪ ਸਿੰਘ ਕੁਕਰੇਜਾ, ਭਵਨਜੀਤ ਸਿੰਘ, ਗੁਰਜੰਟ ਸਿੰਘ ਖੈਰਾ, ਜਸਪਾਲ ਸਿੰਘ ਆਦਿ ਸਾਹਿਤਕਾਰਾਂ ਨੇ ਵਡਮੁੱਲੇ ਸਾਹਿਤਕ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ 'ਕਿਛੁ ਸੁਣੀਐ, ਕਿਛੁ ਕਹੀਐ' ਨੂੰ ਸਮਰਪਿਤ ਸੁਹਿਰਦ ਸਰੋਤਿਆਂ ਵਜੋਂ ਵੀ ਹਾਜ਼ਰੀ ਭਰ ਕੇ ਪੰਜਾਬੀ ਸਾਹਿਤਕ ਦਰਬਾਰ ਦੀਆਂ ਰੌਣਕਾਂ ਨੂੰ ਚਾਰ ਚੰਨ੍ਹ ਲਾਏ।ਉਕਤ ਸਾਹਿਤਕ ਵਿਚਾਰ ਚਰਚਾ ਉਪਰੰਤ ਉੱਘੇ ਲੇਖਕ ਭੁਪਿੰਦਰ ਸਿੰਘ ਚੌਂਕੀਮਾਨ ਦੀਆਂ ਦੋ ਪੁਸਤਕਾਂ 'ਧਰਮ ਨੂੰ ਕਿਵੇਂ ਸਮਝੀਏ' ਅਤੇ 'ਸਫ਼ਲ ਜੀਵਨ ਦਾ ਰਹੱਸ' ਸਾਹਿਤਕ ਪ੍ਰੇਮੀਆਂ ਵੱਲੋਂ ਰਿਲੀਜ਼ ਕਰਕੇ ਸਾਹਿਤ ਨੂੰ ਸਮਰਪਿਤ ਕੀਤੀਆਂ ਗਈਆਂ।ਇਸ ਸਮੁੱਚੇ ਸਾਹਿਤਕ ਦਰਬਾਰ ਦੇ ਮੰਚ ਸੰਚਾਲਨ ਦੀ ਸੇਵਾ ਜੋਗਿੰਦਰ ਸਿੰਘ ਜਗਰਾਉਂ ਨੇ ਬਾਖੂਬੀ ਨਾਲ ਨਿਭਾਈ।



# 'ਕਿਛ ਸੁਣੀਐ ਕਿਛੁ ਕਹੀਐ' ਤਹਿਤ ਪ੍ਰੋ. ਬੋਪਾਰਾਏ ਨਾਲ ਰਚਾਈ ਅਦਬੀ ਮਹਿਫ਼ਲ

**ਅੰਮ੍ਰਿਤਸਰ**-ਜਨਵਾਦੀ ਲੇਖਕ ਸੰਘ ਵੱਲੋਂ ਅਰੰਭੀ 'ਕਿਛ ਸੁਣੀਐ ਕਿਛੁ ਕਹੀਐ' ਸਮਾਗਮਾਂ ਦੀ ਲੜੀ ਤਹਿਤ ਪ੍ਰੋ. ਐੱਚ ਐੱਸ ਬੋਪਾਰਾਏ ਨਾਲ ਅਦਬੀ ਮਹਿਫ਼ਲ ਰਚਾਈ ਗਈ। ਸਮਾਗਮ ਦੇ ਕਨਵੀਨਰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਕਹਿੰਦਿਆਂ ਦੱਸਿਆ ਕਿ ਸਾਡਾ ਮਨੋਰਥ ਬਜ਼ੁਰਗ ਸਾਹਿਤਕਾਰਾਂ ਨਾਲ ਸੰਵਾਦ ਰਚਾ ਕੇ ਜ਼ਿੰਦਗੀ ਦੇ ਅਤੇ ਕਲਮੀ ਅਨੁਭਵ ਨੂੰ ਪਾਠਕਾਂ ਨਾਲ ਸਾਂਝਾ ਕਰਨ ਤੋਂ ਵੀ ਹੈ। ਅਣਵੰਡੇ ਪੰਜਾਬ ਦੇ ਜ਼ਿਲ੍ਹਾ ਕਸੂਰ ਵਿਚ 1931 ਨੂੰ ਜਨਮੇ ਅਤੇ ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਅਧਿਆਪਨ ਦੇ ਕਿੱਤੇ ਤੋਂ ਸੇਵਾ-ਮੁਕਤ ਹੋਏ ਪ੍ਰੋ. ਬੋਪਾਰਾਏ ਹੁਰਾਂ ਮੌਜੂਦਾ ਹਾਲਾਤ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਹਨਾਂ ਸੰਤਾਲੀ ਦਾ ਉਜਾੜਾ ਅਤੇ ਪੈਂਹਠ- ਇਕੱਤਰ ਦੀਆਂ ਜੰਗਾਂ ਦੀ ਭਿਆਨਕਤਾ ਅੱਖੀਂ ਵੇਖੀ ਹੈ, ਜੰਗ ਮਨੁੱਖਤਾ ਦਾ ਵਿਨਾਸ਼ ਕਰਦਾ ਹੈ ਅਤੇ ਅਮਨ-ਸ਼ਾਂਤੀ ਮਨੁੱਖ ਨੂੰ ਵਿਕਾਸ ਦੀਆਂ ਲੀਹਾਂ ਦੀ ਨਿਸ਼ਾਨਦੇਹੀ ਕਰਵਾਉਂਦੀ ਹੈ।ਜਨਵਾਦੀ ਲੇਖਕ ਸੰਘ ਦੇ ਸੀਨੀਅਰ ਮੀਤ ਪ੍ਰਧਾਨ ਮਨਮੋਹਨ ਸਿੰਘ ਢਿੱਲੋਂ ਨੇ ਪ੍ਰੋ. ਬੋਪਾਰਾਏ ਦੀ ਪੁਸਤਕ 'ਜ਼ਿੰਦਗੀ ਦਾ ਸਫ਼ਰ' ਦੇ ਹਵਾਲੇ ਨਾਲ ਕਿਹਾ ਕਿ ਬੋਪਾਰਾਏ ਹੁਰਾਂ ਕੋਲ ਸੰਘਰਸ਼ਮਈ ਜੀਵਨ-ਜਾਚ ਦੀ ਇਕ ਲੰਬੀ ਗਾਥਾ ਹੈ। ਇਸ ਮੌਕੇ ਸੁਮੀਤ ਸਿੰਘ ਅਤੇ ਡਾ. ਕਸ਼ਮੀਰ ਸਿੰਘ ਨੇ ਧੰਨਵਾਦ ਕੀਤਾ ਅਤੇ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਭਰੀ।



# .ਗ਼ਜ਼ਲ ਮੰਚ ਸਰੀ ਦੀ ਸੁਰਮਈ ਸ਼ਾਮ

**ਸਰੀ**-ਸਾਹਿਤ ਅਤੇ ਕਲਾ ਦੇ ਖੇਤਰ ਵਿਚ ਸਰਗਰਮ ਸਰੀ ਦੀ ਸੰਸਥਾ 'ਗ਼ਜ਼ਲ ਮੰਚ ਸਰੀ' ਵੱਲੋਂ ਬੀਤੇ ਐਤਵਾਰ ਰਿਫਲੈਕਸ਼ਨ ਬੈਂਕੁਇਟ ਅਤੇ ਕਾਨਫਰੰਸ ਸੈਂਟਰ ਸਰੀ 'ਚ ਸੁਰੀਲੀ ਸੰਗੀਤਕ ਸ਼ਾਮ ਮਨਾਈ ਗਈ, ਜਿਸ ਵਿਚ ਗ਼ਜ਼ਲ ਗਾਇਕ ਸੁਖਦੇਵ ਸਾਹਿਲ, ਪਰਖਜੀਤ ਸਿੰਘ, ਭਗਤਜੀਤ ਸਿੰਘ, ਡਾ. ਰਣਦੀਪ ਮਲਹੋਤਰਾ ਅਤੇ ਸੋਨਲ ਜੱਬਲ ਨੇ ਆਪਣੇ ਸੁਰੀਲੇ ਸੁਰਾਂ ਨਾਲ ਸੰਗੀਤ ਪ੍ਰੇਮੀਆਂ ਦੀ ਰੂਹ ਨੂੰ ਸ਼ਰਸ਼ਾਰ ਕੀਤਾ। ਗ਼ਜ਼ਲ ਗਾਇਕੀ ਦੀ ਇਹ ਖ਼ੂਬਸੂਰਤ ਸ਼ਾਮ ਗ਼ਜ਼ਲ ਮੰਚ ਸਰੀ ਦੇ ਸੀਨੀਅਰ ਮੈਂਬਰ ਅਤੇ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਨੂੰ ਸਮਰਪਿਤ ਕੀਤੀ ਗਈ।

ਸ਼ਾਇਰਾ ਸੁਖਜੀਤ ਹੁੰਦਲ ਨੇ ਕਿਹਾ ਕਿ ਅਸੀਂ ਅੱਜ ਜਿਸ ਧਰਤੀ 'ਤੇ ਇਹ ਪ੍ਰੋਗਰਾਮ ਕਰਵਾ ਰਹੇ ਹਾਂ ਇਹ ਮੂਲ ਨਿਵਾਸੀਆਂ ਦੀ ਸਰਜ਼ਮੀਂ ਹੈ।ਰਾਜਵੰਤ ਰਾਜ ਨੇ ਕ੍ਰਿਸ਼ਨ ਭਨੋਟ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਗ਼ਜ਼ਲ ਮੰਚ ਦੇ ਥੰਮ੍ਹ ਸਨ। ਡਾ. ਰਣਦੀਪ ਮਲਹੋਤਰਾ ਨੇ ਕ੍ਰਿਸ਼ਨ ਭਨੋਟ ਦੀ ਗ਼ਜ਼ਲ ਨੂੰ ਆਪਣੀ ਪੁਰਸੋਜ਼ ਆਵਾਜ਼ 'ਚ ਪੇਸ਼ ਕੀਤਾ। ਸੋਨਲ ਜੱਬਲ ਨੇ ਆਪਣੇ ਸੁਰੀਲੇ ਸੁਰਾਂ ਨਾਲ ਆਪਣੀ ਸੰਗੀਤਕ ਕਲਾ ਦਾ ਬਾਖੂਬੀ ਪ੍ਰਗਟਾਵਾ ਕੀਤਾ।ਪ੍ਰਿਥ੍ਰ ਸੇਠੀ ਅਤੇ ਅਰਨਵ ਗੌਤਮ ਨੇ ਆਪਣੀਆਂ ਕਵਿਤਾਵਾਂ ਰਾਹੀਂ ਆਪਣੀ ਕਵਿਕ ਉਡਾਣ ਦਾ ਪ੍ਰਗਟਾਵਾ ਕੀਤਾ। ਉਪਰੰਤ ਗ਼ਜ਼ਲ ਗਾਇਕੀ ਦੇ ਖੇਤਰ ਵਿਚ ਉੱਭਰ ਰਹੇ ਸਿਤਾਰੇ ਪਰਖਜੀਤ ਸਿੰਘ ਨੇ ਚਾਰ ਗ਼ਜ਼ਲਾਂ ਰਾਹੀਂ ਆਪਣੀ ਪ੍ਰਤਿਭਾ, ਕਲਾ ਅਤੇ ਸੰਗੀਤਕ ਸੂਝ ਦੀ ਲਾਮਿਸਾਲ ਪੇਸ਼ਕਾਰੀ ਕਰ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ। ਅਗਲੇ ਗਾਇਕ ਭਗਤਜੀਤ ਸਿੰਘ ਨੇ ਗ਼ਜ਼ਲਾਂ, ਗੀਤਾਂ ਨਾਲ ਆਪਣੇ ਸੁਰਾਂ ਦੀ ਸਾਂਝ ਪਾਈ। ਕੈਲੀਫੋਰਨੀਆ ਤੋਂ ਪਹੁੰਚੇ ਪ੍ਰਸਿੱਧ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਨੇ ਸੁਰਮਈ ਸ਼ਾਮ ਦੀ ਖ਼ੂਬਸੂਰਤ ਪੇਸ਼ਕਾਰੀ ਸਰੋਤਿਆਂ ਦੇ ਮਨਾਂ 'ਤੇ ਦੇਰ ਤੱਕ ਉੱਕਰੀ ਰਹੇਗੀ।



# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਸਨਮਾਨ ਸਮਾਰੋਹ ਤੇ ਕਵੀ ਦਰਬਾਰ



**ਸਿਆਟਲ** : ਆਪਣੇ ਸਾਹਿਤਕ ਉਦੇਸ਼ਾਂ ਦੀ ਪ੍ਰਾਪਤੀ ਲਈ ਨਿਰੰਤਰ ਕੋਸ਼ਿਸ਼ਾਂ ਕਰ ਰਹੀ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਮਈ ਮਹੀਨੇ 'ਰੰਧਾਵਾ ਫਾਉਡੇਸ਼ਨ, ਕੈਂਟ ਸਿਆਟਲ' ਵਿਖੇ ਇਕ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਸ਼ਿਵ ਕੁਮਾਰ ਬਟਾਲਵੀ ਦੀ 52ਵੀਂ ਬਰਸੀ 'ਤੇ ਉਹਨਾਂ ਨੂੰ ਯਾਦ ਕੀਤਾ। ਸਭਾ ਦੇ ਸੀਨੀਅਰ ਮੈਂਬਰ ਡਾ. ਪ੍ਰੇਮ ਕੁਮਾਰ ਦਾ ਸਭਾ ਵੱਲੋਂ ਸਨਮਾਨ ਕੀਤਾ ਗਿਆ।ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਸਨਮਾਨਿਤ ਸ਼ਖਸ਼ੀਅਤ ਡਾ. ਪ੍ਰੇਮ ਕੁਮਾਰ ਦੀ ਜਾਣ ਪਹਿਚਾਣ ਕਰਵਾਈ ਹੋਰ ਅਨੇਕਾਂ ਸਤਿਕਾਰਿਤ ਸ਼ਖਸ਼ੀਅਤਾਂ ਅਵਤਾਰ ਸਿੰਘ ਆਦਮਪੁਰੀ, ਰਾਜਿੰਦਰ ਸਿੰਘ ਮਿਨਹਾਸ, ਹਰਜਿੰਦਰ ਸਿੰਘ ਸੰਧਾਵਾਲੀਆ, ਹਰਸ਼ਿੰਦਰ ਸਿੰਘ ਸੰਧੂ, ਕਿਰਨ ਸੋਹਲ, ਮਨਜੀਤ ਕੌਰ ਕੋਟਕਪੂਰਾ, ਜਗੀਰ ਸਿੰਘ, ਉਪਿੰਦਰ ਸਿੰਘ ਢੀਂਡਸਾ, ਹਰਦੇਵ ਸਿੰਘ ਜੱਜ, ਹਰਕੀਰਤ ਕੌਰ, ਜੰਗਪਾਲ ਸਿੰਘ ਆਦਿ ਨੇ ਸ਼ਿਵ ਦੀਆਂ ਲੋਕ-ਸਾਹਿਤ ਦਾ ਹਿੱਸਾ ਬਣੀਆਂ ਅਤੇ ਅਮਰ ਹੋ ਚੁੱਕੀਆਂ ਲਿਖਤਾਂ ਦੀ ਗੱਲ ਕੀਤੀ।ਸਭਾ ਦੇ ਸਮੂਹ ਮੈਂਬਰਾਂ, ਅਹੁਦੇਦਾਰਾਂ ਵੱਲੋਂ ਉਹਨਾਂ ਨੂੰ ਸਨਮਾਨ-ਚਿੰਨ੍ਹ ਦੇ ਕੇ ਅਤੇ ਉਹਨਾਂ ਦੀ ਧਰਮ ਪਤਨੀ ਸਵਰਨ ਕੁਮਾਰ ਨੂੰ ਸ਼ਾਲ ਨਾਂਲ ਸਨਮਾਨਿਤ ਕੀਤਾ ਗਿਆ।ਸ਼ਹਿਰ ਦੀਆਂ ਕਈ ਹੋਰ ਬਹੁ-ਗੁਣੀ ਸ਼ਖਸ਼ੀਅਤਾਂ ਨੂੰ ਵੀ ਸਭਾ ਵੱਲੋਂ ਸਨਮਾਨਿਆ ਗਿਆ।ਸਟੇਜ ਸੰਚਾਲਨ ਕਰਿਦਆਂ ਪ੍ਰਿਤਪਾਲ ਸਿੰਘ ਟਿਵਾਣਾ, ਰਣਜੀਤ ਸਿੰਘ ਮੱਲ੍ਹੀ ਨੇ ਰੌਚਕਤਾ ਬਣਾਈ ਰੱਖੀ।ਅੰਤ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਭਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸਭਾ ਨੂੰ ਸਿਖਰ ਤੇ ਪਹੁੰਚਾਉਣ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਇਆ ਅਤੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਖ਼ੂਬਸੂਰਤ ਸ਼ਬਦਾਂ ਵਿੱਚ ਕੀਤਾ।

# ਪਾਠਕਾਂ ਦੇ ਝਰੋਖੇ 'ਚੋਂ

## ਸੋਸ਼ਲ ਮੀਡੀਆ ਦੀ ਸਮਾਜਿਕਤਾ

ਨਵਾਂ ਜ਼ਮਾਨਾ ਦੇ 11 ਮਈ ਵਾਲੇ ਐਤਵਾਰਤਾ ਅੰਕ ਵਿੱਚ ਹਰਵਿੰਦਰ ਭੰਡਾਲ ਦਾ ਲੇਖ 'ਸੋਸ਼ਲ ਮੀਡੀਆ ਦੀ ਸਮਾਜਿਕਤਾ' ਬਹੁਤ ਚੰਗਾ ਲੱਗਾ। ਇਸ ਮੀਡੀਏ ਨੇ ਅਜੋਕੇ ਮਨੁੱਖ ਦੀ ਮਾਨਸਿਕਤਾ ਨੂੰ ਬਹੁਤ ਬੁਰੀ ਤਰ੍ਹਾਂ ਜਕੜ ਲਿਆ ਹੈ। ਜਤਿੰਦਰ ਪਨੂੰ, ਸੁਗਲੀ ਤੇ ਸੁਰਜੀਤ ਸੁਮਨ ਨੇ ਸਮਕਾਲੀ ਰਾਜਨੀਤਿਕ ਸਿਆਸੀ ਮਸਲਿਆਂ ਨੂੰ ਆਪਣੇ ਆਪਣੇ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਕਿਤਾਬਾਂ ਵਾਲਾ ਪੰਨਾ ਗੰਭੀਰ ਹੁੰਦਾ ਹੈ। ਚੰਦਨ ਦੀ ਸੰਪਾਦਤ ਕੀਤੀ ਕਿਤਾਬ 'ਸਿਰਲੇਖ' ਵਾਕਿਆ ਹੀ ਮੁੱਲਵਾਨ ਹੈ। ਜਿਸ ਬਾਰੇ ਪਰਮਜੀਤ ਢੀਂਗਰਾ ਨੇ ਲਿਖਿਆ ਹੈ। ਮੈਂ ਇਹ ਕਿਤਾਬ ਅੱਜ ਹੀ ਮੰਗਵਾ ਲਈ ਹੈ। ਬਾਕੀ ਸਾਹਿਤਕ ਖਬਰਾਂ ਵਿੱਚੋਂ ਕਾਫੀ ਕੁਝ ਪਤਾ ਲੱਗ ਜਾਂਦਾ ਹੈ। ਸਮਕਾਲ ਵਾਲਾ ਕਾਲਮ ਨਵੇਂ ਰਸਾਲਿਆਂ ਦੀ ਸੋਹਣੀ ਜਾਣਕਾਰੀ ਦੇ ਜਾਂਦਾ ਹੈ। ਸੁਰ ਸੰਗੀਤ ਦੇ ਹੀਰੇ-9 ਪੰਡਤ ਵਿਸ਼ਣੂ ਨਾਰਾਇਣ ਭਾਤ ਖੰਡੇ ਬਾਰੇ ਸੋਹਣਾ ਲਿਖਿਆ ਹੈ। ਬਾਲ ਕੋਨਾ ਬੜੀ ਦੇਰ ਬਾਅਦ ਦਿਸਿਆ।

**- ਤਿਲਕ ਰਾਜ ਸਰਪੰਚ ਗੁੜੇ, ਨਕੋਦਰ**

## ਮਾਸਟਰ ਭਗਤ ਰਾਮ ਦੀ ਸੰਘਰਸ਼ਮਈ ਜ਼ਿੰਦਗੀ

11 ਮਈ ਦੇ 'ਨਵਾਂ ਜ਼ਮਾਨਾ' ਵਿੱਚ ਫੌਕਸ ਤਹਿਤ ਵੀਹਵੀਂ ਸਦੀ ਦੀ ਵਾਰਤਕ ਦੀ ਕਿਤਾਬ ਸਿਰਲੇਖ ਦੀ ਚੰਗੀ ਜਾਣਕਾਰੀ ਪ੍ਰੋ. ਪਰਮਜੀਤ ਸਿੰਘ ਢੀਂਗਰਾ ਨੇ ਦਿੱਤੀ ਹੈ।ਪ੍ਰਿੰਸੀਪਲ ਤੇਜਾ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪ੍ਰੋ ਸਾਹਿਬ ਸਿੰਘ ਭਾਈ ਵੀਰ ਸਿੰਘ ਪ੍ਰੋ. ਪੂਰਨ ਸਿੰਘ ਆਦਿ ਨੇ ਪੰਜਾਬੀ ਵਾਰਤਕ ਨੂੰ ਆਧੁਨਿਕ ਰੂਪ ਦਿੱਤਾ।ਇਹ ਮੁਲਵਾਨ ਕਿਤਾਬ ਪੰਜਾਬੀ ਵਾਰਤਕ ਨੂੰ ਅਹਿਮ ਦਸਤਾਵੇਜ਼ ਬਨਾਉਂਦੀ ਹੈ ।ਕੇਂਦਰੀ ਬੋਰਡ ਦੇ ਸਕੂਲਾਂ ਵਿੱਚ ਇਸ ਕਿਸਮ ਦੀ ਕਿਤਾਬ ਪਾਠ ਪੁਸਤਕ ਵਿੱਚ ਸ਼ਾਮਲ ਕਰਨੀ ਚਾਹੀਦੀ ਹੈ। ਡਾ. ਸੰਦੀਪ ਰਾਣਾ ਨੇ ਗੁਰਦੀਪ ਸਿੰਘ ਵੜੈਚ ਦੀ ਯਾਦਾਂ ਅਧਾਰਿਤ ਕਿਤਾਬ ਦੀ ਸੰਖੇਪ ਤੇ ਢੁੱਕਵੀਂ ਜਾਣਕਾਰੀ ਦਿੱਤੀ।ਸਰਗਰਮੀਆ 'ਚ ਜਸਵਿੰਦਰ ਸਿੰਘ ਰਚਿਤ ਨਾਵਲ ਸੁਰਖ ਸਾਜ਼ ਦੀ ਚਰਚਾ, ਕਮਲ ਗਿੱਲ ਦੇ ਨਾਵਲ ਦਾ ਲੋਕ ਅਰਪਣ, ਪੋਹਲੀ ਦੇ ਫੁੱਲ ਦੀ ਚਰਚਾ, ਮੀਡੀਆ ਆਲੋਚਕ ਦੀ ਆਮ ਕਥਾਂ, ਲੇਖਕ ਪਾਠਕ ਸਾਹਿਤ ਸਭਾ ਬਰਨਾਲਾ ਵੱਲੋਂ ਮਿੰਨੀ ਕਹਾਣੀਕਾਰ ਪੁਨੀਤ ਗੁਪਤਾ ਦਾ ਸਨਮਾਨ ਆਦਿ ਸਾਹਿਤਕ ਰਿਪੋਰਟਾਂ ਪੜ੍ਹ ਕੇ ਸਾਹਿਤਕ ਪੰਜਾਬ ਦੇ ਦੀਦਾਰ ਹੋਏ। ਸਰਬਜੀਤ ਕੰਗਣੀਵਾਲ ਨੇ ਮਾਸਟਰ ਭਗਤ ਰਾਮ ਦੀ ਸੰਘਰਸ਼ਮਈ ਜ਼ਿੰਦਗੀ ਦੀ ਵੱਡਮੁਲੀ ਜਾਣਕਾਰੀ ਦਿੱਤੀ ਹੈ।ਦ੍ਰਿਸ਼ਟੀਕੋਣ ਨੇ ਜੰਗ ਬਾਰੇ ਵਿਸਥਾਰਤ ਵਿਚਾਰ ਲਿਖੇ ਹਨ ਜਦੋਂ ਇਹ ਕਾਲਮ ਛਪਿਆ ਸੀ ਉਸ ਤੋਂ ਪਿਛੋਂ ਬਹੁਤ ਕੁਝ ਵਾਪਰ ਚੁੱਕਾ ਹੈ।

ਅਰਵਿੰਦਰ ਕਾਕੜਾ ਤੇ ਡਾ ਸੁਖਵਿੰਦਰ ਸਿੰਘ ਦੀਆਂ ਕਵਿਤਾਵਾਂ ਬੌਧਿਕ ਪੱਧਰ ਦੀਆਂ ਹਨ। ਪ੍ਰੋ ਕੁਲਵੰਤ ਸਿੰਘ ਔਜਲਾ ਨੇ ਬਿਨਾ ਸੋਚੇ ਸਮਝੇ ਧੀਆਂ ਨੂੰ ਪਰਦੇਸਾਂ ਵਿੱਚ ਘੱਲਣ ਦੀ ਸਾਰਥਿਕ ਚਰਚਾ ਕੀਤੀ, ਪਰ ਸਾਡੇ ਲੋਕਾਂ ਨੂੰ ਵਿਦੇਸ਼ ਫੋਬੀਆ ਹੋ ਗਿਆ ਹੈ।ਲੋਕ ਸਮਝ ਨਹੀਂ ਰਹੇ।ਹਾਂ ਉਦੋਂ ਝਟਕਾ ਲੱਗਦਾ ਹੈ ਜਦੋਂ ਅਗਲੇ ਜਹਾਜ਼ ਭਰ ਕੇ ਹਥਕੜੀਆ ਲਾ ਕੇ ਇਧਰ ਭੇਜਦੇ ਹਨ ਜਾ ਲਾਸ਼ਾਂ ਇੱਧਰ ਆਉਂਦੀਆ ਹਨ।ਸਥਾਈ ਕਾਲਮ ਦਿਲਚਸਪ ਹਨ।

**- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਸੰਘ ਪਰਵਾਰ ਅਤੇ ਅੰਬੇਡਕਰ ਫਲਸਫਾ : ਡਾ. ਆਨੰਦ ਤੇਲਤੁੰਬੜੇ**

**ਸੁਰ-ਸੰਗੀਤ ਦੇ ਹੀਰੇ-10 : ਪ੍ਰੋ. ਬੀ ਆਰ ਦਿਓਧਰ**

**'ਵਰ੍ਹਿਆ ਪਿੱਛੋਂ' : ਵਰਿਆਮ ਸਿੰਘ ਸੰਧੂ, (ਫੋਕਸ) ਰਵਿੰਦਰ ਕੌਰ ਕਾਕੜਾ**

**ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

# ਸਮਕਾਲ

## ਤਾਸਮਨ : ਸ਼ੰਕਰ ਦਾਸ ਉਰਫ਼ ਸ਼ੈਲੇਂਦਰ 'ਤੇ ਵਿਸ਼ੇਸ਼ ਲੇਖ

'ਤਾਸਮਨ' ਦੇ ਹੱਥਲੇ ਅੰਕ ਵਿੱਚ ਗ਼ਜ਼ਲਗੋ ਅਜੈ ਤਨਵੀਰ ਵੱਲੋਂ ਹਿੰਦੀ ਫਿਲਮਾਂ ਦੇ ਪ੍ਰਸਿੱਧ ਗੀਤਕਾਰ ਸ਼ੈਲੇਂਦਰ ਦੇ ਹਰ ਪੱਖ ਨੂੰ ਪੇਸ਼ ਕਰਦਾ 28 ਪੰਨਿਆਂ ਉੱਤੇ ਫੈਲਿਆ ਸ਼ਬਦ ਚਿੱਤਰ ਅੰਕ ਦਾ ਹਾਸ਼ਲ ਹੈ। ਸਰੋਤਾਂ ਨੂੰ ਆਪਣੀ ਸ਼ੈਲੀ ਵਿੱਚ ਵਰਤਣ ਦੀ ਜਾਂਚ ਅਜੇ ਨੂੰ ਆਉਂਦੀ ਹੈ। ਹੱਥਲੇ ਅੰਕ ਵਿੱਚ ਛੇ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਜੋ ਮਹੱਤਵਪੂਰਨ ਵਿਸ਼ਿਆ ਨਾਲ ਸੰਬੰਧਤ ਹਨ। ਗੁਰਮੀਤ ਕੜਿਆਲਵੀ (ਕਿਤਾਬ ਵਰਗੇ ਕੁੜੀ-ਮੁੰਡੇ ਦੀ ਪ੍ਰੇਮ ਕਹਾਣੀ), ਮੇਜਰ ਮਾਂਗਟ (ਡਾਰਕ ਜ਼ੋਨ), ਚਰਨਜੀਤ ਮਿਨਹਾਸ (ਸੰਸਕਾਰਾਂ ਦਾ ਸੰਸਕਾਰ), ਅਲਫ਼ਾਜ਼ (ਬੁਝਾਰਤ), ਜੋਗੇ ਭੰਗਲ (ਇੱਥੇ ਦ੍ਰੋਣਾਚਾਰੀਆ ਰਹਿੰਦਾ ਹੈ), ਡਾ. ਕਰਮਜੀਤ ਸਿੰਘ ਨਡਾਲਾ (ਚੈਰੀ ਦੇ ਫੁੱਲ) ਆਦਿ ਕਹਾਣੀਕਾਰਾਂ ਦੀਆਂ ਨਵੀਆਂ ਕਹਾਣੀਆਂ ਛਪੀਆਂ ਹਨ। ਨਾਲ ਹੀ ਮਰਾਠੀ ਕਹਾਣੀ 'ਸ਼ਾਂਤੀ' (ਮੂਲ ਵਿ. ਸ. ਖਾਂਡੇਕਰ, ਅਨੁ. ਕਿਰਪਾਲ ਕਜ਼ਾਕ), ਉਰਦੂ ਕਹਾਣੀ 'ਚੱਕਰ' (ਮੂਲ. ਸੱਯਦ ਮੁਹੰਮਦ ਅਸ਼ਰਫ਼, ਅਨੁ. ਭਜਨਬੀਰ ਸਿੰਘ) ਵੀ ਛਪੀਆਂ ਹਨ।




ਕ੍ਰਿਸ਼ਨ ਚੰਦਰ ਵੱਲੋਂ ਕੀਤੀ ਖ਼ਵਾਜਾ ਅਹਿਮਦ ਅੱਬਾਸ ਦੀ ਮੁਲਾਕਾਤ ਵੀ ਪੜ੍ਹਨ ਵਾਲੀ ਹੈ। ਰਣਬੀਰ ਰਾਣਾ ਨੇ ਅਤਰਜੀਤ ਦਾ ਸੋਹਣਾ ਸ਼ਬਦ ਚਿੱਤਰ ਉਲੀਕਿਆਂ ਹੈ। ਬਲਵਿੰਦਰ ਸਿੰਘ ਗਰੇਵਾਲ (ਕਿੰਨੀਆਂ ਕੂਲ੍ਹਾਂ ਏਸ ਨਦੀ ਵਿੱਚ), ਨਿੰਦਰ ਘੁਗਿਆਣਵੀ (ਦੀਵਾਲੀ ਦੀ ਰਾਤ), ਡਾ. ਗੁਰਸੇਵਕ ਲੰਮੀ (ਵੱਡੀ ਬੇਬੇ) ਵਾਰਤਕ ਲੇਖ ਛਪੇ ਹਨ। ਅਰੁਣ ਕਮਲ (ਅਨੁ. ਤਰਸੇਮ) ਤੇ ਸਫ਼ਦਰ ਡੋਗਰ (ਅਨੁ. ਹਰਮੀਤ ਵਿਦਿਆਰਥੀ) ਦੀ ਸ਼ਾਇਰੀ ਦੇ ਨਾਲ-ਨਾਲ ਸੁਰਜੀਤ ਟੋਰਾਂਟੋ, ਜਸਪਾਲਜੀਤ, ਮਹਿੰਦਰਪਾਲ ਸਿੰਘ ਪਾਲ, ਵਿਮਲ ਬਿਆਸ, ਹਰ ਮਨ, ਚਰਨਜੀਤ ਜੋਤ, ਵਰਿੰਦਰ ਕੌਰ, ਗੁਰਮੀਤ ਰੱਖਰਾ ਕੜਿਆਲ ਦੀ ਪੰਜਾਬੀ ਸ਼ਾਇਰੀ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ। ਆਰੰਭ ਵਿੱਚ ਸਵੈ ਕਥਨ ਦੇ ਨਾਲ ਡਾ. ਜਗਤਾਰ ਦੀਆਂ ਕੁਝ ਚੋਣਵੀਆਂ ਗ਼ਜ਼ਲਾਂ ਛਪੀਆਂ ਹਨ। ਨਿਰਲੇਪ ਸਿੰਘ ਨੇ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਦਾ ਵਿਸ਼ਲੇਸ਼ਣ ਕੀਤਾ ਹੈ। ਰੀਤੂ ਅਹੀਰ ਦਾ ਪ੍ਰੇਰਨਾ ਪ੍ਰਸੰਗ 'ਯੂਕਲਿਪਟ ਦੀ ਮਹਿਕ' 'ਚੋਂ ਰਿਸ਼ਤਿਆਂ ਦੀ ਮਹਿਕ ਆਉਂਦੀ ਹੈ। ਇਸ ਵਾਰ ਸੰਪਾਦਕੀ ਕਾਹਲ ਵਿੱਚ ਲਿਖੇ ਜਾ ਰਹੇ ਸਾਹਿਤ ਉੱਤੇ ਹੈ ਕਿ ਅੱਜ ਦਾ ਲੇਖਕ ਕਾਹਲ ਵਿੱਚ ਰਚਨਾ ਲਿਖ, ਛਪਵਾ ਕੇ ਉਸ ਦਾ ਪ੍ਰਤੀਕਰਮ ਲੈਣ ਲਈ ਵੀ ਬੜਾ ਕਾਹਲਾ ਹੋਈ ਜਾ ਰਿਹਾ ਹੈ।

ਪਰਚੇ ਦੇ ਪੰਨੇ : 216, ਮੁੱਲ : 150 ਰੁਪਏ, ਪਤਾ : ਸੰਪਾਦਕ ਤਾਸਮਨ, ਐਮ. ਆਈ. ਜੀ. 578, ਫੇਜ਼-1, ਅਰਬਨ ਅਸਟੇਟ, ਪਟਿਆਲਾ, ਪਰਚੇ ਦੇ ਮੁੱਖ ਸੰਪਾਦਕ : ਹਰਮਨਦੀਪ ਗਿੱਲ, ਸੰਪਾਦਕ : ਸਤਪਾਲ ਭੀਖੀ (ਮੁਬਾਇਲ : 98761-55530) ਹਨ।

## ਮਿੰਨੀ : ਅਸਗਰ ਵਜ਼ਾਹਤ ਦੀਆਂ ਰਚਨਾਵਾਂ

ਮਿੰਨੀ ਕਹਾਣੀ ਨੂੰ ਸਮਰਪਤ ਮਿੰਨੀ'-146 ਦੇ ਅਪ੍ਰੈਲ-ਜੂਨ, 2025 ਅੰਕ ਵਿੱਚ ਲੋਪੇਜ ਫਿਉਂਤੇਸ (ਰੱਬ ਦੇ ਨਾਂ ਖ਼ਤ, ਸੁਪੇਨੀ) ਤੇ ਨਿਯੂ ਚਿਐਨਹਵਾ (ਜੁੱਤੀਆਂ, ਚੀਨੀ) ਕਹਾਣੀਆਂ ਤੇ ਨਾਲ-ਨਾਲ ਅਸਗਰ ਵਜ਼ਾਹਤ ਦੀ ਜਾਣ ਪਛਾਣ ਦੇ ਨਾਲ ਅੱਗ, ਯੋਧਾ, ਉੱਪਰ ਦਾ ਅਸਮਾਨ, ਪਛਾਣ, ਚਾਰ ਹੱਥ, ਜ਼ੰਨਤ ਵਿਚ ਸੰਵਾਦ ਆਦਿ ਮਿਆਰੀ ਰਚਨਾਵਾਂ ਛਪੀਆਂ ਹਨ ਅਗਾਂਹ ਡਾ. ਕਮਲ ਚੋਪੜਾ (ਬਿਮਾਰ), ਸੁਕੇਸ਼ ਸਾਹਨੀ (ਬ੍ਰੇਕ ਪੁਆਇੰਟ), ਡਾ. ਰਘੂਨੰਦਨ ਵਿਲੇ (ਸਵੈਮਾਣ), ਰਾਵੇਲ ਪੁਸ਼ਪ (ਅਪਾਹਜ), ਪ੍ਰਦੀਪ ਬਿਹਾਰੀ (ਮੁਕਤੀ), ਰਾਮਕਰਨ (ਚਰਚਾ), ਸੁਭਾਸ਼ ਸੇਤੀਆ (ਅਪਸਰਾ) ਸਭ ਦਾ ਅਨੁਵਾਦ ਜਗਦੀਸ਼ ਰਾਏ ਕੁਲਰੀਆਂ ਨੇ ਕੀਤਾ ਹੈ। ਜਸਬੀਰ ਢੰਡ ਦੀਆਂ ਰਚਨਾਵਾਂ ਵੇਰਵੇ ਸਮੇਤ ਛਪੀਆਂ ਹਨ। ਸਿਲਸਿਲਾ ਤਹਿਤ ਜਗਦੀਸ਼ ਰਾਏ ਕੁਲਰੀਆਂ, ਕੁਲਵਿੰਦਰ ਕੌਸ਼ਲ, ਕੈਲਾਸ ਠਾਕੁਰ, ਮਨਜੀਤ ਕੌਰ ਅੰਬਾਲਵੀ, ਬਲਵਿੰਦਰ ਸਿੰਘ ਭੁੱਲਰ, ਇਕਬਾਲ ਸਿੰਘ ਹਮਜਾਪੁਰ, ਬਲਜੀਤ ਕੌਰ,ਤ੍ਰਿਲੋਕ ਢਿੱਲੋਂ, ਮਨਜੀਤ ਕੌਰ ਧੀਮਾਨ, ਮੰਗਦ ਕੁਲਜਿੰਦ, ਗੁਰਮੀਤ ਸਿੰਘ ਮਰ੍ਹਾੜ, ਪਰਦੀਪ ਮਹਿਤਾ, ਡਾ. ਬਲਜੀਤ ਢਿੱਲੋਂ, ਗੁਰਜੀਤ ਕੌਰ ਅਜਨਾਲਾ, ਰਜਨੀ, ਜੋਗਿੰਦਰ ਕੌਰ ਅਗਨੀਹੋਤਰੀ, ਸੁਰਜੀਤ ਦੇਵਲ, ਨਾਇਬ ਸਿੰਘ ਮੰਡੇਰ, ਹਰਪ੍ਰੀਤ ਸਿੰਘ ਰਾਣਾ, ਕੇਵਲ ਰਾਮ, ਲਾਜਪਤ ਰਾਏ ਗਰਗ, ਵੀਰ ਸਿੰਘ ਥਿੰਦ ਦੀਆਂ ਨਵੀਆਂ ਕਹਾਣੀਆਂ ਛਪੀਆਂ ਹਨ। ਡਾ. ਕੁਲਦੀਪ ਸਿੰਘ ਦੀਪ ਦਾ ਆਲੋਚਨਾ ਲੇਖ 'ਲਘੂ ਕਥਾ ਬਨਾਮ ਮਿੰਨੀ ਕਹਾਣੀ ਚੁਣੌਤੀਆਂ ਦੇ ਅੰਗ ਸੰਗ' ਮਹੱਤਵਪੂਰਨ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਦੀ ਸੰਪਾਦਕੀ 'ਜ਼ਿੰਮੇਵਾਰੀ ਕੁਦਰਤੀ ਗੁਣ ਹੈ' ਸਮਕਾਲੀ ਸਰੋਕਾਰ ਬਾਰੇ ਹੈ।




ਪਰਚੇ ਦੇ ਪੰਨੇ : 64, ਮੁੱਲ : 40 ਰੁਪਏ, ਪਰਚੇ ਦੇ ਸੰਪਾਦਕ ਜਗਦੀਸ਼ ਰਾਏ ਕੁਲਰੀਆਂ (95018-77033), ਕੁਲਵਿੰਦਰ ਕੌਸ਼ਲ (94 176-36255) ਹਨ।

## ਨਿੱਕੀਆਂ ਕਰੂੰਬਲਾਂ :10 ਬਾਲ ਕਹਾਣੀਆਂ


'ਨਿੱਕੀਆਂ ਕਰੂੰਬਲਾਂ' ਦੇ ਮਈ-ਜੂਨ, 25 ਦੇ ਅੰਕ ਵਿੱਚ ਰਘਬੀਰ ਸਿੰਘ ਮਾਨ (ਜੈਬਰਾ ਲਾਈਨਾਂ), ਹਰੀ ਕ੍ਰਿਸ਼ਨ ਮਾਇਰ (ਨਿੱਕਾ ਲੂੰਬੜ), ਬਹਾਦਰ ਸਿੰਘ ਗੋਸਲ (ਪੱਪੂ ਦੀ ਸੋਚ), ਰਘੁਬੀਰ ਸਿੰਘ ਕਲੋਆ (ਸਾਂਝ ਦਾ ਸਿੱਟਾ), ਸ਼ਸ਼ੀ ਲਤਾ ਸੁਨਾਮ (ਦੋ ਮਿੱਤਰ), ਅਮਰਪ੍ਰੀਤ ਸਿੰਘ ਝੀਤਾ (ਦੀਪੀ ਨੇ ਭੂਤ ਭਜਾਏ), ਪ੍ਰਿੰ. ਵਿਜੈ ਕੁਮਾਰ (ਜਨਮ ਦਿਨ ਦੀ ਅਸਲੀ ਖੁਸ਼ੀ), ਡਾ. ਪਰਮਜੀਤ ਕੌਰ (ਉੱਦਮ), ਹਰਿੰਦਰ ਸਿੰਘ ਗੋਗਨਾ (ਪਾਣੀ ਦੀ ਕਦਰ), ਅਮਰ ਗੋਸਵਾਮੀ (ਜੰਗਲ ਦੀ ਘੜੀ) ਲੇਖਕਾਂ ਦੀਆਂ ਬਾਲ ਮਨਾਂ ਦੀ ਤਰਜ਼ਮਾਨੀ ਕਰਦੀਆਂ ਬਾਲ ਕਹਾਣੀਆਂ ਛਪੀਆਂ ਹਨ। ਦਰਸ਼ਨ ਆਸ਼ਟ ਦਾ ਬਾਲ ਨਾਵਲ 'ਫੁੱਲ ਖਿੜ ਪਏ' ਵੀ ਛਪਿਆ ਹੈ। ਓਮਕਾਰ ਸੂਦ ਬਹੋਨਾ, ਅਮਰਪ੍ਰੀਤ ਸਿੰਘ ਝੀਤਾ, ਗੁਰਦਰਸ਼ਨ ਸਿੰਘ ਮਾਵੀ, ਮੁਹੰਮਦ ਅਸ਼ਰਫ ਸੁਹੇਲ, ਗੋਗੀ ਜ਼ੀਰਾ, ਅਮਰੀਕ ਸਿੰਘ ਤਲਵੰਡੀ , ਜਗਦੀਸ਼ ਬਹਾਦਰਪੁਰੀ, ਹਰਪ੍ਰੀਤ ਪੱਤੋ, ਗੁਰਪ੍ਰੀਤ ਸਿੰਘ ਬੀੜ ਕਿਸ਼ਨ, ਜਗਤਾਰ ਸਿੰਘ ਭੁੱਲਰ, ਸੁਰਜੀਤ ਸੁਮਨ, ਅੰਜੂ ਵ ਰੱਤੀ, ਨਵਰਾਹੀ ਘੁਗਿਆਣਵੀ, ਹਰਿੰਦਰ ਸਿੰਘ ਗੋਗਨਾ, ਉਮਾ ਕਮਲ, ਰਘੁਬੀਰ ਸਿੰਘ ਕਲੋਆ, ਆਤਮਾ ਸਿੰਘ ਚਿੱਟੀ, ਬਲਜਿੰਦਰ ਮਾਨ ਦੀਆਂ ਕਵਿਤਾਵਾਂ ਤੋਂ ਇਲਾਵਾ ਬਲਜਿੰਦਰ ਮਾਨ, ਵਿਜੈ ਗਰਗ ਤੇ ਗਿਆਨੀ ਹਰਕੇਵਲ ਸਿੰਘ ਸੈਲਾਨੀ ਦੇ ਲੇਖ ਛਪੇ ਹਨ। ਕੁਝ ਕਿਤਾਬਾਂ ਦੇ ਰੀਵਿਊ ਸਮੇਤ ਰਸਾਲੇ ਵਿੱਚ ਬੱਚਿਆਂ ਦੇ ਪੱਧਰ ਦੀ ਹੋਰ ਸਮੱਗਰੀ ਵੀ ਛਪੀ ਹੈ। ਸੰਪਾਦਕੀ ਵਿੱਚ ਬਲਜਿੰਦਰ ਮਾਨ ਹੁਰਾਂ ਨੇ 'ਸਕੂਲਾਂ ਵਿਚ ਵਿੱਦਿਅਕ ਮਾਹੌਲ ਦੀ ਉਸਾਰੀ ਕਿਵੇਂ ਹੋਵੇ ?' ਅੱਛਾ ਲਿਖਿਆ ਹੈ।




ਪਰਚੇ ਦੇ ਪੰਨੇ : 50, ਮੁੱਲ : 60 ਰੁਪਏ, ਪਤਾ : ਸੰਪਾਦਕ: ਨਿੱਕੀਆਂ ਕਰੂੰਬਲਾਂ, ਗੜ੍ਹਸ਼ੰਕਰ ਰੋਡ, ਮਾਹਿਲਪੁਰ , ਪਰਚੇ ਦੇ ਮੁੱਖ ਸੰਪਾਦਕ ਬਲਜਿੰਦਰ ਮਾਨ (98150-18947) ਹਨ।

## ਪੰਖੜੀਆਂ: ਅੱਠ ਵਾਰਤਕ ਲੇਖ

ਬੱਚਿਆਂ ਦੇ ਮਾਸਿਕ 'ਪੰਖੜੀਆਂ' ਦਾ ਮਈ,2025 ਅੰਕ ਛਪ ਗਿਆ ਹੈ। ਹੱਥਲੇ ਅੰਕ ਵਿੱਚ ਜਤਿੰਦਰ ਕੌਰ, ਡਾ. ਬੀ. ਐੱਸ. ਮੁਲਤਾਨੀ, ਪ੍ਰਿੰਸੀਪਲ ਵਿਜੈ ਕੁਮਾਰ, ਹਮਦਰਦਵੀਰ ਨੌਸ਼ਹਿਰਵੀ, ਕੁਲਵੰਤ ਸਿੰਘ ਢੰਡ, ਲੈਕ. ਲਲਿਤ ਗੁਪਤਾ, ਬਲਜਿੰਦਰ ਮਾਨ, ਸੰਜੀਵ ਸਿੰਘ ਸੈਣੀ ਦੇ ਮਹੱਤਵਪੂਰਨ ਲੇਖ ਛਪੇ ਹਨ ਜੋ ਕਿ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਵਾਲੇ ਹਨ। ਨਾਲ ਹੀ ਅੰਕ ਵਿੱਚ ਕੁਲਵਿੰਦਰ ਕੌਰ ਮਹਿਕ (ਗੂੜ੍ਹੇ ਮਿੱਤਰ), ਸੁਖਬੀਰ (ਦਿਮਾਗ਼ ਦੀ ਗੱਲ) ਕਹਾਣੀਆਂ ਤੇ ਜਸਬੀਰ ਭੁੱਲਰ ਦੇ ਨਾਵਲ 'ਥੇਹ' ਦੀ ਅਗਲੀ ਕਿਸ਼ਤ ਛਪੀ ਹੈ। ਕੁਲਵਿੰਦਰ ਕੌਰ ਮਹਿਕ, ਲਖਵਿੰਦਰ ਸਿੰਘ ਬਾਜਵਾ, ਸ਼ਰਨਪ੍ਰੀਤ ਕੌਰ, ਮਹਿੰਦਰ ਸਿੰਘ ਮਾਨੂੰਪੁਰੀ, ਵਿਵੇਕ, ਡਾ. ਸਾਧੂ ਰਾਮ, ਕਰਮਜੀਤ ਸਿੰਘ ਗਰੇਵਾਲ, ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਵੀ ਛਪੀਆਂ ਹਨ। ਰਸਾਲਾ ਬੱਚਿਆਂ ਵਿੱਚ ਬੌਧਿਕ ਊਰਜਾ ਪੈਦਾ ਕਰਨ ਵਾਲੀ ਸਮੱਗਰੀ ਪ੍ਰਕਾਸ਼ਤ ਕਰਦਾ ਹੈ। ਪੰਖੜੀਆਂ ਦੇ ਸਫ਼ੇ : 40 ਤੇ ਮੁੱਲ : 20 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ ਪੰਖੜੀਆਂ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੁਹਾਲੀ-160062, ਪ੍ਰਾਇਮਰੀ ਸਿੱਖਿਆ ਦੇ ਸੰਪਾਦਕ : ਪਰਮਿੰਦਰ ਕੌਰ (ਸੰਪਰਕ : 0172-5227-395) ਹਨ।




**- ਭਗਵੰਤ ਰਸੂਲਪੁਰੀ**

# ਜਗਦੀਸ਼ ਰਾਏ ਕੁਲਰੀਆਂ ਦੀਆਂ ਨਵੀਆਂ ਮਿੰਨੀ ਕਹਾਣੀਆਂ

## ਜੀਵਨ ਲੀਲ੍ਹਾ

ਆਂਢੀ-ਗੁਆਂਢੀ ਆ ਕੇ ਸੱਥਰ 'ਤੇ ਬੈਠ ਚੁੱਕੇ ਸਨ। ਘਰ ਅੰਦਰੋਂ ਲਗਾਤਾਰ ਰੋਣ ਦੀਆਂ ਆਵਾਜ਼ਾਂ ਆ ਰਹੀਆਂ ਸਨ, ਜੋ ਕਿਸੇ ਦੇ ਆਉਣ ਨਾਲ ਤੇਜ਼ ਹੋ ਜਾਂਦੀਆਂ ਤੇ ਫੇਰ ਹੁਬਕੀਆਂ, ਹਟਕੋਰਿਆਂ ਮਗਰੋਂ ਗੱਲਾਂ ਵਿਚ ਬਦਲ ਜਾਂਦੀਆਂ। ਇਹ ਕ੍ਰਮ ਲਗਾਤਾਰ ਜਾਰੀ ਸੀ।

ਬੇਬੇ ਨੂੰ ਸਾਥ ਛੱਡਿਆਂ ਅਜੇ ਬਹੁਤਾ ਟੈਮ ਨਹੀਂ ਸੀ ਹੋਇਆ। ਕੁੱਝ ਸਮਾਂ ਪਹਿਲਾਂ ਦੀ ਤਾਂ ਗੱਲ ਹੈ। ਇਕਦਮ ਏਵੇਂ ਹੋ ਜਾਵੇਗਾ, ਉਸ ਨੂੰ ਯਕੀਨ ਨਹੀਂ ਸੀ ਆ ਰਿਹਾ। ਉਹ ਸੁੰਨ ਜਿਹਾ ਬੈਠਿਆ ਸੀ ਅਤੇ ਕੁਝ ਉਥਲ-ਪੁਥਲ ਉਹਦੇ ਅੰਦਰ ਕੋਹਰਾਮ ਮਚਾ ਰਹੀ ਸੀ।

ਬਾਪੂ ਛੇ ਕੁ ਮਹੀਨੇ ਪਹਿਲਾਂ ਆਪਣੀ ਯਾਤਰਾ ਪੂਰੀ ਕਰਕੇ ਓਝਲ ਰਾਹਾਂ ਦਾ ਪਾਂਧੀ ਬਣ ਚੁੱਕਿਆ ਸੀ, ਬਾਪੂ ਜਿਸ ਨੇ ਆਪਣੇ ਅਸੂਲਾਂ, ਸਿਦਕ ਅਤੇ ਅੜਬਪੁਣੇ ਕਾਰਨ ਚੰਗਾ ਨਾਮਣਾ ਖੱਟਿਆ ਸੀ। ਪਿੰਡ ਵਾਲੇ ਉਹਨੂੰ 'ਕਾਮਰੇਟ' ਕਹਿੰਦੇ। ਕਿਤੇ ਕੋਈ ਮਸਲਾ ਹੁੰਦਾ ਤਾਂ ਲੋਕ ਹਿੱਤ ਵਿਚ ਲਾਲ ਝੰਡਾ ਲੈ ਕੇ ਖੜ ਜਾਂਦਾ ... ਉਹ ਜਦੋਂ ਬੋਲ ਕੇ ਆਵਾਜ਼ ਬੁਲੰਦ ਕਰਦਾ ਤਾਂ ਲੋਕ ਉਸ ਦੀ ਸਿਆਣਪ ਦੀ ਦਾਦ ਦਿੰਦੇ... ਕਾਰਪੋਰੇਟ, ਪੂੰਜੀਪਤੀ, ਵੱਡੇ ਘਰਾਣੇ ... ਬੜੇ ਭਾਰੇ-ਭਾਰੇ ਸ਼ਬਦ ਬੋਲਦਾ।

ਬਾਪੂ ਜਿੰਨਾ ਅਗਾਂਹਵਧੂ, ਬੇਬੇ ਓਨੇ ਹੀ ਪੁਰਾਣੇ ਖਿਆਲਾਂ ਦੀ, ਪਰ ਮਜ਼ਾਲ ਐ ਕਦੇ ਦੋਵਾਂ ਵਿਚ ਅਣਬਣ ਰਹੀ ਹੋਵੇ। ਉਹਨੇ ਕਦੇ ਬਾਪੂ ਨੂੰ ਨਹੀਂ ਟੋਕਿਆ ਤੇ ਬਾਪੂ ਨੇ ਕਦੇ ਬੇਬੇ ਨੂੰ...। ਬਾਪੂ ਦ੍ਰਿੜ੍ਹ ਇਰਾਦੇ ਵਾਲਾ ਸੀ ਤੇ ਕੁਝ ਕਰਨ ਨੂੰ ਤਤਪਰ... ਇਸ ਕਰਕੇ ਉਹ ਜਹਾਨੋਂ ਜਾਂਦਾ ਵੀ ਨਾਮਣਾ ਖੱਟ ਗਿਆ... ਆਪਣਾ ਸਰੀਰ ਦਾਨ ਕਰਕੇ।

ਬੇਬੇ ਨੇ ਉਦੋਂ ਕੋਈ ਨਾਂਹ-ਨੁੱਕਰ ਨਾ ਕੀਤੀ, ਪਰ ਅੰਦਰੋਂ-ਅੰਦਰੀ ਹੇਰਵਾ ਜ਼ਰੂਰ ਕਰਦੀ ਰਹੀ। ਇਕ ਦਿਨ ਮੈਨੂੰ ਕਹਿਣ ਲੱਗੀ, "ਖਬਰੇ ਤੇਰੇ ਬਾਪੂ ਦਾ ਕੀ ਬਣਿਆ ਹੋਊ.. ਕਦੇ ਉਈਂ ਨਾ ਭਟਕਦਾ ਹੋਵੇ..." ਉਹ ਏਨੀ ਗੰਭੀਰਤਾ ਨਾਲ ਕਹਿੰਦੀ ਕਿ ਮੇਰੇ ਕੁਝ ਕਹਿਣ, ਸਮਝਾਉਣ 'ਤੇ ਵੀ ਉਹ ਹਾਂ.. ਹੂੰਅ ਹੀ ਕਰ ਛੱਡਦੀ?

ਮੈਨੂੰ ਲਗਦਾ ਕਿ ਬੇਬੇ ਦੇ ਦਿਮਾਗ ਵਿਚ ਬਾਪੂ ਦੇ ਸਰੀਰ ਦਾਨ ਦੇ ਫੈਸਲੇ ਨੂੰ ਲੈ ਕੇ ਸ਼ੰਕਾ ਪੈਦਾ ਹੋ ਗਈ ਹੈ। ਬਾਪੂ ਦੇ ਜਾਣ ਮਗਰੋਂ ਉਸ ਨੇ ਅਜਿਹਾ ਮੰਜਾ ਮੱਲਿਆ ਕਿ ਆਹ ਦਿਨ ਆ ਕੇ ਖਹਿੜਾ ਛੁੱਟਿਆ।

ਅਜੇ ਕੱਲ੍ਹ ਈ ਮੈਨੂੰ ਆਪਣੇ ਕੋਲ ਉਚੇਚਾ ਸੱਦਿਆ। ਕਹਿਣ ਲੱਗੀ, "ਬਿੰਦਰ ਪੁੱਤਰਾ ! ਜੇ ਮਰਗੀ ਮੈਨੂੰ ਸਿਵਿਆਂ 'ਚ ਨਾ ਲੈ ਕੇ ਜਾਈਂ"

ਮੈਂ ਕਿਹਾ, "... ਫੇਰ?"

"ਮੇਰਾ ਵੀ ਸਰੀਰ ਉਥੇ ਹੀ ਭੇਜ ਦੇਈਂ, ਜਿੱਥੇ ਤੇਰੇ ਬਾਪੂ ਦਾ ਭੇਜਿਆ ਸੀ... ਉਹਦੀਆਂ ਗੱਲਾਂ ਚੰਗੀਆਂ ਈਂ ਹੁੰਦੀਆਂ ਸੀ..ਭਾਵੇਂ ਬਹੁਤੀਆਂ ਦੀ ਮੈਨੂੰ ਸਮਝ ਨਾ ਲਗਦੀ.. ਨਾਲੇ ਮੈਂ ਇਕੱਲੀ ਸਿਵਿਆਂ 'ਚ ਕਿੱਥੇ ਟੱਕਰਾਂ ਮਾਰੂੰ..ਮੈਂ ਤੇਰੇ ਬਾਪੂ ਨੂੰ ਉੱਥੇ ਜਾ ਕੇ ਮਿਲੂ ..." ਬੇਬੇ ਨੇ ਗੱਲ ਏਵੇਂ ਆਖੀ ਸੀ ਕਿ ਮੇਰੇ ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਾਨ ਆ ਗਈ ਸੀ।

ਮੈਂ ਕਿਹਾ, "...ਅਜੇ ਤੈਨੂੰ ਕੁੱਝ ਨ੍ਹੀਂ ਹੁੰਦਾ ਮਾਤਾ।"

..ਤੇ ..ਤੇ..ਅੱਜ ਆਹ ਦਿਨ...ਕਾਲਜੇ 'ਚੋਂ ਰੁੱਗ ਭਰਿਆ ਗਿਐ।

"ਮੈਂ ਕਿਹਾ ਜੀ ! ਕਰਤਾ ਫੂਨ ....।" ਮੇਰੀ ਪਤਨੀ ਹੌਲੀ ਜਿਹੇ ਮੇਰੇ ਕੋਲ ਆ ਕੇ ਕਹਿੰਦੀ ਹੈ।

ਮੈਂ ਜੇਬ 'ਚੋਂ ਝੱਟ ਫੋਨ ਕੱਢ ਕੇ ਮੈਡੀਕਲ ਕਾਲਜ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕਰਦਾ ਹਾਂ।

## ਰੁਦਨ

ਰਾਤ ਪੱਸਰ ਚੁੱਕੀ ਸੀ ਤੇ ਉਹ ਰੋਜ਼ ਵਾਂਗ ਜ਼ੋਰ-ਜ਼ੋਰ ਨਾਲ ਰੋਣ ਲੱਗਿਆ..ਕਦੇ ਆਵਦਾ ਸਿਰ ਜ਼ੋਰ ਨਾਲ ਕੰਧ 'ਤੇ ਮਾਰਦਾ ਤੇ ਕਦੇ ਇੱਕ ਪਾਸੇ ਭੱਜਦਾ ਤੇ ਕਦੇ ਦੂਜੇ ਪਾਸੇ.... ਪਾਗਲਾਂ ਵਾਂਗ ..ਪਰ ਉਹ ਪਾਗਲ ਨਹੀਂ ਸੀ..ਉਹਦੇ ਕੋਲ ਨਾ ਕੋਈ ਆਉਂਦਾ ਤੇ ਨਾ ਹੀ ਜਾਂਦਾ..ਜਦੋਂ ਦੇ ਮਾਂ-ਬਾਪ ਜਹਾਨੋਂ ਤੁਰੇ ਨੇ, ਉਦੋਂ ਤੋਂ ਪਿੰਡ ਵਾਲੇ ਹੀ ਤਰਸ ਖਾ ਕੇ ਦੂਰੋਂ ਹੀ ਰੋਟੀ ਸੁੱਟ ਦਿੰਦੇ ਨੇ..ਸਾਰਾ ਦਿਨ ਤਾਂ ਪਿਆ ਰਹਿੰਦੈ..ਪਰ ਜਿਵੇਂ-ਜਿਵੇਂ ਨੇਰ੍ਹਾ ਹੋਣ ਲੱਗਦਾ...ਉਹਦਾ ਰੁਦਨ ਸ਼ੁਰੂ ਹੋ ਜਾਂਦਾ..ਉਹ ਕੰਧਾਂ ਨਾਲ ਗੱਲਾਂ ਕਰਨ ਲੱਗਦੈ..ਹੋਰ ਹੈ ਵੀ ਕੌਣ ਐ ਜੀਹਦੇ ਨਾਲ ਉਹ ਬੋਲੇ.. ਅੱਜ ਵੀ ਉਹੀਓ ਕੁਝ ਕਰ ਰਿਹੈ ..ਤੁਸੀਂ ਵੀ ਸੁਣੋ ..

"ਮੈਂ ਕੋਈ ਪਾਗਲ ਆਂ..ਮੈਂ ਤਾਂ ਬਹੁਤ ਸਿਆਣਾ ਮੁੰਡਾ ਸੀ..ਇਹਦੇ ਵਿਚ ਭਲਾ ਮੇਰਾ ਕੀ ਕਸੂਰ ਜੇ ਮੇਰੀ ਚਾਲ-ਢਾਲ ਕੁੜੀਆਂ ਵਰਗੀ ਸੀ..ਉਸ ਨੇ ਜ਼ੋਰ ਦੀ ਚੀਕ ਮਾਰੀ। ਫੇਰ ਬਾਂਹ ਨਾਲ ਨੱਕ ਨੂੰ ਪੂੰਝਦੇ ਹੋਏ ਕੰਧ ਨਾਲ ਦੁਬਾਰਾ ਬੋਲਣ ਲੱਗਿਆ..ਮੈਨੂੰ ਸਾਰੇ 'ਜ਼ਨਾਨੜਾ' ਕਹਿ ਕੇ ਛੇੜਦੇ ..ਮੇਰੇ ਵਿੱਚੋਂ ਦੱਸ ਕੀ ਘਾਟ ਸੀ.. ਸਾਰੇ ਅੰਗ ਸਾਬਤ ਹੋਣ ਦੇ ਬਾਵਜੂਦ ਮੈਨੂੰ ਮਜ਼ਾਕ ਦਾ ਪਾਤਰ ਬਣਨਾ ਪੈਂਦਾ। ਥੋੜ੍ਹਾ ਜਵਾਨ ਹੋਇਆ ਤਾਂ ਮੁੰਡੇ ਮੇਰੇ ਨਾਲ ਸੰਗ ਕਰਨਾ ਲੋਚਦੇ। ਤੂੰ ਦੱਸ ਮੈਂ ਕੀ ਕਰਦਾ ਦੱਸ..ਦੱਸ ਤਾਂ ਸਹੀ ਕੀ ਕਰਦਾ ..ਉਸ ਨੇ ਜ਼ੋਰ ਦੀ ਇੱਕ ਮੁੱਠੀ ਵੱਟ ਕੇ ਕੰਧ 'ਤੇ ਮਾਰੀ। ਫੇਰ ਕਹਿਣ ਲੱਗਿਆ..ਮੈਂ ਸੋਚ ਲਿਆ ਸੀ ਕੁੱਝ ਕਰਨ ਨੂੰ..ਇਕ ਦਿਨ ਪਿੰਡ ਵਿਚ ਵਧਾਈ ਲੈਣ ਆਏ ਮਹੰਤਾਂ ਦੀ ਟੋਲੀ ਦੇ ਢੋਲ ਦੀ ਥਾਪ 'ਤੇ ਥਿਰਕਦਾ ਹੋਇਆ ਉਨ੍ਹਾਂ ਵਿਚ ਜਾ ਰਲਿਆ। ਉਦੋਂ ਤਾਂ ਮਾਂ-ਬਾਪ ਜਿਉਂਦੇ ਸੀ, ਬਥੇਰੀ ਮਿੰਨਤ ਕੀਤੀ ..ਪਰ ਲੱਗਦਾ ਸੀ ਉਦੋਂ ਕਿਸੇ ਨੇ ਸਵਾਹ ਪਾ ਦਿੱਤੀ ਹੋਵੇ ਸਿਰ 'ਚ..ਮੈਂ ਇਕ ਨਾ ਸੁਣੀ ਕਿਸੇ ਦੀ .ਇਹ ਕਹਿੰਦੇ ਹੋਏ ਉਹਨੇ ਜ਼ੋਰ-ਜ਼ੋਰ ਦੀ ਮੱਥਾ ਕੰਧ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਜਦੋਂ ਥੱਕ ਗਿਆ, ਫੇਰ ਬੋਲਣਾ ਸ਼ੁਰੂ ਕਰ ਦਿੱਤਾ..

ਸਮਾਜ ਦੇ ਤਾਹਨੇ-ਮਿਹਣੇ ਵੀ ਕਈ ਵਾਰ ਬੰਦੇ ਨੂੰ ਵੱਡਾ ਕਦਮ ਚੁੱਕਣ ਵਾਸਤੇ ਮਜਬੂਰ ਕਰ ਦਿੰਦੇ ਨੇ ..ਤੇ ਇਹ ਮਜਬੂਰੀ ਉਸ ਲਈ ਸਾਬਤ ਬੰਦਾ ਹੋਣ ਦੇ ਬਾਵਜੂਦ ਨਾ ਬੰਦੇ, ਨਾ ਤੀਵੀਂ ਵਾਲੀ ਬਣ ਗਈ ਸੀ। ਅਚਾਨਕ ਉਹਦੇ ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਆ ਗਈ ਅਤੇ ਉਹਨੇ ਜ਼ੋਰ ਨਾਲ ਤਾੜੀ ਮਾਰੀ ਤੇ ਬੋਲਣ ਲੱਗਿਆ..ਮੈਨੂੰ ਨਾਲ ਲਿਜਾ ਕੇ ਡੇਰੇ ਦਾ ਮਹੰਤ ਤਾਂ ਬਲਾਈਂ ਖੁਸ਼ ਹੋਇਆ ਸੀ। ਮੈਂ ਜਦੋਂ ਵੀ ਪਿੰਡ-ਪਿੰਡ ਜਾ ਕੇ ਕੁੜੀਆਂ ਵਾਲੇ ਕੱਪੜੇ ਪਾ ਕੇ ਨੱਚਦਾ ਤਾਂ ਵੱਡੇ ਵੱਡਿਆਂ ਦੇ ਦਿਲ ਨੂੰ ਹੌਲ ਪੈਂਦੇ..ਪੈਸਿਆਂ ਦਾ ਮੀਂਹ ਵਰਨ ਲੱਗਦਾ। ਉਹ ਫੇਰ ਰੋਣ ਲੱਗਿਆ..ਕੰਧ 'ਤੇ ਹੌਲੀ-ਹੌਲੀ ਹੱਥ ਫੇਰਦਾ ਹੋਇਆ ਕਹਿਣ ਲੱਗਿਆ..ਮੈਂ ਕੀ ਕਰਦਾ, ਮੇਰਾ ਉੱਥੇ ਵੀ ਮਨ ਨਹੀਂ ਲੱਗਿਆ। ਮੈਂ ਮਹੰਤ ਨੂੰ ਜਦੋਂ ਇਸ ਬਾਰੇ ਦੱਸਿਆ ਤਾਂ ਉਹਨਾਂ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ..ਪਰ ਬੋਲੇ ਇੱਕ ਸ਼ਬਦ ਵੀ ਨਹੀਂ..ਜਿਵੇਂ ਉਹਨਾਂ ਦੇ ਡਮਾਕ ਅੰਦਰ ਕੁਝ ਚਲਦਾ ਹੋਵੇ। ਅਸੀਂ ਸਾਰੇ ਜਣਿਆਂ ਨੇ ਉਸ ਰਾਤ ਖੂਬ ਦਾਰੂ ਪੀਤੀ..ਤੇ ਉਸੇ ਰਾਤ ਮਹੰਤ ਨੇ ਤੇਜ਼ ਹਥਿਆਰ ਨਾਲ.. .ਉਹਨੇ ਇੱਕ ਡੰਡਾ ਚੱਕਿਆ ਤੇ ਜ਼ੋਰ-ਜ਼ੋਰ ਨਾਲ ਕੰਧ 'ਤੇ ਮਾਰਨ ਲੱਗਿਆ.. ਉਹ ਸਾਲੇ ਹਰਾਮਜ਼ਾਦੇ ਨੇ ਹੀ..ਮੇਰੀ ਸਾਰੀ ਜ਼ਿੰਦਗੀ ਬਰਬਾਦ ਕਰਤੀ .. ਕੀੜੇ ਪੈਣਗੇ.. ਏਹ ਕੀ ਕੀਤਾ.. ਓਏ..ਮੇਰਾ ਸਾਮਾਨ ਮੈਨੂੰ ਵਾਪਸ .. ..

ਉਹ ਲਗਾਤਾਰ ਚੀਕ-ਚਿਹਾੜਾ ਪਾ ਰਿਹਾ ਸੀ। ਉਸ ਦਾ ਰੁਦਨ ਚੁੱਪ ਰਾਤ ਨੂੰ ਚੀਰ ਰਿਹਾ ਸੀ, ਪਰ ਉਸ ਦੀ ਅਵਾਜ਼ ਸੁਣਨ ਵਾਲਾ ਰੋਜ਼ ਵਾਂਗ ਕੋਈ ਨਹੀਂ ਸੀ।

## ਬੇਵਸੀ ਦੀ ਇੰਤਹਾ

ਗੱਲ ਹੁਣ ਚਿੱਟੇ ਦਿਨ ਵਾਂਗ ਸਾਫ਼ ਹੋ ਗਈ ਸੀ। ਆਪਣੀ ਜਨਮ ਭੋਇੰ ਤੋਂ ਹੁਣ ਰੁਖ਼ਸਤ ਹੋਣਾ ਹੀ ਪੈਣਾ ਸੀ। ਜਦੋਂ ਤੋਂ ਪਿੰਡ ਛੱਡਣ ਦੀ ਅਨਾਊਂਸਮੈਂਟ ਹੋਈ ਹੈ, ਹਮੀਦਾ ਲਈ ਆਪਣਾ ਮੁਲਕ ਹੁਣ ਪਰਾਇਆ ਬਣ ਗਿਆ ਸੀ।

ਹਮੀਦਾ ਪਿਛਲੇ ਕਈ ਦਿਨਾਂ ਤੋਂ ਇਸੇ ਉਧੇੜਬੁਣ ਵਿਚ ਹੀ ਸੀ। ਇਕ 'ਕੱਲੀਕਾਰੀ ਉਪਰੋਂ ਪੂਰਾ ਟ੍ਰੈਮ, ਢਿੱਡ ਵਿਚ ਪਲਦੇ ਰੱਬ ਦੇ ਜੀਅ ਨੂੰ ਲੈ ਕੇ ਉਹ ਕਿੱਥੇ-ਕਿੱਥੇ ਰੁਲਦੀ ਫਿਰੇਗੀ...ਉਤੋਂ ਇਹ ਹਾਲਾਤ।

ਅੱਜ ਰਾਤ ਉਨ੍ਹਾਂ ਨੇ ਪਿੰਡ ਛੱਡਣਾ ਸੀ... ਨੇੜੇ-ਤੇੜੇ ਮਾਰ-ਧਾੜ ਸ਼ੁਰੂ ਹੋ ਗਈ ਸੀ। ਇੱਕੋ ਥਾਂ ਇਕੱਠੇ ਖੇਡਦੇ, ਖਾਂਦੇ-ਪੀਂਦੇ ਵੀ ਇਕ-ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ ਸਨ।

ਹਮੀਦਾ ਨੇ ਡੂੰਘਾ ਸਾਹ ਲਿਆ... ਯਾ ਅੱਲਾਹ.. ਆਪਣੇ ਬੰਦਿਆਂ ਨੂੰ ਸੁਮੱਤ ਦੇ। ਉਹਨੇ ਮਨ ਹੀ ਮਨ ਦੁਆ ਕੀਤੀ।

ਰੈਜੀਮੈਂਟ ਦੇ ਕੁਝ ਜਵਾਨ ਉਨ੍ਹਾਂ ਨਾਲ ਸਨ ਤਾਂ ਕਿ ਉਨ੍ਹਾਂ ਨੂੰ ਸੁਰੱਖਿਅਤ ਕੱਢਿਆ ਜਾ ਸਕੇ।

ਲਾਹੌਰ ਅਜੇ ਦੂਰ ਸੀ। ਗਲੀਆਂ 'ਚੋਂ ਕੁੱਤੇ ਭੌਂਕਣ ਦੀ ਆਵਾਜ਼ ਆ ਰਹੀ ਸੀ। ਹਨੇਰਾ ਪੱਸਰ ਚੁੱਕਿਆ ਸੀ। ਖਾਮੋਸ਼ੀ ਏਨੀ ਕਿ ਪੈੜਚਾਲ ਵੀ ਅਸਾਨੀ ਨਾਲ ਸੁਣੀ ਜਾ ਸਕਦੀ ਸੀ।

ਉਹ ਸਾਰੇ ਚੁਕੰਨੇ ਸਾਹ ਰੋਕ ਕੇ ਅੱਲਾ-ਅੱਲਾ ਕਰਦੇ ਤੁਰੇ ਜਾ ਰਹੇ ਸਨ, ਜਿਨ੍ਹਾਂ ਦੇ ਚਿਹਰਿਆਂ 'ਤੇ ਜਿਵੇਂ ਮੁਰਦੇਹਾਣ ਛਾ ਗਈ ਹੋਵੇ। ਅਜੇ ਉਹ ਪਿੰਡ ਤੋਂ ਕੁਝ ਦੂਰੀ 'ਤੇ ਛੱਪੜ ਕੋਲ ਹੀ ਮਸਾਂ ਅੱਪੜੇ ਸਨ ਕਿ ਹਮੀਦਾ ਦੇ ਦਰਦਾਂ ਸ਼ੁਰੂ ਹੋ ਗਈਆਂ।

ਹਮੀਦਾ ਦੀਆਂ ਚੀਕਾਂ ਨਾਲ ਇਕ ਵਾਰ ਕਾਫ਼ਲਾ ਰੁਕਿਆ ਅਤੇ ਕਾਫ਼ਲੇ ਵਿੱਚੋਂ ਸਿਪਾਹੀਆਂ ਨੂੰ ਇਹ ਮੁਸ਼ਕਲ ਦੱਸੀ। ਥੋੜ੍ਹੇ ਸਲਾਹ-ਮਸ਼ਵਰੇ ਤੋਂ ਬਾਅਦ ਕਾਫ਼ਲੇ ਦੀ ਇਕ ਔਰਤ ਦੇ ਕਹਿਣ 'ਤੇ ਸਿਪਾਹੀ ਪਿੰਡ 'ਚੋਂ ਦਾਈ ਭਾਗਵਤੀ ਨੂੰ ਬੁਲਾਉਣ ਗਏ। ਭਾਗਵਤੀ ਦੇ ਆਉਣ, ਨਾ ਆਉਣ ਬਾਰੇ ਵੀ ਕਾਫ਼ਲੇ ਵਿਚ ਕਾਨਾਫੂਸੀ ਸ਼ੁਰੂ ਹੋ ਗਈ।

ਦਾਈ ਉਨ੍ਹਾਂ ਨਾਲ ਤੁਰੰਤ ਆ ਗਈ, ਉਹਨੇ ਕੋਈ ਨਾਂਹ ਨਾ ਕੀਤੀ। ਉਸ ਨੇ ਆਉਂਦਿਆਂ ਹੀ ਹਮੀਦਾ ਨੂੰ ਸੰਭਾਲਿਆ। ਥੋੜ੍ਹੇ ਓਹੜ-ਪੋਹੜ ਮਗਰੋਂ ਇਕ ਬੱਚੀ ਦੀ ਕਿਲਕਾਰੀ ਨੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ।

ਹਮੀਦਾ ਨੇ ਆਪਣੀ ਹਿੰਮਤ ਇਕੱਠੀ ਕਰਦਿਆਂ ਦਾਈ ਭਾਗਵਤੀ ਦਾ ਸ਼ੁਕਰੀਆ ਅਦਾ ਕੀਤਾ ਅਤੇ ਕਹਿਣ ਲੱਗੀ ... "ਅੰਮਾ... ਅੰਮਾ ਖੁਦਾ ਦੇ ਵਾਸਤੇ ਏਸ ਨੂੰ ਆਪਣੇ ਕੋਲ ਹੀ ਰੱਖ ਲੈ ..."

"ਨਹੀਂ..! ਬੇਟਾ ਮੈਂ ਕਿਵੇਂ ਰੱਖ ਸਕਦੀ ਆਂ ..."

"ਅੰਮਾ ਤੈਨੂੰ ਤਾਂ ਪਤੈ ..ਰਾਹ 'ਚ ਖਬਰੇ ਕੀ ਹੋ ਜਾਵੇ....ਮੇਰੇ ਨਾਲ ਕੀ ਵਾਪਰੇ.. ਮੈਂ ਇਸ ਨੰਨ੍ਹੀ ਜਾਨ ਨੂੰ ਲੈ ਕੇ ਕਿੱਥੇ ਲੁਕਦੀ ਫਿਰਾਂਗੀ.." ਉਹਨੇ ਫੇਰ ਮਿੰਨਤ ਕੀਤੀ।

"ਧੀਏ ਤੂੰ ਠੀਕ ਕਹਿੰਨੀ ਆਂ... ਪਰ ਮਾਫ਼ ਕਰੀਂ ਸਾਡੇ ਘਰ ਤਾਂ ਆਪ ਪਹਿਲਾਂ ਹੀ ਬਥੇਰੇ ਨਿਆਣੇ ਨੇ....।" ਦਾਈ ਨੇ ਬੇਵੱਸੀ ਜ਼ਾਹਿਰ ਕੀਤੀ ਅਤੇ ਘਰ ਵੱਲ ਤੁਰ ਪਈ।

" .. .."

"...ਛੱਪਾਕ...!"

ਛੱਪੜ 'ਚੋਂ ਇਕਦਮ ਡੂੰਘੀ ਆਵਾਜ਼ ਭਾਗਵਤੀ ਦੇ ਕੰਨੀ ਪਈ। ਉਸ ਦੇ ਹੱਥ ਆਪਣੇ ਆਪ ਹੀ ਨੰਨ੍ਹੀ ਜਾਨ ਦੀ ਆਤਮਾ ਦੀ ਸ਼ਾਂਤੀ ਲਈ ਜੁੜ ਗਏ।

## ਜ਼ਿੰਦਗੀ

'ਕਦੋਂ ਦੀ ਸੌਣ ਦੀ ਕੋਸ਼ਿਸ਼ ਕਰ ਰਹੀ ਹਾਂ....ਚੰਦਰੀ ਨੀਂਦ ਆਉਣ ਦਾ ਨਾਂਅ ਹੀ ਨਹੀਂ ਲੈ ਰਹੀ..ਉੱਤੋਂ ਏਹ ਵਕਤ.... ਘੰਟੇ ਦੀਆਂ ਸੂਈਆਂ ਵੀ ਜਿਵੇਂ ਘਿਸਰ-ਘਿਸਰ ਕੇ ਅੱਗੇ ਤੁਰਦੀਆਂ ਨੇ.. ਢਿੱਚਕ-ਮਿੱਚਕ....ਇਨ੍ਹਾਂ ਦੇ ਵੱਸ ਤਾਂ ਰੱਬ ਕਿਸੇ ਵੈਰੀ ਨੂੰ ਵੀ ਨਾ ਪਾਵੇ.. ਮਾੜਾ-ਮੋਟਾ ਹਾਲ-ਚਾਲ ਪੁੱਛ ਕੇ ਚਲੇ ਜਾਂਦੇ ਨੇ..ਕੈਦ ਹੋ ਗਈ ਆਂ ਜਿਵੇਂ ਮੈਂ ਤਾਂ.... ਪਤਾ ਨ੍ਹੀਂ ਕਦੋਂ ਖਹਿੜਾ ਛੁੱਟੂ..' ਆਪਣੇ-ਆਪ ਨਾਲ ਬੁੜਬੁੜਾਂਦੀ ਹੋਈ ਪਾਸਾ ਪਰਤਦੀ ਹਾਂ।

"ਕੋਈ ਗੱਲ ਨ੍ਹੀਂ.. ਤੂੰ ਵਾਗੁਰੂ ਦਾ ਨਾਂਅ ਲੈ..ਨੀਂਦ ਆ ਜੂ.... ਜਲਦੀ ਠੀਕ ਹੋ ਜੇਂਗੀ..ਤੈਨੂੰ ਛੇਤੀ ਹੀ ਘਰ ਲੈ ਜਾਊ" ਮੈਨੂੰ ਬੇਚੈਨ ਹੁੰਦੀ ਨੂੰ ਦੇਖ ਨਿੱਕੇ ਦਾ ਡੈਡੀ ਤਸੱਲੀ ਦੇਣ ਦੀ ਕੋਸ਼ਿਸ਼ ਕਰਦਾ ਹੈ।

"ਤੁਸੀਂ ਮੈਨੂੰ ਲੈ ਚਲੋ ਘਰੇ.. ਏਥੇ ਕੁਝ ਨਹੀਂ ਪਿਆ..ਕਿਉਂ ਪੈਸਾ-ਟਕਾ ਬਰਬਾਦ ਕਰਦੇ ਓ.. ਸਾਰਾ ਘਰ ਤਾਂ ਲਾਤਾ ਮੇਰੇ 'ਤੇ.. ਦੱਸੋ ਕੀ ਕਸਰ ਰਹਿ'ਗੀ .... ਆਹ ਬਿਮਾਰੀ ਵਾਲੇ ਵੀ ਕਿਤੇ ਬਚਦੇ ਨੇ..ਤੁਸੀਂ ਪਤਾ ਨ੍ਹੀਂ ਕਿਉਂ ਜ਼ਿੱਦ ਫੜ ਰੱਖੀ ਐ.." ਮੈਂ ਅਕਸਰ ਕਹੀ ਜਾਣ ਵਾਲੀ ਆਪਣੀ ਗੱਲ ਨੂੰ ਦੁਹਰਾਇਆ।

"ਕਿਉਂ ਕਮਲ ਮਾਰਦੀ ਐਂ.. ਕੁੱਝ ਨਹੀਂ ਹੁੰਦਾ ਤੈਨੂੰ..ਅੱਜ-ਕੱਲ੍ਹ ਤਾਂ ਹਰ ਮਰਜ਼ ਦਾ 'ਲਾਜ ਐ..ਨਾਲੇ ਐਂ ਕਿਮੇਂ ਲੈ ਜਾ ਘਰੇ, ਜਦੋਂ ਤੱਕ ਠੀਕ ਨਹੀਂ ਹੁੰਦੀ...." ਨਿੱਕੇ ਦਾ ਡੈਡੀ ਹਰ ਰੋਜ਼ ਵਾਂਗ ਅੱਜ ਵੀ ਬੁਲੰਦ ਅਵਾਜ਼ ਵਿਚ ਬੋਲਿਆ ਹੈ।

"ਬੰਦਿਆ ਅਕਲ ਕਰ..ਆਪਣਾ ਸਾਥ ਹੁਣ ਬਹੁਤਾ ਨਹੀਂ..ਕਦੇ ਕੋਈ ਬਿਮਾਰੀ ਦੀ ਆਖਰੀ ਸਟੇਜ 'ਤੇ ਵੀ ਬਚਿਐ..ਮੈਂ ਕੱਲ੍ਹ ਨਰਸਾਂ ਨੂੰ ਵੀ ਗੱਲਾਂ ਕਰਦੇ ਸੁਣਿਆ ਸੀ..ਉਨ੍ਹਾਂ ਭਾਣੇ ਮੈਂ ਸੁੱਤੀ ਸੀ..ਪਰ ਮੈਨੂੰ ਨੀਂਦ ਕਿੱਥੇ..ਚੰਦਰੀ ਟੀਕੇ-ਗੋਲੀਆਂ ਨਾਲ ਵੀ ਨ੍ਹੀਂ ਆਉਂਦੀ, ਹੁਣ ਤਾਂ.ਬਸ ਜਿਸ ਢੰਗ ਨਾਲ ਤੁਸੀਂ ਮੇਰੀ ਸੰਭਾਲ ਕੀਤੀ ਐ.. ਉਵੇਂ ਹਰ ਕੋਈ ਨ੍ਹੀਂ ਕਰ ਸਕਦਾ..ਮੈਂ ਤਾਂ ਇਹੀ ਚਾਹੁੰਨੀ ਆਂ ਕਿ ਅਗਲੇ ਜਨਮ 'ਚ ਵੀ ਤੁਹਾਡਾ ਹੀ ਸਾਥ ਮਿਲੇ" ਖੰਘ ਨਾ ਛਿੜ ਜਾਵੇ, ਇਸ ਕਰਕੇ ਮੈਂ ਹੌਲੀ-ਹੌਲੀ ਬੋਲਦੀ ਹੋਈ ਆਪਣੀਆਂ ਅੱਖਾਂ ਵਿੱਚੋਂ ਆਉਂਦੇ ਹੰਝੂਆਂ ਨੂੰ ਰੋਕਣ ਦਾ ਯਤਨ ਕਰਦੀ ਹਾਂ।

"ਐਵੇਂ ਨਾ ਜ਼ਿਆਦਾ ਬੋਲਿਆ ਕਰ..ਹੌਸਲਾ ਰੱਖ ..ਪਹਿਲਾਂ ਏਹ ਜਨਮ ਤਾਂ ਚੰਗੀ ਤਰ੍ਹਾਂ ਭੋਗ ਲਈਏ ..ਅਗਲੇ ਦਾ ਫੇਰ ਦੇਖਾਂਗੇ.." ਉਨ੍ਹਾਂ ਦੇ ਚਿਹਰੇ 'ਤੇ ਹਲਕੀ ਮੁਸਕਾਨ ਸੀ।

"ਤੁਸੀਂ ਵੀ ਨਾ .. ..ਚਲੋ ਮੇਰੀ ਇੱਕ ਗੱਲ ਮੰਨੋਗੇ.."

"ਹਾਂ..ਹਾਂ ਦੱਸ..ਇੱਕ ਕਿਉਂ ਦੋ ਦੱਸ"

"ਏਹ .. ਏਹ ਕਿ ਮੇਰੇ ਜਾਣ ਤੋਂ ਬਾਅਦ ਤੁਸੀਂ ਆਪਣੇ-ਆਪ ਨੂੰ ਇਕੱਲਾ ਨਹੀਂ ਛੱਡੋਗੇ.. ਆਪਣਾ ਸਾਥੀ ਲੱਭ ਲਓਗੇ.. ਮੈਨੂੰ ਪਤੈ ਬੱਚਿਆਂ ਨੇ ਆਪੋ-ਆਪਣੇ ਪਰਵਾਰਾਂ 'ਚ ਮਸਤ ਹੋ ਜਾਣੈ ਤੇ ਤੁਸੀਂ ਤੁਸੀਂ ਮੇਰੇ ਵਿਯੋਗ 'ਚ ਹੌਸਲਾ ਹਾਰ ਜਾਣਾ ਐ.." ਮੇਰੀਆਂ ਅੱਖਾਂ ਵਿਚ ਰੁਕੇ ਹੋਏ ਹੰਝੂਆਂ ਦਾ ਹੜ੍ਹ ਵਹਿ ਤੁਰਿਆ।

"ਤੂੰ ਨ੍ਹੀਂ ਹਟਦੀ ..ਆਪਣਾ ਕਮਲ ਮਾਰਨ ਤੋਂ..ਕੁਝ ਨਹੀਂ ਹੁੰਦਾ ਤੈਨੂੰ..ਕਿੰਨੀ ਵਾਰ ਕਿਹੈ..ਵਾਗੁਰੂ 'ਤੇ ਭਰੋਸਾ ਰੱਖ..ਨਾਲੇ ਜੇ ਤੈਥੋਂ ਪਹਿਲਾਂ ਮੈਨੂੰ ਕੁਝ ਹੋ ਗਿਆ..ਤਾਂ ਕੀ ਤੂੰ ਇਵੇਂ ਕਰ ਲਏਂਗੀ?"

"ਨਹੀਂ..ਰੱਬ ਦੇ ਵਾਸਤੇ ਇੰਝ ਨਾ ਕਹੋ..।"

"ਦੱਸ..ਦੱਸ ਤਾਂ ਸਹੀ, ਕੀ ਕਰ ਲਵੇਂਗੀ?"

"ਮੈਂ..ਮੈਂ ਤਾਂ ਜੀ ਥੋਡੀ ਫੋਟੋ ਤੇ ਯਾਦਾਂ ਆਸਰੇ ਹੀ ਜ਼ਿੰਦਗੀ ਬਸਰ ਕਰੂੰ" ਮੇਰਾ ਹੱਥ ਉਨ੍ਹਾਂ ਦੇ ਹੱਥ ਉੱਪਰ ਚਲਾ ਗਿਆ।

"ਕਮਲੀਏ! ਮੇਰੇ ਕੋਲ ਕੀ ਤੇਰੀਆਂ ਫੋਟੋਆਂ ਨਹੀਂ ਕਿ ਯਾਦਾਂ ਨਹੀਂ" ਇਹ ਕਹਿੰਦੇ ਹੋਏ ਉਹ ਮੇਰੇ ਹੱਥ ਨੂੰ ਸਹਿਲਾਉਣ ਲੱਗੇ।

ਮੈਂ ਥੋੜ੍ਹਾ ਜਿਹਾ ਸਰਕ ਕੇ ਉਨ੍ਹਾਂ ਦੀ ਗੋਦ ਵਿਚ ਆਪਣਾ ਸਿਰ ਰੱਖ ਲਿਆ। ਮੈਨੂੰ ਲੱਗਦਾ ਸੀ ਕਿ ਜਿਵੇਂ ਮੈਂ ਤਾਂ ਐਵੇਂ ਹੀ ਮਨ 'ਤੇ ਬੋਝ ਲਈ ਫਿਰਦੀ ਸੀ। ਉਨ੍ਹਾਂ ਨੇ ਮੇਰੇ ਵਾਲਾਂ ਵਿਚ ਹੱਥ ਫੇਰਨਾ ਸ਼ੁਰੂ ਕੀਤਾ ਤੇ ਮੈਂ ਕਦੋਂ ਨੀਂਦ ਦੀ ਗ੍ਰਿਫ਼ਤ ਵਿਚ ਚਲੀ ਗਈ, ਇਸ ਦਾ ਮੈਨੂੰ ਪਤਾ ਹੀ ਨਹੀਂ ਚੱਲਿਆ।

## ਟਿਕਟ

ਸਵੇਰੇ ਪਹਿਲੀ ਗੱਡੀ ਫੜਨ ਕਾਰਨ ਪੂਰੀ ਰਾਤ ਚੰਗੀ ਤਰ੍ਹਾਂ ਨਹੀਂ ਸੌਂ ਸਕਿਆ... ਸਾਰੀ ਰਾਤ ਮੋਬਾਈਲ ਦਾ ਅਲਾਰਮ ਹੀ ਦਿਮਾਗ 'ਚ ਘੁੰਮਦਾ ਰਿਹੈ।

ਸਵੇਰੇ ਤਿਆਰ ਹੁੰਦੇ ਹੀ ਸੋਚਿਆ ਹੈ ਕਿ ਚਲੋ ਲੰਬਾ ਸਫਰ ਹੈ..ਗੱਡੀ 'ਚ ਬੈਠ ਕੇ ਨੀਂਦ ਪੂਰੀ ਕਰ ਲਵਾਂਗੇ।

ਅਜੇ ਸਟੇਸ਼ਨ 'ਤੇ ਅੱਪੜਿਆ ਹੀ ਹਾਂ ਕਿ ਗੱਡੀ ਨੇ ਵਿਸਲ ਮਾਰ ਦਿੱਤੀ ਹੈ। ਦੋਚਿੱਤੀ ਵਿੱਚ ਹਾਂ ਕਿ ਬਗੈਰ ਟਿਕਟੋਂ ਗੱਡੀ ਚੜ੍ਹਾਂ ਕਿ ਅਗਲੀ ਟ੍ਰੇਨ, ਜੋ ਤਿੰਨ ਘੰਟੇ ਬਾਅਦ ਆਉਣੀ ਹੈ, ਉਸ ਦਾ ਇੰਤਜ਼ਾਰ ਕਰਾਂ।

ਸਮਾਗਮ 'ਤੇ ਸਮੇਂ ਸਿਰ ਪਹੁੰਚਣ ਦੀ ਕਾਹਲ ਨਾਲ ਮੈਂ ਜੱਕੋ-ਤੱਕੀ ਜਿਹੀ ਵਿੱਚ ਗੱਡੀ ਦੀ ਤਾਕੀ ਨੂੰ ਹੱਥ ਪਾ ਲੈਂਦਾ ਹਾਂ।

ਡੱਬੇ ਅੰਦਰ ਦਾਖਲ ਹੁੰਦਿਆਂ ਹੀ ਸਾਰੀਆਂ ਸਵਾਰੀਆਂ ਦੇ ਚਿਹਰੇ ਮੈਨੂੰ ਆਪਣੇ ਆਪ ਨੂੰ ਘੂਰਦੇ ਲੱਗੇ ਤੇ ਇੰਝ ਮਹਿਸੂਸ ਹੋਇਆ ਕਿ ਜਿਵੇਂ ਮੈਥੋਂ ਕੋਈ ਵੱਡਾ ਅਪਰਾਧ ਹੋ ਗਿਆ ਹੋਵੇ। ਮੈਂ ਇੱਕ ਕੋਨੇ ਵਿੱਚ ਸੁੰਗੜ ਕੇ ਬੈਠ ਜਾਂਦਾ ਹਾਂ।

ਗੱਡੀ ਵਿੱਚ ਸੌਣ ਦਾ ਖਿਆਲ ਨਹੀਂ ਆ ਰਿਹਾ ਤੇ ਅੰਦਰ ਖਲਬਲੀ ਜਿਹੀ ਮਚੀ ਹੋਈ ਕਿ ਜੇਕਰ ਟੀ.ਟੀ. ਆ ਗਿਆ ਤਾਂ ਕੀ ਹੋਵੇਗਾ?

ਮੈਂ ਡੱਬੇ ਵਿੱਚ ਤੁਰਦੇ ਫਿਰਦੇ ਹਰ ਵਿਅਕਤੀ ਨੂੰ ਚੋਰ ਅੱਖ ਨਾਲ ਦੇਖ ਰਿਹਾ ਹਾਂ... ਤੇ ਫੇਰ ਉੱਠ ਕੇ ਤਾਕੀ ਵਿੱਚ ਜਾ ਖੜਦਾ ਹਾਂ।

ਕੋਲ ਖੜੇ ਇੱਕ ਵਿਅਕਤੀ ਨੂੰ ਪੁੱਛਦਾ ਹਾਂ, "ਭਾਈ ਸਾਬ੍ਹ ਅਗਲਾ ਸਟੇਸ਼ਨ ਕਿਹੜਾ ਐ?"

"ਪਤਾ ਨਹੀਂ.." ਰੁੱਖਾ ਜਿਹਾ ਬੋਲਿਆ ਹੈ।

"ਏਸ ਸਟੇਸ਼ਨ ਤੋਂ ਟਿਕਟ ਮਿਲ ਜਾਵੇਗੀ.. ਕਿੰਨੇ ਕੁ ਚਿਰ ਦਾ ਸਟਾਪੇਜ ਹੈ.." ਮੈਂ ਦੁਬਾਰਾ ਪੁੱਛਦਾ ਹਾਂ।

"ਕਿਉਂ?"

"ਦਰਅਸਲ ਮੈਂ ਗੱਡੀ ਭੱਜ ਕੇ ਚੜ੍ਹਿਐਂ.. ਤੇ ਟਿਕਟ ਨੀਂ ਲੈ ਹੋਈ.." ਮੈਂ ਉਸ ਦੀ ਹਮਾਇਤ ਲੈਣ ਲਈ ਕਿਹਾ ਹੈ।

"ਹਾਂ.. ਹਾਂ..ਮਿਲ ਜਾਵੇਗੀ..ਪੂਰੇ ਦਸ ਮਿੰਟ ਦਾ ਸਟਾਪੇਜ ਹੈ" ਉਸ ਦਾ ਠੀਕ ਢੰਗ ਨਾਲ ਦਿੱਤਾ ਇਹ ਜਵਾਬ ਮੈਨੂੰ ਰਾਹਤ ਪ੍ਰਦਾਨ ਕਰਦਾ ਹੈ।

ਮੈਂ ਤਾਕੀ 'ਚ ਹੀ ਖੜਾ ਹਾਂ। ਗੱਡੀ ਹੌਲੀ-ਹੌਲੀ ਰੁਕਦੀ ਹੈ। ਮੈਂ ਇਕਦਮ ਪੂਰੇ ਜੋਸ਼ ਵਿੱਚ ਟਿਕਟ ਖਿੜਕੀ ਵੱਲ ਭੱਜਦਾ ਹਾਂ ਅਤੇ ਟਿਕਟ ਲੈ ਕੇ ਚੜ੍ਹ ਜਾਂਦਾ ਹਾਂ। ਡੱਬੇ ਵਿੱਚ ਦਾਖਲ ਹੋ ਕੇ ਮੈਂ ਖਾਲੀ ਪਈ ਸੀਟ 'ਤੇ ਚੌੜਾ ਹੋ ਕੇ ਬੈਠ ਜਾਂਦਾ ਹਾਂ ਤੇ ਮੇਰੀਆਂ ਅੱਖਾਂ ਵਿੱਚ ਨੀਂਦ ਰੜਕਣ ਲੱਗ ਪੈਂਦੀ ਹੈ।

## ਬਾਜ਼ੀ

"ਮੈਂ ਕਿਹਾ ਤੇਲੂ ਰਾਮਾ ਆਜਾ ਹੱਟੀਓਂ ਬਾਹਰ, ਲਾਈਏ ਇੱਕ ਬਾਜ਼ੀ...ਤੈਨੂੰ ਤਾਂ ਪਤੈ ਈ ਐ ਬੀ ਜਦੋਂ ਏਥੇ ਆ ਕੇ ਦੋ ਘੜੀ ਦਿਲ ਹੌਲਾ ਨਾ ਕਰੀਏ ਤਾਂ ਸਾਲੀ ਰਾਤ ਨੂੰ ਨੀਂਦ ਵੀ ਨੀ ਆਉਂਦੀ.." ਵਿਸਾਖਾ ਸਿੰਘ ਨੇ ਤਾਸ਼ ਖੇਡਦਿਆਂ ਆਪਣੇ ਲੰਗੋਟੀਏ ਯਾਰ ਸੇਠ ਤੇਲੂ ਰਾਮ ਨੂੰ ਆਵਾਜ਼ ਮਾਰਦੇ ਹੋਏ ਕਿਹਾ।

"ਓਹ ਤਾਂ ਤੇਰੀ ਗੱਲ ਸੋਲਾਂ ਆਨੇ ਸੱਚ ਆ ਭਰਾਵਾ..ਤੁਸੀਂ ਖੇਡੋ ਅਜੇ ..ਮੁੰਡਾ ਆਉਂਦੈ ਹੀ ਹੋਣੈ..ਉਹਨੂੰ ਦੁਕਾਨ 'ਤੇ ਬਿਠਾ ਕੇ ਫੇਰ ਕਰਦੇ ਆਂ ਕੋਈ ਦੁੱਖ-ਸੁੱਖ..ਮੈਂ ਤਾਂ ਥੋਡੇ ਕਰਕੇ ਹੀ ਆ ਜਾਨਾਂ..ਏਥੇ ਆ ਕੇ ਟੈਮ੍ਹ ਪਾਸ ਹੋ ਜਾਂਦੈ..ਲੈ ਓਹ ਦੇਖ, ਕਾਕਾ ਵੀ ਆ ਗਿਆ ਘਰੋਂ ਰੋਟੀ ਖਾ ਕੇ.." ਤੇਲੂ ਰਾਮ ਚਗਾਨ ਵਿੱਚ ਤਾਸ਼ ਖੇਡ ਰਹੇ ਟੋਲੇ ਕੋਲ ਆ ਕੇ ਆਪਣੀ ਜਗ੍ਹਾ ਬਣਾਉਂਦਿਆਂ ਪਲਾਥੀ ਮਾਰ ਕੇ ਬਹਿ ਗਿਆ। ਫੇਰ ਬੋਲਿਆ, "ਲੈ ਬਈ ਹੁਣ ਸੁਣਾਓ ਫੇਰ, ਕੋਈ ਰੱਬ ਦੇ ਘਰ ਦੀ.."

"ਕੀ ਸੁਣਾਈਏ! ਥੋਡੇ ਤੋਂ ਕਿਹੜਾ ਕੁਝ ਲੁਕਿਐ..ਸਵੇਰ ਦਾ ਲੱਗਿਆ ਸੀ ਘਰ ਦਾ ਕੰਮ ਕਰਨ, ਹੁਣ ਵਿਹਲ ਮਿਲੀ ਸੀ..ਸਾਰਾ ਟੱਬਰ ਤਾਂ ਦਿੱਲੀ ਬੈਠਾ ਐ..ਸਰਕਾਰ ਟੱਸ ਤੋਂ ਮੱਸ ਨੀਂ ਹੁੰਦੀ..ਲਾਲਾ ਜੀ ਤੁਸੀਂ ਵੀ ਰਲੋ ਖਾਂ ਕਿਸਾਨਾਂ ਨਾਲ, ਫੇਰ ਈ ਕੋਈ ਹੱਲ ਹੋਊ..।"

"ਬਾਬੇ, ਗੱਲਾਂ ਵੀ ਮਾਰੀ ਜਾਈਓ, ਪੱਤੇ ਤਾਂ ਸੁੱਟੋ ਯਰ .." ਤਾਸ਼ ਖੇਡ ਰਹੇ ਬਜ਼ੁਰਗਾਂ ਨੂੰ ਗੱਲੀਂ ਲੱਗਿਆ ਦੇਖ ਇੱਕ ਅਧਖੜ ਜਿਹੀ ਉਮਰ ਦਾ ਵਿਅਕਤੀ ਆਪਣੇ ਆਨੰਦ 'ਚ ਰੁਕਾਵਟ ਪੈਂਦੀ ਦੇਖ ਬੋਲਿਆ।

"ਖੜ ਜਾ ਭਾਈ, ਜੇ ਬਾਹਲਾ ਤੱਤਾ ਐ ..ਤਾਂ ਤੂੰ ਫੜ ਲੈ ਪੱਤੇ..." ਵਿਸਾਖਾ ਸਿੰਘ ਨੇ ਉਸ ਅੱਧਖੜ ਵਿਅਕਤੀ ਨੂੰ ਝਿੜਕਦੇ ਹੋਏ ਆਪਣੀਆਂ ਅੱਖਾਂ ਤੇਲੂ ਰਾਮ ਦਾ ਪੱਖ ਜਾਨਣ ਲਈ ਉਹਦੇ ਚਿਹਰੇ 'ਤੇ ਟਿਕਾ ਦਿੱਤੀਆਂ।

"ਲੈ ਅਸੀਂ ਕਿਤੇ ਕਿਸਾਨਾਂ ਨਾਲੋਂ ਵੱਖ ਆਂ..ਕਮਲਾ ਨਾ ਹੋਵੇ..ਜੇ ਥੋਡੇ ਦੋ ਮਣ ਦਾਣੇ ਹੋਣਗੇ ਤਾਂ ਹੀ ਸਾਡੀ ਦੁਕਾਨਦਾਰੀ ਚੱਲੂ..ਸਾਰਾ ਦਾਰੋਮਦਾਰ ਤਾਂ ਖੇਤੀ 'ਤੇ ਹੈ..ਆਪਣਾ ਕਾਕਾ ਵੀ ਜਾ ਜਾਇਆ ਸੁੱਖ ਨਾਲ ਦੋ ਵਾਰ..ਟਿੱਕਰੀ ਬਾਰਡਰ 'ਤੇ।"

"ਲੈ ਫੇਰ ਤਾਂ ਕਮਾਲ ਕਰਤੀ ਮੇਰੇ ਆਰ ਤੁਸੀਂ..।"

"ਵਿਸਾਖਾ ਸਿੰਹਾ! ਕਮਾਲ ਕਾਹਦੀ..ਏਹ ਤਾਂ ਭਾਈ ਆਪਣਾ ਸਾਂਝਾ ਦੁੱਖ ਐ, ਨਹੁੰਆਂ ਨਾਲੋਂ ਕਦੇ ਮਾਸ ਵੀ ਵੱਖ ਹੋਇਐ..।"

"ਤੇਲੂ ਰਾਮਾ ਗੱਲ ਤਾਂ ਤੇਰੀ ਸੋਲਾਂ ਆਨੇ ਸੱਚ ਐ...ਆਪਾਂ ਤਾਂ ਮੁੱਢ-ਕਦੀਮੋਂ ਈ 'ਕੱਠੇ ਆਂ.." ਇੱਕ ਹੋਰ ਬਜ਼ੁਰਗ ਨੇ ਸ਼ਾਹਦੀ ਭਰੀ।

"ਬਈ, ਏਹ 'ਕੱਲਾ ਥੋਡਾ ਸੰਘਰਸ਼ ਨਹੀਂ, ਆਪਣੇ ਸਾਰਿਆਂ ਦਾ ਹੈ..ਜਿੰਨੇ ਜੋਗੇ ਹੈਗੇ ਆਂ, ਨਾਲ ਨਿਭਾਂਗੇ..." ਤੇਲੂ ਰਾਮ ਨੇ ਹਿੱਕ ਥਾਪੜੀ।

"ਕੁਝ ਵੀ ਆ..ਸਰਕਾਰਾਂ ਦੇ ਹੱਥ ਬੜੇ ਲੰਮੇ ਹੁੰਦੇ ਆ.." ਨਾਲ ਤਾਸ਼ ਖੇਡਦੇ ਸਰਪੰਚ ਨੇ ਜਿਵੇਂ ਕੋਈ ਭੇਦ ਦੀ ਗੱਲ ਆਖੀ ਹੋਵੇ।

"ਸਰਪੰਚਾ ! ਦੇਖੀ ਚੱਲ ਜੇ ਗੋਡਣੀਆਂ ਨਾ ਲਵਾਤੀਆਂ ..." ਇੱਕ ਹੋਰ ਜਣਾ ਜੋਸ਼ 'ਚ ਬੋਲਿਆ।

ਵਿਸਾਖਾ ਸਿੰਘ ਦੇ ਹੱਥ ਵਿੱਚ ਫੜੀ ਤਾਸ਼ 'ਚੋਂ ਯੱਕਾ ਖਿੱਚਦਾ ਤੇਲੂ ਰਾਮ ਬੋਲਿਆ, "ਸਰਪੰਚਾ, ਉਨ੍ਹਾਂ ਨਾਲ ਵੀ ਨਿੱਬੜਗੇ, ਪਹਿਲਾਂ ਏਧਰ ਝਾਕ..ਆਹ ਚੱਕ ਰਗੜਤਾ ਤੇਰਾ ਹੁਕਮ ਦਾ ਬਾਦਸ਼ਾਹ।"

"...ਬੱਚੂ ਇਹ ਯੱਕਾ ਨਹੀਂ...ਏਕਾ ਏ ਏਕਾ..ਤੇ ਭਲਿਆ ਲੋਕਾ ..ਏਕੇ ਸਾਹਮਣੇ...ਗੋਲਾ, ਬੇਗੀ ਤੇ ਬਾਸ਼ਾਹ ਕੋਈ ਨਹੀਂ ਅੜਦਾ।" ਕਹਿ ਕੇ ਮੁਸਕੜੀਆਂ ਹੱਸਦਾ ਵਿਸਾਖਾ ਸਿੰਘ ਉੱਠ ਖਲੋਤਾ।

ਇਹ ਸੁਣ ਕੇ ਤੇਲੂ ਰਾਮ ਸਣੇ ਹੋਰਾਂ ਦੇ ਚਿਹਰਿਆਂ 'ਤੇ ਵੀ ਰੰਗਤ ਆ ਗਈ। ਤਾਸ਼ ਦੇਖਣ ਵਾਲਿਆਂ ਦਾ ਸ਼ੋਰ ਉੱਚਾ ਹੋ ਗਿਆ ਸੀ।

*ਸੰਪਰਕ : 95018-77033*

# ਯਹ ਹੌਸਲਾ ਕੈਸੇ ਝੁਕੇ, ਯਹ ਆਰਜ਼ੂ ....



ਮੇਰਾ ਦੋਸਤ ਚਿਰੰਜੀਵ ਰੇੜਵਾਂ (ਮਰਹੂਮ) ਕਿਹਾ ਕਰਦਾ ਸੀ ਕਿ ਰੇਲ ਗੱਡੀ ਦਾ ਸਫਰ ਸਾਨੂੰ 'ਭਾਰਤੀ' ਬਣਾਉਂਦਾ ਹੈ। ਪਿਛਲੇ ਪੰਜ ਸਾਲ ਤੋਂ ਲੰਬੇ ਰੇਲ ਸਫਰਾਂ ਦੌਰਾਨ ਚਿਰੰਜੀਵ ਦੀ ਆਖੀ ਗੱਲ ਸਹੀ ਹੋਣ ਦਾ ਅਹਿਸਾਸ ਉਪਜਦਾ ਰਿਹਾ ਹੈ। ਪਿਛਲੇ ਦਿਨੀਂ ਇਸੇ ਤਰ੍ਹਾਂ ਦੇ ਅਹਿਸਾਸ ਦਾ ਮਨ ਦੇ ਇਕ ਕੋਨੇ ਵਿੱਚ ਉੱਗ ਆਉਣ ਦਾ ਸਬੱਬ ਜਲੰਧਰ ਵਿੱਚ ਬਣਿਆ। ਇਹ ਅਹਿਸਾਸ ਰੇਲ ਗੱਡੀ ਦੇ ਸਫਰ ਦੌਰਾਨ ਨਹੀਂ, ਸਗੋਂ ਜਲੰਧਰ ਸ਼ਹਿਰ ਦੇ ਪ੍ਰੈੱਸ ਕਲੱਬ ਵਿੱਚ ਉਪਜਿਆ।

ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਕਾਰਲ ਮਾਰਕਸ ਦੇ ਜਨਮ ਦਿਨ ਸੰਬੰਧੀ ਹੋਏ ਇੱਕ ਸਮਾਗਮ ਤੋਂ ਵਿਹਲੇ ਹੋਏ ਤਾਂ ਪਤਾ ਲੱਗਿਆ ਕਿ ਸੇਹਰ ਹਾਸ਼ਮੀ ਪ੍ਰੈੱਸ ਕਲੱਬ ਵਿੱਚ ਆ ਰਹੀ ਹੈ। ਕੁਝ ਹੋਰ ਲੋਕ ਵੀ ਉਸ ਦੇ ਨਾਲ ਹਨ। ਮੈਂ ਦੇਸ਼ ਭਗਤ ਯਾਦਗਾਰ ਹਾਲ ਤੋਂ ਫਟਾਫਟ ਪ੍ਰੈੱਸ ਕਲੱਬ ਪਹੁੰਚ ਗਿਆ।ਦਰਅਸਲ ਇੱਥੇ ਇੱਕ ਵਿਸ਼ੇਸ਼ ਮੁਹਿੰਮ ਤਹਿਤ ਸੇਹਰ ਹਾਸ਼ਮੀ ਪੂਰੀ ਟੀਮ ਨਾਲ ਪਹੁੰਚੀ ਹੋਈ ਸੀ। ਇਸ ਟੀਮ ਵਿੱਚ ਸਮਾਜਿਕ ਕਾਰਕੁੰਨ ਗੁਜਰਾਤ ਵਾਸੀ ਦੇਵ ਦੇਸਾਈ, ਮਹਾਰਾਸ਼ਟਰ ਤੋਂ ਸਵੈ ਸਿੱਖਿਅਤ ਮਖਮਲੀ ਆਵਾਜ਼ ਵਾਲੀ ਗਾਇਕਾ ਨਾਜ਼ਨੀਨ ਸ਼ੇਖ, ਵਿਜ਼ੂਅਲ ਕਹਾਣੀਕਾਰ ਅਤੇ ਫਿਲਮ ਨਿਰਮਾਤਾ ਸਮਾਨਾਯੂ ਸ਼ੁਕਲਾ, ਮਹਿਰਾਜ ਯੂਦੀਨ ਭੱਟ ਸ਼ਾਮਲ ਸਨ।ਵੱਖ-ਵੱਖ ਪ੍ਰਾਂਤਾਂ, ਵੱਖ-ਵੱਖ ਧਰਮਾਂ ਤੇ ਵੱਖ-ਵੱਖ ਭਾਸ਼ਾਵਾਂ ਵਾਲੀ ਟੀਮ ਦੀਆਂ ਗੱਲਾਂ ਅਤੇ ਉਹਨਾਂ ਦੇ ਆਪਸੀ ਤਾਲਮੇਲ ਦੀ ਸਾਂਝੀ ਸੁਰ ਸੁਣ ਕੇ, ਇਸ ਛੋਟੀ ਜਿਹੀ ਲਿਖਤ ਦੇ ਸ਼ੁਰੂ ਵਿੱਚ ਜ਼ਿਕਰ ਕੀਤੀ ਚਿਰੰਜੀਵ ਰੇੜਵਾਂ ਵੱਲੋਂ ਆਖੀ ਹੋਈ ਗੱਲ ਮਨ ਦਾ ਇੱਕ ਕੋਨਾ ਮੱਲ ਬੈਠੀ। ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਹੁੰਦੀ ਹੋਈ ਉਕਤ ਟੀਮ ਦੀ ਮੁਹਿੰਮ ਦਾ ਮਕਸਦ ਦੱਸਣ ਤੋਂ ਪਹਿਲਾਂ ਸੇਹਰ ਹਾਸ਼ਮੀ ਤੇ ਉਸ ਦੇ ਪਿਛੋਕੜ ਬਾਰੇ ਦੱਸਣਾ ਕੁਥਾਂ ਨਹੀਂ ਹੋਵੇਗਾ। ਸੇਹਰ ਹਾਸ਼ਮੀ ਜਿੱਥੇ ਇੱਕ ਫੈਸ਼ਨ ਸਟਾਈਲਿਸਟ ਹੈ, ਉੱਥੇ ਪ੍ਰੇਰਨਾਦਾਇਕ ਵਕਤਾ ਵੀ ਹੈ। ਉਸ ਦੇ ਬਾਇਓਲੋਜੀਕਲ ਮਾਪਿਆਂ ਨੇ 9 ਮਹੀਨੇ ਦੀ ਉਮਰ ਵਿੱਚ ਉਸ ਨੂੰ ਅਨਾਥ ਆਸ਼ਰਮ ਵਿੱਚ ਛੱਡ ਦਿੱਤਾ ਸੀ। ਇੱਥੋਂ ਉਸ ਨੂੰ ਗੌਹਰ ਰਜ਼ਾ ਅਤੇ ਸ਼ਬਨਮ ਹਾਸ਼ਮੀ ਨੇ ਗੋਦ ਲੈ ਲਿਆ ਸੀ। ਗੌਹਰ ਰਜ਼ਾ ਇੱਕ ਕਵੀ ਤੇ ਵਿਗਿਆਨੀ ਹੈ। ਸੇਹਰ ਦੀ ਮਾਂ ਸ਼ਬਨਮ ਹਾਸ਼ਮੀ ਇੱਕ ਸਮਾਜਿਕ ਕਾਰਕੁੰਨ ਅਤੇ ਸ਼ਾਇਰਾ ਹੈ। ਸ਼ਬਨਮ ਹਾਸ਼ਮੀ ਸਫਦਰ ਹਾਸ਼ਮੀ ਦੀ ਭੈਣ ਹੈ। ਸਫਦਰ ਹਾਸ਼ਮੀ ਖੱਬੇ ਪੱਖੀ ਵਿਚਾਰਧਾਰਾ ਦਾ ਧਾਰਨੀ ਸੀ। ਉਹ ਅਦਾਕਾਰ ਅਤੇ ਨਿਰਦੇਸ਼ਕ ਵੀ ਸੀ। ਉਸ ਨੂੰ ਇੱਕ ਨਾਟਕ ਖੇਡਦਿਆਂ 1989 ਵਿੱਚ ਕਤਲ ਕਰ ਦਿੱਤਾ ਗਿਆ ਸੀ।

ਹੁਣ ਆਉਂਦੇ ਹਾਂ ਇਸ ਟੋਲੀ ਦੀ ਯਾਤਰਾ ਦੇ ਮੰਤਵ ਵੱਲ।

ਸੇਹਰ ਹਾਸ਼ਮੀ ਤੇ ਉਸ ਦੀ ਟੀਮ ਮਾਨਸਿਕ ਸਿਹਤ ਦੇ ਵਿਗਾੜ ਵਾਲੇ ਲੋਕਾਂ ਦੀ ਸਹਾਇਤਾ ਲਈ ਲੋਕਾਂ ਅੰਦਰ ਜਾਗਰੂਕਤਾ ਪੈਦਾ ਕਰਨ ਲਈ ਲੰਬੇ ਸਫਰਾਂ 'ਤੇ ਸਨ। ਇਸ ਮੁਹਿੰਮ ਪਿੱਛੇ ਵੀ ਇੱਕ ਕਹਾਣੀ ਹੈ।

ਸੇਹਰ ਦੀ ਮਾਨਸਿਕ ਸਿਹਤ ਸੰਬੰਧੀ ਯਾਤਰਾ ਉਸ ਦੀ ਕਿਸ਼ੋਰ ਅਵਸਥਾ ਵਿੱਚ, ਉਸ ਸਮੇਂ ਸ਼ੁਰੂ ਹੋਈ, ਜਦੋਂ ਉਸ ਅੰਦਰ ਉਦਾਸੀ ਅਤੇ ਵਿਅਕਤੀਤਵ ਵਿਕਾਰ ਦੀ ਪੁਸ਼ਟੀ ਹੋਈ। ਸੇਹਰ ਦੇ ਪਹਿਲੇ ਮਨੋਰੋਗ ਮਾਹਿਰ ਅਨੁਸਾਰ ਉਸ ਦੀ ਮਾਨਸਿਕ ਬਿਮਾਰੀ ਉਸ ਦੇ ਬਾਇਓਲੋਜੀਕਲ ਮਾਪਿਆਂ ਵੱਲੋਂ ਅਨਾਥ ਆਸ਼ਰਮ ਵਿੱਚ ਛੱਡਣ ਕਾਰਨ ਬਾਲ ਮਨ 'ਤੇ ਪਈ ਮਾਨਸਿਕ ਸੱਟ ਤੋਂ ਸ਼ੁਰੂ ਹੋਈ।

ਇੱਕ ਦਹਾਕੇ ਤੋਂ ਵੀ ਵੱਧ ਅਰਸੇ ਤੱਕ ਉਸ ਨੇ ਆਪਣੀ ਮਾਨਸਿਕ ਤੰਦਰੁਸਤੀ ਲਈ ਸੰਘਰਸ਼ ਕੀਤਾ। ਇਸ ਸੰਘਰਸ਼ ਵਿੱਚ ਮਨੋਰੋਗ ਮਾਹਿਰਾਂ, ਪਰਵਾਰ, ਸਮਾਜ ਸੇਵਕਾਂ ਤੇ ਉਸ ਦੇ ਦੋਸਤਾਂ ਨੇ ਪੂਰਾ ਸਹਿਯੋਗ ਦਿੱਤਾ। ਛੇਤੀ ਹੀ ਉਸ ਨੂੰ ਅਹਿਸਾਸ ਹੋਇਆ ਕਿ ਮਾਨਸਿਕ ਰੋਗਾਂ ਸੰਬੰਧੀ ਸਮਾਜ ਅੰਦਰ ਬਣੀਆਂ ਨਾਕਾਰਾਤਮਿਕ ਧਾਰਨਾਵਾਂ ਦੇ ਕਾਰਨ ਮਾਨਸਿਕ ਰੋਗੀ ਪੇਸ਼ੇਵਰ ਮਦਦ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਮਾਨਸਿਕ ਰੋਗਾਂ ਸੰਬੰਧੀ ਇਹਨਾਂ ਧਾਰਨਾਵਾਂ ਨੂੰ ਤੋੜਨ ਲਈ ਸੇਹਰ ਹਾਸ਼ਮੀ ਨੇ ਆਪਣੀ ਕਹਾਣੀ ਵੀਡੀਓ ਅਤੇ ਵਰਕਸ਼ਾਪਾਂ ਰਾਹੀਂ ਲੋਕਾਂ ਨਾਲ ਸਾਂਝੀ ਕਰਨੀ ਸ਼ੁਰੂ ਕੀਤੀ। ਉਸ ਦੀਆਂ ਕੋਸ਼ਿਸ਼ਾਂ ਨੇ ਵੱਡਾ ਪ੍ਰਭਾਵ ਪਾਇਆ। ਸੇਹਰ ਨੇ ਸਕੂਲਾਂ, ਕਾਲਜਾਂ ਤੇ ਪਿੰਡਾਂ ਵਿੱਚ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਵਰਕਸ਼ਾਪਾਂ ਲਾਈਆਂ ਅਤੇ ਵੱਡੀ ਗਿਣਤੀ ਵਿੱਚ ਮਾਨਸਿਕ ਰੋਗੀਆਂ ਨੂੰ ਉਹਨਾਂ ਦੇ ਮੁਸ਼ਕਲ ਹਾਲਾਤ ਵਿੱਚ ਸਹਾਇਤਾ ਕੀਤੀ। ਇਸੇ ਸਿਲਸਿਲੇ ਤਹਿਤ ਸੇਹਰ ਹਾਸ਼ਮੀ ਦੀ ਟੀਮ ਨੇ ਮੋਟਰਸਾਈਕਲਾਂ ਤੇ ਕਾਰ ਰਾਹੀਂ 20 ਅਪ੍ਰੈਲ 2025 ਤੋਂ ਦਵਾਰਕਾ (ਦਿੱਲੀ) ਤੋਂ ਯਾਤਰਾ ਸ਼ੁਰੂ ਕੀਤੀ। ਉਹ ਅਨੰਤਨਾਗ, ਬਾਰਾਮੂਲਾ, ਕੁੱਪਵਾੜਾ, ਚੰਡੀਗੜ੍ਹ, ਲੁਧਿਆਣਾ, ਮੁਕੇਰੀਆਂ ਅਤੇ ਹੋਰ ਅਨੇਕਾਂ ਥਾਵਾਂ ਤੋਂ ਹੁੰਦੇ ਹੋਏ ਜਲੰਧਰ ਪਹੁੰਚੇ ਸਨ। ਉਹਨਾਂ ਨੇ ਬਹੁਤ ਸਾਰੇ ਚੰਗੇ-ਮੰਦੇ ਤਜਰਬੇ ਸਾਂਝੇ ਕੀਤੇ। ਉਹਨਾਂ ਵੱਲੋਂ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਆਪਣੇ ਖ਼ੂਬਸੂਰਤ ਤੇ ਮਨ ਨੂੰ ਸਕੂਨ ਦੇਣ ਵਾਲੇ ਤਜਰਬੇ ਵੀ ਸਾਂਝੇ ਕੀਤੇ। ਇਸ ਲਿਖਤ ਦਾ ਕਾਰਨ ਵੀ ਸ਼ਾਇਦ ਉਹੀ ਤਜਰਬੇ ਹਨ।

ਸੇਹਰ ਹਾਸ਼ਮੀ, ਦੇਵ ਦੇਸਾਈ ਅਤੇ ਨਾਜ਼ਨੀਨ ਸ਼ੇਖ ਨੇ ਦੱਸਿਆ ਕਿ ਕਸ਼ਮੀਰ ਦੇ ਸਥਾਨਕ ਲੋਕ ਬੇਹੱਦ ਮਿਲਨਸਾਰ, ਮੋਹਵੰਤੇ ਅਤੇ ਦਿਆਲੂ ਹਨ। ਸੇਹਰ ਹਾਸ਼ਮੀ ਦੀ ਟੀਮ ਪਹਿਲਗਾਮ ਹੱਤਿਆ ਕਾਂਡ ਵਾਪਰਨ ਤੋਂ ਦੋ ਦਿਨ ਬਾਅਦ ਕਸ਼ਮੀਰ ਦੀ ਯਾਤਰਾ 'ਤੇ ਗਏ ਸਨ। ਅਜਿਹੀਆਂ ਹਾਲਤਾਂ ਵਿੱਚ ਉਥੋਂ ਦੇ ਲੋਕਾਂ ਦਾ ਬਾਹਰੋਂ ਆਈ ਟੀਮ ਨਾਲ ਅੱਖਾਂ 'ਤੇ ਬਿਠਾਉਣ ਵਾਲਾ ਵਿਹਾਰ ਕਿਆਸ ਤੋਂ ਪਰੇ ਸੀ। ਹਾਸ਼ਮੀ ਨੇ ਦੱਸਿਆ ਕਿ ਅਸੀਂ ਸੈਮੀਨਾਰਾਂ ਤੋਂ ਇਲਾਵਾ ਲੋਕਾਂ ਦੇ ਘਰਾਂ ਵਿੱਚ ਜਾ ਕੇ ਉਹਨਾਂ ਨੂੰ ਮਿਲੇ। ਉਨ੍ਹਾਂ ਨੇ ਸਮਰੱਥਾ ਅਨੁਸਾਰ ਪ੍ਰਾਹੁਣਚਾਰੀ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਸੇਹਰ ਨੇ ਦੱਸਿਆ ਕਿ ਅਸੀਂ ਫੌਜ ਦੀਆਂ ਔਰਤ ਅਧਿਕਾਰੀਆਂ ਨੂੰ ਵੀ ਮਿਲੇ। ਭਾਰੀ ਤਣਾਅ ਵਾਲੇ ਮਾਹੌਲ ਵਿੱਚ ਵੀ ਫੌਜ ਦੀਆਂ ਔਰਤਾਂ ਤਪਾਕ ਨਾਲ ਮਿਲੀਆਂ। ਕਸ਼ਮੀਰ ਦੇ ਸਥਾਨਕ ਲੋਕਾਂ ਬਾਰੇ ਸੇਹਰ ਹਾਸ਼ਮੀ ਦੀ ਟੋਲੀ ਵੱਲੋਂ ਕੀਤੀਆਂ ਗੱਲਾਂ ਤੋਂ ਕਈ ਕਿਸਮ ਦੇ ਭਰਮ-ਭੁਲੇਖੇ ਦੂਰ ਹੋਏ। ਉਸ ਵੇਲੇ ਇੰਝ ਮਹਿਸੂਸ ਹੋਇਆ, ਜਿਵੇਂ ਤਪਦੀ ਭੁੱਬਲ 'ਤੇ ਪਾਣੀ ਤਰੌਂਕਿਆ ਜਾ ਰਿਹਾ ਹੋਵੇ।

ਸੇਹਰ ਹਾਸ਼ਮੀ ਅਤੇ ਦੇਵ ਦੇਸਾਈ ਤੋਂ ਬਾਅਦ ਗਾਇਕਾ ਨਾਜ਼ਨੀਨ ਸ਼ੇਖ ਨੇ ਸੰਗੀਤ ਦੀ ਤਾਕਤ ਬਾਰੇ ਗੱਲਾਂ ਕੀਤੀਆਂ। ਉਹਨਾਂ ਦੱਸਿਆ ਕਿ ਸੰਗੀਤ ਮਾਨਸਿਕ ਸਿਹਤ ਅਤੇ ਤੰਦਰੁਸਤੀ ਵਿੱਚ ਸਹਾਇਤਾ ਕਰਦਾ ਹੈ।

ਇਸ ਖ਼ੂਬਸੂਰਤ ਮਿਲਣੀ ਦੇ ਆਖਰ ਵਿੱਚ, 'ਯਹ ਹੌਸਲਾ ਕੈਸੇ ਝੁਕੇ, ਯਹ ਆਰਜ਼ੂ ਕੈਸੇ ਰੁਕੇ, ਮੰਜ਼ਿਲ ਮੁਸ਼ਕਿਲ ਤੋ ਕਿਆ, ਧੁੰਦਲਾ ਸਾਹਿਲ ਤੋ ਕਿਆ, ਤਨਹਾ ਹੈ ਯਹ ਦਿਲ ਤੋ ਕਿਆ, ਰਾਹ ਮੇਂ ਕਾਂਟੇ ਬਿਖਰੇ ਅਗਰ, ਉਸ ਪੇ ਤੋਂ ਫਿਰ ਭੀ ਚਲਨਾ ਹੈ...... ਨਾਜ਼ਨੀਨ ਸ਼ੇਖ ਵੱਲੋਂ ਗਾਏ ਗੀਤ ਨੇ ਦਰਸਾ ਦਿੱਤਾ ਕਿ ਸੇਹਰ ਹਾਸ਼ਮੀ ਦੀ ਟੋਲੀ ਹੌਸਲੇ ਨੂੰ ਜ਼ਰਬਾਂ ਦਿੰਦੀ ਹੋਈ ਲੰਬੀ ਯਾਤਰਾ 'ਤੇ ਹੈ।

**—ਗਿਆਨ ਸੈਦਪੁਰੀ**

**ਸੰਪਰਕ 98725-40447**

# ਤੀਜੀ ਰੋਟੀ ਦਾ ਸਵਾਦ

ਵਰਤਾਰਾ

**ਦਵਿੰਦਰ ਮੰਡ (ਡਾ.)**



ਅੱਜਕੱਲ੍ਹ ਸੋਸ਼ਲ ਮੀਡੀਆ 'ਤੇ ਇਕ ਚੈਨਲ ਚੱਲਦਾ ਹੈ। ਮਿੱਠੀਆਂ, ਕੌੜੀਆਂ, ਟਕੋਰਾਂ ਲਾਉਣ ਵਾਲਾ ਤੇ ਨਾਲ਼ ਹੀ ਜੀਵਨ ਤਜਰਬੇ ਸਾਂਝੇ ਕਰਨ ਵਾਲਾ। ਇਸ ਚੈਨਲ ਦੇ ਦੋ ਹੋਸਟ ਹਨ ਇਕ ਸਿੱਧੂ ਤੇ ਇਕ ਵਿਰਕ। ਸੇਵਾ-ਮੁਕਤ ਐੱਸ.ਪੀ.। ਨਾਲ਼ ਕਿਤੇ-ਕਿਤੇ ਸੇਵਾ-ਮੁਕਤ ਐਕਸੀਅਨ ਸ੍ਰੀਮਾਨ 'ਮਾਨ' ਦਿਸ ਪੈਂਦੇ ਹਨ। ਹੇਠੋਂ ਭਰਤੀ ਹੋ ਕੇ ਤਰੱਕੀ ਕਰਦੇ ਬੇਦਾਗ ਸੇਵਾ-ਮੁਕਤ ਇਹ ਅਫ਼ਸਰ ਆਪਣੇ 'ਤੇ ਵੀ ਹੱਸਣਾ ਜਾਣਦੇ ਹਨ। ਉਹਨਾਂ ਦਾ ਮੁੱਖ ਮਕਸਦ ਪੁਲਸ ਵਿਭਾਗ ਦੇ ਹੇਠਾਂ ਤੋਂ ਉਪਰਲੇ ਦਰਜੇ ਦੇ ਕਰਮਚਾਰੀਆਂ ਦੇ ਆਚਰਣ, ਉਹਨਾਂ ਦੀਆਂ ਬੇਬਾਕੀਆਂ, ਗੱਲ ਕਰਨ ਦੇ ਢੰਗ ਨੂੰ ਆਪਣੇ ਲਹਿਜ਼ੇ ਵਿੱਚ ਬਿਆਨ ਕਰਨਾ ਹੈ। ਮੁੱਖ ਹੋਸਟ ਮਿਸਟਰ ਵਿਰਕ ਗੱਲ ਸ਼ੁਰੂ ਕਰਦਿਆਂ ਆਪਣੇ ਬਚਪਨ ਦੀਆਂ ਗੱਲਾਂ ਵੀ ਲੈ ਬੈਠਦਾ ਹੈ। ਅਸਲ 'ਚ ਉਹਦੀ ਸਿੱਧੂ ਨਾਲ ਦੋਸਤੀ ਤਿੰਨ-ਚਾਰ ਸਾਲ ਦੇ ਜੁਆਕਾਂ ਤੋਂ ਸ਼ੁਰੂ ਹੋਣ ਵਾਲੀ ਹੈ। ਅੱਜ ਦੇ ਸਮੇਂ 'ਚ ਅਜਿਹੀ ਦੋਸਤੀ ਕਿੱਥੋਂ ਮਿਲਦੀ ਹੈ? ਇਹੋ ਜਿਹੀਆਂ ਗੱਲਾਂ ਉਹੀ ਕਰ ਸਕਦੇ ਸਨ। ਸਮਾਜ ਨੂੰ ਸੇਧ ਦੇਣ ਲਈ ਸਾਹਿਤਕ, ਸੱਭਿਆਚਾਰਕ ਅਤੇ ਪੰਜਾਬੀ ਭਾਸ਼ਾ ਦੇ ਮਾਣ ਲਈ ਉਹ ਚੰਗੇ ਰਾਹ-ਦਸੇਰਾ ਹਨ। ਸੰਦਲੀ ਸਵੇਰ ਜਿਹਾ ਹਾਸਾ ਹੱਸਣ ਵਾਲਾ ਸਿੱਧੂ ਚੰਗੇ-ਚੰਗੇ ਸ਼ਾਇਰਾਂ ਦੇ ਕਲਾਮ ਅਤੇ ਪੰਜਾਬੀ ਦੇ ਉੱਚ-ਕੋਟੀ ਦੇ ਸਾਹਿਤਕਾਰਾਂ ਦੀਆਂ ਪੁਸਤਕਾਂ ਦਾ ਹਵਾਲਾ ਵੀ ਦਿੰਦਾ ਹੈ। ਪਿੱਛੇ ਜਿਹੇ ਉਹਨਾਂ ਨੇ ਗੱਲ-ਬਾਤ ਕਰਦਿਆਂ 'ਤੀਜੀ ਰੋਟੀ' ਦਾ ਵੇਰਵਾ ਦਿੱਤਾ।

ਸੱਚਮੁੱਚ ਵਰਤਮਾਨ ਯੁੱਗ ਵਿੱਚ ਜਿਸ ਮਨੁੱਖ ਨੂੰ ਤੀਜੀ ਰੋਟੀ ਮਿਲਦੀ ਹੈ, ਉਸ ਦਾ ਜੀਵਨ ਸਫ਼ਲ ਹੈ, ਪਰ ਇਹ ਰੋਟੀ ਬਹੁਤ ਘੱਟ ਲੋਕਾਂ ਨੂੰ ਨਸੀਬ ਹੁੰਦੀ ਹੈ। ਅਸਲ 'ਚ ਲੋਕਾਂ ਕੋਲ ਸਬਰ, ਸੰਤੋਖ ਦੀ ਘਾਟ ਆ ਗਈ ਹੈ। ਇਕਦਮ ਤੱਤੇ ਹੋਣਾ ਇਹਨਾਂ ਦੀ ਫ਼ਿਤਰਤ ਬਣ ਗਿਆ ਹੈ। ਮੇਰੇ ਨਿੱਜੀ ਅਨੁਭਵ ਵਿੱਚ ਵੀ ਇਹ ਦੇਖਣ ਨੂੰ ਆਇਆ ਹੈ ਕਿ ਲੋਕ ਫ਼ੋਕੀ ਸ਼ੋਹਰਤ, ਚਮਚਾਗਿਰੀ ਅਤੇ ਨਿੱਜ ਸੁਆਰਥ ਦੇ ਪੁਤਲੇ ਬਣ ਗਏ ਸਨ। ਨਵੀਂ ਪੀੜ੍ਹੀ ਨੂੰ ਸ਼ੌਕ ਨਾਲ਼ ਹੱਥੀਂ ਕੰਮ ਕਰਨਾ ਹੀ ਭੁੱਲ ਗਿਆ ਹੈ। ਮੈਂ ਆਪਣੇ ਪੈਂਤੀ ਸਾਲ ਅਧਿਆਪਨ ਦੇ ਕਿੱਤੇ ਵਿੱਚ ਵੇਖਿਆ ਹੈ ਅੱਜ ਤੋਂ ਵੀਹ-ਪੱਚੀ ਸਾਲ ਪਹਿਲਾਂ ਕਲਾਸਾਂ ਵਿੱਚ ਅੱਸੀ-ਨੱਬੇ ਪ੍ਰਤੀਸ਼ਤ ਵਿਦਿਆਰਥੀ ਸ਼ਾਮਲ ਹੁੰਦੇ ਸਨ। ਡੈਸਕਾਂ 'ਤੇ ਬੈਠਣ ਲਈ ਥਾਂ ਵੀ ਸੀਮਤ ਪੈ ਜਾਂਦੀ ਸੀ। ਅਸੀਂ ਇੱਕ ਅੱਧੇ ਵਿਦਿਆਰਥੀ ਨੂੰ ਆਪਣੀ ਕੁਰਸੀ ਵੀ ਦੇ ਦਿੰਦੇ ਸਾਂ। ਪਰ ਅੱਜ! ਚਾਰ-ਪੰਜ ਪ੍ਰਤੀਸ਼ਤ ਵਿਦਿਆਰਥੀ ਹੀ ਕਲਾਸਾਂ ਵਿੱਚ ਆਉਂਦੇ ਹਨ। ਕੋਰੋਨਾ ਨਾਂਅ ਦੀ ਤ੍ਰਾਸਦੀ ਤੋਂ ਬਾਅਦ ਤਾਂ ਸਭ ਕੁਝ (ਪੜ੍ਹਾਈ-ਲਿਖਾਈ) ਘਟ ਗਿਆ ਹੈ। ਜੇ ਇਹੀ ਹਾਲ ਰਿਹਾ ਤਾਂ ਸਮਾਜ ਦਾ ਨਿਘਾਰ ਬਹੁਤ ਛੇਤੀ ਹੋ ਜਾਵੇਗਾ। ਮੈਂ ਵੈਨਕੂਵਰ ਤਿੰਨ-ਚਾਰ ਵਾਰ ਜਾ ਆਇਆ ਹਾਂ। ਬਹੁਤ ਸਾਰੇ ਖੁਸ਼ੀਆਂ ਦੇ ਸਮਾਗਮਾਂ ਵਿੱਚ ਸਾਡੇ ਪੰਜਾਬੀ ਵਿਦਿਆਰਥੀ ਖ਼ਾਸ ਕਰਕੇ ਲੜਕੀਆਂ ਨਿੱਕੇ-ਨਿੱਕੇ ਕੰਮ ਕਰਕੇ ਆਪਣੀ ਫ਼ੀਸ ਇਕੱਤਰ ਕਰਦੀਆਂ ਮੈਂ ਅਕਸਰ ਦੇਖੀਆਂ ਹਨ। ਮੇਰੇ ਵਰਗੇ ਸੰਵੇਦਨਸ਼ੀਲ ਵਿਅਕਤੀ ਲਈ ਇਹ ਸਭ ਕੁਝ ਦੇਖਣਾ ਔਖਾ ਤਾਂ ਸੀ, ਪਰ ਖੁਸ਼ੀ ਹੁੰਦੀ ਹੈ ਕਿ ਇਹ ਬੱਚੇ ਆਪਣੇ ਭਵਿੱਖ ਲਈ ਕੁਝ ਕਰ ਰਹੇ ਹਨ। ਦੂਜੇ ਪਾਸੇ ਜਦੋਂ ਮੈਂ ਇਧਰ ਝਾਤੀ ਮਾਰਦਾ ਹਾਂ ਤਾਂ ਨਵੀਂ ਪੀੜ੍ਹੀ ਦਾ ਭਵਿੱਖ ਡਾਵਾਂਡੋਲ ਹੀ ਦਿਸਦਾ ਹੈ। ਅਸਲ 'ਚ ਸੇਵਾ-ਮੁਕਤੀ ਤੋਂ ਬਾਅਦ ਮੈਂ ਇਕ ਪਰਵਾਰਕ 'ਮਹਿਮਾਨ ਘਰ' ਖੋਲ੍ਹਿਆ ਸੀ। ਬੜਾ ਯਤਨ ਕੀਤਾ ਕੋਈ ਈਮਾਨਦਾਰ ਤੇ ਸਥਾਈ ਰਹਿਣ ਵਾਲਾ 'ਮਹਿਮਾਨ ਘਰ' 'ਚ ਕੰਮ ਕਰਨ ਵਾਲਾ ਬੱਚਾ ਮਿਲ ਜਾਂਦਾ। ਪਰ ਨਹੀਂ... ਇਕ ਦੋ ਮਹੀਨੇ ਲਾ, ਝੂਠ ਬੋਲ ਬੋਲ, ਕੰਮ ਤੋਂ ਕੰਨ੍ਹੀ ਕਤਰਾਉਣ ਵਾਲੇ, ਮੋਬਾਈਲਾਂ ਨੂੰ ਤਰਜੀਹ ਦੇਣ ਵਾਲੇ ਨਸ਼ਾਖੋਰ ਜਿੰਨੇ ਮਰਜ਼ੀ ਇਕੱਠੇ ਕਰ ਲਓ। ਨਰਿੰਦਰ ਸਿੰਘ ਕਪੂਰ ਦੇ ਕਹਿਣ ਵਾਂਗ ਕਿ ਜੋ ਬੰਦਾ ਘੜੀ ਦੇਖ ਕੇ ਕੰਮ ਕਰਦਾ ਹੈ, ਉਹ ਸਫ਼ਲ ਨਹੀਂ ਹੋ ਸਕਦਾ, ਆਪਣੇ ਕਿੱਤੇ ਪ੍ਰਤੀ ਸ਼ੌਕ ਰੱਖਣ ਵਾਲੇ ਹੀ ਕਾਮਯਾਬ ਹੁੰਦੇ ਹਨ। ਬਾਹਰਹਾਲ... ਗੱਲ ਤੀਜੀ ਰੋਟੀ ਦੀ ਚੱਲਦੀ ਸੀ। ਮੇਰਾ ਇਕ ਰਿਸ਼ਤੇਦਾਰ ਹੈ। ਇਕ ਦਿਨ ਦੁਪਹਿਰੇ ਬਜ਼ਾਰ ਵਿੱਚੋਂ ਆਇਆ ਕੋਲ ਫਰਿੱਜ ਪਈ ਸੀ, ਆਪ ਉੱਠ ਕੇ ਗਿਲਾਸ ਪਾਣੀ ਦਾ ਪੀ ਸਕਦਾ ਸੀ। ਮੁੰਡੇ ਕੋਲ ਸ਼ਿਕਾਇਤ ਲਾ ਤੀ ਕਿ ਨੂੰਹ ਨੇ ਪਾਣੀ ਬਹੁਤ ਦੇਰ ਨਾਲ ਦਿੱਤਾ। ਬੱਸ ਫਿਰ ਕੀ ਸੀ, ਘਰ 'ਚ ਲੜਾਈ ਪੈ ਗਈ। ਲੜਾਈ ਦਾ ਅੰਤ ਮੁੰਡੇ ਦੀ ਮੌਤ ਨਾਲ ਹੋਇਆ। ਉਹਨੇ ਜ਼ਹਿਰ ਖਾ ਲਈ। ਸੋ ਤੀਜੀ ਰੋਟੀ ਉਹਨਾਂ ਨੂੰ ਨਸੀਬ ਹੁੰਦੀ ਹੈ, ਜੋ ਮਿਹਨਤਕੱਸ਼, ਸਬਰ ਅਤੇ ਮਨੁੱਖਤਾ ਦਾ ਸਬਕ ਯਾਦ ਰੱਖਦੇ ਹਨ। ਪਹਿਲੀ ਰੋਟੀ ਉਹਨਾਂ ਨੂੰ ਮਾਂ ਖਵਾਉਂਦੀ ਹੈ, ਦੂਜੀ ਪਤਨੀ ਤੇ ਤੀਜੀ ਤੁਹਾਡੇ ਆਪਣੇ ਬੱਚੇ। ਸੋ ਜਿੰਨੇ ਵੀ ਸਦਾਚਾਰਕ ਗੁਣ ਹਨ, ਉਹ ਪਹਿਲਾਂ ਵੀ ਲਾਗੂ ਸਨ ਤੇ ਅੱਜ ਵੀ ਉਂਝ ਹੀ ਖੜ੍ਹੇ ਹਨ, ਮਨੁੱਖ ਜਿੰਨੀਆਂ ਮਰਜ਼ੀ ਟੱਕਰਾਂ ਮਾਰ ਲਵੇ। ਤੀਜੀ ਰੋਟੀ ਤੱਕ ਅੱਜ ਕੋਈ ਵਿਰਲਾ ਹੀ ਜਾਂਦਾ।

**ਸੰਪਰਕ 99145-65255**

## ਸਮਕਾਲੀ ਪ੍ਰਸਥਿਤੀਆਂ ਨੂੰ ਪੇਸ਼ ਕਰਦਾ ਕਾਵਿ...

ਸਮੇਂ ਲਈ ਰਾਜ ਕਰਨਾ ਚਾਹੁੰਦੇ ਹਨ। ਕਵਿੱਤਰੀ ਇਨ੍ਹਾਂ ਕੂਟਨੀਤੀਆਂ ਤੋਂ ਭਲੀ-ਭਾਂਤ ਵਾਕਿਫ਼ ਹੈ।

ਕਵਿੱਤਰੀ ਦੇਸ਼ ਦੇ ਰਾਜਸੀ ਹਾਲਾਤ ਤੋਂ ਵੀ ਸੁਚੇਤ ਹੈ। ਇਹ ਸਿਆਸੀ ਪਾਰਟੀਆਂ ਸੱਤਾ ਪ੍ਰਾਪਤੀ ਲਈ ਦੇਸ਼ ਦੇ ਨਾਗਰਿਕਾਂ ਨੂੰ ਕੇਵਲ ਵੋਟ ਬੈਂਕ ਦੇ ਤੌਰ 'ਤੇ ਵਰਤਦੀਆਂ ਹਨ।ਵੋਟਾਂ ਵੇਲੇ ਚੋਣ ਮੈਨੀਫ਼ੈਸਟੋ ਵਿੱਚ ਲੋਕਾਂ ਨਾਲ ਕੀਤੇ ਵਾਅਦੇ ਕਾਗਜ਼ਾਂ ਤੱਕ ਸੀਮਤ ਹੋ ਕੇ ਰਹਿ ਜਾਂਦੇ ਹਨ।ਸੱਤਾ 'ਤੇ ਕਾਬਜ਼ ਹੋਣ ਲਈ ਕਿਸੇ ਵੀ ਤਰ੍ਹਾਂ ਦੇ ਹੱਥਕੰਡੇ ਅਪਣਾਉਣ ਤੋਂ ਗੁਰੇਜ਼ ਨਹੀਂ ਕਰਦੇ।ਆਪਣੀ ਸਵਾਰਥ ਪੂਰਤੀ ਲਈ ਇਹ ਧਰਮ ਦੇ ਨਾਂਅ 'ਤੇ ਲੋਕਾਂ ਨੂੰ ਆਪਸ ਵਿੱਚ ਲੜਾ ਦਿੰਦੇ ਹਨ। ਚੰਗੀ ਸਿੱਖਿਆ ਅਤੇ ਸਿਹਤ ਸਹੂਲਤਾਂ ਤਾਂ ਦੂਰ ਦੀ ਗੱਲ, ਅੱਜ ਵੀ ਨਿਮਨ ਵਰਗ ਨੂੰ ਜ਼ਿੰਦਗੀ ਬਸਰ ਕਰਨ ਲਈ ਬੁਨਿਆਦੀ ਸਹੂਲਤਾਂ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਕਵਿੱਤਰੀ ਧਰਮ ਦੇ ਨਾਂਅ 'ਤੇ ਹੋ ਰਹੇ ਦੰਗੇ-ਫਸਾਦਾਂ ਨੂੰ ਗ਼ੈਰ ਇਖ਼ਲਾਕੀ ਮੰਨਦੀ ਹੈ।ਜਾਤ-ਪਾਤ ਦੇ ਵਖਰੇਵੇਂ ਅਤੇ ਫਿਰਕੂ ਕੱਟੜਪੁਣੇ ਨੂੰ ਮਨੁੱਖ ਦੀ ਨਾ ਸਮਝੀ ਅਤੇ ਖ਼ੁਦਗ਼ਰਜ਼ ਸਿਆਸਤਦਾਨਾਂ ਦੀ ਖੇਡ ਸਮਝਦੀ ਹੈ।ਸਮੁੱਚੀ ਮਾਨਵਤਾ ਨੂੰ ਜਾਤ-ਪਾਤ, ਧਾਰਮਿਕ ਕੱਟੜਤਾ ਅਤੇ ਫ਼ਿਰਕੂਪੁਣੇ ਤੋਂ ਉੱਪਰ ਉੱਠ ਇਕਮੁੱਠ ਹੋਣ ਦੀ ਹਮਾਇਤ ਕਰਦੀ ਹੈ ਤਾਂ ਜੋ ਧਰਮ ਦੇ ਅਖੌਤੀ ਠੇਕੇਦਾਰ ਆਪਣੇ ਕੋਝੇ ਮਨਸੂਬਿਆਂ ਵਿੱਚ ਸਫ਼ਲ ਨਾ ਹੋ ਸਕਣ।ਸਮੁੱਚੀ ਮਾਨਵਤਾ ਵਿੱਚ ਭਾਈਚਾਰਕ ਸਾਂਝ ਬਣੀ ਰਹੇ।ਦੇਸ਼ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਸਾਧਾਰਨ ਮਨੁੱਖ ਦੇ ਅਨੁਕੂਲ ਨਹੀਂ ਰਹੀਆਂ। ਪੂੰਜੀਪਤੀ ਵਰਗ ਕਿਸਾਨਾਂ, ਮਜ਼ਦੂਰਾਂ ਅਤੇ ਦਲਿਤ ਵਰਗ ਦੀ ਕਿਰਤ ਦਾ ਸ਼ੋਸ਼ਣ ਕਰਦਾ ਹੈ ਅਤੇ ਦੇਸ਼ ਦੇ ਵੱਧ ਤੋਂ ਵੱਧ ਸਰਮਾਏ ਨੂੰ ਆਪਣੇ ਅਧੀਨ ਕਰ ਲੈਂਦਾ ਹੈ।

ਔਰਤ-ਮਰਦ ਵਿਰੋਧ ਦੀ ਥਾਂ ਸਿਸਟਮ ਉੱਪਰ ਵਿਅੰਗ ਕਰਦੀ ਹੈ।ਆਪਣੀ ਗੱਲ ਕਹਿਣ ਲਈ 'ਨਾਨਕ ਦੇ ਬੇਲੀ', 'ਮਇਆ ਸਬਰ ਕਰੋ', 'ਪੰਜਵੀਂ ਉਦਾਸੀ' ਆਦਿ ਕਵਿਤਾਵਾਂ ਵਿੱਚ ਇਤਿਹਾਸਕ, ਮਿਥਿਹਾਸਕ ਹਵਾਲਿਆਂ ਨੂੰ ਸਮਕਾਲੀ ਪ੍ਰਸੰਗ ਵਿੱਚ ਪਰਿਭਾਸ਼ਿਤ ਕਰਦੀ ਹੈ।ਸੰਬੋਧਨੀ ਅੰਦਾਜ਼ ਵਿੱਚ ਲਿਖੀਆਂ ਕਵਿਤਾਵਾਂ ਪਾਠਕਾਂ ਨੂੰ ਆਪਣੇ ਨਾਲ ਤੋਰਨ ਵਿੱਚ ਸਫ਼ਲ ਸਿੱਧ ਹੋਈਆਂ ਹਨ।ਰੂਪਕ ਪੱਖ ਤੋਂ ਵਿਚਾਰੀਏ ਤਾਂ ਕਵਿੱਤਰੀ ਨੇ ਲਘੂ ਆਕਾਰ ਦੀਆਂ ਕਵਿਤਾਵਾਂ ਵਿੱਚ ਛੋਟੇ-ਛੋਟੇ ਕਾਵਿ-ਬਿਰਤਾਂਤ ਸਿਰਜੇ ਹਨ।ਇਹ ਕਾਵਿ-ਬਿਰਤਾਂਤ ਸਿਧਾਂਤ ਅਤੇ ਸੰਕਲਪ ਨੂੰ ਕਾਵਿ-ਭਾਸ਼ਾ ਰਾਹੀਂ ਪਾਠਕ ਤੱਕ ਪਹੁੰਚਾਉਂਦੇ ਹਨ।ਪੰਜਾਬੀ ਜਨ-ਜੀਵਨ ਨਾਲ ਸੰਬੰਧਤ ਮੌਲਿਕ ਸ਼ਬਦਾਵਲੀ ਅਤੇ ਲੋਕ ਮੁਖੀ ਕਾਵਿ-ਮੁਹਾਵਰਾ 'ਕੱਕੀਆਂ ਕਣੀਆਂ' ਨੂੰ ਨਵਾਂ ਰੰਗ ਪ੍ਰਦਾਨ ਕਰਦਾ ਹੈ।ਲੋਕ ਜੀਵਨ ਵਿੱਚੋਂ ਲਏ ਗਏ ਬਿੰਬ, ਪ੍ਰਤੀਕ ਅਤੇ ਮੁਹਾਵਰੇਦਾਰ ਸ਼ਬਦਾਵਲੀ ਰਾਹੀਂ ਕਵਿਤਾ ਨੂੰ ਸੁਹਜਤਾ ਪ੍ਰਦਾਨ ਕੀਤੀ ਹੈ।ਭਵਿੱਖ ਵਿੱਚ ਉਸ ਦੀ ਕਾਵਿ-ਭਾਸ਼ਾ ਅਤੇ ਕਾਵਿ-ਮੁਹਾਵਰੇ ਦੇ ਹੋਰ ਨਵੀਨ ਅਤੇ ਸਮਰੱਥ ਹੋਣ ਦੀ ਆਸ ਬੱਝਦੀ ਹੈ।

**ਸੰਪਰਕ-98771-53618**

## ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ...

ਰੁਤਬੇ, ਖ਼ਿਤਾਬ, ਧਨ-ਦੌਲਤ ਅਤੇ ਹੋਰ ਸੱਤਾ-ਸੁੱਖ ਮਾਣ ਰਹੇ ਸਨ ਤਾਂ ਦੂਜੇ ਪਾਸੇ ਦਰਦ ਜਿਹੀਆਂ ਸ਼ਖ਼ਸੀਅਤਾਂ ਗ਼ੁਲਾਮੀ ਦੀਆਂ ਕੜੀਆਂ ਤੋੜਨ ਲਈ ਜੇਲ੍ਹਾਂ ਕੱਟ ਰਹੀਆਂ ਸਨ, ਬਰਤਾਨਵੀ ਹਕੂਮਤ ਪਾਸੋਂ ਘਰ-ਜ਼ਮੀਨ ਨਿਲਾਮ ਕਰਵਾ ਰਹੀਆਂ ਸਨ ਅਤੇ ਨਾਲੋ-ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਹੋ ਕੇ ਸਾਹਿਤ ਇਤਿਹਾਸਕਾਰੀ ਵਰਗੇ ਕਾਰਜ ਵੀ ਕਰ ਰਹੀਆਂ ਸਨ।ਕੁਲ ਮਿਲਾ ਕੇ ਇਸ ਖੋਜ ਕਿਤਾਬ ਵਿੱਚ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਸੰਪੂਰਨ ਪਸਮੰਜ਼ਰ ਵੀ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ ਅਤੇ ਪ੍ਰੋਫ਼ੈਸਰ ਭਾਟੀਆ ਦੀ ਸਾਹਿਤ-ਇਤਿਹਾਸ ਦ੍ਰਿਸ਼ਟੀ ਤੇ ਬਿਰਤੀ ਦੇ ਦਿੱਗ ਦਰਸ਼ਨ ਵੀ ਹੋ ਜਾਂਦੇ ਹਨ।ਭਾਵੇਂ ਇਤਿਹਾਸ ਦਾ ਸੱਚ ਅੰਤਮ ਸੱਚ ਨਹੀਂ ਹੁੰਦਾ, ਪਰ ਇਸ ਕਿਤਾਬ ਦਾ ਅਧਿਐਨ ਕਰਨ ਉਪਰੰਤ ਪਾਠਕ ਦੀ ਇਤਿਹਾਸ ਚੇਤਨਾ ਪ੍ਰਤੀ ਸੂਝ ਦਾ ਵਿਸਥਾਰ ਹੁੰਦਾ ਹੈ। ਇਤਿਹਾਸ ਅਤੇ ਸਾਹਿਤ ਦੇ ਇਤਿਹਾਸ ਵਿੱਚ ਕੀ ਅੰਤਰ ਹੈ? ਸਾਹਿਤ ਦਾ ਇਤਿਹਾਸ ਕਿਵੇਂ ਲਿਖਣਾ ਹੈ? ਖੋਜ ਕਿਵੇਂ ਕਰਨੀ ਹੈ ਆਦਿ ਸਭ ਸੁਆਲਾਂ ਦੀ ਸਮਝ ਇਸ ਕਿਤਾਬ ਨੂੰ ਪੜ੍ਹਿਆਂ ਬਣ ਜਾਂਦੀ ਹੈ। ਪੰਜਾਬੀ ਅਧਿਐਨ, ਅਧਿਆਪਨ ਅਤੇ ਖੋਜ ਨਾਲ ਸੰਬੰਧ ਰੱਖਣ ਵਾਲੇ ਹਰੇਕ ਸ਼ਖ਼ਸ, ਖੋਜ-ਨਿਗਰਾਨ, ਅਧਿਆਪਕ ਅਤੇ ਖੋਜਾਰਥੀ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ। ਸੋਹਣੀ-ਸੁਨੱਖੀ ਸੂਰਤ ਵਾਲੀ ਇਸ ਕਿਤਾਬ ਨੂੰ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੇ ਸਿਰਫ਼ ਛਾਪਿਆ ਹੀ ਨਹੀਂ, ਬਲਕਿ ਸ਼ਬਦ-ਜੋੜਾਂ ਦੀ ਸ਼ੁੱਧਤਾ ਅਤੇ ਕਿਤਾਬ ਦੇ ਸਾਈਜ਼-ਸੁਹਜ ਆਦਿ ਦਾ ਵੀ ਉਚੇਚਾ ਖ਼ਿਆਲ ਰੱਖਿਆ ਹੈ।

*ਸੰਪਰਕ : 94630-79356*

# ਉੱਘੇ ਸੰਸਦ ਮੈਂਬਰ ਤੇ ਕਮਿਊਨਿਸਟ ਲਹਿਰ ਦੇ ਉਸਰੱਈਏ

# ਭੁਪੇਸ਼ ਗੁਪਤਾ

ਅਨਿਲ ਰਾਜੀਮਵਾਲੇ

ਅਨੁ. ਐਮ ਐਸ ਭਾਟੀਆ




ਭੁਪੇਸ਼ ਗੁਪਤਾ ਭਾਰਤੀ ਸੰਸਦ ਦੇ 'ਅਸਾਧਾਰਨ ਮੀਲ ਪੱਥਰ', ਕਮਿਊਨਿਸਟ ਲਹਿਰ ਦੇ ਦੁਰਲੱਭ ਚਾਨਣ-ਮੁਨਾਰੇ ਅਤੇ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਬੁਲਾਰੇ ਸਨ। ਉਨ੍ਹਾ ਦਾ ਜਨਮ 20 ਅਕਤੂਬਰ, 1914 ਨੂੰ ਪੂਰਬੀ ਬੰਗਾਲ (ਹੁਣ ਬੰਗਲਾਦੇਸ਼) ਦੇ ਮੈਮਨਸਿੰਘ ਜ਼ਿਲ੍ਹੇ ਦੇ ਇਟਨਾ ਵਿਖੇ ਮਹੇਸ਼ ਚੰਦਰ ਗੁਪਤਾ, ਜੋ ਇਕ ਅਮੀਰ ਜ਼ਿਮੀਂਦਾਰ ਸਨ, ਦੇ ਘਰ ਹੋਇਆ। ਅਮੀਰ ਪਰਵਾਰ ਨਾਲ ਸੰਬੰਧਤ ਹੋਣ ਦੀ ਪਰਵਾਹ ਕੀਤੇ ਬਿਨਾਂ ਭੂਪੇਸ਼ 16 ਸਾਲ ਦੀ ਉਮਰ ਵਿੱਚ ਰਾਸ਼ਟਰੀ ਅੰਦੋਲਨ ਵਿੱਚ ਕੁੱਦ ਪਏ ਅਤੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਨ੍ਹਾ ਦੇਸ਼ ਦੀ ਸੇਵਾ ਅਤੇ ਕਮਿਊਨਿਸਟ ਉਦੇਸ਼ ਪ੍ਰਤੀ ਸਮਰਪਣ ਦੀ ਭਾਵਨਾ ਨਾਲ ਜੀਵਨ ਭਰ ਕੁਆਰਾ ਰਹਿਣ ਦਾ ਫੈਸਲਾ ਕੀਤਾ।

ਭੁਪੇਸ਼ ਗੁਪਤਾ ਨੇ ਸਕਾਟਿਸ਼ ਚਰਚ ਕਾਲਜ ਕਲਕੱਤਾ ਅਤੇ ਯੂਨੀਵਰਸਿਟੀ ਕਾਲਜ ਲੰਡਨ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਹਮੇਸ਼ਾ ਇੱਕ ਹੁਸ਼ਿਆਰ ਵਿਦਿਆਰਥੀ ਰਹੇ। ਉਨ੍ਹਾ ਬ੍ਰਹਮਪੁਰ ਨਜ਼ਰਬੰਦੀ ਕੈਂਪ ਤੋਂ ਕਲਕੱਤਾ ਯੂਨੀਵਰਸਿਟੀ ਦੀਆਂ ਆਪਣੀਆਂ ਐੱਫ ਏ ਅਤੇ ਬੀ ਏ ਦੀਆਂ ਪ੍ਰੀਖਿਆਵਾਂ ਉੱਚ ਦਰਜੇ ਵਿੱਚ ਪਾਸ ਕੀਤੀਆਂ। ਬ੍ਰਹਮਪੁਰ ਵਿੱਚ ਉਹ ਬਿਹਾਰ ਵਿੱਚ ਸੀ ਪੀ ਆਈ ਦੇ ਸੰਸਥਾਪਕ ਸੁਨੀਲ ਮੁਖਰਜੀ ਨਾਲ ਚਾਰ ਸਾਲ ਇੱਕੋ ਜੇਲ ਕੋਠੜੀ ਵਿੱਚ ਰਹੇ।

### ਇਨਕਲਾਬੀ ਤੇ ਕਮਿਊਨਿਸਟ ਲਹਿਰ ਵਿੱਚ

ਜਲਦੀ ਹੀ ਭੁਪੇਸ਼ ਗੁਪਤਾ ਰਾਸ਼ਟਰੀ ਇਨਕਲਾਬੀਆਂ ਦੇ ਕ੍ਰਿਸ਼ਮਈ ਪ੍ਰਭਾਵ ਹੇਠ ਖਿੱਚੇ ਗਏ ਅਤੇ ਸੁਰੇਂਦਰ ਮੋਹਨ ਘੋਸ਼ ਦੀ ਅਗਵਾਈ ਵਾਲੇ ਇਨਕਲਾਬੀ ਗਰੁੱਪ 'ਅਨੁਸ਼ੀਲਨ' ਵਿੱਚ ਸ਼ਾਮਲ ਹੋ ਗਏ। ਉਨ੍ਹਾ ਸਿਵਲ ਨਾਫ਼ਰਮਾਨੀ ਅੰਦੋਲਨ ਵਿੱਚ ਵੀ ਸਰਗਰਮ ਹਿੱਸਾ ਲਿਆ ਅਤੇ ਕਈ ਵਾਰ ਗ੍ਰਿਫਤਾਰ ਕੀਤੇ ਗਏ : 1930, 1931 ਅਤੇ 1933 ਵਿੱਚ ਅਤੇ ਫੇਰ 1937 ਤੱਕ ਉਨ੍ਹਾ ਨੂੰ ਨਜ਼ਰਬੰਦ ਰੱਖਿਆ ਗਿਆ। ਉਦੋਂ ਹੀ ਉਹ ਮਾਰਕਸਵਾਦੀ ਵਿਚਾਰਧਾਰਾ ਦੇ ਸੰਪਰਕ ਵਿੱਚ ਆਏ। ਉਨ੍ਹਾ ਦੇ ਪਿਤਾ ਚਾਹੁੰਦੇ ਸਨ ਕਿ ਉਨ੍ਹਾ ਦਾ ਪੁੱਤਰ ਰਾਜਨੀਤੀ ਤੋਂ ਦੂਰ ਰਹੇ ਅਤੇ ਇਸ ਲਈ ਉਨ੍ਹਾ ਸਰਕਾਰ ਨੂੰ ਪੱਤਰ ਲਿਖ ਕੇ ਭੂਪੇਸ਼ ਨੂੰ ਉੱਚ ਪੜ੍ਹਾਈ ਲਈ ਇੰਗਲੈਂਡ ਭੇਜਣ ਦੀ ਬੇਨਤੀ ਕੀਤੀ। ਸਰਕਾਰ ਦੇ ਸਹਿਮਤ ਹੋਣ 'ਤੇ ਭੂਪੇਸ਼ ਕਾਨੂੰਨ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਚਲੇ ਗਏ ਅਤੇ ਉਨ੍ਹਾ ਨੂੰ ਮਿਡਲ ਟੈਂਪਲ ਲੰਡਨ ਤੋਂ ਬਾਰ ਵਿੱਚ ਬੁਲਾਇਆ ਗਿਆ।

ਇੰਗਲੈਂਡ ਵਿੱਚ ਉਹ ਗਰੇਟ ਬ੍ਰਿਟੇਨ ਕਮਿਊਨਿਸਟ ਪਾਰਟੀ ਅਤੇ ਵਿਦਿਆਰਥੀ ਲਹਿਰ ਦੇ ਸੰਪਰਕ ਵਿੱਚ ਆਏ ਅਤੇ ਇੱਕ ਕਮਿਊਨਿਸਟ ਬਣ ਗਏ । ਉਹ ਭਾਰਤੀਆਂ ਸਮੇਤ ਵੱਡੀ ਗਿਣਤੀ ਵਿੱਚ ਕਮਿਊਨਿਸਟਾਂ ਨੂੰ ਮਿਲੇ। ਭੁਪੇਸ਼ 1941 ਵਿੱਚ ਭਾਰਤ ਵਾਪਸ ਆਏ ਅਤੇ ਆਪਣੇ ਆਪ ਨੂੰ ਭਾਰਤੀ ਕਮਿਊਨਿਸਟ ਪਾਰਟੀ ਲਈ ਪੂਰੇ ਸਮੇਂ ਲਈ ਸਮਰਪਿਤ ਕਰ ਦਿੱਤਾ। ਸ਼ੁਰੂ ਵਿਚ ਉਨ੍ਹਾ ਸੀ ਪੀ ਆਈ ਦੇ ਭੂਮੀਗਤ ਮੁੱਖ ਦਫਤਰ ਵਿੱਚ ਕੰਮ ਕੀਤਾ। ਉਹ 1941 ਵਿੱਚ 'ਫ੍ਰੈਂਡਜ਼ ਆਫ਼ ਦ ਸੋਵੀਅਤ ਯੂਨੀਅਨ' ਦੇ ਸੰਸਥਾਪਕਾਂ ਵਿੱਚੋਂ ਇੱਕ ਬਣ ਗਏ।

ਜਨ ਰਕਸ਼ਾ ਸਮਿਤੀ ਦੇ ਮੈਂਬਰ ਦੇ ਤੌਰ 'ਤੇ ਭੁਪੇਸ਼ ਨੇ 1943 ਦੇ ਬੰਗਾਲ ਦੇ ਮਹਾਂ ਅਕਾਲ ਦੌਰਾਨ ਬਹੁਤ ਕੰਮ ਕੀਤਾ। ਉਹ ਪੀਪਲਜ਼ ਰਿਲੀਫ ਕਮੇਟੀ ਦੇ ਸੰਸਥਾਪਕ ਵੀ ਸਨ। ਉਨ੍ਹਾ 1946 ਦੇ ਤੇਭਾਗਾ ਕਿਸਾਨ ਅੰਦੋਲਨ ਦੇ ਕਿਸਾਨਾਂ ਦਾ ਬਚਾਅ ਕੀਤਾ।1946 ਵਿੱਚ ਹੀ ਭਾਰਤ ਰੱਖਿਆ ਨਿਯਮਾਂ ਦੇ ਤਹਿਤ ਲਾਜ਼ਮੀ ਨਿਰਣੇ ਵਿੱਚ ਟੈਲਕੋ ਸਮੇਤ ਜਮਸ਼ੇਦਪੁਰ ਦੇ ਮਜ਼ਦੂਰਾਂ ਦਾ ਵੀ ਬਚਾਅ ਕੀਤਾ।

### ਬੀ ਟੀ ਆਰ ਕਾਲ ਦੌਰਾਨ ਤੇ ਸੰਸਦ ਵਿੱਚ

ਭੁਪੇਸ਼ ਗੁਪਤਾ 1948-50 ਦੇ ਬੀ ਟੀ ਆਰ ਲਾਈਨ ਦੇ ਖੱਬੇ-ਪੱਖੀ ਸੰਕੀਰਨ ਮਾਅਰਕੇਬਾਜ਼ੀ ਦੇ ਦੌਰ, ਜਿਸ ਨੇ ਪਾਰਟੀ ਨੂੰ ਬਹੁਤ ਨੁਕਸਾਨ ਪਹੁੰਚਾਇਆ, ਦੌਰਾਨ ਭੂਮੀਗਤ ਹੋ ਗਏ।

1947 ਵਿੱਚ ਉਹ ਸੀ ਪੀ ਆਈ ਦੀ ਪੱਛਮੀ ਬੰਗਾਲ ਸੂਬਾ ਕਮੇਟੀ ਲਈ ਚੁਣੇ ਗਏ ਅਤੇ 1951 ਵਿੱਚ ਪਾਰਟੀ ਦੇ ਬੰਗਾਲੀ ਰੋਜ਼ਾਨਾ 'ਸਵਾਧੀਨਤਾ' ਦੇ ਸੰਪਾਦਕੀ ਬੋਰਡ ਦੇ ਚੇਅਰਮੈਨ ਵਜੋਂ ਨਿਯੁਕਤ ਕੀਤੇ ਗਏ, ਕਿਉਂਕਿ ਸੀ ਪੀ ਆਈ ਨੂੰ ਸਰਕਾਰ ਦੁਆਰਾ ਗੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ ਸੀ, ਇਸ ਲਈ ਉਨ੍ਹਾ ਨੂੰ 1951 ਵਿੱਚ ਗ੍ਰਿਫਤਾਰ ਕਰ ਲਿਆ ਗਿਆ ਅਤੇ ਅਪ੍ਰੈਲ 1952 ਤੱਕ ਨਜ਼ਰਬੰਦ ਰੱਖਿਆ ਗਿਆ।

ਪਾਰਟੀ ਵੱਲੋਂ ਚੋਣਾਂ ਲੜਨ ਦਾ ਫੈਸਲਾ ਕਰਨ ਤੋਂ ਬਾਅਦ ਉਹ 1952 ਵਿੱਚ ਰਾਜ ਸਭਾ ਲਈ ਚੁਣੇ ਗਏ ਅਤੇ ਆਪਣੀ ਮੌਤ ਤੱਕ ਇਸ ਦੇ ਮੈਂਬਰ ਰਹੇ। ਉਹ ਸਭ ਤੋਂ ਲੰਮੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਮੈਂਬਰ ਵਜੋਂ ਜਾਣੇ ਜਾਂਦੇ ਹਨ। 22 ਜੂਨ 1977 ਨੂੰ ਰਾਜ ਸਭਾ ਦੇ 100ਵੇਂ ਸੈਸ਼ਨ ਅਤੇ ਇਸ ਦੇ 25 ਸਾਲਾਂ ਦੇ ਮੌਕੇ 'ਤੇ ਉਨ੍ਹਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਉਹ ਸ਼ਾਂਤੀ ਅੰਦੋਲਨ ਅਤੇ ਐਪਸੋ ਨਾਲ ਨੇੜਿਓਂ ਜੁੜੇ ਹੋਏ ਸਨ। 1979 ਵਿੱਚ ਨਸਲਵਾਦ ਅਤੇ ਰੰਗਭੇਦ 'ਤੇ ਉਨ੍ਹਾ ਦੇ ਭਾਸ਼ਣ ਤੋਂ ਬਾਅਦ ਕਿੰਗਸਟਨ, ਜਮਾਇਕਾ ਦੇ ਅਖ਼ਬਾਰਾਂ ਨੇ ਰਾਸ਼ਟਰਮੰਡਲ ਸੰਸਦੀ ਕਾਨਫਰੰਸ ਦੇ ਨਾਇਕ ਵਜੋਂ ਉਨ੍ਹਾ ਦੀ ਸ਼ਲਾਘਾ ਕੀਤੀ।

### ਪਾਰਟੀ ਵਿੱਚ ਅਹੁਦੇ

ਉਹਨਾ ਨੂੰ 1953-54 ਵਿੱਚ ਸੀ ਪੀ ਆਈ ਦੀ ਤੀਜੀ ਕਾਂਗਰਸ ਮਦੁਰਾਈ ਵਿੱਚ ਕੇਂਦਰੀ ਕਮੇਟੀ ਲਈ ਚੁਣਿਆ ਗਿਆ। ਉਹ 1956 ਵਿੱਚ ਪਾਲਘਾਟ ਕਾਂਗਰਸ ਵਿੱਚ ਪਹਿਲੀ ਵਾਰ ਪੋਲਿਟ ਬਿਊਰੋ ਲਈ ਚੁਣੇ ਗਏ ਅਤੇ 1958 ਵਿੱਚ ਅੰਮ੍ਰਿਤਸਰ ਵਿੱਚ ਸੰਗਠਨਾਤਮਕ ਪੁਨਰਗਠਨ ਤੋਂ ਬਾਅਦ ਉਹ ਕੇਂਦਰੀ ਸਕੱਤਰੇਤ ਲਈ ਚੁਣੇ ਗਏ। ਇਸ ਅਹੁਦੇ 'ਤੇ ਉਹ 1981 ਵਿੱਚ ਆਪਣੀ ਮੌਤ ਤੱਕ ਰਹੇ।

ਉਹ 1954 ਤੋਂ 1957 ਤੱਕ ਅਤੇ 1966 ਤੋਂ 1981 ਤੱਕ 'ਨਿਊ ਏਜ' ਦੇ ਸੰਪਾਦਕ ਰਹੇ। ਖਾਸ ਕਰਕੇ ਐਤਵਾਰ ਨੂੰ ਉਹ ਇੰਗਲੈਂਡ ਤੋਂ ਲਿਆਂਦੇ 1937 ਦੇ ਇੱਕ ਪੁਰਾਣੇ ਰੈਮਿੰਗਟਨ ਟਾਈਪਰਾਈਟਰ 'ਤੇ ਆਪਣੇ ਸੰਪਾਦਕੀ ਅਤੇ ਲੇਖ ਲਿਖਦੇ ਰਹਿੰਦੇ ਸਨ। ਉਨ੍ਹਾ ਦਾ ਆਖਰੀ ਲੇਖ ਮਾਸਕੋ ਤੋਂ ਲਿਖੇ ਗਏ ਜੁਲਾਈ 1981 ਅਤੇ ਕਮਿਊਨਿਸਟ ਪਾਰਟੀ ਆਫ ਚਾਈਨਾ ਦੀ ਕੇਂਦਰੀ ਕਮੇਟੀ ਦੀ ਮੀਟਿੰਗ ਦੇ ਮਤੇ 'ਤੇ ਸੀ, ਜਿਸ ਵਿੱਚ ਕਮਿਊਨਿਸਟ ਪਾਰਟੀ ਆਫ ਚਾਈਨਾ (ਸੀ ਪੀ ਸੀ) ਦੀ ਕੇਂਦਰੀ ਕਮੇਟੀ ਨੇ ਚੀਨ ਵਿੱਚ ਅਖੌਤੀ 'ਸੱਭਿਆਚਾਰਕ ਇਨਕਲਾਬ' ਦੀ ਆਲੋਚਨਾ ਕੀਤੀ ਅਤੇ ਮਾਓ ਨੂੰ ਤਬਾਹੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ।


ਸੀ ਪੀ ਸੀ ਵੱਲੋਂ ਮਾਓਵਾਦੀ ਵਿਚਾਰਧਾਰਕ ਰਾਜਨੀਤਕ ਹਮਲਿਆਂ ਅਤੇ 1964 ਵਿੱਚ ਸੀ ਪੀ ਆਈ ਵਿੱਚ ਨਤੀਜੇ ਵਜੋਂ ਫੁੱਟ ਦੇ ਦਿਨਾਂ ਦੌਰਾਨ ਉਹਨਾ ਵੰਡ ਤੋਂ ਬਚਣ ਲਈ ਫੁੱਟ ਬਚਾਉਣ ਦੇ ਤਰੀਕੇ ਲੱਭਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਫੁੱਟ ਤੋਂ ਬਾਅਦ ਸੁਲ੍ਹਾ ਕਰਵਾਉਣ ਲਈ, ਪਰ ਉਨ੍ਹਾ ਦੇ ਯਤਨ ਸਫਲ ਨਹੀਂ ਹੋਏ।

### ਵਿਸ਼ਵ ਕਮਿਊਨਿਸਟ ਲਹਿਰ

ਉਹ ਇੱਕ ਪੱਕੇ ਅੰਤਰਰਾਸ਼ਟਰਵਾਦੀ ਅਤੇ ਰੰਗਭੇਦ ਅਤੇ ਨਸਲਵਾਦ ਵਿਰੁੱਧ ਅਣਥੱਕ ਯੋਧਾ ਸਨ। ਉਹ ਅੰਤਰਰਾਸ਼ਟਰੀ ਕਮਿਊਨਿਸਟ ਕਾਨਫਰੰਸ (1957) ਦੀ ਬੁਖਾਰੈਸਟ ਤਿਆਰੀ ਮੀਟਿੰਗ ਵਿੱਚ ਸ਼ਾਮਲ ਹੋਏ। ਉਹ ਵਿਸ਼ਵ ਕਮਿਊਨਿਸਟ ਲਹਿਰ ਦੇ 1957, 1960 ਅਤੇ 1969 ਦੇ ਸੰਮੇਲਨਾਂ ਵਿੱਚ ਸੀ ਪੀ ਆਈ ਡੈਲੀਗੇਸ਼ਨਾਂ ਦੇ ਮੈਂਬਰ ਸਨ। ਉਹ 1959 ਵਿੱਚ ਜਨਰਲ ਸਕੱਤਰ ਅਜੋਏ ਘੋਸ਼ ਦੀ ਅਗਵਾਈ ਵਿੱਚ ਪੀਕਿੰਗ ਗਏ ਸੀ ਪੀ ਆਈ ਦੇ ਡੈਲੀਗੇਸ਼ਨ ਦੇ ਮੈਂਬਰ ਵੀ ਸਨ ਅਤੇ ਉਹ ਮਾਓ ਜ਼ੇ-ਤੁੰਗ ਨੂੰ ਮਿਲੇ। ਭੁਪੇਸ਼ ਗੁਪਤਾ ਵਿਸ਼ਵ ਸ਼ਾਂਤੀ ਪ੍ਰੀਸ਼ਦ ਵਿੱਚ ਸਰਗਰਮ ਸਨ। ਦਰਅਸਲ ਉਨ੍ਹਾ ਆਖਰੀ ਕਾਨਫਰੰਸ, ਜਿਸ ਵਿੱਚ ਸ਼ਿਰਕਤ ਕੀਤੀ, ਉਹ ਦਮਿਸ਼ਕ (1981) ਵਿੱਚ ਸੀਰੀਆ ਅਤੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ ਐੱਲ ਓ) ਨਾਲ ਯਕਯਹਿਤੀ ਦੀ ਅੰਤਰਰਾਸ਼ਟਰੀ ਕਾਨਫਰੰਸ ਸੀ।

### ਚੀਨੀ ਹਮਲੇ ਦੀ ਨਿੰਦਾ

ਭੁਪੇਸ਼ ਗੁਪਤਾ ਨੇ ਦਿਖਾਇਆ ਕਿ ਕਮਿਊਨਿਜ਼ਮ ਦੇਸ਼ ਭਗਤੀ ਦਾ ਸਭ ਤੋਂ ਵਧੀਆ ਰੂਪ ਹੈ। 1962 ਵਿੱਚ ਚੀਨੀ ਹਮਲੇ ਦੌਰਾਨ ਭਾਰਤ ਦੀ ਰੱਖਿਆ ਬਿੱਲ 'ਤੇ ਰਾਜ ਸਭਾ ਦੀ ਚਰਚਾ ਵਿੱਚ ਹਿੱਸਾ ਲੈਂਦੇ ਸਮੇਂ ਉਨ੍ਹਾ ਦਾ ਦੇਸ਼ ਭਗਤੀ ਦਾ ਜੋਸ਼ ਜ਼ਾਹਿਰ ਸੀ। ਉਨ੍ਹਾ ਜ਼ੋਰਦਾਰ ਢੰਗ ਨਾਲ ਕਿਹਾ, 'ਮੈਂ ਸਦਨ ਵਿਚ ਐਲਾਨ ਕਰਦਾ ਹਾਂ ਕਿ ਮੈਂ ਕਿਸੇ ਵੀ ਕਮਿਊਨਿਸਟ ਜਾਂ ਉਸ ਤਰ੍ਹਾਂ ਦੇ ਟਰੇਡ ਯੂਨੀਅਨਿਸਟ ਨੂੰ ਨਹੀਂ ਜਾਣਦਾ, ਜੋ ਦੇਸ਼ ਦੀ ਰੱਖਿਆ ਦਾ ਵਿਰੋਧ ਕਰਦਾ ਹੈ ਜਾਂ ਜੋ ਹੋਏ ਹਮਲੇ ਨਾਲ ਹਮਦਰਦੀ ਰੱਖਦਾ ਹੈ। ਜੇਕਰ ਕੋਈ ਮਤੇ ਅਤੇ ਦੇਸ਼ ਦੀ ਦੇਸ਼ ਭਗਤੀ ਦੀ ਸਥਿਤੀ ਦੇ ਵਿਰੁੱਧ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਕਮਿਊਨਿਸਟ ਪਾਰਟੀ ਤੇ ਅੰਦੋਲਨ ਦੇ ਘੇਰੇ ਤੋਂ ਬਾਹਰ ਕਰ ਲਵੇਗਾ।'



ਉਹ ਦੇਸ਼ ਭਗਤੀ ਅਤੇ ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦ ਦੇ ਮਾਰਕਸਵਾਦੀ ਏਕੀਕਰਨ ਦਾ ਪ੍ਰਤੀਕ ਸਨ।

### ਪੇਂਡੂ ਮਜ਼ਦੂਰਾਂ ਤੇ ਔਰਤਾਂ ਦੇ ਮੁੱਦਿਆਂ ਦੇ ਮੁੱਦਈ

ਉਹ ਸਮਾਜ ਦੇ ਕਮਜ਼ੋਰ ਵਰਗਾਂ : ਹਰੀਜਨ, ਆਦਿਵਾਸੀ, ਖੇਤ ਮਜ਼ਦੂਰ, ਔਰਤਾਂ ਅਤੇ ਹੋਰਨਾਂ ਦੇ ਮੁੱਦਿਆਂ ਦੇ ਮੁੱਦਈ ਸਨ। ਸੰਸਦ ਦੇ ਅੰਦਰ ਅਤੇ ਬਾਹਰ ਉਨ੍ਹਾਂ ਇਹਨਾਂ ਵਰਗਾਂ ਦੀ ਅਵਾਜ ਨੂੰ ਅੱਗੇ ਵਧਾਉਣ ਲਈ ਹਰ ਮੌਕੇ ਦੀ ਪੂਰੀ ਪੂਰੀ ਵਰਤੋਂ ਕੀਤੀ। ਉਹ 1968 ਵਿੱਚ ਮੋਗਾ, ਪੰਜਾਬ ਵਿਖੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਗਠਨ 'ਤੇ ਖੁਸ਼ ਸਨ। ਮਈ 1972 ਵਿੱਚ ਉਨ੍ਹਾ ਤਾਮਿਲਨਾਡੂ ਦੇ ਮੰਨਾਰਗੁੜੀ ਵਿਖੇ ਹੋਈ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਦੂਜੀ ਕਾਨਫਰੰਸ ਵਿੱਚ ਉਦਘਾਟਨੀ ਭਾਸ਼ਣ ਦਿੱਤਾ।

ਕਮਜ਼ੋਰ ਵਰਗਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਕੰਮਕਾਜ ਨੂੰ ਬਿਹਤਰ ਬਣਾਉਣ ਲਈ ਘੱਟੋ-ਘੱਟ ਉਜਰਤਾਂ, ਨਿਯਮਤ ਰੁਜ਼ਗਾਰ ਅਤੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਮੰਗ ਕੀਤੀ।ਉਦਾਹਰਣ ਵਜੋਂ ਰਾਜ ਸਭਾ ਵਿਚ 6 ਦਸੰਬਰ 1962 ਨੂੰ ਬਹਿਸ ਦੌਰਾਨ ਉਨ੍ਹਾ ਕਿਹਾ ਕਿ ਖੇਤੀਬਾੜੀ ਕਾਮਿਆਂ ਦੀ ਸਥਿਤੀ ਨੂੰ ਬਿਹਤਰ ਬਣਾਏ ਬਿਨਾਂ ਪੇਂਡੂ ਵਿਕਾਸ ਬਾਰੇ ਸਾਰੀਆਂ ਗੱਲਾਂ ਥੋਥੀਆਂ ਹਨ।

1975 ਵਿੱਚ ਜਦੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣਾ ਸ਼ੁਰੂ ਹੋਇਆ, ਉਹਨਾ ਸੰਸਦ ਵਿੱਚ ਇੱਕ ਭਾਵੁਕ ਭਾਸ਼ਣ ਦਿੱਤਾ, ਜਿਸ ਵਿੱਚ ਸਰਕਾਰ ਨੂੰ ਅਪੀਲ ਕੀਤੀ ਗਈ—

ਉਹ ਬਹੁਗਿਣਤੀ ਔਰਤਾਂ ਦੀ ਸਮਾਜਿਕ ਸਥਿਤੀ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਠੋਸ ਕਦਮ ਚੁੱਕੇ ਅਤੇ ਸਿਰਫ਼ ਜਸ਼ਨਾਂ ਤੱਕ ਸੀਮਤ ਨਾ ਰਹੇ। ਰਾਜ ਸਭਾ ਵਿੱਚ 13 ਮਈ 1975 ਦੇ ਭਾਸ਼ਣ ਵਿੱਚ ਉਹਨਾ ਕਿਹਾ, 'ਔਰਤਾਂ ਦੀ ਮੁਕਤੀ ਲੋਕਾਂ ਦੇ ਸਿਰਫ ਇੱਕ ਹਿੱਸੇ ਦੀ ਮੁਕਤੀ ਦੀ ਇੱਕ ਸਮੱਸਿਆ ਨਹੀਂ, ਇਹ ਅਸਲ ਵਿੱਚ ਔਰਤ ਜਾਤੀ ਦੀ ਮੁਕਤੀ ਦੀ ਸਮੱਸਿਆ ਹੈ ਅਤੇ ਅੰਤ ਵਿੱਚ ਸਾਡੇ ਸਮਾਜਿਕ ਜੀਵਨ ਦੀ ਨੀਂਹ ਹੈ।'

### ਧਰਮ ਨਿਰਪੱਖਤਾ ਤੇ ਰਾਸ਼ਟਰੀ ਏਕਤਾ ਬਾਰੇ

ਭੁਪੇਸ਼ ਗੁਪਤਾ ਰਾਸ਼ਟਰੀ ਏਕਤਾ ਬਾਰੇ ਪਾਰਟੀ ਦੀ ਕੇਂਦਰੀ ਕਾਰਜਕਾਰੀ ਕਮੇਟੀ ਦੀ ਸਬ-ਕਮੇਟੀ ਦੇ ਇੰਚਾਰਜ ਸਨ। ਉਨ੍ਹਾ ਦਾ ਵਿਚਾਰ ਸੀ ਕਿ ਹਰੀਜਨਾਂ ਵਿਰੁੱਧ ਵਿਤਕਰਾ ਰਾਸ਼ਟਰੀ ਏਕਤਾ ਦੀ ਪ੍ਰਕਿਰਿਆ ਵਿੱਚ ਰੁਕਾਵਟ ਪਾਉਣ ਵਾਲਾ ਇੱਕ ਮਹੱਤਵਪੂਰਨ ਕਾਰਕ ਸੀ। ਉਨ੍ਹਾ ਦੇਸ਼ ਦੇ ਧਰਮ ਨਿਰਪੱਖ ਲੋਕਤੰਤਰੀ ਢਾਂਚੇ ਦੀ ਰੱਖਿਆ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਲਈ ਆਪਣੀ ਆਵਾਜ਼ ਸ਼ਕਤੀਸ਼ਾਲੀ ਢੰਗ ਨਾਲ ਬੁਲੰਦ ਕਰਨ ਲਈ ਹਰ ਸੰਭਵ ਮੰਚ ਦੀ ਵਰਤੋਂ ਕੀਤੀ। ਉਹ ਲਗਭਗ 15 ਸਾਲਾਂ ਤੱਕ ਰਾਸ਼ਟਰੀ ਏਕਤਾ ਪ੍ਰੀਸ਼ਦ ਵਿੱਚ ਪਾਰਟੀ ਦੇ ਪ੍ਰਤੀਨਿਧੀ ਅਤੇ ਮੁੱਖ ਬੁਲਾਰੇ ਰਹੇ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਫਿਰਕਾਪ੍ਰਸਤੀ ਵਿਰੁੱਧ ਲੜਾਈ ਇੱਕ ਸੱਭਿਅਕ ਅਤੇ ਅਗਾਂਹਵਧੂ ਸਮਾਜ ਵਜੋਂ ਸਾਡੇ ਬਚਾਅ ਦਾ ਮਾਮਲਾ ਹੈ। ਉਨ੍ਹਾ ਅਜਿਹੀਆਂ ਤਾਕਤਾਂ ਦੇ ਮਨਸੂਬਿਆਂ ਨੂੰ ਹਰਾਉਣ ਅਤੇ ਧਰਮ ਨਿਰਪੱਖ ਢਾਂਚੇ ਨੂੰ ਸੁਰੱਖਿਅਤ ਰੱਖਣ ਲਈ ਰਾਸ਼ਟਰੀ ਏਕਤਾ ਪ੍ਰੀਸ਼ਦ ਦੀਆਂ ਮੀਟਿੰਗਾਂ ਲਈ ਠੋਸ ਅਤੇ ਰਚਨਾਤਮਕ ਪ੍ਰਸਤਾਵਾਂ 'ਤੇ ਬਰੀਕੀ ਨਾਲ ਕੰਮ ਕੀਤਾ।

ਜੂਨ 1968 ਵਿੱਚ ਸ੍ਰੀਨਗਰ ਵਿੱਚ ਹੋਈ ਇਸ ਮੀਟਿੰਗ ਵਿੱਚ ਉਨ੍ਹਾ ਮਹੱਤਵਪੂਰਨ ਸੁਝਾਅ ਦਿੱਤਾ ਕਿ ਜੇਕਰ ਕਿਸੇ ਅਸ਼ਾਂਤ ਖੇਤਰ ਵਿੱਚ ਘੱਟ ਗਿਣਤੀ ਭਾਈਚਾਰੇ ਵੱਲੋਂ ਕਿਸੇ ਵੀ ਅਧਿਕਾਰੀ ਵਿੱਚ ਵਿਸ਼ਵਾਸ ਦੀ ਘਾਟ ਹੈ, ਤਾਂ ਉਸ ਨੂੰ ਪਹਿਲੀ ਨਜ਼ਰੇ ਤੁਰੰਤ ਤਬਦੀਲ ਕਰ ਦੇਣਾ ਚਾਹੀਦਾ ਹੈ। ਕਿਸੇ ਵੀ ਖੇਤਰ ਵਿੱਚ ਫਿਰਕੂ ਸ਼ਾਂਤੀ ਭੰਗ ਕਰਨ ਲਈ ਸਾਰੇ ਅਧਿਕਾਰੀਆਂ ਦੇ ਆਚਰਣ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ।

### ਇੱਕ ਸ਼ਕਤੀਸ਼ਾਲੀ ਲੇਖਕ ਤੇ ਬੁਲਾਰੇ

ਉਨ੍ਹਾ ਅੰਗਰੇਜ਼ੀ ਵਿੱਚ ਅੱਠ ਕਿਤਾਬਾਂ ਲਿਖੀਆਂ ਸਨ, ਜਿਹਨਾਂ 'ਚ

1. ਫਰੀਡਮ ਐਂਡ ਦਾ ਸੈਕੰਡ ਫਰੰਟ
2. ਟੈਰਰ ਓਵਰ ਬੰਗਾਲ
3 . ਸੈਕੰਡ ਫਾਈਵ ਈਅਰ ਪਲੈਨ- ਏ ਕ੍ਰਿਟਿਕ
4. ਦਿ ਬਿਗ ਲੂਟ: ਐਨ ਐਨਾਲਿਸਿਸ ਆਫ ਫੋਰਨ ਐਕਸਪਲਾਇਟੇਸ਼ਨ ਇਨ ਇੰਡੀਆ
5. ਵਾਈ ਦਿਸ ਫੂਡ ਕਰਾਈਸਿਸ;
6. ਕੁਇਟ ਕਾਮਨਵੈੱਲਥ
7. ਇੰਡੀਆ ਐਂਡ ਅਮੇਰੀਕਨ ਅਗਰੈਸ਼ਨ ਇਨ ਵੀਅਤਨਾਮ
8. ਰਾਈਟ ਰਿਐਕਸ਼ਨਜ਼ ਬਿਡ ਫਾਰ ਕ੍ਰਾਈਸਿਸ

ਉਹਨਾ ਬੰਗਾਲੀ ਵਿੱਚ ਵੀ ਕਾਫ਼ੀ ਕਿਤਾਬਾਂ ਲਿਖੀਆਂ, ਉਦਾਹਰਣ ਵਜੋਂ:

1. ਨਹਿਰੂ ਸਰਕਾਰੇਰ ਸਵਰੂਪ
2. ਪਾਕ-ਮਾਰਕਿਨ ਸਮਰਿਕ ਚੁਕਤੀ ਮਾਰਕਕਿਨ ਸਮਰਾਜਯਾਬਾਦ
3. ਕਲਾ ਕਾਨੂਨੇਰ ਰਜਤਵਾ

ਇਹ ਭੁਪੇਸ਼ ਗੁਪਤਾ ਦੀ ਬੌਧਿਕ ਉਚਾਈ ਦਾ ਇੱਕ ਸਪੱਸ਼ਟ ਪ੍ਰਮਾਣ ਦਰਸਾਉਂਦੀਆਂ ਹਨ।

ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਰਾਜ ਸਭਾ ਹਮੇਸ਼ਾ ਲੋਕਾਂ ਦੀਆਂ ਇੱਛਾਵਾਂ ਅਤੇ ਖਾਹਿਸ਼ਾਂ ਨੂੰ ਦਰਸਾਉਣ ਲਈ ਇੱਕ 'ਜੀਵੰਤ ਅਤੇ ਜੀਵਤ ਸੰਸਥਾ' ਦਾ ਪ੍ਰਤੀਬਿੰਬ ਹੋਣੀ ਚਾਹੀਦੀ ਹੈ। ਉਦਾਹਰਣ ਵਜੋਂ ਰਾਜ ਸਭਾ ਵਿੱਚ ਅਮਰੀਕੀ ਸਰਕਾਰ ਵੱਲੋਂ ਪਾਕਿਸਤਾਨ ਨੂੰ ਹਥਿਆਰਾਂ ਦੀ ਸਪਲਾਈ ਮੁੜ ਸ਼ੁਰੂ ਕਰਨ ਦੇ ਫੈਸਲੇ 'ਤੇ ਹੋਈ ਚਰਚਾ ਵਿੱਚ ਉਹਨਾ ਬਹੁਤ ਹੀ ਢੁਕਵੇਂ ਢੰਗ ਨਾਲ ਟਿੱਪਣੀ ਕੀਤੀ—ਇਹ ਬਿਲਕੁਲ ਸਪੱਸ਼ਟ ਹੈ ਕਿ ਅਮਰੀਕਾ ਅੱਜ ਸਾਡੇ ਖੇਤਰ ਵਿੱਚ ਫੌਜੀ ਸ਼ਕਤੀ ਦਾ ਇੱਕ ਨਵਾਂ ਸੰਤੁਲਨ ਬਣਾਉਣਾ ਚਾਹੁੰਦਾ ਹੈ ਅਤੇ ਇਸੇ ਲਈ ਉਹ ਪਾਕਿਸਤਾਨ ਨੂੰ ਇੱਕ ਫੌਜੀ ਅੱਡੇ ਵਜੋਂ ਵਰਤਣ ਵਿੱਚ ਦਿਲਚਸਪੀ ਰੱਖਦਾ ਹੈ। ਇਸ ਲਈ ਇਹ ਨਹੀਂ ਮੰਨਿਆ ਜਾਣਾ ਚਾਹੀਦਾ ਕਿ ਸਿਰਫ਼ ਪਾਕਿਸਤਾਨ ਹੀ ਹਥਿਆਰਾਂ ਦੀ ਦੌੜ ਨੂੰ ਵਧਾਉਣ ਵਿੱਚ ਦਿਲਚਸਪੀ ਰੱਖਦਾ ਹੈ ਅਤੇ ਅਮਰੀਕਾ ਨਹੀਂ ਜਾਂ ਅਮਰੀਕਾ ਸਿਰਫ਼ ਹਥਿਆਰ ਵੇਚਣ ਦਾ ਹੀ ਇੱਛੁਕ ਹੈ।ਅਮਰੀਕੀ ਸਾਮਰਾਜਵਾਦ ਚੰਗੀ ਤਰ੍ਹਾਂ ਜਾਣਦਾ ਹੈ ਕਿ ਜਦੋਂ ਤੱਕ ਭਾਰਤ ਨੂੰ ਯਕੋਤਕੀ ਵਿੱਚ ਨਹੀਂ ਪਾਇਆ ਜਾਂਦਾ, ਰੋਕਿਆ ਨਹੀਂ ਜਾਂਦਾ, ਡਰਾਇਆ ਨਹੀਂ ਜਾਂਦਾ ਅਤੇ ਧਮਕਾਇਆ ਨਹੀਂ ਜਾਂਦਾ, ਉਦੋਂ ਤੱਕ ਇਸ ਖੇਤਰ- ਦੱਖਣੀ ਏਸ਼ੀਆ ਵਿੱਚ ਉਨ੍ਹਾਂ ਲਈ ਆਪਣਾ ਦਬਦਬਾ ਕਾਇਮ ਰੱਖਣਾ ਸੰਭਵ ਨਹੀਂ ਹੋਵੇਗਾ। ਇਸ ਲਈ ਉਨ੍ਹਾ ਸਾਨੂੰ ਇੱਕ ਖਾਸ ਨਿਸ਼ਾਨਾ ਬਣਾਇਆ ਅਤੇ ਇਸੇ ਲਈ ਉਹ ਇੱਕ ਵਾਰ ਫਿਰ ਪਾਕਿਸਤਾਨ ਨੂੰ ਹਥਿਆਰ ਸਪਲਾਈ ਕਰ ਰਹੇ ਹਨ। (ਭੁਪੇਸ਼ ਗੁਪਤਾ ਰਾਜ ਸਭਾ ਵਿੱਚ, ਬਹਿਸ, 10 ਮਾਰਚ, 1975)

ਉਹ ਅਕਸਰ ਵਿਅੰਗ ਤਾਂ ਕਰਦੇ ਸਨ, ਪਰ ਕਦੇ ਵੀ ਅਸ਼ਲੀਲ ਨਹੀਂ, ਆਪਣੀ ਦਲੀਲ ਵਿੱਚ ਹੁਸ਼ਿਆਰ ਪਰ ਨਿਮਰ ਹੁੰਦੇ ਸਨ ਅਤੇ ਜਦੋਂ ਲੋਕਾਂ ਦੇ ਹਿੱਤਾਂ ਨਾਲ ਸੰਬੰਧਤ ਸਵਾਲਾਂ ਦੀ ਗੱਲ ਆਉਂਦੀ ਸੀ ਤਾਂ ਉਹਨਾਂ ਦਾ ਜਲੌਅ ਦੇਖਣ ਵਾਲਾ ਹੁੰਦਾ ਸੀ। ਉਹ ਸੱਚਮੁੱਚ ਲੱਖਾਂ ਮਿਹਨਤਕਸ਼ਾਂ ਦੇ ਹੱਕਾਂ ਦੇ ਮੁੱਦਈ ਅਤੇ ਦੱਬੇ-ਕੁਚਲੇ ਲੋਕਾਂ ਦੇ ਸਭ ਤੋਂ ਵੱਡੇ ਰਖਵਾਲੇ ਸਨ।

ਉਨ੍ਹਾ ਕਦੇ ਵੀ ਸੱਤਾਧਾਰੀ ਧਿਰ ਦੀ ਕਿਸੇ ਇੱਕ ਵੀ ਕਮੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ, ਕਿਉਂਕਿ ਉਹਨਾ ਸੰਸਦੀ ਨਿਯਮਾਂ ਅਤੇ ਪ੍ਰਕਿਰਿਆਵਾਂ 'ਤੇ ਪੂਰੀ ਮੁਹਾਰਤ ਹਾਸਲ ਕੀਤੀ ਸੀ। ਸੰਸਦ ਦੇ ਦੋਵਾਂ ਸਦਨਾਂ ਦੀ ਸਰਵਉੱਚਤਾ ਅਤੇ ਮਾਣ ਤੋਂ ਵੱਧ ਉਨ੍ਹਾ ਲਈ ਕੁਝ ਵੀ ਮਾਇਨੇ ਨਹੀਂ ਰੱਖਦਾ ਸੀ। ਭੁਪੇਸ਼ ਗੁਪਤਾ ਸੰਸਦੀ ਤਕਨੀਕਾਂ ਦੇ ਮਾਹਰ ਸਨ ਅਤੇ ਆਪਣੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਲਈ ਸਾਰੇ ਸੰਭਵ ਰਸਤਿਆਂ ਦੀ ਵਰਤੋਂ ਕਰਦੇ ਸਨ: ਜਿਵੇਂ ਕਿ ਵਿਸ਼ੇਸ਼ ਜ਼ਿਕਰ, ਧਿਆਨ ਦਿਵਾਊ ਪ੍ਰਸਤਾਵ, ਥੋੜ੍ਹੇ ਸਮੇਂ ਦੇ ਸਵਾਲ, ਅੱਧੇ ਘੰਟੇ ਦੀ ਚਰਚਾ ਅਤੇ ਸਵਾਲ, ਆਦਿ। ਇਸ ਤੋਂ ਇਲਾਵਾ ਵਿਦੇਸ਼ ਨੀਤੀ, ਰਾਸ਼ਟਰਪਤੀ ਦਾ ਭਾਸ਼ਣ, ਵਿੱਤ ਬਿੱਲ, ਨਿਯੋਜਨ ਬਿੱਲ ਅਤੇ ਮੰਤਰਾਲਿਆਂ ਦੇ ਕੰਮਕਾਜ 'ਤੇ ਚਰਚਾ ਵਰਗੇ ਪ੍ਰਮੁੱਖ ਮੁੱਦਿਆਂ 'ਤੇ ਉਹ ਠੋਸ ਦਲੀਲਾਂ ਨਾਲ ਲੈਸ ਸ਼ਾਨਦਾਰ ਭਾਸ਼ਣ ਦਿੰਦੇ ਸਨ।

ਉਦਾਹਰਣ ਦੇ ਤੌਰ 'ਤੇ 22 ਅਪ੍ਰੈਲ 1954 ਨੂੰ ਜਦੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਰਾਜ ਸਭਾ ਵਿੱਚ ਕਿਹਾ— ਪਿਛਲੇ ਛੇ ਸਾਲਾਂ ਤੋਂ ਸਰਕਾਰ ਦੀ ਨੀਤੀ ਰਹੀ ਹੈ ਕਿ ਕਿਸੇ ਵੀ ਵਿਦੇਸ਼ੀ ਫੌਜ ਨੂੰ ਭਾਰਤ ਵਿੱਚੋਂ ਲੰਘਣ ਜਾਂ ਇਸ ਦੇ ਉੱਤੋਂ ਦੀ ਉਡਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਇਹ ਭੁਪੇਸ਼ ਗੁਪਤਾ ਹੀ ਸਨ, ਜਿਨ੍ਹਾ ਸਦਨ ਦੇ ਧਿਆਨ ਵਿੱਚ ਇੱਕ ਅਖ਼ਬਾਰ ਦੀ ਰਿਪੋਰਟ ਲਿਆਂਦੀ, ਜਿਸ ਵਿੱਚ ਕਿਹਾ ਗਿਆ ਸੀ ਕਿ 24 ਅਪ੍ਰੈਲ 1954 ਨੂੰ, ਇੱਕ ਅਮਰੀਕੀ 'ਗਲੋਬਮਾਸਟਰ', ਜੋ ਫਰਾਂਸੀਸੀ ਫੌਜਾਂ ਨੂੰ ਇੰਡੋ-ਚੀਨ ਲੈ ਕੇ ਜਾ ਰਿਹਾ ਸੀ, ਦਮਦਮ ਹਵਾਈ ਅੱਡੇ 'ਤੇ ਉਤਰਿਆ ਅਤੇ ਫਿਰ ਤੇਲ ਭਰਨ ਤੋਂ ਬਾਅਦ ਚਲਾ ਗਿਆ। ਉਨ੍ਹਾ 27 ਅਪ੍ਰੈਲ, 1954 ਦੀ ਇੱਕ ਰਿਪੋਰਟ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਫਰਾਂਸੀਸੀ ਹਵਾਈ ਸੈਨਾ ਨਾਲ ਸੰਬੰਧਤ ਇੱਕ 'ਸਕਾਈਮਾਸਟਰ' ਦਮਦਮ 'ਤੇ ਉਤਰਿਆ ਅਤੇ ਇੰਡੋ-ਚੀਨ ਲਈ ਰਵਾਨਾ ਹੋ ਗਿਆ। ਉਨ੍ਹਾ ਫਿਰ ਇੱਕ ਹੋਰ ਰਿਪੋਰਟ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ 12 ਮਈ 1954 ਨੂੰ ਫਰਾਂਸੀਸੀ ਹਵਾਈ ਸੈਨਾ ਨਾਲ ਸੰਬੰਧਤ ਇੱਕ 'ਸਕਾਈਮਾਸਟਰ' ਕਲਕੱਤਾ ਪਹੁੰਚਿਆ ਸੀ ਅਤੇ 36 ਫਰਾਂਸੀਸੀ ਸੈਨਿਕ ਗ੍ਰੈਂਡ ਹੋਟਲ ਦੇ ਕਮਰਾ ਨੰਬਰ 315, 320, 466 ਅਤੇ 490 ਵਿੱਚ ਕੁਝ ਘੰਟਿਆਂ ਲਈ ਰਹੇ ਸਨ ਅਤੇ ਤੜਕੇ ਲਗਭਗ 3.30 ਵਜੇ ਉਹ ਚਲੇ ਗਏ। ਹਰ ਇੱਕ, ਭਾਵੇਂ ਉਹ ਦੋਸਤ ਸੀ ਜਾਂ ਦੁਸ਼ਮਣ ਭੁਪੇਸ਼ ਗੁਪਤਾ ਦੇ ਇੱਕ ਸੰਸਦ ਮੈਂਬਰ ਵਜੋਂ ਸ਼ਾਨਦਾਰ ਅਤੇ ਅਸਾਧਾਰਨ ਗੁਣਾਂ ਦੀ ਪ੍ਰਸ਼ੰਸਾ ਕਰਦੇ ਸਨ। ਉਨ੍ਹਾ ਨੂੰ ਠੀਕ ਹੀ ਰਾਜ ਸਭਾ ਦਾ ਅਸਾਧਾਰਨ ਤੇਜ਼-ਤਰਾਰ ਵਿਅਕਤੀ ਕਿਹਾ ਜਾਂਦਾ ਸੀ।

### ਸਦੀਵੀ ਵਿਛੋੜਾ

ਭੁਪੇਸ਼ ਗੁਪਤਾ ਨੂੰ ਜੂਨ ਦੇ ਆਖਰੀ ਹਫ਼ਤੇ ਮਾਸਕੋ ਦੇ ਸੈਂਟਰਲ ਕਲੀਨੀਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। 29 ਜੁਲਾਈ 1981 ਨੂੰ ਪੇਟ ਦੇ ਕੈਂਸਰ ਲਈ ਉਨ੍ਹਾ ਦਾ ਅਪ੍ਰੇਸ਼ਨ ਕੀਤਾ ਗਿਆ, ਉਹ ਠੀਕ ਹੋ ਰਹੇ ਸਨ, ਪਰ 6 ਅਗਸਤ 1981 ਨੂੰ ਮਾਸਕੋ ਵਿੱਚ ਗੰਭੀਰ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾ ਦੀ ਮੌਤ ਹੋ ਗਈ।

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਸੀ, 'ਕਾਮਰੇਡ ਭੁਪੇਸ਼ ਗੁਪਤਾ ਦੀ ਮੌਤ ਨਾਲ ਰਾਸ਼ਟਰ ਨੇ ਆਪਣੇ ਸਭ ਤੋਂ ਬੇਹਤਰੀਨ ਬੁਲਾਰਿਆਂ ਅਤੇ ਸਮਰਪਿਤ ਪੁੱਤਰਾਂ ਵਿੱਚੋਂ ਇੱਕ ਨੂੰ ਗੁਆ ਲਿਆ ਹੈ।' ਉਹਨਾ ਦੀ ਮੌਤ 'ਤੇ ਵੱਡੇ ਪੱਧਰ 'ਤੇ ਸੋਗ ਮਨਾਇਆ ਗਿਆ।

*ਸੰਪਰਕ : 99884-91002*

# ਨਿਸ਼ਕਾਮ .ਗਦਰੀ ਬਾਬਾ ਲੱਖਾ ਸਿੰਘ ਚੀਮਾ

ਚਰੰਜੀ ਲਾਲ ਕੰਗਣੀਵਾਲ

ਕੈਲੇਫੋਰਨੀਆ ਵਿਚ ਗ਼ਦਰ ਪਾਰਟੀ ਦੇ ਬਾਬਾ ਲੱਖਾ ਸਿੰਘ ਚੀਮਾ ਇਕ ਅਜਿਹੇ ਨਿਸ਼ਕਾਮ ਗ਼ਦਰੀ ਸਨ, ਜਿਸ ਨੇ ਮੁੱਢਲੇ ਦੌਰ ਦੀਆਂ ਸਰਗਰਮੀਆਂ ਤੋਂ ਲੈ ਕੇ ਕਿਰਤੀ ਪਾਰਟੀ ਤੱਕ ਅਤੇ "ਯੁਗਾਂਤਰ ਆਸ਼ਰਮ" ਦੀ ਸੁਰੱਖਿਆ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਗ਼ਦਰ ਕਰਨ ਦੇ ਸੱਦੇ ਸਮੇਂ ਭਾਰਤ ਨਹੀਂ ਸੀ ਆਏ, ਪਰ ਉਥੇ ਰਹਿ ਕੇ ਉਨ੍ਹਾਂ ਪਾਰਟੀ ਦੀਆਂ ਜ਼ੁੰਮੇਵਾਰੀਆਂ ਨੂੰ ਅਤੇ ਸਾਨ ਫਰਾਂਸਿਸਕੋ ਸਾਜ਼ਿਸ਼ ਕੇਸ ਦੀ ਪੈਰਵਈ ਨੂੰ ਤਨਦੇਹੀ ਨਾਲ ਸੰਭਾਲਿਆ ਸੀ।

ਬਾਬਾ ਲੱਖਾ ਸਿੰਘ ਚੀਮਾ ਦਾ ਜਨਮ 15 ਨਵੰਬਰ 1892 ਨੂੰ ਮੰਜ਼ਕੀ ਦੇ ਪਿੰਡ ਚੀਮਾ ਕਲਾਂ ਵਿਚ ਸ੍ਰੀ ਸੰਧੀ ਦੇ ਘਰ ਹੋਇਆ। ਉਸ ਦੇ ਦੋ ਵੱਡੇ ਭਰਾ, ਸ. ਗੁਰਦਿਆਲ ਸਿੰਘ ਅਤੇ ਸ. ਲਾਭ ਸਿੰਘ ਸਨ, ਜਿਨ੍ਹਾਂ ਨਾਲ ਉਸ ਦਾ ਅਥਾਹ ਪਿਆਰ ਸੀ। ਪ੍ਰਵਾਸ ਜਾਣ ਦੇ ਰੁਝਾਨ ਨੇ ਉਸ ਨੂੰ ਵੀ ਘਰ ਛੱਡਣ ਲਈ ਮਜਬੂਰ ਕੀਤਾ ਤੇ ਉਹ 1908 ਵਿਚ ਮੈਕਸੀਕੋ ਹੁੰਦੇ ਹੋਏ 1910 ਵਿਚ ਅਮਰੀਕਾ ਪੁੱਜ ਗਏ। ਜਿੱਥੇ ਡੈਲਟਾ ਦੇ ਯੋਲੋ ਫਾਰਮ ਵਿਚ ਚੀਮਾ ਕਲਾਂ ਦੇ ਆਸ-ਪਾਸ ਦੇ ਕਾਫੀ ਲੋਕ ਕੰਮ ਕਰਦੇ ਸਨ। ਪੜ੍ਹਾਈ ਲਈ ਗਏ ਭਾਈ ਸੰਤੋਖ ਸਿੰਘ ਅਮਰੀਕਾ ਵਿਚ ਪੁੱਜੇ ਤਾਂ ਉਸ ਦਾ ਮੇਲ ਭਾਈ ਲੱਖਾ ਸਿੰਘ ਨਾਲ ਹੋਇਆ, ਜਿਹੜਾ ਗਹਿਰੀ ਦੋਸਤੀ ਵਿਚ ਬਦਲ ਗਿਆ ਸੀ। 1912 ਦੀਆਂ ਗਰਮੀਆਂ ਵਿਚ ਜਦੋਂ ਭਾਈ ਕਰਤਾਰ ਸਿੰਘ ਸਰਾਭਾ ਯੋਲੋ ਰੈਂਚ ਵਿਚ ਆਇਆ ਤਾਂ ਉਹ ਵੀ ਬਾਬਾ ਲੱਖਾ ਸਿੰਘ ਸਮੇਤ ਦੂਜੇ ਸਾਥੀਆਂ ਨਾਲ ਕੰਮ ਕਰਨ ਲੱਗ ਪਿਆ ਸੀ। ਸੰਨ 1911 ਵਿਚ ਇਥੋਂ ਨੇੜੇ ਹੀ ਬਾਬਾ ਜਵਾਲਾ ਸਿੰਘ ਠੱਠੀਆਂ ਦੇ ਡੇਰੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੁਰਬ ਮਨਾਉਣ ਲਈ ਗੁਰੂ ਗਰੰਥ ਸਾਹਿਬ ਦਾ ਭੋਗ ਪਾਇਆ ਗਿਆ ਸੀ ਤਾਂ ਭਾਈ ਲੱਖਾ ਸਿੰਘ ਤੇ ਭਾਈ ਸੰਤੋਖ ਸਿੰਘ ਸ਼ਾਮਲ ਹੋਏ ਸਨ। 14-15-16 ਫਰਵਰੀ 1914 ਨੂੰ ਸਟੌਕਟਨ ਦੇ ਗੁਰਦੁਆਰੇ ਵਿਚ ਗ਼ਦਰ ਪਾਰਟੀ ਦੀ ਕਾਨਫਰੰਸ ਹੋਈ, ਜਿਸ ਵਿਚ ਕਰਤਾਰ ਸਿੰਘ ਨੇ ਗ਼ਦਰ ਪਾਰਟੀ ਦਾ ਝੰਡਾ ਚੜ੍ਹਾ ਕੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ਾਂ ਦਾ ਖੁਰਾਖੋਜ ਮਿਟਾਉਣ ਦੀਆਂ ਕਸਮਾਂ ਖਾਧੀਆਂ ਤਾਂ ਬਾਬਾ ਲੱਖਾ ਸਿੰਘ ਚੀਮਾ ਨੇ ਵੀ ਜੀਵਨ ਪਾਰਟੀ ਦੇ ਲੇਖੇ ਲਾਉਣ ਦਾ ਪ੍ਰਣ ਕਰਕੇ ਗ਼ਦਰ ਆਸ਼ਰਮ ਵਿਚ ਪਾਰਟੀ ਦੇ ਹੁਕਮ 'ਤੇ ਰਹਿਣ ਲੱਗ ਪਏ ਸਨ। 1917-18 ਵਿਚ ਰਾਮ ਚੰਦਰ ਦੀਆਂ ਆਪ ਹੁਦਰੀਆਂ ਕਾਰਨ ਪਾਰਟੀ ਨੂੰ ਬਹੁਤ ਨੁਕਸਾਨ ਹੋਇਆ ਤਾਂ ਲੱਖਾ ਸਿੰਘ ਚੀਮਾ ਨੇ ਬੜੀ ਦਲੇਰੀ ਨਾਲ ਇਨ੍ਹਾਂ ਖ਼ਤਰਿਆਂ ਦਾ ਸਾਹਮਣਾ ਕੀਤਾ ਅਤੇ 1918 ਵਿਚ ਗੁਰਦੁਆਰਾ ਉਪਰ ਵਿਰੋਧੀਆਂ ਦੇ ਦਖਲ ਨੂੰ ਤੋੜਿਆ ਸੀ।

ਇਸ ਦੌਰਾਨ ਹੀ ਕੈਲੇਫੋਰਨੀਆ ਵਿਚ ਗ਼ਦਰ ਪਾਰਟੀ ਦੇ ਵਿਰੁੱਧ ਇਕ ਹੋਰ "ਹਿੰਦੁਸਤਾਨੀ ਕੌਮੀ ਪਾਰਟੀ" ਨਾਂਅ ਦੀ ਪਾਰਟੀ ਖੜ੍ਹੀ ਕੀਤੀ ਗਈ, ਜਿਸ ਦਾ ਪ੍ਰਧਾਨ ਸਾਧੂ ਸਿੰਘ ਅਤੇ ਸਕੱਤਰ ਗੋਪਾਲ ਸਿੰਘ ਖਾਲਸਾ ਸਨ। ਉਸ ਸਮੇਂ ਅਮਰੀਕਾ ਵਿਚ ਗਏ ਬਾਬਾ ਗੁਰਮੁਖ ਸਿੰਘ ਨੇ ਇਸ ਪਾਰਟੀ ਬਾਰੇ ਕਿਹਾ ਸੀ, "ਇਲਾਕਾ ਪ੍ਰਸਤੀ ਜੋ ਦੇਸ਼ ਤੇ ਕੌਮ ਦੇ ਹਿੱਤਾਂ ਵਿਰੁੱਧ ਹੈ, ਜਿਸ ਵਿਚ ਦੇਸ਼ ਪਾਂਡੇ ਤੇ ਨਗੀਨਾ ਰਾਮ ਧਾਮੀ ਜਿਹੇ ਅੰਗਰੇਜ਼ ਝੋਲੀ ਚੁੱਕ ਵੀ ਹਨ (ਜਿਨ੍ਹਾਂ ਨੂੰ ਪਿੱਛੋਂ ਪਾਰਟੀ ਵੱਲੋਂ ਸੋਧਿਆ ਗਿਆ ਸੀ।) ਸੰਨ 1926 ਵਿਚ ਉਹ ਅਮਰੀਕਾ ਤੋਂ ਭਾਰਤ ਲਈ ਰਵਾਨਾ ਹੋਏ ਤਾਂ ਯੂਰਪ ਰਾਹੀਂ ਉਹ ਗ਼ਦਰ ਪਾਰਟੀ ਵੱਲੋਂ ਪੰਜਾਬ ਦੇ ਇਨਕਲਾਬੀਆਂ ਲਈ ਕੁਝ ਗੁਪਤ ਸੰਦੇਸ਼ ਅਤੇ 22 ਹਜ਼ਾਰ ਡਾਲਰ ਕਨੇਡੀਅਨ-ਅਮੈਰੀਕਨ ਪ੍ਰੈੱਸ ਸੁਸਾਇਟੀ ਵੱਲੋਂ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ, 'ਦੇਸ਼ ਸੇਵਕ' ਅਤੇ 'ਕਿਰਤੀ' ਅਖ਼ਬਾਰ ਦੇਣ ਲਈ ਲਿਆਏ ਸਨ। 1927 ਵਿਚ ਵਾਪਸੀ ਸਮੇਂ ਉਹ ਬਰਲਿਨ ਰਾਹੀਂ ਅਮਰੀਕਾ ਪਰਤੇ ਤਾਂ ਬਰਲਿਨ ਵਿਚ ਉਹ ਬਾਬਾ ਹਰਜਾਪ ਸਿੰਘ ਕੋਲ ਠਹਿਰੇ ਸਨ।



ਸੰਨ 1929 ਵਿਚ ਬਾਬਾ ਲੱਖਾ ਸਿੰਘ ਅਮਰੀਕਾ ਦੀ ਗ਼ਦਰ ਪਾਰਟੀ ਦੇ ਪ੍ਰਧਾਨ ਬਣੇ ਤਾਂ ਉਸ ਸਮੇਂ ਕਾਂਗਰਸ ਪਾਰਟੀ ਅਤੇ ਖੁਫੀਆ ਵਿਭਾਗ ਵੱਲੋਂ ਗ਼ਦਰ ਪਾਰਟੀ ਦੇ ਵਿਰੁੱਧ ਸਾਜ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ ਸਨ। ਅਜਿਹੀ ਹੀ ਇਕ ਸਾਜ਼ਿਸ਼ ਦਾ ਪਤਾ ਲੱਗਣ 'ਤੇ ਬਾਬਾ ਲੱਖਾ ਸਿੰਘ ਕੈਨੇਡਾ ਗਏ ਇਕ ਖਾਸ ਮਿਸ਼ਨ ਲਈ, ਜਿੱਥੇ ਕਨੇਡੀਅਨ ਭਰਾਵਾਂ ਨੂੰ ਉਨ੍ਹਾਂ ਹਦਾਇਤ ਕੀਤੀ ਕਿ, "ਕੈਨੇਡਾ ਵਿਚ ਕੈਨੇਡੀਅਨ ਹਿੰਦੁਸਤਾਨੀ ਕਾਂਗਰਸ ਦੇ ਵਿਧਾਨ ਨੂੰ ਬਦਲ ਦੇਣਾ ਚਾਹੀਦਾ ਹੈ, ਕਿਉਂਕਿ ਇਹ ਇਨਕਲਾਬੀ ਉਦੇਸ਼ਾਂ ਨੂੰ ਵਿਅਕਤ ਨਹੀਂ ਕਰਦਾ।" 1932 ਦੇ ਸ਼ੁਰੂ ਵਿਚ ਉਸ ਨੇ ਅਮਰੀਕਾ ਦੀ ਗ਼ਦਰ ਪਾਰਟੀ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਦਾ ਟਾਕਰਾ ਕਰਦਿਆਂ ਯੋਗ ਅਗਵਾਈ ਕੀਤੀ। ਬਾਬਾ ਲੱਖਾ ਸਿੰਘ ਬਾਰੇ ਖ਼ੁਫੀਆ ਵਿਭਾਗ ਨੇ ਲਿਖਿਆ, "ਭਾਵੇਂ ਲੱਖਾ ਸਿੰਘ ਚੀਮਾ ਪੜ੍ਹਿਆ ਲਿਖਿਆ ਘੱਟ ਸੀ, ਪਰ ਗ਼ਦਰ ਪਾਰਟੀ ਦੀ ਇਨਕਲਾਬੀ ਯੁੱਧ ਨੀਤੀ ਦੀ ਉਸ ਨੂੰ ਬਹੁਤ ਸਮਝ ਸੀ।" ਪੰਜਾਬ ਵਿਚ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਅਤੇ 'ਕਿਰਤੀ' ਅੰਮ੍ਰਿਤਸਰ ਲਈ ਕੈਲੇਫੋਰਨੀਆ ਵਿੱਚੋਂ ਫੰਡ ਇਕੱਤਰ ਕਰਕੇ ਭੇਜਣ ਲਈ ਉਸ ਦੀ ਵੱਡੀ ਜ਼ੁੰਮੇਵਾਰੀ ਸੀ। ਇਸ ਸੰਬੰਧੀ ਕਾਮਰੇਡ ਭੋਲਾ ਸਿੰਘ ਚੀਮਾ ਨੇ ਆਪਣੇ ਬਿਆਨ ਵਿਚ ਲਿਖਿਆ, "ਅਮਰੀਕਾ ਦੀ ਗ਼ਦਰ ਪਾਰਟੀ ਦਾ ਪੈਸਾ ਮੈਨੂੰ ਆਉਂਦਾ ਸੀ, ਜਿਹੜਾ ਹਜ਼ਾਰਾਂ ਦੇ ਗੇੜ ਵਿਚ ਹੁੰਦਾ ਸੀ, ਜਿਸ ਨੂੰ ਵੱਖ-ਵੱਖ ਕਾਰਜਾਂ ਲਈ ਜਿਵੇਂ ਬੱਬਰ ਅਕਾਲੀ ਦੇਸ਼ ਭਗਤਾਂ ਦੇ ਪਰਵਾਰਾਂ ਦੀ ਸਹਾਇਤਾ, 'ਕਿਰਤੀ' ਅਖ਼ਬਾਰ ਜਾਂ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਲਈ ਹੁੰਦਾ ਸੀ। ਬਾਬਾ ਕਰਮ ਸਿੰਘ ਚੀਮਾ ਨੂੰ ਇਹ ਪੈਸਾ ਆਉਂਦਾ ਸੀ। ਇਕ ਵਾਰ ਲੱਖਾ ਸਿੰਘ ਚੀਮਾ ਦੇ ਭਰਾ, ਗੁਰਦਿਤ ਸਿੰਘ ਨੂੰ ਅਮਰੀਕਾ ਤੋਂ ਪੈਸੇ ਆਏ। ਉਸ ਸਮੇਂ ਬਾਬਾ ਕਰਮ ਸਿੰਘ ਚੀਮਾ ਦੀ ਡਾਕ ਸੈਂਸਰ ਹੋਣ ਲੱਗੀ ਤਾਂ ਬਾਬਾ ਲੱਖਾ ਸਿੰਘ ਨੇ ਭੋਲਾ ਸਿੰਘ ਦੇ ਨਾਂਅ 'ਤੇ ਪੈਸੇ ਭੇਜਣੇ ਸ਼ੁਰੂ ਕਰ ਦਿੱਤੇ ਸਨ। ਬਾਬਾ ਜੀ ਦੇ ਭਰਾ ਗੁਰਦਿਤ ਸਿੰਘ ਨੂੰ ਕੋਈ ਇਨ੍ਹਾਂ ਪੈਸਿਆਂ ਬਾਰੇ ਪੁੱਛਦਾ ਤਾਂ ਉਸ ਦਾ ਜਵਾਬ ਹੁੰਦਾ ਸੀ, "ਮੈਂ ਭੋਲਾ ਸਿੰਘ ਚੀਮਾ ਦੇ ਕਹਿਣ ਉੱਤੇ ਦਿਆਂਗਾ।"

ਜਦੋਂ ਅਮਰੀਕਾ ਵਿਚ ਗ਼ਦਰ ਪਾਰਟੀ ਦਾ ਪ੍ਰਧਾਨ ਮਿਹਰ ਸਿੰਘ ਸਰੀਂਹ ਸੀ ਤਾਂ ਪਾਰਟੀ ਦਾ ਕੰਮ ਪ੍ਰਬੰਧਕੀ ਕਮੇਟੀ ਚਲਾਉਂਦੀ ਸੀ ਅਤੇ ਬਾਹਰਲੇ ਕੰਮਾਂ ਦੀ ਸਾਰੀ ਜ਼ੁੰਮੇਵਾਰੀ ਕਮਿਸ਼ਨ ਦੇ ਸਿਰ ਸੀ। ਤਿੰਨ ਮੈਂਬਰਾਂ ਦੇ ਕਮਿਸ਼ਨ ਵਿਚ ਭਾਈ ਮਿਹਰ ਸਿੰਘ, ਭਾਈ ਨਿਧਾਨ ਸਿੰਘ ਮਹੇਸ਼ਰੀ ਤੇ ਭਾਈ ਲੱਖਾ ਸਿੰਘ ਚੀਮਾ ਸਨ। ਸੰਨ 1948 ਵਿਚ ਭਾਈ ਲੱਖਾ ਸਿੰਘ ਨੇ ਸੂਬਾ ਸਿਟੀ ਵਿਚ ਖੇਤੀ ਸ਼ੁਰੂ ਕੀਤੀ। ਬਾਬਾ ਲੱਖਾ ਸਿੰਘ ਚੀਮਾ ਨੇ ਸਹੁੰ ਲਈ ਸੀ ਕਿ ਜਿੰਨਾ ਚਿਰ ਆਜ਼ਾਦੀ ਨਹੀਂ ਮਿਲਦੀ, ਉਹ ਵਿਆਹ ਨਹੀਂ ਕਰਾਏਗਾ। ਜਦੋਂ ਆਜ਼ਾਦੀ ਮਿਲੀ ਤਾਂ ਉਸ ਸਮੇਂ ਵਿਆਹ ਦੇ ਯੋਗ ਨਹੀਂ ਸਨ। ਲੱਖਾ ਸਿੰਘ ਚੀਮਾ ਦੀ ਮੌਤ 11 ਨਵੰਬਰ 1961 ਨੂੰ ਐਕਸੀਡੈਂਟ ਨਾਲ ਹੋ ਗਈ, ਜਦੋਂ ਉਹ 'ਆਜ਼ਾਦੀ ਦਿਹਾੜਾ' ਮਨਾਉਣ ਲਈ ਉਗਰਾਹੀ ਕਰ ਰਹੇ ਸਨ। ਉਸ ਦੇ ਨਾਲ ਚੇਤਨ ਸਿੰਘ ਬਦੇਸ਼ਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦੋਂ ਕਿ ਬਾਬਾ ਲੱਖਾ ਸਿੰਘ ਚੀਮਾ ਦੀ ਅਗਲੇ ਦਿਨ 12 ਨਵੰਬਰ ਨੂੰ ਹਸਪਤਾਲ ਵਿਚ ਮੌਤ ਹੋ ਗਈ। ਗੁਰਦੁਆਰਾ ਸਟਾਕਟਨ ਦੇ ਗੁਰਦੁਆਰੇ ਵਿਚ ਲੱਖਾ ਸਿੰਘ ਚੀਮਾ ਅਤੇ ਪੂਰਨ ਸਿੰਘ ਜੰਡਿਆਲਾ ਦੀਆਂ ਅੰਤਮ ਰਸਮਾਂ ਦਾ ਭੋਗ ਇਕੋ ਦਿਨ ਪਾਇਆ ਗਿਆ ਸੀ।

## ਬਾਲ ਕੋਨਾ

### ਸਾਡੇ ਪਿੰਡ ਵਿੱਚ ਵਿਆਹ

ਸਾਡੇ ਪਿੰਡ ਵਿਚ ਵਿਆਹ
ਸਾਨੂੰ ਚੜ੍ਹਿਆ ਪੂਰਾ ਚਾਅ

ਵਿਆਹ ਤੇ ਅਸੀਂ ਜਾਵਾਂਗੇ
ਬਰਫ਼ੀ, ਲੱਡੂ, ਬ੍ਰੈੱਡ, ਪਕੌੜਾ
ਪਲੇਟ ਦੇ ਵਿੱਚ ਪਾਵਾਂਗੇ
ਰੱਜ ਰੱਜ ਕੇ ਖਾਵਾਂਗੇ


ਖਾ ਪੀ ਕੇ ਨੱਚਾਂ- ਗਾਵਾਂਗੇ
ਡੀ ਜੇ ਉੱਤੇ ਆਪਣੀ ਪਸੰਦ ਦੇ
ਗੀਤ ਅਸੀਂ ਲਗਵਾਵਾਂਗੇ।

ਸ਼ਗਨ ਪਾ ਕੇ ਵਿਆਹ 'ਤੇ
ਸਟੇਜ 'ਤੇ ਫੋਟੋ ਖਿੱਚਾਵਾਂਗੇ
ਫਿਰ ਆਪਣੇ ਘਰ ਨੂੰ ਆਵਾਂਗੇ।


**-ਏਕਮਜੀਤ ਸਿੰਘ,**
**ਜਮਾਤ ਚੌਥੀ, ਸ ਐ ਸਕੂਲ ਖੁੱਡਾ,ਬਲਾਕ,**
**ਭੁਨਰਹੇੜੀ ਜ਼ਿਲ੍ਹਾ ਪਟਿਆਲਾ**



ਅਰਮਾਨ ਖਾਨ, ਤੀਜੀ, ਸਰਕਾਰੀ ਪ੍ਰਾਇਮਰੀ ਸਕੂਲ ਉਡਤ, ਭਗਤ ਰਾਮ



ਖੁਸ਼ਪ੍ਰੀਤ ਕੌਰ, ਤੀਜੀ, ਸਰਕਾਰੀ ਪ੍ਰਾਇਮਰੀ ਸਕੂਲ ਉਡਤ, ਭਗਤ ਰਾਮ



ਬਕਸ਼ਦੀਪ, ਚੌਥੀ, ਸਰਕਾਰੀ ਪ੍ਰਾਇਮਰੀ ਸਕੂਲ ਉਡਤ, ਭਗਤ ਰਾਮ



ਗਗਨਪ੍ਰੀਤ ਕੌਰ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ ਉਡਤ, ਭਗਤ ਰਾਮ